
Reo-Bankowned Properties
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY


SELLING MOTELS IS OUR ONLY BUSINESS

Jas Randhawa
510.406.5056
Howard Johnson
Louisiana
41 Units, Interior Corridor
I-10 Exit Location
Asking $2,850,000
Seller Financing

Bob Seth
408.807.9784
INDUS VALLEY INVESTMENTS

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸਾਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 26, 27 June, 2009 20451 N Plum Grove Rd. Palatine, IL 60074 Ph:847-359-0746, Fax:847-705-9388


# ਪੱਛਮੀ ਬੰਗਾਲ ਵਿਚ ਮਾਉਵਾਦੀਆਂ ਖਿਲਾਫ ਕਾਰਵਾਈ ਜਾਰੀ

## 22 ਪਿੰਡ ਸੁਰੱਖਿਆ ਦਸਤਿਆਂ ਮੁਕਤ ਕਰਵਾਏ

**ਬਿੰਦਰ ਬਸਰਾ**

ਪੱਛਮੀ ਬੰਗਾਲ 'ਚ ਨਕਸਲੀ ਅਧਿਕਾਰ ਵਾਲੇ ਖੇਤਰਾਂ ਨੂੰ ਮੁਕਤ ਕਰਾਉਣ ਲਈ ਸੁਰੱਖਿਆ ਬਲਾਂ ਵਲੋਂ ਬੀਤੀ 18 ਜੂਨ ਤੋਂ ਸ਼ੁਰੂ ਕੀਤੀ ਗਈ ਕਾਰਵਾਈ ਫੈਸਲਾਕੁੰਨ ਮੋੜ ਅਖ਼ਤਿਆਰ ਕਰਦੀ ਨਜ਼ਰ ਆ ਰਹੀ ਹੈ। ਲਾਲਗੜ੍ਹ 'ਤੇ ਕਬਜ਼ੇ ਮਗਰੋਂ ਸੁਰੱਖਿਆ ਬਲਾਂ ਵਲੋਂ ਨਕਸਲੀਆਂ ਅਤੇ ਉਨ੍ਹਾਂ ਦੇ ਹਮਾਇਤੀ ਕਬਾਇਲੀਆਂ ਦਾ ਗੜ੍ਹ ਸਮਝੇ ਜਾਂਦੇ 22 ਪਿੰਡਾਂ 'ਚੋਂ ਉਨ੍ਹਾਂ ਦਾ ਕਬਜ਼ਾ ਖ਼ਤਮ ਕਰਨ ਲਈ ਕਾਰਵਾਈ ਜਾਰੀ ਹੈ। ਕੇਂਦਰ ਸਰਕਾਰ ਨੇ ਨਕਸਲੀ (ਮਾਓਵਾਦ) ਨੂੰ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਤਹਿਤ ਅਤਿਵਾਦੀ ਸੰਗਠਨ ਐਲਾਨਦਿਆਂ ਇਸ 'ਤੇ ਪਾਬੰਦੀ ਲਾ ਕੇ ਇਸ ਕਾਰਵਾਈ ਨੂੰ ਹੋਰ ਪ੍ਰਚੰਡ ਕਰ ਦਿੱਤਾ ਹੈ। ਕੇਂਦਰ ਸੂਬਾ ਸਰਕਾਰ ਦੀ ਮਾਓਵਾਦੀ ਵਿਰੋਧੀ ਮੁਹਿੰਮ ਦਾ ਪੂਰਨ ਸਮਰਥਨ ਕਰਕੇ ਇਸ ਕਾਰਵਾਈ ਨੂੰ ਉਤਸ਼ਾਹਿਤ ਕਰ ਰਹੀ ਹੈ। ਪਰ ਸੀ.ਪੀ.ਆਈ. (ਐਮ.), ਸੀ.ਪੀ.ਆਈ. ਤੇ ਫਾਰਵਰਡ ਬਲਾਕ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਮਸਲੇ ਦਾ ਰਾਜਸੀ ਹੱਲ ਨਹੀਂ ਹੈ। ਉਧਰ ਦੂਜੇ ਪਾਸੇ ਕਬਾਇਲੀ ਲੋਕ ਨਕਸਲੀਆਂ ਦੀ ਹਮਾਇਤ 'ਤੇ ਹਨ ਅਤੇ ਉਹ ਸੁਰੱਖਿਆ ਬਲਾਂ ਦਾ ਰਸਤਾ ਰੋਕਣ ਲਈ ਮੁਕਾਬਲੇ 'ਤੇ ਉਤਰ ਆਏ ਹਨ।

ਪਿਛਲੇ 8 ਮਹੀਨੇ ਤੋਂ ਮਾਓਵਾਦੀਆਂ ਵਲੋਂ ਕਬਜ਼ੇ ਵਿਚ ਲਏ ਗਏ ਲਾਲਗੜ੍ਹ ਦੇ ਖੇਤਰਾਂ ਨੂੰ ਮੁੜ ਆਪਣੇ ਕਬਜ਼ੇ 'ਚ ਲੈ ਕੇ ਅੰਸ਼ਕ ਜਿੱਤ ਹਾਸਲ ਕਰ ਲਈ ਹੈ। ਮਿਦਨਾਪੁਰ ਰੇਂਜ ਦੇ ਪੁਲਿਸ ਅਧਿਕਾਰੀ ਦਾ ਮੰਨਣਾ ਹੈ ਕਿ ਆਪ੍ਰੇਸ਼ਨ ਦੀ ਸੌ ਫੀਸਦੀ ਸਫਲਤਾ ਲਈ ਹਾਲੇ ਕਈ ਦਿਨ ਅਤੇ ਇਥੋਂ ਤੱਕ ਕਿ ਹਫਤੇ ਵੀ ਲੱਗ ਸਕਦੇ ਹਨ। ਲਾਲਗੜ੍ਹ ਦੇ 42 ਪਿੰਡਾਂ 'ਚ ਕਾਨੂੰਨ ਦਾ ਸ਼ਾਸਨ ਸਥਾਪਤ ਕਰਨ ਲਈ ਸੁਰੱਖਿਆ ਬਲਾਂ ਨੂੰ ਭਾਰੀ ਜੱਦੋ-ਜਹਿਦ ਕਰਨੀ ਪਵੇਗੀ, ਕਿਉਂਕਿ ਆਮ ਲੋਕਾਂ ਦਾ ਧਿਆਨ ਰੱਖਦਿਆਂ ਇਸ ਆਪ੍ਰੇਸ਼ਨ ਨੂੰ ਸਿਰੇ ਲਾਉਣਾ ਉਨ੍ਹਾਂ ਦਾ ਨਿਸ਼ਾਨਾ ਹੈ।


*ਲਾਲਗੜ੍ਹ ਦੇ ਕਬਾਇਲੀ ਇਲਾਕੇ 'ਚ ਸੁਰੱਖਿਆ ਦਸਤੇ ਲੋਕਾਂ ਦੀ ਤਲਾਸ਼ੀ ਲੈਂਦੇ ਹੋਏ*

ਮਾਓਵਾਦੀਆਂ ਦੇ ਕਬਜ਼ੇ ਵਾਲੇ ਖੇਤਰਾਂ ਨੂੰ ਮੁਕਤ ਕਰਾਉਣ ਦੀ ਮੁਹਿੰਮ ਸੀ.ਆਰ.ਪੀ.ਐਫ., ਬੀ.ਐਸ.ਐਫ. ਸੂਬੇ ਦੀ ਹਥਿਆਰਬੰਦ ਪੁਲਿਸ, ਪੂਰਬੀ ਸਰਹੱਦੀ ਰਾਈਫਲ ਅਤੇ ਕੋਲਕਾਤਾ ਪੁਲਿਸ ਨੇ ਸ਼ੁਰੂ ਕੀਤੀ ਹੈ। ਸੁਰੱਖਿਆ ਦਸਤਿਆਂ ਵਲੋਂ ਲਾਲਗੜ੍ਹ ਤੋਂ ਰਾਮਗੜ੍ਹ ਜਾਂਦੀ ਮੁੱਖ ਸੜਕ ਅਤੇ ਉਸ ਨਾਲ ਜੁੜਦੀਆਂ ਹੋਰ ਸੜਕਾਂ ਦੇ ਨਾਲ-ਨਾਲ 17 ਪਿੰਡਾਂ ਦਾ ਕੰਟਰੋਲ ਆਪਣੇ ਹੱਥ 'ਚ ਲੈਣ ਲਈ ਮਾਓਵਾਦੀਆਂ ਵਿਰੁਧ ਕਾਰਵਾਈ ਜਾਰੀ ਹੈ। ਜ਼ਿਕਰਯੋਗ ਹੈ ਕਿ ਸੁਰੱਖਿਆ ਬਲ ਲਾਲਗੜ੍ਹ

(ਬਾਕੀ ਸਫਾ 6 ਉਤੇ)

# ਭਾਜਪਾ ਖੂੰਜੇ ਲਾਈ ਅਕਾਲੀਆਂ ਨੇ

**ਜਲੰਧਰ:** ਅਕਾਲੀ ਅਤੇ ਭਾਜਪਾ ਭਾਵੇਂ ਪੰਜਾਬ ਵਿਚ ਸਾਂਝੀ ਸਰਕਾਰ ਚਲਾ ਰਹੇ ਹਨ ਪਰ ਕਿਸੇ ਨਾ ਕਿਸੇ ਮਸਲੇ ਨੂੰ ਲੈ ਕੇ ਉਨ੍ਹਾਂ ਵਿਚਕਾਰ ਲਗਾਤਾਰ ਕਲੇਸ਼ ਸੁਲਗਦਾ ਰਹਿੰਦਾ ਹੈ। ਕਦੀ ਇਹ ਮੁੱਦਾ ਉਪ ਮੁੱਖ ਮੰਤਰੀ ਦਾ ਹੁੰਦਾ ਹੈ ਅਤੇ ਕਦੀ ਚੋਣਾਂ ਵਿਚ ਇਕ ਦੂਜੇ ਖਿਲਾਫ ਹਿੰਸਾ ਦਾ ਜਾਂ ਇਕ ਦੂਜੇ ਨੂੰ ਹਮਾਇਤ ਨਾ ਦੇਣ ਦਾ। ਕਈ ਵਾਰ ਦੋਨਾਂ ਪਾਰਟੀਆਂ ਦੀ ਕੁੰਡੀ ਸ਼ਹਿਰੀ ਜਾਂ ਪੇਂਡੂ ਤਬਕਿਆਂ ਨੂੰ ਵਧ ਸਹੂਲਤਾਂ ਦੇਣ ਦੇ ਮੁੱਦੇ 'ਤੇ ਫਸ ਜਾਂਦੀ ਹੈ।

ਅਸਲ ਵਿਚ ਦੋਵੇਂ ਪਾਰਟੀਆਂ ਵੱਖ-ਵੱਖ ਤਬਕਿਆਂ ਦੀ ਨੁਮਾਇੰਦਗੀ ਕਰਦੀਆਂ ਹਨ। ਜਿਨ੍ਹਾਂ ਤਬਕਿਆਂ ਦੀਆਂ ਇਹ ਦੋਵੇਂ ਪਾਰਟੀਆਂ ਨੁਮਾਇੰਦਗੀ ਕਰਦੀਆਂ ਹਨ ਉਨ੍ਹਾਂ ਦੀਆਂ ਨਾ ਸਿਰਫ ਆਰਥਿਕ ਸਮੱਸਿਆਵਾਂ ਵੱਖਰੀਆਂ-ਵੱਖਰੀਆਂ ਹਨ ਸਗੋਂ ਕਿਸੇ ਹੱਦ ਤੱਕ ਇਕ ਦੂਜੇ ਦੀਆਂ ਵਿਰੋਧੀ ਵੀ ਹਨ। ਪੰਜਾਬ ਭਾਜਪਾ ਮੁੱਖ ਤੌਰ 'ਤੇ ਸ਼ਹਿਰੀ ਹਿੰਦੂ ਮੱਧਵਰਗ ਤੇ ਵਪਾਰੀ ਤਬਕੇ ਦੀ ਨੁਮਾਇੰਦਗੀ ਕਰਦੀ ਹੈ ਅਤੇ ਅਕਾਲੀ ਪ੍ਰਮੁੱਖ ਰੂਪ ਵਿਚ ਪੇਂਡੂ ਕਿਸਾਨੀ ਦੀ ਨੁਮਾਇੰਦਗੀ ਕਰਦੇ ਹਨ। ਇਸ ਕਿਸਾਨੀ ਵਿਚ ਛੋਟੇ ਅਤੇ ਮੱਧਲੇ ਕਿਸਾਨ ਤੋਂ ਲੈ ਕੇ ਅਮੀਰ ਅਤੇ ਸਰਮਾਏਦਾਰ ਕਿਸਾਨ ਤੱਕ ਸ਼ਾਮਿਲ ਹਨ। ਇਸ ਨੂੰ ਅਕਾਲੀ ਦਲ 'ਪੰਥ' ਦਾ ਨਾਂ ਦਿੰਦਾ ਹੈ। ਧਾਰਮਿਕ ਤੌਰ 'ਤੇ ਪੰਜਾਬ ਦੀ ਪੇਂਡੂ ਕਿਸਾਨੀ ਮੁੱਖ ਤੌਰ 'ਤੇ ਸਿੱਖ ਧਰਮ ਨਾਲ ਸਬੰਧਤ ਹੈ। ਇੰਜ ਦੋਵੇਂ ਪਾਰਟੀਆਂ ਦੇ ਆਰਥਿਕ ਹਿੱਤ ਸਿਰਫ ਇਕ ਦੂਜੇ ਤੋਂ ਵੱਖਰੇ ਹਨ ਸਗੋਂ ਸਭਿਆਚਾਰਕ ਅਤੇ ਧਾਰਮਿਕ ਵਖਰੇਵੇਂ ਵੀ ਮੌਜੂਦ ਹਨ।

ਇਸ ਹਾਲਤ ਵਿਚ ਦੋਵੇਂ ਪਾਰਟੀਆਂ ਪੰਜਾਬ ਦੇ ਦੋ ਵੱਖਰੇ-ਵੱਖਰੇ ਤਬਕਿਆਂ ਨੂੰ ਸਿਆਸੀ ਆਰਥਕ, ਧਾਰਮਿਕ ਅਤੇ ਸਭਿਆਚਾਰਕ ਨੁਮਾਇੰਦਗੀ ਦਿੰਦੀਆਂ ਹਨ। ਪੰਜਾਬ ਦਾ ਸ਼ਹਿਰੀ ਹਿੰਦੂ ਤਬਕਾ ਕਾਂਗਰਸ ਅਤੇ ਭਾਜਪਾ 'ਚੋਂ ਕਿਸੇ ਇਕ ਦੀ ਚੋਣ ਕਰਦਾ ਹੈ। ਪੰਜਾਬ ਦਾ ਤੀਜਾ ਪ੍ਰਮੁੱਖ ਤਬਕਾ ਦਲਿਤ ਤਬਕਾ ਹੈ ਅਤੇ ਇਹ ਵੀ ਕਾਂਗਰਸ ਪਾਰਟੀ ਦਾ ਹੀ ਹੁਣ ਤੱਕ ਵੋਟ ਬੈਂਕ ਰਿਹਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਨੇ ਵੀ ਅਕਾਲੀ-ਭਾਜਪਾ ਗੱਠਜੋੜ ਵਲ ਭੁਗਤਣ ਦਾ ਸੁਆਦ ਵੇਖ ਲਿਆ ਹੈ। ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਬਹੁਜਨ ਸਮਾਜ ਪਾਰਟੀ ਨੇ ਇਸ ਵੋਟ ਬੈਂਕ ਨੂੰ ਸੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਮੁੱਢ ਵਿਚ ਉਹ ਕਿਸੇ ਹੱਦ ਤਕ ਸਫਲ ਰਹੀ ਅਤੇ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਉਸਦਾ ਇਹ ਵੋਟ ਬੈਂਕ ਕਾਫੀ ਘਟਿਆ ਹੈ। ਪੰਜਾਬ ਦੇ ਮੁਕਾਬਲੇ ਹਰਿਆਣੇ ਵਿਚ ਬਹੁਜਨ ਸਮਾਜ ਪਾਰਟੀ ਆਪਣਾ ਵੋਟ ਬੈਂਕ ਵਧਾਉਣ ਵਿਚ ਕਾਮਯਾਬ ਰਹੀ ਹੈ। ਬਹੁਜਨ ਸਮਾਜ ਪਾਰਟੀ ਦੇ ਡਿੱਗੇ ਵੋਟ ਬੈਂਕ ਨੂੰ ਵੇਖਦਿਆਂ ਹਾਲ ਹੀ ਵਿਚ ਇਸ ਪਾਰਟੀ ਦੀ ਇਕ ਕਾਨਫਰੰਸ ਵੀ ਹੋਈ ਅਤੇ ਇਸ ਦੌਰਾਨ ਬਸਪਾ ਦੇ ਆਗੂ ਅਵਤਾਰ ਸਿੰਘ ਕਰੀਮਪੁਰੀ ਨੂੰ ਚਲਦਾ ਕਰਨ ਦੀਆਂ ਆਵਾਜ਼ਾਂ ਵੀ ਉਠੀਆਂ ਸਨ।

ਉਂਜ ਇਹ ਸਚਾਈ ਹੈ ਕਿ ਪੰਜਾਬ ਦਾ ਤੀਜਾ ਤਬਕਾ ਭਾਵ ਦਲਿਤ ਤਬਕਾ ਵੀ ਹੁਣ ਆਪਣੀ ਵੱਖਰੀ ਰਾਜਨੀਤਕ ਨੁਮਾਇੰਦਗੀ ਦੀਆਂ ਕੋਸ਼ਿਸ਼ਾਂ ਵਿਚ ਜੁੱਟਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸਤ ਦੇ ਤਿੰਨ ਜਾਂ ਚਾਰ ਧਿਰੀ ਹੋਣ ਦੇ ਆਸਾਰ ਵੀ ਬਣ ਸਕਦੇ ਹਨ। ਬਹੁਜਨ ਸਮਾਜ ਪਾਰਟੀ ਮੁੱਖ ਤੌਰ ਤੇ ਆਪਣਾ ਆਧਾਰ ਪੰਜਾਬ ਦੇ ਹਰੀਜਨ ਤਬਕੇ ਵਿਚ ਰੱਖਦੀ ਹੈ। ਪੰਜਾਬ ਦਾ ਅੱਤ ਪਛੜਿਆ ਬਾਲਮੀਕ ਤਬਕਾ ਆਪਣੀ ਵੱਖਰੀ ਰਾਜਨੀਤਕ ਨੁਮਾਇੰਦਗੀ ਵਲ ਵਧ ਸਕਦਾ ਹੈ।

ਜਿੱਥੋਂ ਤੱਕ ਅਕਾਲੀਆਂ ਤੇ ਭਾਰਤੀ ਜਨਤਾ ਪਾਰਟੀ ਅੰਦਰਲੇ ਆਪਸੀ ਕਲੇਸ਼ ਦਾ ਸੁਆਲ ਹੈ ਇਹ ਅਸਲ ਵਿਚ ਦੋਨਾਂ ਪਾਰਟੀਆਂ ਵਲੋਂ ਇਕ

(ਬਾਕੀ ਸਫਾ 6 ਉਤੇ)


ਕਾਰ, ਘਰ, ਜੀਵਨ ਤੇ ਬਿਜਨਸ

ਵਾਜਬ ਭਾਅ 'ਤੇ ਬੀਮੇ ਦੀਆਂ ਆਪਣੀਆਂ ਸਭ ਲੋੜਾਂ ਲਈ ਕਾਲ ਕਰੋ
Truck Insurance
Liquor Store/Gas Stations
Workers Compensation
Manjit Gill
Prisident
CA Lic#OB23990
CSE Civil Service Employees Insurance Group
Gill Financial & Insurance Services
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਸੈਨ ਹੋਜ਼ੇ ਮੇਲੇ 'ਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਬੱਲੇ ਬੱਲੇ

## ਬੱਲੀ ਬੈਸਟ ਰੇਡਰ ਤੇ ਅਰਸ਼ੀ ਬੈਸਟ ਜਾਫੀ, ਸਰਵਣ ਸਿੰਘ ਬੱਲ ਦਾ ਗੋਲਡ ਮੈਡਲ ਨਾਲ ਸਨਮਾਨ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਲੰਘੇ ਸਨਿਚਰਵਾਰ ਇਥੇ ਐਵਰ ਗਰੀਨ ਕਾਲਜ ਦੇ ਮੈਦਾਨਾਂ ਵਿਚ ਲੱਗੇ ਵਿਸਾਖੀ ਮੇਲੇ ਦੌਰਾਨ ਹੋਏ ਕਬੱਡੀ ਮੁਕਾਬਲਿਆਂ ਵਿਚ ਫਰਿਜ਼ਨੋ ਦੇ ਸ਼ਹੀਦ ਭਗਤ ਸਿੰਘ ਕਲੱਬ ਦੀ ਸਰਦਾਰੀ



*ਮੇਲੇ ਦੌਰਾਨ ਗੋਲਡ ਮੈਡਲ ਸਨਮਾਨ ਲੈਣ ਉਪਰੰਤ ਸ. ਸਰਵਣ ਸਿੰਘ ਬੱਲ ਸ੍ਰੀ ਅਮੋਲਕ ਸਿੰਘ ਗਾਖਲ, ਪ੍ਰਿੰਸੀਪਲ ਸਰਵਣ ਸਿੰਘ ਅਤੇ ਹੋਰਨਾਂ ਨਾਲ*

ਰਹੀ ਜਿਸ ਨੇ ਕਬੱਡੀ ਓਪਨ ਦੇ ਪਹਿਲਾਂ ਮੁਢਲੇ ਮੈਚਾਂ ਵਿਚ ਅਤੇ ਫਿਰ ਫਾਈਨਲ ਮੈਚ ਵਿਚ ਬੇ-ਏਰੀਆ ਸਪੋਰਟਸ ਕਲੱਬ ਨੂੰ ਹਰਾਇਆ ਅਤੇ 3100 ਡਾਲਰ ਦਾ ਇਨਾਮ ਜਿਤਿਆ। ਬੇ ਏਰੀਏ ਦੀ ਟੀਮ ਦੂਜੇ ਦਰਜੇ 'ਤੇ ਰਹੀ। ਪ੍ਰਬੰਧਕਾਂ ਅਨੁਸਾਰ ਕਬੱਡੀ ਵਾਸਤੇ ਕੁੱਲ 17000 ਡਾਲਰ ਦੇ ਇਨਾਮ ਖਿਡਾਰੀਆਂ ਦੀ ਹੌਸਲਾ ਅਫਜ਼ਾਈ



ਲਈ ਦਿੱਤੇ ਗਏ। ਪ੍ਰੋਗਰਾਮ ਦੀ ਸ਼ੁਰੂਆਤ ਸ. ਜਸਵੰਤ ਸਿੰਘ ਹੋਠੀ ਨੇ ਮੇਲੇ ਦੇ ਪ੍ਰਬੰਧਕੀ ਮੈਂਬਰਾਂ ਅਤੇ ਹੋਰ ਪਤਵੰਤਿਆਂ ਦੀ ਸੰਗਤ ਵਿੱਚ ਅਰਦਾਸ ਕਰਕੇ ਕੀਤੀ।

ਇਸ ਮੇਲੇ ਦੇ ਦੋ ਹਿੱਸੇ ਸਨ, ਇਕ ਪਾਸੇ ਸਭਿਆਚਾਰਕ ਸਟੇਜ ਸੀ ਜਿਥੇ ਛੋਟੇ ਵੱਡੇ ਬੱਚਿਆਂ ਦੀਆਂ ਵੱਖ ਵੱਖ 18 ਟੋਲੀਆਂ ਗਿੱਧੇ ਭੰਗੜੇ ਅਤੇ ਗਾਉਣ ਵਜਾਉਣ ਦੀਆਂ ਆਈਟਮਾਂ ਪੇਸ਼ ਕਰਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰ ਰਹੀਆਂ ਸਨ। ਸਭਿਆਚਾਰਕ ਪਿੜ ਦਾ ਸੰਚਾਲਨ ਆਸ਼ਾ ਸ਼ਰਮਾ ਅਤੇ ਜਸਪਾਲ ਸੈਣੀ ਨੇ ਰਲ ਕੇ ਕੀਤਾ। ਰੰਗ ਬਰੰਗੇ ਪਹਿਰਾਵੇ ਵਿਚ ਸ਼ਿੰਗਾਰੇ ਨੰਨੇ ਛੋਟੇ ਬੱਚਿਆਂ ਦੇ ਭੰਗੜਾ ਗਰੁੱਪਾਂ ਨੇ ਦਰਸ਼ਕਾਂ ਨੂੰ ਨਿਹਾਲ ਕਰ ਦਿੱਤਾ। ਸੁਖਵੀਰ ਸੁੱਖ, ਰਾਜੇਸ਼ ਰਾਜੂ, ਸੁਖਵੰਤ ਸੁੱਖੀ, ਭੁਪਿੰਦਰ ਬੱਬਲ, ਕੇ ਐਸ ਮੱਖਣ, ਜਗਮੀਤ ਜੱਗਾ, ਲਵਲੀ ਸੰਧੂ, ਜੂਨੀਅਰ ਕਿਸ਼ੋਰ, ਮਾਸਟਰ ਰੈਂਕੋ ਮੇਲੀਆਂ ਨੂੰ ਆਪਣਾ ਸਿਰ ਹਿਲਾਉਣ ਅਤੇ ਅੱਡੀ ਥਿਰਕਾਉਣ ਲਈ ਮਜਬੂਰ ਕਰ ਰਹੇ ਸਨ।

ਦੂਜਾ ਹਿੱਸਾ ਖੇਡ ਦਾ ਮੈਦਾਨ ਸੀ ਜਿਥੇ ਕਬੱਡੀ ਦੇ ਮੈਚ ਸਭਨਾਂ ਲਈ ਵੱਡੀ ਦਿਲਚਸਪੀ ਦਾ ਕੇਂਦਰ ਸੀ। ਕੁਸ਼ਤੀ ਮੁਕਾਬਲੇ ਵਿੱਚ ਪਹਿਲਵਾਨ ਟਿੰਮ ਨੇ ਕਰਮਜੀਤ ਨੂੰ ਚਿੱਤ ਕਰਕੇ ਪਟਕਾ ਹਾਸਲ ਕੀਤਾ। ਕਬੱਡੀ ਦੇ ਮੈਦਾਨ ਵਿਚ 18 ਸਾਲ ਤੋਂ ਘੱਟ ਉਮਰ ਵਰਗ ਵਿਚ ਫਰਿਜ਼ਨੋ ਤੇ ਸੈਂਟਾ ਕਲਾਰਾ ਦੀਆਂ ਟੀਮਾਂ ਆਪਸ ਵਿਚ ਭਿੜੀਆਂ ਜਦੋਂਕਿ ਅੰਡਰ 21 ਦੇ ਫਾਈਨਲ ਮੁਕਾਬਲੇ ਵਿਚ ਡਾਇਮੰਡ ਕਲੱਬ ਯੂਬਾ ਸਿਟੀ ਅਤੇ ਯੂਬਾ ਸਿਟੀ ਸਪੋਰਟਸ ਕਲੱਬ ਭਿੜੇ। ਯੂਬਾ ਸਿਟੀ ਦੇ ਨਾਂ ਕਰਕੇ ਇਨ੍ਹਾਂ ਦੋਨਾਂ ਟੀਮਾਂ ਦਾ ਵਖਰੇਵਾਂ ਕਰਨ ਲਈ ਦਰਸ਼ਕਾਂ ਨੂੰ ਕਾਫੀ ਮੁਸ਼ਕਲ ਵੀ ਆਈ। ਇਸ ਮੇਲੇ ਵਿਚ ਦਰਸ਼ਕ ਅਸਲ ਵਿਚ ਕਬੱਡੀ ਓਪਨ ਦਾ ਸਾਹ ਰੋਕ ਕੇ ਇੰਤਜ਼ਾਰ ਕਰ ਰਹੇ ਸਨ। ਦੁਪਹਿਰ ਸਮੇਂ ਪਹਿਲਾ ਮੈਚ ਬੇ-ਏਰੀਆ ਸਪੋਰਟਸ ਕਲੱਬ ਹੇਵਰਡ ਅਤੇ ਸ਼ਹੀਦ ਭਗਤ ਸਿੰਘ ਕਲੱਬ ਫਰਿਜ਼ਨੋ ਵਿਚ ਹੋਇਆ ਜਿਸ ਵਿਚ ਸ਼ਹੀਦ ਭਗਤ ਸਿੰਘ ਕਲੱਬ ਜੇਤੂ ਰਿਹਾ। ਦੂਜੇ ਮੈਚ ਵਿਚ ਸੈਂਟਾ ਕਲਾਰਾ ਸਪੋਰਟਸ ਕਲੱਬ ਨੇ ਮਾਡੈਸਟੋ ਕਲੱਬ ਨੂੰ ਹਰਾਇਆ। ਤੀਜੇ ਮੈਚ ਵਿਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੇ ਮਾਡੈਸਟੋ ਸਪੋਰਟਸ ਕਲੱਬ ਨੂੰ ਹਰਾਇਆ। ਚੌਥੇ ਮੈਚ ਵਿਚ ਬੇ-ਏਰੀਆ ਸਪੋਰਟਸ ਕਲੱਬ ਨੇ ਸੈਂਟਾ ਕਲਾਰਾ ਸਪੋਰਟਸ ਕਲੱਬ ਨੂੰ ਹਰਾ ਕੇ ਫਾਈਨਲ ਵਿਚ ਜਾਣ ਲਈ ਰਾਹ ਪੱਧਰਾ ਕਰ ਲਿਆ ਜਿਥੇ ਇਸ ਦਾ ਮੁਕਾਬਲਾ ਅੰਕਾਂ ਦੇ ਆਧਾਰ 'ਤੇ ਫਾਈਨਲ ਵਿਚ ਪਹੁੰਚੀ ਦੂਜੀ ਸ਼ਹੀਦ ਭਗਤ ਸਿੰਘ ਕਲੱਬ ਫਰਿਜ਼ਨੋ ਦੀ ਟੀਮ ਨਾਲ ਹੋਇਆ। ਇਸ ਵੇਲੇ ਤੱਕ ਮੈਦਾਨ ਵੀ ਦਰਸ਼ਕਾਂ ਨਾਲ ਪੂਰੀ ਤਰ੍ਹਾਂ ਭਰ ਚੁੱਕਾ ਸੀ।

ਖੇਡਾਂ ਦੇ ਅਖਾੜੇ ਵਿੱਚ ਨਾਮੀ ਕਬੱਡੀ ਕੁਮੈਂਟੇਟਰ ਮੱਖਣ ਸਿੰਘ ਹਕੀਮਪੁਰੀ ਅਤੇ ਪ੍ਰਿੰਸੀਪਲ ਸਰਵਣ ਸਿੰਘ ਆਪਣੇ ਚਟਪਟੇ ਟੋਟਕਿਆਂ ਨਾਲ ਖੇਡ ਨੂੰ ਦਿਲਚਸਪ ਬਣਾ ਰਹੇ ਸਨ।

ਇਸ ਕਬੱਡੀ ਮੁਕਾਬਲੇ ਦੀ ਦਿਲਚਸਪ ਗੱਲ ਇਹ ਵੀ ਸੀ ਕਿ ਬੇ-ਏਰੀਆ ਸਪੋਰਟਸ ਕਲੱਬ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ ਇਸ ਤੋਂ ਪਹਿਲਾਂ ਤਿੰਨ ਵਾਰ ਹਰਾ ਚੁੱਕੀ ਸੀ। ਉਂਜ ਵੀ ਬੇ-ਏਰੀਆ ਸਪੋਰਟਸ ਕਲੱਬ ਕੈਲੇਫੋਰਨੀਆ ਦੀ ਸਭ ਤੋਂ ਮਹਿੰਗੀ ਟੀਮ ਗਿਣੀ ਜਾਂਦੀ ਹੈ ਜਿਸ ਦਾ ਪੇਰੋਲ 95 ਹਜ਼ਾਰ ਡਾਲਰ ਦੱਸਿਆ ਜਾਂਦਾ ਹੈ। ਬੇ-ਏਰੀਆ ਸਪੋਰਟਸ ਕਲੱਬ ਦੀ ਟੀਮ ਲਈ ਮੁਢਲੇ ਮੈਚ ਵਿਚ ਇਕ ਵਾਰ ਹਾਰਨ ਤੋਂ ਬਾਅਦ ਇਸ ਮੈਚ ਨੂੰ ਜਿੱਤਣਾ ਉਂਜ ਵੀ ਵੱਕਾਰ ਦਾ ਸਵਾਲ ਸੀ। ਉਧਰ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਟੀਮ ਵੀ ਆਪਣੀਆਂ ਪਿਛਲੀਆਂ ਸਾਰੀਆਂ ਹਾਰਾਂ ਦਾ ਬਦਲਾ ਲੈਣ ਉਤੇ ਉਤਾਰੂ ਹੋਈ ਪਈ ਸੀ। ਮੈਚ ਦੇ ਸ਼ੁਰੂ ਵਿਚ ਇਹ ਅੰਦਾਜ਼ਾ ਲਾਉਣਾ ਉਕਾ ਹੀ ਔਖਾ ਸੀ ਕਿ ਜਿੱਤ ਕਿਸ ਦੀ ਝੋਲੀ ਪਵੇਗੀ। ਇਕੱਲੀ ਇਕੱਲੀ ਰੇਡ ਨੂੰ ਦਰਸ਼ਕ ਸਾਹ ਰੋਕ ਰੋਕ ਕੇ ਵੇਖ ਰਹੇ ਸਨ। ਕਿਸੇ ਰੇਡ ਵੇਲੇ ਤਾਂ ਰੇਡਰ ਨਾਲੋਂ ਵੱਧ ਜ਼ੋਰ ਬਾਹਰ ਖੜ੍ਹੇ ਦਰਸ਼ਕਾਂ ਦਾ ਲੱਗ ਰਿਹਾ ਹੁੰਦਾ।

ਅੱਧ ਸਮੇਂ ਤੱਕ ਫਰਿਜ਼ਨੋ ਦੀ ਟੀਮ ਡੇਢ ਅੰਕ ਨਾਲ ਅੱਗੇ ਸੀ। ਬੇ-ਏਰੀਆ ਕਲੱਬ ਦਾ ਸਟਾਰ ਖਿਡਾਰੀ ਤੀਰਥ ਗਾਖਲ ਵੀ ਆਪਣਾ ਸਾਰਾ ਤਾਣ ਲਾ ਰਿਹਾ ਸੀ। ਕਦੀ ਉਹ ਰੇਡ ਪਾਉਂਦਾ ਤੇ ਕਦੀ ਜੱਫਾ ਲਾਉਂਦਾ। ਸਾਬੀ ਨੇ ਵੀ ਦੋ ਦੋ ਕਬੱਡੀਆਂ ਪਾ ਕੇ ਵੱਡਮੁੱਲਾ ਯੋਗਦਾਨ ਪਾਇਆ। ਦੂਜੇ ਪਾਸੇ ਮਹੇੜੂ ਵਾਲੇ ਬੱਲੀ ਨੇ ਲਗਾਤਾਰ ਕਬੱਡੀਆਂ ਪਾ ਕੇ ਵਧੀਆ ਰੇਡਰ ਦਾ ਖਿਤਾਬ ਆਪਣੇ ਕਬਜ਼ੇ 'ਚ



*ਗਾਇਕ ਕੇ ਐਸ ਮੱਖਣ, ਸੁੱਖ ਅਤੇ ਰਾਜੂ*

ਕਰ ਲਿਆ। ਜਦਕਿ ਅਰਸ਼ੀ ਅਤੇ ਜੱਸੇ ਭਲਵਾਨ ਹੋਰਾਂ ਨੇ ਜੱਫੇ ਲਾ ਕੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ ਦਸ ਨੰਬਰਾਂ ਦੇ ਵੱਡੇ ਫਰਕ ਨਾਲ ਜੇਤੂ ਬਣਾ ਕੇ ਨਾਜਰ ਸਿੰਘ ਸਹੋਤਾ ਅਤੇ ਨੀਟੂ ਬਡਿਆਲ ਬਾਗੋ ਬਾਗ ਕਰ ਦਿੱਤੇ। ਇਸ



ਮੈਚ ਦੇ ਕੱਲੇ ਕੱਲੇ ਨੰਬਰ ਉਤੇ ਕਬੱਡੀ ਦੇ ਸ਼ੈਦਾਈ ਸੌ ਸੌ ਦੇ ਨੋਟ ਇਉਂ ਵਾਰ ਰਹੇ ਸਨ ਜਿਵੇਂ ਸੌ ਸੌ ਡਾਲਰ ਨਾ ਹੋਣ ਦੁਆਨੀਆਂ ਚੁਆਨੀਆਂ ਹੋਣ। ਅਮੋਲਕ ਸਿੰਘ ਗਾਖਲ ਇਸ ਕੰਮ 'ਚ ਹਮੇਸ਼ਾ ਵਾਂਗ ਮੋਹਰੀ ਸੀ। ਸ੍ਰੀ ਗਾਖਲ ਨੇ ਜਿਥੇ ਆਪਣੇ ਸਮੇਂ ਦੇ ਮਹਾਨ ਕਬੱਡੀ ਖਿਡਾਰੀ ਸਰਵਣ ਸਿੰਘ ਬੱਲ ਹੋਰਾਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਉਥੇ ਖਿਡਾਰੀਆਂ ਨੂੰ ਵੀ ਪੰਜਾਹ ਪੰਜਾਹ, ਸੌ ਸੌ ਦੇ ਨੋਟ ਦੇ ਕੇ ਉਤਸ਼ਾਹਤ ਕਰਦੇ ਰਹੇ। ਇਸ ਕਬੱਡੀ ਮੇਲੇ ਵਿਚ ਅਰਸ਼ੀ ਨੂੰ ਵਧੀਆ ਜਾਫੀ ਅਤੇ ਬੱਲੀ ਮਹੇੜੂ ਨੂੰ ਵਧੀਆ ਰੇਡਰ ਐਲਾਨਿਆ ਗਿਆ। ਵੈਸੇ ਤੀਰਥ ਗਾਖਲ, ਸੰਨੀ ਕੰਦੋਲਾ, ਬਲਜੀਤ, ਅੰਮ੍ਰਿਤਪਾਲ, ਸਾਬੀ, ਜੱਸਾ ਭਲਵਾਨ ਤੇ ਲਾਲੀ ਦੀ ਖੇਡ ਦੀ ਵੀ ਦਰਸ਼ਕਾਂ ਨੇ ਭਰਪੂਰ ਸਲਾਹੁਤਾ ਕੀਤੀ।

ਕਿਸੇ ਵੀ ਮੇਲੇ ਵਾਂਗ ਕੁਲਫੀਆਂ, ਆਈਸ ਕਰੀਮ, ਖਿਡਾਉਣੇ, ਮਨਿਆਰੀ ਦਾ ਸਮਾਨ, ਚੂੜੀਆਂ, ਕੱਪੜੇ, ਪਹਿਰਾਵੇ ਬਸਤਰ, ਫੋਟੋ ਫਰੇਮ, ਜਿਊਲਰੀ, ਕੈਸਟਾਂ, ਕਿਤਾਬਾਂ, ਫੋਟੋ, ਵਾਲੇ ਸਟਾਲ ਲੱਗੇ ਹੋਏ ਸਨ। ਖੇਡਾਂ ਅਤੇ ਸਭਿਆਚਾਰਕ ਪ੍ਰੋਗਰਾਮਾਂ ਤੋਂ ਇਲਾਵਾ ਹਰਪ੍ਰੀਤ ਗਿੱਲ ਦੇ ਉਦਮ ਸਦਕਾ ਵਾਲਗਰੀਨ ਵੱਲੋਂ ਲਗਾਇਆ ਗਿਆ ਮੈਡੀਕਲ ਚੈਕਅਪ ਕੈਂਪ ਲੋਕਾਂ ਦੀ ਖਾਸ ਦਿਲਚਸਪੀ ਤੇ ਖਿੱਚ ਦਾ ਕੇਂਦਰ ਬਣਿਆ ਰਿਹਾ। ਸਵੇਰੇ ਨੌਂ ਵਜੇ ਤੋਂ ਸ਼ਾਮ ਤੱਕ ਚੱਲੇ ਇਸ ਕੈਂਪ ਵਿੱਚ ਸੈਂਕੜੇ ਲੋੜਵੰਦਾਂ ਨੇ ਆਪਣੇ ਖੂਨ ਟੈਸਟ ਕਰਵਾਇਆ।

ਦੰਦਾਂ ਦੇ ਡਾਕਟਰ ਦਲਵੀਰ ਸਿੰਘ ਪੰਨੂ, ਡਾ. ਮਾਂਗਟ ਹਾਜਰ ਸਨ। ਡਾ. ਪੰਨੂ ਡੈਂਟਲ ਕਲੀਨਿਕ ਵੱਲੋਂ ਦੰਦਾਂ ਦੇ ਬੁਰਸ਼ ਅਤੇ ਜਰਸੀਆਂ ਮੁਫ਼ਤ ਵੰਡੀਆਂ ਜਾ ਰਹੀਆ ਸਨ।

ਮੇਲੀਆਂ ਦੇ ਖਾਣ ਪੀਣ ਲਈ ਰਾਜਾ ਸਵੀਟ, ਸੰਸਾਰ ਅਤੇ ਹੋਰ ਤਿੰਨ ਰੈਸਟੋਰੈਂਟ ਪੂਰੀਆਂ, ਛੋਲੇ, ਸਮੋਸੇ, ਜਲੇਬੀਆਂ ਅਤੇ ਹੋਰ ਲਟਾਪਟਾ ਲੈ ਕੇ ਹਾਜ਼ਰ ਸਨ।

# ਯੂ. ਐਨ. 'ਚ 'ਨਸਲਕੁਸ਼ੀ ਸੰਧੀ' ਅਧੀਨ ਭਾਰਤ ਖਿਲਾਫ 84 ਸਿੱਖ ਨਸਲਕੁਸ਼ੀ' ਵਿਰੁਧ ਪਟੀਸ਼ਨ ਦਾਇਰ ਹੋਵੇਗੀ

**ਫਰਿਜ਼ਨੋ:** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰਮੁਹੰਮਦ) ਵੱਲੋਂ ਨਵੰਬਰ 84 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਨਵੰਬਰ 2009 ਵਿਚ ਸੰਯੁਕਤ ਰਾਸ਼ਟਰ ਵਿੱਚ "ਨਸਲਕੁਸ਼ੀ ਸੰਧੀ" ਅਧੀਨ ਹਿੰਦੁਸਤਾਨ ਖਿਲਾਫ ਪਟੀਸ਼ਨ ਦਾਇਰ ਕੀਤੀ ਜਾਵੇਗੀ। ਇਸ ਸਬੰਧੀ ਦੋਹਾਂ ਜਥੇਬੰਦੀਆਂ ਨੇ ਯੂਨਾਇਟਡ ਨੇਸ਼ਨਜ਼ ਵਿੱਚ ਦਾਇਰ ਕੀਤੀ ਜਾਣ ਵਾਲੀ ਇਸ ਪਟੀਸ਼ਨ ਲਈ ਅੰਤਰ-ਰਾਸ਼ਟਰੀ ਇਨਸਾਫ ਦਸਤਖਤੀ ਲਹਿਰ ਦਾ ਅਰੰਭ ਕੀਤਾ ਹੈ। ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਅਤੇ ਐਡਵੋਕੇਟ ਨਵਕਿਰਨ ਸਿੰਘ ਨੇ ਦੱਸਿਆ ਕਿ ਪਟੀਸ਼ਨ ਦਾਇਰ ਕਰ ਕੇ 84 ਦੇ ਸਿੱਖ ਕਤਲੇਆਮ ਨੂੰ "ਸਿੱਖ ਨਸਲਕੁਸ਼ੀ" ਦੇ ਤੌਰ 'ਤੇ ਮਾਨਤਾ ਦਿਵਾਉਣ ਅਤੇ ਸਿੱਖ ਕਤਲੇਆਮ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਕੀਤੀ ਜਾਵੇਗੀ।

ਅਟਾਰਨੀ ਪੰਨੂੰ ਅਨੁਸਾਰ ਯੂ.ਐਨ. ਵਿੱਚ ਪਟੀਸ਼ਨਾਂ ਪਾ ਕੇ ਇੰਡੀਆ ਦੀ ਸਰਕਾਰ ਦੇ ਖਿਲਾਫ ਕਾਰਵਾਈ ਕਰਨ ਲਈ ਮੰਗ ਕੀਤੀ ਜਾਵੇਗੀ ਜਿਸ ਨੇ 25 ਸਾਲਾਂ ਤੋਂ ਹਜਾਰਾਂ ਸਿੱਖਾਂ ਦੇ ਕਾਤਲਾਂ ਖਿਲਾਫ ਕੋਈ ਕਾਰਵਾਈ ਨਾ ਕਰਕੇ ਸਿੱਖ ਘੱਟ ਗਿਣਤੀ ਨੂੰ ਇਨਸਾਫ ਤੋਂ ਵਾਂਝਿਆਂ ਰੱਖ ਕੇ ਘੋਰ ਬੇਇਨਸਾਫੀ ਕੀਤੀ ਹੈ। "ਸਿੱਖਸ ਫਾਰ ਜਸਟਿਸ" ਵੱਲੋਂ ਇਸ ਲਹਿਰ ਦੀ ਸ਼ੁਰੂਆਤ ਫਰਿਜ਼ਨੋ ਦੇ ਗੁਰਦੁਆਰਿਆਂ ਵਿੱਚ ਕੀਤੀ ਗਈ।

ਸਿੱਖਸ ਫਾਰ ਜਸਟਿਸ ਦੇ ਮੁੱਖ ਬੁਲਾਰੇ ਅਤੇ ਕੋਆਰਡੀਨੇਟਰ ਗੁਰਦੀਪ ਸਿੰਘ ਨਿੱਜਰ ਦੀ ਅਗਵਾਈ ਹੇਠ ਅਸ਼ੋਕਾ ਰੈਸਟੋਰੈਂਟ, ਸੈਲਮਾ ਵਿਖੇ ਇੱਕ ਸਥਾਨਕ ਪਤਵੰਤਿਆਂ ਦੀ ਇੱਕ ਮੀਟਿੰਗ ਰੱਖੀ ਗਈ ਸੀ ਜਿਸ ਦੌਰਾਨ ਸੰਜੀਦਾ ਵਿਚਾਰਾਂ ਹੋਈਆਂ ਅਤੇ "ਸਿੱਖਸ ਫਾਰ ਜਸਟਿਸ" ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦਾ ਅਹਿਦ ਲਿਆ ਗਿਆ।

ਇਸ ਸਮੇਂ ਹਾਜਰ ਸੱਜਣਾਂ ਵਿੱਚ ਪਿਸ਼ੌਰਾ ਸਿੰਘ ਢਿੱਲੋਂ, ਚਰਨਜੀਤ ਸਿੰਘ ਬਾਠ, ਬਲਦੇਵ ਸਿੰਘ ਸੰਘਾ, ਅਮਰੀਕ ਸਿੰਘ ਸੋਹਲ, ਕੁਲਦੀਪ ਚੱਠਾ, ਅਮਰੀਕ ਸੰਧੂ, ਸਾਧੂ ਸੰਘਾ, ਪਾਲ ਧਾਲੀਵਾਲ, ਰਣਜੀਤ ਸਿੰਘ ਗਿੱਲ, ਸੰਤੋਖ ਸਿੰਘ ਮਿਨਹਾਸ, ਸੁਖਜੀਤ ਸਿੰਘ, ਅਜਮੇਰ ਨਾਹਲ, ਪ੍ਰੀਤਮ ਸਿੰਘ ਨਾਹਲ, ਕਸ਼ਮੀਰ ਸਿੰਘ, ਭੁਪਿੰਦਰ ਸਿੰਘ, ਸੁਰਿੰਦਰ ਸਿੰਘ ਜੌਹਲ, ਪਰਮਜੀਤ ਸਿੰਘ ਤੱਗੜ, ਮਹਿੰਦਰ ਸਿੰਘ ਗਰੇਵਾਲ, ਭਰਪੂਰ ਸਿੰਘ ਧਾਲੀਵਾਲ, ਜਗਜੀਤ ਸਿੰਘ ਥਿੰਦ, ਆਤਮਾ ਸਿੰਘ, ਅਰਜਨ ਸਿੰਘ ਜੋਸਨ, ਗੁਰਦੇਵ ਸਿੰਘ ਤੀਰਥ, ਬੀਬੀ ਨਿਰਮਲ ਕੌਰ, ਵੀਰਪਾਲ ਨਿੱਜਰ, ਹਰਦਵਿੰਦਰ, ਨਰਿੰਦਰ ਸੁਰਿੰਦਰ, ਇੰਦਰਬੀਰ, ਭੁਪਿੰਦਰ ਸਿੰਘ ਔਜਲਾ, ਜਸਵੰਤ ਸਿੰਘ ਮਾਨ, ਪਵਿੱਤਰ ਸਿੰਘ ਸਹੋਤਾ, ਮੋਹਨ ਸਿੰਘ ਸੰਘੇੜਾ, ਬਿਕਰਮਜੀਤ ਸਿੰਘ ਚੌਹਾਨ ਅਤੇ ਰਾਜਿੰਦਰ ਸਿੰਘ ਮਾਨ, ਭਜਨ ਸਿੰਘ ਹਾਜਰ ਸਨ। ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਹਰਜਿੰਦਰ ਕੰਗ ਨੇ ਨਿਭਾਈ। ਗੁਰਦੀਪ ਸਿੰਘ ਫਾਊਲਰ ਕੋਆਰਡੀਨੇਟਰ ਨੇ ਕਿਹਾ ਕਿ ਹੁਣ ਸਿੱਖ ਕੌਮ ਨੇ ਬਹੁਤ ਸੰਤਾਪ ਹੰਢਾਇਆ ਹੈ ਪਰੰਤੂ ਇਨਸਾਫ ਦੀ ਪ੍ਰਾਪਤੀ ਕਦੇ ਨਹੀਂ ਹੋਈ।

ਦੋਹਾਂ ਜਥੇਬੰਦੀਆਂ ਦੇ ਨੁਮਾਇੰਦੇ ਟੂਲੈਰੀ ਵਿਚ ਹੋਏ ਇਕ ਸ਼ਹੀਦੀ ਸਮਾਗਮ ਵਿਚ ਵੀ ਸ਼ਾਮਲ ਹੋਏ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

# ਅਮਰੀਕਾ ਵਿਚ ਸਿੱਖ ਦੀ ਪਛਾਣ ਦਾ ਮਸਲਾ ਅਜੇ ਵੀ ਚਿੰਤਾਜਨਕ

**ਟੂਲੈਰੀ, ਕੈਲੀਫੋਰਨੀਆ:** ਸਤੰਬਰ 11, 2001 ਤੋਂ ਬਾਅਦ ਅਮਰੀਕਾ ਵਿਚ ਸਿੱਖ ਦੀ ਪਛਾਣ ਨੂੰ ਜੋ ਖੋਰਾ ਲੱਗਿਆ ਹੈ ਉਹ ਚਿੰਤਾਜਨਕ ਹੈ। ਅੱਜ ਵੀ ਸਾਨੂੰ ਅਰਬ ਮੁਲਕਾਂ ਦੇ ਨਾਗਰਿਕਾਂ ਦੇ ਤੌਰ 'ਤੇ ਸਮਝਿਆ ਜਾਂਦਾ ਹੈ। ਸਾਨੂੰ ਖੁਦ ਦੀ ਪਛਾਣ ਸਥਾਪਤ ਕਰਨ ਲਈ ਆਪੋ ਆਪਣੇ ਸ਼ਹਿਰਾਂ ਕਸਬਿਆਂ ਅਤੇ ਕਮਿਊਨਟੀਆਂ ਵਿਚ ਦਸਤਾਰਾਂ ਸਜਾ ਕੇ ਸਰਗਰਮ ਹੋਣਾ ਚਾਹੀਦਾ ਹੈ। ਇਹ ਸ਼ਬਦ ਇਥੇ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਰਾਮ ਸਿੰਘ ਨੇ ਆਖੇ। ਭਾਈ ਰਾਮ ਸਿੰਘ ਜੋ ਅਮਰੀਕੀ ਰਾਜਨੀਤੀ ਵਿਚ ਕਾਫੀ ਸਰਗਰਮ ਰਹਿੰਦੇ ਹਨ, ਨੇ ਕਿਹਾ ਕਿ ਸਾਨੂੰ ਸਾਡੇ ਰਾਜਨੀਤਕਾਂ ਨਾਲ ਘੁਲ਼ ਮਿਲ਼ ਕੇ ਆਪਣੀ ਪਛਾਣ ਨੂੰ ਸਥਾਪਤ ਕਰਨਾ ਚਾਹੀਦਾ ਹੈ। ਇਸ ਛੋਟੇ ਜਿਹੇ ਸ਼ਹਿਰ ਟੂਲੈਰੀ ਵਿਚ ਕਰਵਾਏ ਗਏ ਸ਼ਹੀਦੀ ਸਮਾਗਮ ਵਿਚ ਸ਼ਾਮਲ ਹੋਣ ਲਈ ਟਰਾਂਟੋ, ਫਰੀਮਾਂਟ, ਸੈਕਰਾਮੈਂਟੋ, ਬੇਕਰਸਫੀਲਡ ਅਤੇ ਸੈਨ ਹੋਜ਼ੇ ਤੋਂ ਸੰਗਤ ਨੇ ਸ਼ਿਰਕਤ ਕੀਤੀ।

ਟੋਰਾਂਟੋ ਤੋਂ ਆਏ ਪੱਤਰਕਾਰ ਸੁਖਮਿੰਦਰ ਸਿੰਘ ਹੰਸਰਾ ਨੇ ਇਸ ਮੌਕੇ ਟੂਲੈਰੀ ਦੀ ਸੰਗਤ ਦਾ ਉਨ੍ਹਾਂ ਨੂੰ ਇਥੇ ਬੁਲਾਉਣ ਲਈ ਧੰਨਵਾਦ ਕੀਤਾ ਅਤੇ ਇਸ ਗੁਰਅਸਥਾਨ ਨੂੰ ਸਥਾਪਤ ਕਰਨ ਲਈ ਵੀ ਵਧਾਈ ਦਿੱਤੀ। ਸ. ਹੰਸਰਾ ਨੇ ਵਿਸਥਾਰ ਨਾਲ ਕੋਰੀਆ ਦੀ ਆਜ਼ਾਦੀ ਦੀ ਲਹਿਰ ਦਾ ਜ਼ਿਕਰ ਕਰਦਿਆਂ ਖਾਲਿਸਤਾਨ ਦੀ ਆਜ਼ਾਦੀ ਦੇ ਸੰਗਰਾਮ ਨੂੰ ਉਨ੍ਹਾਂ ਲੀਹਾਂ ਤੇ ਤੋਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲੋਕਲ ਅਮਰੀਕਨ ਸਿੱਖਾਂ ਨੂੰ ਸੱਦਾ ਦਿੱਤਾ ਕਿ ਉਹ ਅਮਰੀਕਨ ਰਾਜਨੀਤੀ ਵਿਚ ਵੱਧ ਚੜ ਕੇ ਹਿੱਸਾ ਲਿਆ ਕਰਨ ਕਿਉਂਕਿ ਅਗਰ ਸੰਸਾਰ ਦੀਆਂ ਕੌਮਾਂ ਵਲੋਂ ਵਿੱਢੇ ਆਜ਼ਾਦੀ ਦੇ ਸੰਗਰਾਮਾਂ ਵੱਲ ਨਜ਼ਰ ਮਾਰੀਏ ਤਾਂ ਇਹ ਸਿੱਧ ਹੋ ਜਾਵੇਗਾ ਕਿ ਰਾਜਨੀਤਕ ਮੰਚ ਤੋਂ ਬਿਨ੍ਹਾਂ ਸਿੱਖਾਂ ਦੀ ਆਜ਼ਾਦੀ ਦੀ ਮੁਹਿਮ ਨੂੰ ਠੋਸ ਹੁਲਾਰਾ ਨਹੀਂ ਮਿਲ ਸਕਦਾ। ਸ. ਹੰਸਰਾ ਨੇ ਬੜੇ ਨਿੱਗਰ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਖਾਲਿਸਤਾਨ ਦਾ ਮਾਡਲ ਅੱਜ ਸੰਸਾਰ ਦੀ ਲੋੜ ਹੈ।






ਸਿੱਖ ਯੂਥ ਆਫ ਅਮਰੀਕਾ ਦੇ ਧੜੱਲੇਦਾਰ ਆਗੂ ਸ. ਰੇਸ਼ਮ ਸਿੰਘ ਨੇ ਇਸ ਸਮੇਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਚੋਟ ਮਾਰੀ ਕਿ ਅਸੀਂ ਤਾਂ ਨਿੱਕੀਆਂ ਨਿੱਕੀਆਂ ਗੱਲਾਂ ਲਈ ਵਿੱਕ ਜਾਂਦੇ ਹਾਂ ਅਤੇ ਸ਼ਰਧਾਂਜਲੀਆਂ ਅਸੀਂ ਉਨ੍ਹਾਂ ਨੂੰ ਦਿੰਦੇ ਹਾਂ ਜਿੰਨਾਂ ਨੇ ਸਾਡੇ ਲਈ ਆਪਣੀਆਂ ਜਾਨਾਂ ਵੀ ਵਾਰ ਦਿੱਤੀਆਂ ਹਨ। ਉਨ੍ਹਾਂ ਸਿੱਖਾਂ ਵਿਚ ਛੁਪੀਆਂ ਕਾਲੀਆਂ ਭੇਡਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਤਾਂ ਅਸੀਂ ਭਾਰਤੀ ਸਰਕਾਰ ਵਲੋਂ ਵੀਜ਼ੇ ਦਾ ਡਰਾਵਾ ਦੇਣ ਸਦਕਾ ਮੁਜ਼ਾਹਰਿਆਂ ਵਿਚ ਜਾਣ ਤੋਂ ਵੀ ਗੁਰੇਜ਼ ਕਰ ਜਾਦੇ ਹਾਂ।

ਇਸ ਸਮਾਗਮ ਸਬੰਧੀ ਅਖੰਡਪਾਠ ਦੇ ਭੋਗ ਪਾਏ ਜਾ ਰਹੇ ਸਨ। ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਨੌਜੁਆਨ ਕਥਾਵਾਚਕ ਭਾਈ ਗੁਰਸਾਹਿਬ ਸਿੰਘ ਨੇ "ਦੇਹ ਸਿਵਾ ਬਰ ਮੋਹਿ ਇਹੈ" ਦੀ ਕਥਾ ਸੁਣਾਉਦਿਆਂ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਿਤ ਕੀਤੇ। ਭੁਪਿੰਦਰ ਸਿੰਘ ਅਣਖੀ ਦੇ ਨਿਹੰਗ ਜਥੇ ਨੇ ਯੋਧਿਆਂ ਦੀਆਂ ਵਾਰਾਂ ਸੁਣਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸਕੱਤਰ ਸ. ਦੇਵਿੰਦਰ ਸਿੰਘ ਨੇ ਕੀਤੀ। ਸਟੇਜ ਦੀ ਸੇਵਾ ਸੰਭਾਲਦਿਆਂ ਸਭ ਤੋਂ ਉਨ੍ਹਾਂ ਦੱਸਿਆ ਕਿ ਇਹ ਸਮਾਗਮ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਭਾਈ ਤਰਸੇਮ ਸਿੰਘ ਖਾਲਸਾ ਵਲੋਂ ਕਰਵਾਇਆ ਗਿਆ ਹੈ। ਖੇਤਾਂ ਵਿਚ ਬਣੇ ਇਸ ਗੁਰਅਸਥਾਨ ਤੇ ਇਸ ਵਕਤ ਵੱਡੀ ਤਾਦਾਦ ਵਿਚ ਸੰਗਤ ਆ ਪਹੁੰਚੀ ਸੀ। ਸਭ ਤੋਂ ਪਹਿਲਾਂ ਭਾਈ ਕਰਨੈਲ ਸਿੰਘ ਨੇ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਖਾਲਿਸਤਾਨ ਦੀ ਆਜ਼ਾਦੀ ਲਈ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵਲੋਂ ਵਿੱਢਿਆ ਸੰਘਰਸ਼ ਅੱਜ ਵੀ ਨਿਰੰਤਰ ਜਾਰੀ ਹੈ। ਭਾਈ ਗੁਰਦੀਪ ਸਿੰਘ ਨੇ ਭਿੰਡਰਾਂਵਾਲੇ ਮਹਾਂਪੁਰਸ਼ਾਂ ਅਤੇ ਸਮੂਹ ਯੋਧਿਆਂ ਬਾਰੇ ਇੱਕ ਕਵਿਤਾ ਗਾਇਣ ਕਰਕੇ ਭਾਵਨਾਤਮਿਕ ਮਹੌਲ ਸਿਰਜ ਦਿੱਤਾ। ਫਰਿਜਨੋ ਤੋਂ ਹਰਜੋਤ ਸਿੰਘ ਅਤੇ ਸਾਥੀ ਸਿੰਘ ਨੇ ਇਸ ਸਮਾਗਮ ਵਿਚ ਸ਼ਮੂਲੀਅਤ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਅਰਪਿਤ ਕੀਤੀਆਂ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸ. ਅਜੀਤ ਸਿੰਘ ਆਲੋਅਰਖ ਅਤੇ ਦਲ ਖਾਲਸਾ ਅਲਾਇੰਸ ਦੇ ਆਗੂ ਸ. ਪਰਮਜੀਤ ਸਿੰਘ ਦਾਖਾ ਨੇ ਵੀ ਸੰਬੋਧਨ ਕੀਤਾ। ਸ. ਪ੍ਰੀਤਮ ਸਿੰਘ ਜੋਗਾ ਨੰਗਲ ਨੇ ਇਸ ਮੌਕੇ ਫਰੀਮਾਂਟ ਤੋਂ ਆਏ ਸੱਜਣਾਂ ਦਾ ਧੰਨਵਾਦ ਕੀਤਾ।

## Matrimonials

Executive Khatri Sikh parents want a suitable match for a beautiful 27 year old Canadian born daughter, UBC graduate LLB honors from UK. Please call 604-261-9555 or e-mail: dalipmehta@hotmail.com

Looking for a amritdhari or willing to be amritdhari girl far a amritdhari Chadda Sikh, 24, 5'11", pursuing PGDCA in computers. Highly respected and well established gursikh family from Patiala with a lot of city property. Contact: 702-236-5472

Punjabi Sikh family seeking suitable match for their son 26 yrs, 6 ft, clean shaven with Master Degree from USA, on work permit. Please respond with photo/biodata to: mps.asr@gmail.com or 630-857-8255.

# ਸਿਆਟਲ ਵਿਚ ਜਨਮੇਜਾ ਸਿੰਘ ਜੌਹਲ ਦਾ ਸਨਮਾਨ

**ਸਿਆਟਲ:** ਸਾਬਕਾ ਵਾਈਸ ਚਾਂਸਲਰ ਅਤੇ ਉਘੇ ਅਰਥ ਸ਼ਾਸਤਰੀ ਅਤੇ ਪਲੈਨਿੰਗ ਕਮਿਸ਼ਨ ਪੰਜਾਬ ਦੇ ਸਾਬਕਾ ਉਪ ਚੇਅਰਮੈਨ ਡਾ. ਸਰਦਾਰਾ ਸਿੰਘ ਜੌਹਲ ਦੇ ਸਪੁਤਰ ਅਤੇ ਉਘੇ ਫੋਟੋਗ੍ਰਾਫਰ, ਸਾਹਿਤਕਾਰ, ਸਮਾਜ ਸੇਵੀ ਸ੍ਰੀ ਜਨਮੇਜਾ ਸਿੰਘ ਜੌਹਲ ਦਾ ਇਥੇ ਪੁੱਜਣ ਉਤੇ ਭਰਪੂਰ ਸਵਾਗਤ ਕੀਤਾ ਗਿਆ।



ਸ੍ਰੀ ਜੌਹਲ ਦੇ ਸਨਮਾਨ ਵਿਚ ਕੀਤੇ ਗਏ ਸਮਾਗਮ ਵਿਚ ਬਾਬਾ ਬੁੱਢਾ ਜੀ ਐਸੋਸੀਏਸ਼ਨ ਅਮਰੀਕਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ, ਅਮਰਪਾਲ ਸਿੰਘ ਕਾਹਲੋਂ, ਗੁਰਚਰਨ ਸਿੰਘ ਢਿੱਲੋਂ, ਗੁਰਦੀਪ ਸਿੰਘ ਸਿੱਧੂ, ਗੁਰਬਿੰਦਰ ਸਿੰਘ ਬਾਜਵਾ, ਕਰਮਜੀਤ ਸਿੰਘ ਢਿੱਲੋਂ, ਰੰਧਾਵਾ ਇੰਸ਼ੋਰੈਂਸ ਦੇ ਸੁਖਜਿੰਦਰ ਸਿੰਘ ਰੰਧਾਵਾ, ਮਾਝਾ ਐਸੋਸੀਏਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਰੰਧਾਵਾ ਅਤੇ ਹਰਦੀਪ ਸਿੰਘ ਬੱਦੋਵਾਲ ਤੇ ਹਿੰਮਤ ਸਿੰਘ ਨਿਊਯਾਰਕ ਸਮੇਤ ਕਈ ਉਘੀਆਂ ਸ਼ਖਸੀਅਤਾਂ ਹਾਜ਼ਰ ਸਿੰਘ।

ਜਨਮੇਜਾ ਸਿੰਘ ਜੌਹਲ ਪਿਛਲੇ ਇਕ ਮਹੀਨੇ ਤੋਂ ਅਮਰੀਕਾ ਦੇ ਦੌਰੇ 'ਤੇ ਹਨ। ਉਹ ਪੰਜਾਬੀ ਭਵਨ ਲੁਧਿਆਣਾ ਦੇ ਸਕੱਤਰ ਹਨ ਅਤੇ ਪੰਜਾਬੀ ਭਾਸ਼ਾ ਲਈ ਅਹਿਮ ਕੰਮ ਕਰ ਰਹੇ ਹਨ। ਸ੍ਰੀ ਜੌਹਲ ਹੁਣ ਤੱਕ 11 ਪੁਸਤਕਾਂ ਲਿਖ ਚੁੱਕੇ ਹਨ।


PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ

ਇੰਮੀਗ੍ਰੇਸ਼ਨ ਲਾਅ
- ☐ ਸਿਟੀਜ਼ਨਸ਼ਿਪ ਅਪੀਲਜ਼
- ☐ ਰੀਲੀਜਿਅਸ ਵਰਕਰਜ਼
- ☐ ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ☐ ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- ☐ 9th & 2nd ਸਰਕਿਟ ਅਪੀਲਜ਼
- ☐ ਕੈਨਸੇਲੇਸ਼ਨ ਆਫ ਡੀਪੋਰਟੇਸ਼ਨ



NEW YORK
T 718.672.8000
JACKSON HEIGHTS, NY 11370
* ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR, SUITE 170 FREMONT, CA 94538
FREMONT, CA 94538



ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.
Farmers offers more discounts than anybody else.
Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.
ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal
(209)345-0183
khundal@farmersagent.com
CA insurance License # 0F96503

1900 Standiford Ave.
Modesto, Ca 95350

FARMERS INSURANCE GROUP
Symbol of Superior Service
FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜ਼ੂਰਸ਼ੁਦਾ ਹੈ।





ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ
Truck Insurance at very competitive rates.
ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਅਕਾਲੀਆਂ ਵਲੋਂ ਤਹਿਸੀਲਦਾਰ ਦਾ ਕੁਟਾਪਾ, ਵਿਵਾਦ ਮਘਿਆ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**


**ਲੁਧਿਆਣਾ :** ਪਿਛਲੇ ਦਿਨੀਂ ਲੁਧਿਆਣਾ ਵਿਖੇ ਅਕਾਲੀ ਦਲ ਦੇ ਦੋ ਕੌਂਸਲਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਵਲੋਂ ਇਕ ਤਹਿਸੀਲਦਾਰ ਦੀ ਕੁੱਟਮਾਰ ਕਰਨ ਦਾ ਮਾਮਲਾ ਤੂਲ ਫੜ ਗਿਆ ਹੈ। ਤਹਿਸੀਲਦਾਰਾਂ ਅਤੇ ਜ਼ਿਲ੍ਹੇ ਦੇ ਹੋਰ ਸਰਕਾਰੀ ਮੁਲਾਜ਼ਮਾਂ ਨੇ ਇਸ ਮਾਮਲੇ ਨੂੰ ਲੈ ਕੇ ਆਪਣਾ ਕੰਮਕਾਰ ਠੱਪ ਕਰਨ ਦਾ ਫੈਸਲਾ ਕੀਤਾ ਹੈ ਅਤੇ ਤਹਿਸੀਲਦਾਰ ਐਸੋਸੀਏਸ਼ਨ ਨੇ ਇਕ ਸਾਂਝੇ ਫੈਸਲੇ ਵਿਚ ਮੂਲ ਦੋਸ਼ੀ ਸ੍ਰੀ ਸਿਮਰਜੀਤ ਸਿੰਘ ਬੈਂਸ ਨੂੰ ਗ੍ਰਿਫ਼ਤਾਰ ਨਾ ਕਰਨ ਦੇ ਪ੍ਰਸ਼ਾਸਨ ਦੇ ਫੈਸਲੇ ਵਿਰੁਧ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਲੁਧਿਆਣਾ ਨੂੰ ਵੰਗਾਂ ਦੇਣ ਦਾ ਐਲਾਨ ਕੀਤਾ।

ਤਹਿਸੀਲਦਾਰਾਂ ਦੀ ਐਸੋਸੀਏਸ਼ਨ ਦਾ ਆਖਣਾ ਹੈ ਕਿ ਭਾਵੇਂ ਕੌਂਸਲਰ ਕਮਲਜੀਤ ਸਿੰਘ ਕੜਵਲ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਪਰ ਸਿਰਮਜੀਤ ਸਿੰਘ ਬੈਂਸ ਅਤੇ ਉਸ ਦੇ ਕੁਝ ਸਾਥੀ ਬਾਹਰ ਤੁਰੇ ਫਿਰਦੇ ਹਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਜਦੋਂ ਕਿ ਪੁਲਿਸ ਦਾ ਆਖਣਾ ਹੈ ਕਿ ਸਿਮਰਜੀਤ ਸਿੰਘ ਬੈਂਸ ਸਾਜ਼ਿਸ਼ ਵਿਚ ਤਾਂ ਸ਼ਾਮਲ ਹੈ, ਪਰ ਉਹ ਸਿੱਧੇ ਤੌਰ 'ਤੇ ਇਸ ਘਟਨਾ ਵਿਚ ਸ਼ਾਮਲ ਨਹੀਂ ਹੈ। ਇਸ ਲਈ ਉਸ ਵਿਰੁਧ ਧਾਰਾ-102 ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਦੌਰਾਨ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਇਸ ਦੌਰਾਨ ਗੁਰਜਿੰਦਰ ਸਿੰਘ ਬੈਨੀਪਾਲ ਨੂੰ ਅਲਫ਼ ਨੰਗਾ ਕਰਕੇ ਕੁੱਟਮਾਰ ਕਰਨ ਦੇ ਵਿਰੋਧ ਵਿਚ ਲੰਘੀ 22 ਜੂਨ ਨੂੰ ਪੰਜਾਬ ਭਰ ਦੇ ਤਹਿਸੀਲਦਾਰ, ਨਾਇਬ ਤਹਿਸੀਲਦਾਰ, ਪਟਵਾਰੀਆਂ ਨੇ ਹੜਤਾਲ ਕਰਕੇ ਸਮੁੱਚਾ ਕੰਮ-ਕਾਜ ਠੱਪ ਰੱਖਿਆ। ਇਸ ਮਾਮਲੇ ਸਬੰਧੀ ਭਵਿੱਖ ਦੀ ਰਣਨੀਤੀ ਤਿਆਰ ਕਰਨ ਲਈ 37 ਜਥੇਬੰਦੀਆਂ ਦੇ ਪ੍ਰਤੀਨਿਧੀਆਂ ਦੀ ਹੰਗਾਮੀ ਮੀਟਿੰਗ ਗੁਰੂ ਨਾਨਕ ਭਵਨ ਵਿਖੇ ਹੋਈ। ਇਸ ਮੀਟਿੰਗ ਵਿਚ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨੂੰ ਪਹਿਨਣ ਲਈ ਚੂੜੀਆਂ ਪੇਸ਼ ਕਰਨ ਦੇ ਨਾਲ ਹੀ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਨ੍ਹਾਂ ਦੋਹਾਂ ਅਧਿਕਾਰੀਆਂ ਨੂੰ ਤੁਰੰਤ ਮੁਅੱਤਲ ਕਰਕੇ ਸਮੁੱਚੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ।

ਮੀਟਿੰਗ ਦੌਰਾਨ ਨਿਆਂ ਮਿਲਣ ਤੱਕ ਪੰਜਾਬ ਤਹਿਸੀਲਦਾਰ ਯੂਨੀਅਨ, ਰੈਵੀਨਿਊ ਪਟਵਾਰ ਯੂਨੀਅਰ, ਕਾਨੂੰਗੋ ਯੂਨੀਅਨ ਪੰਜਾਬ ਅਤੇ ਡੀ.ਸੀ. ਆਫ਼ਿਸ ਇੰਪਲਾਈਜ਼ ਯੂਨੀਅਨ ਨੇ ਹੜਤਾਲ 'ਤੇ ਜਾਣ ਦਾ ਫੈਸਲਾ ਲੈ ਲਿਆ।

ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਤਹਿਸੀਲਦਾਰਾਂ ਨੂੰ ਆਪਣੀ ਵਿਅਕਤੀਗਤ ਸੁਰੱਖਿਆ ਖਾਤਰ ਪ੍ਰਾਈਵੇਟ ਤੌਰ 'ਤੇ ਹਥਿਆਰ ਰੱਖਣ ਦੀ ਆਗਿਆ ਦਿੱਤੀ ਜਾਵੇ। ਤਹਿਸੀਲਦਾਰ ਨੇ ਸਰਕਾਰ ਨੂੰ ਇਥੋਂ ਤੱਕ ਕਹਿ ਦਿੱਤਾ ਕਿ ਬੈਂਸ ਨੂੰ ਸਾਡੇ ਸਪੁਰਦ ਕੀਤਾ ਜਾਵੇ। ਉਨ੍ਹਾਂ ਨੇ ਆਈ.ਏ.ਐਸ. ਤੇ ਪੀ.ਸੀ.ਐਸ. ਅਫਸਰਾਂ ਦੀਆਂ ਐਸੋਸੀਏਸ਼ਨਾਂ ਨੂੰ ਵੀ ਸਹਿਯੋਗ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਉਹ ਵੀ ਛੁੱਟੀ 'ਤੇ ਚਲੇ ਜਾਣ।



ਤਹਿਸੀਲਦਾਰ ਜੀ. ਐਮ. ਬੈਨੀਪਾਲ

ਤਹਿਸੀਲਦਾਰ ਯੂਨੀਅਨ ਨੇ ਫੌਜੀ ਚਾਹ ਵਾਲੇ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਦਾ ਐਲਾਨ ਕੀਤਾ ਹੈ, ਜਿਸ ਨੇ ਤਹਿਸੀਲਦਾਰ ਬੈਨੀਪਾਲ ਨੂੰ ਆਪਣੀ ਜਾਨ ਹਥੇਲੀ 'ਤੇ ਰੱਖ ਕੇ ਮਰਨੋਂ ਬਚਾਇਆ ਹੈ। ਯੂਨੀਅਨ ਨੇ ਕਿਹਾ ਕਿ ਜਿਹੜੀ ਸਰਕਾਰ ਆਪਣੇ ਅਧਿਕਾਰੀਆਂ ਦੀ ਰੱਖਿਆ ਨਹੀਂ ਕਰ ਸਕਦੀ, ਉਸ ਤੋਂ ਆਮ ਜਨਤਾ ਕਿਸ ਤਰ੍ਹਾਂ ਦੀ ਉਮੀਦ ਰੱਖ ਸਕਦੀ ਹੈ।

ਯਾਦ ਰਹੇ ਲੰਘੀ 19 ਜੂਨ ਨੂੰ ਇਥੇ ਸਾਰੀਆਂ ਹੱਦਾਂ ਪਾਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਕੁੰਨਾਂ ਨੇ ਲੁਧਿਆਣਾ ਦੇ ਸਬ ਰਜਿਸਟਰਾਰ ਕੇਂਦਰੀ ਦਫਤਰ ਵਿਚ ਤਹਿਸੀਲਦਾਰ ਮੇਜਰ ਗੁਰਜਿੰਦਰ ਸਿੰਘ ਬੈਨੀਪਾਲ ਦੀ ਨਾ ਕੇਵਲ ਕੁੱਟਮਾਰ ਕੀਤੀ ਬਲਕਿ ਉਸ ਨੂੰ ਬਾਹਰ ਲਿਆ ਕੇ ਨੰਗਾ ਕਰ ਦਿੱਤਾ। ਆਪਣੇ ਕਾਰਕੁੰਨਾਂ ਨੂੰ ਇਕੱਤਰ ਕਰਕੇ ਇਥੇ ਇਕ ਧਰਨਾ ਵੀ ਅਕਾਲੀਆਂ ਵਲੋਂ ਦਿੱਤਾ ਗਿਆ। ਰੋਜ਼ਾਨਾ ਦੀ ਤਰ੍ਹਾਂ ਕੇਂਦਰੀ ਰਜਿਸਟਰਾਰ ਮੇਜਰ ਜੀ.ਐਸ. ਬੈਨੀਪਾਲ ਕੰਮਕਾਰ ਕਰਨ ਲਈ ਆਪਣੇ ਦਫਤਰ ਪੁੱਜੇ ਤਾਂ ਅਕਾਲੀ ਕੌਂਸਲਰ ਅਤੇ ਯੂਥ ਵਿੰਗ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਉਸਦੇ ਸਹਿਯੋਗੀ ਕੌਂਸਲਰ ਕਮਲਜੀਤ ਸਿੰਘ ਕੜ੍ਹਵਲ ਅਤੇ ਉਸਦੇ 30-40 ਸਾਥੀਆਂ ਨੇ ਅਚਾਨਕ ਉਸਦੇ ਦਫਤਰ ਵਿਚ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਸ ਨਾਲ ਕੁੱਟਮਾਰ ਕੀਤੀ ਅਤੇ ਦਫਤਰ ਤੋਂ ਬਾਹਰ ਲਿਆ ਕੇ ਉਸ ਨੂੰ ਨੰਗਾ ਕਰ ਦਿੱਤਾ। ਗੰਭੀਰ ਰੂਪ ਵਿਚ ਜ਼ਖਮੀ ਤਹਿਸੀਲਦਾਰ ਮੇਜਰ ਜੀ.ਐਸ. ਬੈਨੀਪਾਲ ਨੇ ਦੱਸਿਆ ਕਿ ਮਈ ਮਹੀਨੇ ਵਿਚ ਉਸ ਨੇ ਕਰੋੜਾਂ ਰੁਪਏ ਦੇ ਜਾਅਲੀ ਸਟੈਂਪ ਪੇਪਰ ਘੋਟਾਲੇ ਨੂੰ ਬੇਨਕਾਬ ਕੀਤਾ ਸੀ। ਜਿਸ ਦੀ ਰੰਜਿਸ਼ ਦੇ ਚਲਦਿਆਂ ਬਣਾਈ ਗਈ ਯੋਜਨਾ ਦੇ ਤਹਿਤ ਉਨ੍ਹਾਂ 'ਤੇ ਹਮਲਾ ਹੋਇਆ ਹੈ। ਤਹਿਸੀਲਦਾਰ ਬੈਨੀਪਾਲ ਨੇ ਕਿਹਾ ਕਿ ਕੌਂਸਲਰ ਕੜਵਲ ਨੇ ਉਸ ਦੀ ਸਰਵਿਸ ਰਿਵਾਲਵਰ ਰਾਹੀਂ ਉਸ(ਤਹਿਸੀਲਦਾਰ) 'ਤੇ ਗੋਲੀ ਚਲਾਈ, ਰਾਡਾਂ ਨਾਲ ਹਮਲਾ ਕੀਤਾ ਅਤੇ ਫਰਾਰ ਹੋ ਗਏ। ਉਨ੍ਹਾਂ ਕਿਹਾ ਕਿ ਕੌਂਸਲਰ ਦਾ ਕੰਮ ਲੋਕਾਂ ਦੀਆਂ ਜ਼ਮੀਨਾਂ 'ਤੇ ਨਜ਼ਾਇਜ ਕਬਜੇ ਕਰਨਾ ਹੈ। ਪੰਜਾਬ ਦੇ ਮਾੜੇ ਹਾਲਾਤ ਦੌਰਾਨ ਜੋ ਉਨ੍ਹਾਂ ਲੋਕਾਂ ਦਾ ਧਨ ਇਕੱਠਾ ਸੀ, ਉਸ ਦੋ ਨੰਬਰ ਦੇ ਪੈਸੇ ਨਾਲ ਉਹ ਅੱਜ ਗੁੰਡਾ ਗਰਦੀ 'ਤੇ ਉਤਰ ਆਏ। ਆਪਣਾ ਪੱਖ ਰੱਖਦਿਆਂ ਕੌਂਸਲਰ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਇਕ ਅਕਾਲੀ ਦਲ ਦੇ ਵਰਕਰ ਨੂੰ ਉਕਤ ਤਹਿਸੀਲਦਾਰ ਨੇ ਬੁਰਾ ਭਲਾ ਕਿਹਾ ਤੇ ਇਥੋਂ ਤੱਕ ਕਿ ਜਾਤੀ ਸੂਚਕ ਸ਼ਬਦ ਦਾ ਵੀ ਇਸਤੇਮਾਲ ਕੀਤਾ, ਉਸ ਨਾਲ ਧੱਕਾਮੁੱਕੀ ਕੀਤੀ। ਕੌਂਸਲਰ ਕਮਲਜੀਤ ਸਿੰਘ ਕੜਵਲ ਨੇ ਕਿਹਾ ਕਿ ਜਦੋਂ ਅਕਾਲੀ ਦਲ ਦਾ ਇਕ ਸਮਰਥਕ ਰਜਿਸਟਰੀ ਕਰਾਉਣ ਗਿਆ ਤਾਂ ਉਸ ਨੇ ਰਜਿਸਟਰੀ ਨਹੀਂ ਕੀਤੀ। ਨਿਊ ਜਨਤਾ ਨਗਰ ਦੇ ਰਹਿਣ ਵਾਲੇ ਜੱਸੀ ਨਾਮਕ ਵਿਅਕਤੀ ਦੇ ਇਸ਼ਾਰੇ 'ਤੇ ਇਹ ਰਜਿਸਟਰੀ ਨਹੀਂ ਕੀਤੀ ਗਈ। ਜੱਸੀ ਨਾਂ ਦਾ ਇਹ ਵਿਅਕਤੀ ਤਹਿਸੀਲਦਾਰ ਦੇ ਅੱਗੇ ਔਰਤਾਂ ਅਤੇ ਸ਼ਰਾਬ ਪੇਸ਼ ਕਰਦਾ ਹੈ। ਜਦੋਂ ਉਕਤ ਅਕਾਲੀ ਵਰਕਰ ਦਾ ਕੰਮ ਨਾ ਹੋਇਆ ਤਾਂ ਉਸ ਨੇ ਕਾਰਨ ਪੁਛਿਆ।

ਇਸ 'ਤੇ ਤਹਿਸੀਲਦਾਰ ਬੈਨੀਪਾਲ ਨੇ ਉਸ ਨਾਲ ਧੱਕਾਮੁੱਕੀ ਕਰਨੀ ਸ਼ੁਰੂ ਕਰ ਦਿੱਤੀ। ਸੂਚਨਾ ਮਿਲਣ 'ਤੇ ਮਾਲ ਮਹਿਕਮੇ ਦੇ ਮੰਤਰੀ ਅਜੀਤ ਸਿੰਘ ਕੋਹਾੜ ਵੀ ਲੁਧਿਆਣਾ ਪੁੱਜੇ ਉਨ੍ਹਾਂ ਨੇ ਡੀ.ਐਮ.ਸੀ. ਹਸਪਤਾਲ ਵਿਚ ਜ਼ੇਰੇ ਇਲਾਜ ਤਹਿਸੀਲਦਾਰ ਬੈਨੀਪਾਲ ਦਾ ਹਾਲਚਾਲ ਪੁੱਛਿਆ।

ਇਸ ਮਾਮਲੇ ਦੀ ਸਾਰੀ ਜਾਣਕਾਰੀ ਹਾਸਲ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਕੋਹਾੜ ਨੇ ਕਿਹਾ ਕਿ ਉਹ ਪਾਰਟੀ ਨੂੰ ਸ਼ਿਫਾਰਿਸ਼ ਕਰਨਗੇ ਕਿ ਮਾੜੇ ਆਗੂਆਂ 'ਤੇ ਨੱਥ ਪਾਈ ਜਾਵੇ। ਯਾਦ ਰਹੇ ਇਸ ਕੇਸ ਵਿਚ ਪੁਲਿਸ ਨੇ ਕਮਲਜੀਤ ਸਿੰਘ ਕੜਵੱਲ ਅਤੇ ਉਸ ਦੇ ਇਕ ਸਾਥੀ ਰਵੀ ਕੁਮਾਰ ਸ਼ਰਮਾ ਨੂੰ ਗ੍ਰਿਫਤਾਰ ਕਰ ਲਿਆ ਹੈ। ਬਾਕੀਆਂ ਬਾਰੇ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

ਜਿਨ੍ਹਾਂ ਆਗੂਆਂ ਤੇ ਇਹ ਮਾਮਲਾ ਦਰਜ ਹੋਇਆ ਹੈ ਉਨ੍ਹਾਂ ਵਿਚ ਕੌਂਸਲਰ ਕਮਲਜੀਤ ਸਿੰਘ ਕੜਵਲ, ਹਰਬੰਸ ਸਿੰਘ, ਜਗਜੀਤ ਸਿੰਘ, ਗੁਰਪ੍ਰੀਤ ਸਿੰਘ ਸਮੇਤ 4 ਹੋਰ ਵਿਅਕਤੀ ਨਾਮਜ਼ਦ ਹਨ। ਦੂਜੇ ਪਾਸੇ ਕਾਂਗਰਸ ਪਾਰਟੀ ਨੇ ਇਸ ਘਟਨਾ ਦੀ ਸਖਤ ਨਿਖੇਧੀ ਕਰਦੇ ਅਕਾਲੀ ਸਰਕਾਰ ਤੋਂ ਇਸ ਮਾਮਲੇ ਤੇ ਅਸਤੀਫਾ ਦੇਣ ਦੀ ਮੰਗ ਕੀਤੀ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ**

***ਪਹਿਲਵਾਨ ਭੋਲੇ ਦੀ ਗ੍ਰਿਫਤਾਰੀ ਨਾਲ ਖੇਡ ਜਗਤ ਸੁੰਨ**

-ਕਿ ਫੜ੍ਹਿਆ ਕਿਵੇਂ ਗਿਆ?

***ਪੰਜਾਬ ਸਰਕਾਰ ਪਰਵਾਸੀਆਂ ਦੇ ਮਾਮਲੇ ਹੱਲ ਕਰਨ ਲਈ ਵਚਨਬੱਧ**

-ਵਚਨਬੱਧਤਾ ਦਾ ਮਤਲਬ ਹੁੰਦੈ-ਕਿਹਾ ਮੋੜਨਾ ਨਹੀਂ, ਡੱਕਾ ਤੋੜਨਾ ਨਹੀਂ, ਪਰਨਾਲਾ ਉਥੇ ਦਾ ਉਥੇ।

***ਆਰ.ਐਸ.ਐਸ. ਨੇ ਭਾਜਪਾ ਨੂੰ ਹਿੰਦੂਤਵੀ ਏਜੰਡਾ ਛੱਡਣ ਲਈ ਕਿਹਾ**

-ਯਾਨਿ ਕਿਸੇ ਤਰੀਕੇ ਸੱਤਾ ਵਿਚ ਆ ਜਾਓ, ਫਿਰ ਕਰਾਂਗੇ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਪੂਰਾ।

**-ਨੌਜਵਾਨ ਨੌਕਰੀਆਂ ਦੀ ਥਾਂ ਸਹਾਇਕ ਧੰਦੇ ਅਪਨਾਉਣ-ਸੁੱਚਾ ਸਿੰਘ ਲੰਗਾਹ**

-ਜਿਵੇਂ ਡਰੱਗ ਸਮਗਲਿੰਗ, ਡਕੈਤੀ, ਫਿਰੌਤੀ ਤੇ ਲੁੱਟਮਾਰ, ਕਿਉਂਕਿ ਨਵੀਆਂ ਨੌਕਰੀਆਂ ਪੈਦਾ ਕਰਨ 'ਚ ਸਾਡੀ ਸਰਕਾਰ ਦੇ ਹੱਥ ਖੜ੍ਹੇ ਐ।

***ਡਾ. ਮਨਮੋਹਨ ਸਿੰਘ ਨੇ ਲਾਈ ਜ਼ਰਦਾਰੀ ਦੀ ਕਲਾਸ**

-ਪਾਕਿਸਤਾਨ 'ਚ ਏਦੂੰ ਉਲਟ ਖਬਰ ਛਪੀ ਹੋਊ ਕਿ ਜ਼ਰਦਾਰੀ ਨੇ ਲਾਈ ਡਾ. ਮਨਮੋਹਨ ਸਿੰਘ ਦੀ ਕਲਾਸ

***ਬੜੇ ਜ਼ਾਇਕੇ ਨਾਲ ਚੂਹੇ ਖਾਂਦੇ ਹਨ ਕੀਕਨੇ ਬਰਾਦਰੀ ਦੇ ਲੋਕ**

-ਉਨੇ ਹੀ ਜ਼ਾਇਕੇ ਨਾਲ ਜਿੰਨੇ ਜ਼ਾਇਕੇ ਨਾਲ ਨੇਤਾ ਬਰਾਦਰੀ ਦੇ ਲੋਕ ਭਾਰਤੀ ਲੋਕਾਂ ਦਾ ਪੈਸਾ ਖਾਂਦੇ ਹਨ।

***ਕਰਜ਼ੇ ਦੇ ਮਾਮਲੇ ਵਿਚ ਮਾਲਵਾ ਏਰੀਏ ਦੇ ਕਿਸਾਨ ਸਭ ਤੋਂ ਅੱਗੇ-ਇਕ ਖਬਰ**

-ਏਸ ਕਰਜ਼ੇ ਵਿਚ ਫੋਕੀ ਟੌਹਰ ਲਈ ਟਰੈਕਟਰ ਦਾ, ਮੁੱਛ ਦੇ ਸਵਾਲ ਲਈ ਕਾਰ ਦਾ ਅਤੇ ਸ਼ਾਹੀ ਠਾਠ ਵਾਲੇ ਵਿਆਹਾਂ ਲਈ ਚੁੱਕਿਆ ਕਰਜ਼ਾ ਵੀ ਸ਼ਾਮਿਲ ਐ।


REAL ESTATE HOME LOANS

Specialize in Bay Area
PARMINDER DEOL Call:925-980-1279



ਪਰਮਿੰਦਰ ਦਿਓਲ 925-980-1279
forhomes@yahoo.com

RESIDENTCIAL, BUSINESS AND COMMERCIAL PROPERTIES

ਇਨਵੈਸਟਮੈਂਟ ਕਰਨ ਵਾਲਿਆਂ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ

ਕਿਰਾਏ 'ਤੇ ਘਰ ਲੈਣ ਨਾਲੋਂ ਆਪਣਾ ਘਰ ਖਰੀਦਣਾ ਹੁਣ ਕਿਤੇ ਸੌਖਾ ਹੈ। ਤੁਹਾਡੀ ਕਿਸ਼ਤ ਕਿਰਾਏ ਤੋਂ ਵੀ ਘੱਟ ਹੋ ਸਕਦੀ ਹੈ।

Best Time to Buy Bankowned, Foreclosure and Short Sale Properties

ਬਿਹਤਰੀਨ ਸੇਵਾ ਅਤੇ ਸਲਾਹ ਲਈ ਅੱਜ ਹੀ ਕਾਲ ਕਰੋ:

209-996-1681

SBA Loan

Sacramento and Central Valley
JAG BHANGU Call: 916-759-1923

Attention Homes Buyer & Realtor
Get qualified for loan before looking for a house.

ਪਹਿਲੀ ਵਾਰ ਘਰ ਖਰੀਦਣ ਵਾਲੇ 8000 ਡਾਲਰ ਦੇ ਟੈਕਸ ਕਰੈਡਿਟ ਦਾ ਲਾਭ ਉਠਾਉਣ

ਮੈਂ ਜਿਸ ਲੋਨ ਅਫਸਰ ਤੋਂ ਘਰ ਲਈ ਲੋਨ ਕਰਵਾ ਰਹੀ ਸਾਂ, ਉਸ ਨੇ ਮੇਰਾ ਲੋਨ ਤਾਂ ਕੀ ਕਰਾਉਣਾ ਸੀ ਸਗੋਂ ਮੇਰਾ 10,000 ਡਾਲਰ ਵੀ ਡੋਬ ਦਿੱਤਾ। ਪਰ ਜੀਵਨ ਸਿੰਘ ਨੇ ਮੇਰਾ ਲੋਨ ਬਹੁਤ ਆਸਾਨ ਸ਼ਰਤਾਂ 'ਤੇ ਝੱਟਪਟ ਕਰਵਾ ਦਿੱਤਾ। -ਸੁਖਵਿੰਦਰ ਬੈਂਸ



ਜੈਗ ਭੰਗੂ
408-598-9605
916-759-1923

Purchase home with 3.5% Down FHA

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

Direct Mortgage Lender Rates Are LOW Now

CA DRE Lic 01364174

DIRECT LENDERS AND MAJOR BANKS LOAN AVAILABLE

UNITED MORTGAGE & REALTY

Self Employed OK First Time Home Buyers OK
Loan Available For Bank Owned Properties

# ਸਿੱਖ ਸ਼ਰਧਾਲੂਆਂ ਨਾਲ ਪਾਕਿਸਤਾਨੀ ਗਾਰਦਾਂ ਨੇ ਕੀਤੀ ਬਦਸਲੂਕੀ

**ਮੁੱਲਾਂਪੁਰ ਦਾਖਾ :** ਪਾਕਿਸਤਾਨ ਤੋਂ ਪਰਤੇ ਜਥੇ ਦੇ ਕੁਝ ਯਾਤਰੀਆਂ ਤੋਂ ਵਾਹਗਾ ਬਾਰਡਰ ਉਤੇ ਕੈਮਰੇ ਖੋਹ ਲਏ ਅਤੇ ਧਾਰਮਿਕ ਸਥਾਨਾਂ ਦੀਆਂ ਲਾਈਆਂ ਫੋਟੋਆਂ ਦੀਆਂ ਰੀਲਾਂ ਕੱਢ ਲਈਆਂ। ਯਾਤਰੀਆਂ ਦੇ ਰੋਸ ਪ੍ਰਗਟ ਕਰਨ ਦੇ ਬਾਵਜੂਦ ਵੀ ਪਾਕਿਸਤਾਨ ਦੀ ਸਕਿਉਰਿਟੀ ਨੇ ਕੋਈ ਪ੍ਰਵਾਹ ਨਹੀਂ ਕੀਤੀ। ਇਥੇ ਇਸ ਬਦਸਲੂਕੀ ਦਾ ਪ੍ਰਗਟਾਵਾ ਪਾਕਿਸਤਾਨ ਤੋਂ ਪਰਤੀ ਯਾਤਰੀ ਬੀਬੀ ਪਰਮਜੀਤ ਕੌਰ ਹੰਬੜਾਂ ਨੇ ਕੀਤਾ।

ਬੀਬੀ ਹੰਬੜਾਂ ਅਨੁਸਾਰ ਜਥੇ ਨੂੰ ਰਾਤ ਨੂੰ ਰੇਲਵੇ ਸਟੇਸ਼ਨ ਤੋਂ ਆਪਣਾ ਸਾਮਾਨ ਚੁੱਕ ਕੇ ਗੁਰਦੁਆਰਾ ਡੇਰਾ ਸਾਹਿਬ ਤੱਕ ਪੈਦਲ ਜਾਣਾ ਪਿਆ, ਜਿਸ ਕਾਰਨ ਬਜ਼ੁਰਗਾਂ ਅਤੇ ਬੀਬੀਆਂ ਨੂੰ ਬੜੀਆਂ ਹੀ ਦਿੱਕਤਾਂ ਪੇਸ਼ ਆਈਆਂ। ਯਾਤਰੀਆਂ ਦੇ ਜਥੇ ਦੇ ਆਗੂ ਤਾਂ ਆਰਾਮ ਨਾਲ ਗੱਡੀਆਂ ਵਿਚ ਬੈਠ ਕੇ ਟਿਕਾਣੇ ਉਤੇ ਪੁੱਜ ਗਏ। ਪਰ ਬਾਕੀ ਯਾਤਰੀ ਰਾਤ ਸਮੇਂ ਲੰਬੀ ਦੂਰੀ ਤੈਅ ਕਰਕੇ ਬੜੇ ਦੁਖੀ ਹੋਏ।

ਜਥੇ ਦੇ ਆਗੂਆਂ ਬਾਰੇ ਨਾ ਤਾਂ ਜਥੇ ਦੇ ਕਿਸੇ ਯਾਤਰੀ ਨੂੰ ਪਤਾ ਸੀ ਕਿ ਉਹ ਕੌਣ ਸਾਹਿਬ ਹਨ ਅਤੇ ਨਾ ਹੀ ਉਨ੍ਹਾਂ ਦੇ ਯਾਤਰੀਆਂ ਦੀ ਦੁੱਖ-ਤਕਲੀਫ ਜਾਨਣ ਦਾ ਯਤਨ ਕੀਤਾ ਸੀ। ਪੰਜਾ ਸਾਹਿਬ (ਹਸਨ ਅਬਦਾਲ) ਵਿਖੇ ਪਾਕਿਸਤਾਨ ਦੇ ਨਾਗਰਿਕ ਬੰਸਰੀ ਲਾਲ ਨੇ ਮੰਗ ਕੀਤੀ ਸੀ ਕਿ ਸੰਨ 1979 ਵਿਚ ਸੰਤ ਸਿੰਘ ਮਸਕੀਨ ਸਾਹਿਬ ਕੀਰਤਨੀ ਜਥੇ ਦੀ ਅਗਵਾਈ ਕਰਕੇ ਇਥੇ ਆਏ ਸਨ, ਪਰ ਉਨ੍ਹਾਂ ਤੋਂ ਬਾਅਦ ਕੋਈ ਵੀ ਕੀਰਤਨੀ ਜਥਾ ਇਥੇ ਨਹੀਂ ਆਇਆ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸ਼ਬਦ ਕੀਰਤਨ ਸਰਬਣ ਕਰਨ ਨੂੰ ਤਰਸੇ ਪਏ ਹਨ। ਪੰਜਾ ਸਾਹਿਬ ਤੋਂ ਚਾਲੇ ਪਾਉਣ ਸਮੇਂ ਇਕ ਬੀਬੀ ਮਿਨਾਕਸ਼ੀ ਜੋ ਸਵਾਤ ਤੋਂ ਉਜੜ ਕੇ ਸਿੱਖ ਕਾਫਲੇ ਨਾਲ ਇਥੇ ਪਨਾਹਗੀਰ ਸਨ, ਉਹ ਭੁੱਬਾਂ ਮਾਰ ਮਾਰ ਰੋ ਰਹੀ ਸੀ। ਬੀਬੀ ਹੰਬੜਾਂ ਨੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕੀਤੀ, ਜਿਸ ਨੇ ਯਾਤਰੀਆਂ ਦਾ ਬੜਾ ਮਾਣ-ਸਤਿਕਾਰ ਕੀਤਾ। ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਵੀ ਉਨ੍ਹਾਂ ਵਧੀਆ ਦੱਸਿਆ। ਉਨ੍ਹਾਂ ਕਿਹਾ ਕਿ ਸ਼ਹੀਦ ਭਾਈ ਤਾਰੂ ਸਿੰਘ ਦੀ ਸਮਾਧ ਦੀ ਹਾਲਤ ਤਰਸਯੋਗ ਦੇਖ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਅਤੇ ਕਿਹਾ ਕਿ ਉਹ ਆਪਣੇ ਕੁਰਬਾਨੀਆਂ ਭਰੇ ਵਿਰਸੇ ਨੂੰ ਭੁੱਲਦੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਨਨਕਾਣਾ ਸਾਹਿਬ ਵਿਖੇ ਇਕ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੀ ਹਾਲਤ ਖਸਤਾ ਸੀ, ਛੱਤ ਦਾ ਲੈਂਟਰ ਤਿੜਕਿਆ ਹੋਇਆ ਸੀ ਅਤੇ ਰੋਸ਼ਨੀ ਲਈ ਬੱਲਬ ਤੱਕ ਦਾ ਪ੍ਰਬੰਧ ਨਹੀਂ ਸੀ। ਬੀਬੀ ਅਨੁਸਾਰ ਕਿਸੇ ਵੀ ਗੁਰਦੁਆਰੇ ਅੱਗੇ ਉਸ ਦੀ ਮਹੱਤਤਾ ਬਾਰੇ ਕਿਸੇ ਪ੍ਰਕਾਰ ਦੀ ਜਾਣਕਾਰੀ ਦਾ ਬੋਰਡ ਨਹੀਂ ਸੀ ਲੱਗਾ ਹੋਇਆ। ਹੈਰਾਨੀ ਦੀ ਗੱਲ ਹੈ ਕਿ ਪਾਕਿ ਅਤੇ ਹਿੰਦ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਇਕ ਦੂਜੇ ਨੂੰ ਬਹੁਤ ਕੁਝ ਕਹਿ ਸੁਣ ਤਾਂ ਰਹੀਆਂ ਹਨ, ਪਰ ਖਰਚ ਕਿਤੇ ਵੀ ਨਹੀਂ ਕੀਤਾ ਜਾ ਰਿਹਾ। ਇਸ ਦੌਰਾਨ ਐਸ.ਜੀ.ਪੀ.ਸੀ. ਦੇ ਪਾਕਿਸਤਾਨੋਂ ਪਰਤੇ ਜਥੇ ਦੇ ਆਗੂ ਬਲਦੇਵ ਸਿੰਘ ਚੂੰਘਾਂ ਨੇ

## *ਪਾਕਿ ਸਿੱਖਾਂ ਨੂੰ ਇਕ ਕਰੋੜ ਦੀ ਮੱਦਦ ਦੇਣ ਬਾਰੇ ਸਰਨਾ ਦਾ ਝੂਠ!*



ਪਰਮਜੀਤ ਸਿੰਘ ਸਰਨਾ

ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਝੂਠ ਬੋਲਦਾ ਹੈ ਕਿ ਉਸ ਨੇ ਤਾਲਿਬਾਨਾਂ ਤੋਂ ਪ੍ਰਭਾਵਤ ਸਿੱਖਾਂ ਨੂੰ ਇਕ ਕਰੋੜ ਦੀ ਮਦਦ ਦਿੱਤੀ ਹੈ, ਜਦੋਂਕਿ ਸੱਚਾਈ ਇਹ ਹੈ ਕਿ ਸਰਨੇ ਦੇ ਨਾਲ ਗਏ ਮੈਨੇਜਰ ਬਲਦੇਵ ਸਿੰਘ ਅਨੁਸਾਰ ਸਿਰਫ 31405 ਪਾਕਿਸਤਾਨੀ ਰੁਪਈਆਂ ਦੀ ਦਵਾਈ ਦਿੱਤੀ ਹੈ।

ਉਹਨਾਂ ਕਿਹਾ ਕਿ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਵਿਚ ਬੈਠੇ ਪੀੜਤ ਸਿੱਖਾਂ ਵਿਚ ਬਹੁਤ ਰੋਸ ਹੈ ਕਿ ਸਰਨਾ ਨੇ ਭਾਰਤ ਆ ਕੇ ਉਹਨਾਂ ਨੂੰ ਇਕ ਕਰੋੜ ਰੁਪਏ ਦੀ ਸਹਾਇਤਾ ਦੇਣ ਦਾ ਵੱਡਾ ਝੂਠ ਮਾਰਿਆ ਹੈ।

ਇਸ ਮਸਲੇ ਦੀ ਪਾਕਿਸਤਾਨੀ ਅਖਬਾਰਾਂ ਵਿਚ ਵੀ ਬਹੁਤ ਚਰਚਾ ਹੋਈ ਹੈ। ਉਹਨਾਂ ਕਿਹਾ ਕਿ ਇਸ ਮੌਕੇ ਤਾਲਿਬਾਨਾਂ ਤੋਂ ਪੀੜਤ 450 ਪਰਿਵਾਰ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਵਿਚ ਸ਼ਰਣ ਲਈ ਬੈਠੇ ਹਨ। ਬਨੇਰ, ਸਵਾਤਵਾਦੀ, ਪੀਰ ਬਾਬਾ ਆਦਿ ਪ੍ਰਭਾਵਤ ਹਲਕਿਆਂ ਵਿਚੋਂ ਹਜ਼ਰਤ ਕਰਕੇ ਆਏ ਇਹਨਾਂ ਪਰਿਵਾਰਾਂ ਵਿਚ 150 ਸਿੱਖ ਪਰਿਵਾਰ ਅਤੇ 30 ਹਿੰਦੂ ਪਰਿਵਾਰ ਹਨ, ਜਿਹਨਾਂ ਦੇ ਤਿੰਨ ਹਜ਼ਾਰ ਦੇ ਕਰੀਬ ਮੈਂਬਰ ਹਨ। ਪਾਕਿਸਤਾਨ ਦੀ ਸਰਕਾਰ, ਰਾਜਾਂ ਦੀਆਂ ਸਰਕਾਰਾਂ, ਐਨ.ਆਰ.ਆਈਜ਼ ਤੋਂ ਇਲਾਵਾ ਇਮਰਾਨ ਖ਼ਾਨ ਦੀ ਪਾਰਟੀ ਵਲੋਂ ਵੀ ਇਹਨਾਂ ਪਰਿਵਾਰਾਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ।

ਉਹਨਾਂ ਕਿਹਾ ਕਿ ਮਰਦਾਨ ਖੇਤ ਵਿਚ ਹਿਜ਼ਰਤ ਕਰਕੇ ਬੈਠੇ 20-25 ਹਜ਼ਾਰ ਮੁਸਲਮਾਨ ਪਰਿਵਾਰਾਂ ਵਲੋਂ ਗੁਰਦੁਆਰਾ ਪੰਜਾ ਸਾਹਿਬ ਵਿਚ ਬੈਠੇ ਪਰਿਵਾਰਾਂ ਦੀ ਹਾਲਤ ਵਧੀਆ ਹੈ, ਪਰ ਘਰ-ਕਾਰੋਬਾਰ ਛੱਡਣ ਅਤੇ ਬੱਚਿਆਂ ਦੀ ਪੜ੍ਹਾਈ ਨੂੰ ਲੈ ਕੇ ਹਿਜਰਤਕਾਰੀਆਂ ਵਿਚ ਉਦਾਸੀ ਦਾ ਆਲਮ ਹੈ। ਉਹਨਾਂ ਕਿਹਾ ਕਿ ਗੜਬੜਗ੍ਰਸਤ ਇਲਾਕਿਆਂ ਵਿਚ ਪਾਕਿ ਹਕੂਮਤ ਤੇ ਤਾਲਿਬਾਨ ਵਿਚਕਾਰ ਲੜਾਈ ਹੈ, ਜਦੋਂਕਿ ਆਮ ਪਬਲਿਕ ਹਿਜਰਤਕਾਰੀਆਂ ਨਾਲ ਹਮਦਰਦੀ ਰੱਖਦੀ ਹੈ।

ਐਸ.ਜੀ.ਪੀ.ਸੀ. ਵਲੋਂ ਕੀਤੀ ਸਹਾਇਤਾ ਬਾਰੇ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਉਹਨਾਂ ਨੂੰ ਸਾਰੇ ਅਧਿਕਾਰ ਦੇ ਕੇ ਤੋਰਿਆ ਸੀ, ਪਰ ਜਦੋਂ ਉਹਨਾਂ ਨੇ ਪੀੜਤ ਪਰਿਵਾਰਾਂ ਨੂੰ ਸਹਾਇਤਾ ਦੇਣ ਬਾਰੇ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਸਾਡੇ ਪਾਸ ਛੇ ਮਹੀਨੇ ਦਾ ਸਮਾਨ ਵਾਧੂ ਪਿਆ ਹੈ, ਸਾਨੂੰ ਮੁੜ ਵਸੇਬੇ ਸਮੇਂ ਐਸ.ਜੀ.ਪੀ.ਸੀ. ਵੱਡੀ ਰਾਹਤ ਦੇਵੇ ਤਾਂ ਕਿ ਅਸੀਂ ਆਪਣੇ ਪੈਰਾਂ 'ਤੇ ਖੜੇ ਹੋ ਸਕੀਏ।

ਉਹਨਾਂ ਕਿਹਾ ਕਿ ਪੀੜਤਾਂ ਦੀ ਮੰਗ ਅਤੇ ਅੱਖੀਂ ਦੇਖੇ ਹਾਲਾਤ ਬਾਰੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਲਿਖਤੀ ਰੂਪ ਵਿਚ ਪੱਤਰ ਭੇਜ ਰਿਹਾ ਹਾਂ। ਉਹਨਾਂ ਕਿਹਾ ਕਿ ਮੈਂ ਸਾਰੇ ਪੀੜਤ ਪਰਿਵਾਰਾਂ ਦੀ ਲਿਸਟ ਸਮੇਤ ਪੂਰੇ ਐਡਰੈਸ ਲੈ ਕੇ ਆਇਆ ਸੀ, ਪਰ ਪਾਕਿਸਤਾਨ ਦੇ ਕਸਟਮ ਅਧਿਕਾਰੀ ਨੇ ਸਭ ਕੁਝ ਰੱਖ ਲਿਆ।

## ਅਗਸਤ ਮਹੀਨੇ ਵਿਚ ਹੋਵੇਗੀ ਗਦਰ ਮੈਮੋਰੀਅਲ ਫਾਊਂਡੇਸ਼ਨ ਦੀ ਕੌਮਾਂਤਰੀ ਕਾਨਫਰੰਸ

**ਜਲੰਧਰ :** ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ (ਅਮਰੀਕਾ) ਵਲੋਂ ਸਾਲਾਨਾ ਅੰਤਰਰਾਸ਼ਟਰੀ ਕਾਨਫਰੰਸ 22 ਅਗਸਤ ਨੂੰ ਸੈਕਰਾਮੈਂਟੋਂ ਵਿਖੇ ਕਰਵਾਈ ਜਾ ਰਹੀ ਹੈ, ਜਿਸ ਦਾ ਮੁੱਖ ਭਾਸ਼ਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੋਲੀਟੀਕਲ ਸਾਇੰਸ ਵਿਭਾਗ ਦੇ ਪ੍ਰੋਫੈਸਰ ਅਤੇ ਸਾਬਕਾ ਮੁਖੀ ਡਾ. ਹਰੀਸ਼ਪੁਰੀ ਦੇਣਗੇ। ਇਸ ਮੌਕੇ ਡਾ. ਸੁਰਿੰਦਰ ਮੰਡ 'ਗਦਰ ਪਾਰਟੀ ਲਹਿਰ ਦਾ ਆਜ਼ਾਦੀ ਸੰਗਰਾਮ 'ਤੇ ਅਸਰ' ਵਿਸ਼ੇ ਬਾਰੇ ਖੋਜ ਪੱਤਰ ਪੜ੍ਹਨਗੇ, ਜਦਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਗਦਰ ਲਹਿਰ ਦੇ ਇਤਿਹਾਸਕ ਮਹੱਤਵ ਬਾਰੇ ਮੁੱਖ ਭਾਸ਼ਣ ਦੇਣਗੇ।

ਫਾਊਂਡੇਸ਼ਨ ਦੇ ਪ੍ਰਧਾਨ ਚਰਨ ਸਿੰਘ ਜੱਜ ਅਤੇ ਵਿੱਤ ਸਕੱਤਰ ਬਲਵਿੰਦਰ ਸਿੰਘ ਡੂਲਕੂ ਨੇ ਇਥੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ ਸਿੰਘ ਦਾ ਗਦਰ ਦੇ ਪ੍ਰਸੰਗ ਵਿਚ ਲਿਖਿਆ ਨਵਾਂ ਨਾਟਕ 'ਗਦਰ ਐਕਸਪ੍ਰੈਸ' ਕਾਨਫਰੰਸ ਵਿਚ ਪੇਸ਼ ਕੀਤਾ ਜਾਵੇਗਾ। ਪੇਸ਼ਕਾਰੀ ਵਿਚ ਸੁਰਿੰਦਰ ਸਿੰਘ ਧਨੋਆ ਮੁੱਖ ਸਹਿਯੋਗੀ ਵਜੋਂ ਸਾਥ ਦੇਣਗੇ।

ਸ੍ਰੀ ਜੱਜ ਨੇ ਦੱਸਿਆ ਕਿ ਫਾਊਂਡੇਸ਼ਨ ਵਲੋਂ ਹਰ ਸਾਲ ਗਦਰੀ ਬਾਬਿਆਂ ਦਾ ਮੇਲਾ ਕਰਵਾਇਆ ਜਾਂਦਾ ਸੀ, ਪਰ ਡਾ. ਸਤਿੰਦਰ ਸਿੰਘ ਨੂਰ ਦਿੱਲੀ ਵਾਲੇ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸਮੁੱਚੇ ਮੇਲੇ ਦੀ ਰੂਪ ਰੇਖਾ ਨੂੰ ਵਿਚਾਰਧਾਰਕ ਪੱਧਰ 'ਤੇ ਲੈ ਆਂਦਾ, ਜਿਸ ਨਾਲ ਪ੍ਰਬੰਧਕਾਂ ਨੇ ਲਹਿਰ ਨੂੰ ਇਨਕਲਾਬ ਦੇ ਪੰਜਾਬੀ ਮਾਡਲ ਵਜੋਂ ਪੇਸ਼ ਕਰਨ ਦਾ ਫੈਸਲਾ ਕੀਤਾ। ਸ੍ਰੀ ਜੱਜ ਨੇ ਦੱਸਿਆ ਕਿ ਸਾਲ 2013 ਵਿਚ ਗਦਰ ਪਾਰਟੀ ਲਹਿਰ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ ਅਤੇ ਇਸ ਲਹਿਰ ਬਾਰੇ ਵੱਡ ਆਕਾਰੀ ਖੋਜ ਪੁਸਤਕ ਵੀ ਪ੍ਰਕਾਸ਼ਤ ਕੀਤੀ ਜਾਵੇਗੀ ਅਤੇ ਦੁਨੀਆ ਭਰ ਵਿਚ ਚੱਲਦੀਆਂ ਇਨਕਲਾਬੀ ਲਹਿਰਾਂ ਦੇ ਹਵਾਲੇ ਨਾਲ ਇਸ ਸਾਲ ਨੂੰ ਲੋਕ ਮੁਕਤੀ ਦੇ ਸਾਲ ਵਜੋਂ ਮਨਾਇਆ ਜਾਵੇਗਾ। ਸ੍ਰੀ ਜੱਜ ਨੇ ਦੱਸਿਆ ਕਿ 22 ਅਗਸਤ ਦੀ ਕਾਨਫਰੰਸ ਵਿਚ ਨਵੀਂ ਪੀੜ੍ਹੀ ਨੂੰ ਇਸ ਲਹਿਰ ਬਾਰੇ ਜਾਣਕਾਰੀ ਦੇਣ ਲਈ ਇਕ ਕਿਤਾਬਚਾ ਵੀ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਅੰਗਰੇਜ਼ੀ ਅਤੇ ਪੰਜਾਬੀ ਵਿਚ ਲਿਖੇ ਜਾਣ ਵਾਲੇ ਇਸ ਕਿਤਾਬਚੇ ਦੀਆਂ ਕਾਪੀਆਂ ਵੀ ਨੌਜਵਾਨਾਂ ਨੂੰ ਵੰਡੀਆਂ ਜਾਣਗੀਆਂ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਗਦਰ ਪਾਰਟੀ ਲਹਿਰ ਦਾ ਕੌਮਾਂਤਰੀ ਸਰੂਪ ਵੇਖਦੇ ਹੋਏ ਡਾਕ ਟਿਕਟ ਜਾਰੀ ਕਰਨ ਦਾ ਪ੍ਰਬੰਧ ਕੀਤਾ ਜਾਵੇ ਅਤੇ ਦੇਸ਼ ਵਿਚ ਬਣਨ ਵਾਲੀਆਂ ਵਿਦਿਅਕ ਸੰਸਥਾਵਾਂ ਵਿਚੋਂ ਕਿਸੇ ਪ੍ਰਮੁੱਖ ਸੰਸਥਾ ਦਾ ਨਾਂ ਗਦਰ ਪਾਰਟੀ ਲਹਿਰ ਦੇ ਨਾਂ 'ਤੇ ਰੱਖ ਕੇ ਇਸ ਲਹਿਰ ਦੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਜਾਵੇ। ਇਸ ਮੌਕੇ ਡਾ. ਹਰੀਸ਼ਪੁਰੀ ਡਾ. ਆਤਮਜੀਤ, ਗੁਰਭਜਨ ਗਿੱਲ, ਡਾ. ਪ੍ਰਿਥੀਪਾਲ ਸਿੰਘ ਸੋਹੀ, ਸੁਰਿੰਦਰ ਸਿੰਘ ਢੀਂਡਸਾ ਵੀ ਹਾਜ਼ਰ ਸਨ।

## ਸੀ.ਐਸ.ਐਸ. ਅਤੇ ਲੂਲਕ ਕੇਸਾਂ ਵਿਚ ਕਈ ਲੋਕਾਂ ਨੂੰ ਰਾਹਤ

**ਨਿਊ ਯਾਰਕ:** ਜਿਨ੍ਹਾਂ ਵਿਅਕਤੀਆਂ ਨੇ ਫਰਵਰੀ 2009 ਤੋਂ ਬਾਅਦ ਨਵੇਂ ਰੈਗੂਲੇਸ਼ਨ ਅਧੀਨ ਆਪਣੇ 1981 ਵਾਲੇ ਸੀ.ਐਸ.ਐਸ. ਅਤੇ ਲੂਲਕ ਕੇਸ ਅਪਲਾਈ ਕੀਤੇ ਸਨ ਉਨ੍ਹਾਂ ਵਿਚੋਂ ਕੁਝ ਹੋਰ ਵਿਅਕਤੀਆਂ ਨੂੰ ਪਿਛਲੇ ਦਿਨੀਂ ਵਰਕ ਪਰਮਟ ਅਤੇ ਟਰੈਵਲ ਡਾਕੂਮੈਂਟ ਮਿਲੇ ਹਨ।

ਇਹ ਜਾਣਕਾਰੀ ਦਿੰਦਿਆਂ ਉਘੇ ਵਕੀਲ ਸ੍ਰੀ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਦੱਸਿਆ ਕਿ ਕੰਮ ਕਰਨ ਦੀ ਮਨਜ਼ੂਰੀ ਅਤੇ ਇੰਡੀਆ ਜਾਣ ਲਈ ਕਾਗਜ਼ਾਤ ਮਿਲ ਜਾਣ ਕਾਰਨ ਇਹ ਵਿਅਕਤੀ ਬਹੁਤ ਹੀ ਖੁਸ਼ ਹਨ।

ਨਵੇਂ ਰੈਗੂਲੇਸ਼ਨ ਅਧੀਨ ਸਿਰਫ ਉਹ ਲੋਕ ਹੀ ਅਪਲਾਈ ਕਰ ਸਕਦੇ ਹਨ ਜੋ 1981 ਵਿਚ ਨਾਨ-ਇਮੀਗ੍ਰੇਸ਼ਨ ਜਾਂ ਵਿਜ਼ਟਰ ਵੀਜੇ 'ਤੇ ਅਮਰੀਕਾ ਆਏ ਸਨ। ਜਿਨ੍ਹਾਂ ਲੋਕਾਂ ਦੇ ਕੇਸ ਪਹਿਲਾਂ ਰੱਦ ਹੋ ਚੁੱਕੇ ਹਨ, ਉਹ ਵੀ ਨਵੇਂ ਰੈਗੂਲੇਸ਼ਨ ਅਧੀਨ ਮੁੜ ਅਪਲਾਈ ਕਰ ਸਕਦੇ ਹਨ। ਅਜਿਹੇ ਵਿਅਕਤੀਆਂ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਹ 1981 ਜਾਂ ਇਸ ਤੋਂ ਪਹਿਲਾਂ ਵਿਜ਼ਟਰ ਵੀਜ਼ੇ ਉਤੇ ਆਏ ਸਨ ਅਤੇ 1987 ਤੱਕ ਅਮਰੀਕਾ ਵਿਚ ਰਹੇ ਸਨ।

## ਸਤਲੁਜ ਦਰਿਆ 'ਚ ਨਹਾਉਣ ਗਏ ਤਿੰਨ ਨੌਜਵਾਨ ਡੁੱਬੇ

**ਲੁਧਿਆਣਾ :** ਸ਼ਹਿਰ ਦੇ ਤਿੰਨ ਨੌਜਵਾਨ ਬੀਤੀ 19 ਜੂਨ ਦੀ ਸ਼ਾਮ ਉਸ ਵੇਲੇ ਸਤਲੁਜ ਦਰਿਆ ਵਿਚ ਰੁੜ੍ਹ ਗਏ ਜਦੋਂ ਉਹ ਗਰਮੀ ਤੋਂ ਰਾਹਤ ਪਾਉਣ ਲਈ ਦਰਿਆ ਵਿਚ ਨਹਾਉਣ ਗਏ ਸਨ।

ਇਨ੍ਹਾਂ ਨੌਜਵਾਨਾਂ ਵਿਚ ਬਸਤੀ ਜੋਧੇਵਾਲ ਇਲਾਕੇ ਦਾ ਰਹਿਣ ਵਾਲਾ ਪ੍ਰਦੀਪ ਕੁਮਾਰ ਆਪਣੇ ਚਾਰ ਹੋਰ ਦੋਸਤਾਂ ਗੁਰਨੇਕ ਸਿੰਘ ਅਤੇ ਬਲਵਿੰਦਰ ਤਿੰਨੇ ਨਹਾਉਣ ਲਈ ਦਰਿਆ ਵਿਚ ਵੜੇ ਤਾਂ ਪਾਣੀ ਦੇ ਵਹਿਣ ਵਿਚ ਵਹਿ ਗਏ। ਉਨ੍ਹਾਂ ਦੀਆਂ ਲਾਸ਼ਾਂ ਲੱਭਣ ਲਈ ਯਤਨ ਜਾਰੀ ਹਨ।







**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੱਛਮੀ ਬੰਗਾਲ ਵਿਚ ਮਾਓਵਾਦੀਆਂ ਖਿਲਾਫ ਕਾਰਵਾਈ ਜਾਰੀ

ਤੋਂ ਰਾਮਗੜ੍ਹ ਤੱਕ ਦੀ 19 ਕਿਲੋਮੀਟਰ ਸੜਕ 'ਤੇ ਕਬਜ਼ਾ ਕਰਨਾ ਸਭ ਤੋਂ ਔਖਾ ਕੰਮ ਸਮਝ ਰਹੇ ਸਨ, ਕਿਉਂਕਿ ਸੜਕ 'ਤੇ ਅਤਿਵਾਦੀਆਂ ਨੇ ਥਾਂ-ਥਾਂ ਬਾਰੂਦੀ ਸੁਰੰਗਾਂ ਵਿਛਾਈਆਂ ਹੋਈਆਂ ਹਨ ਅਤੇ ਇਹ ਸੰਘਣੇ ਜੰਗਲਾਂ ਵਾਲਾ ਇਲਾਕਾ ਹੈ। ਸੁਰੱਖਿਆ ਦਸਤਿਆਂ ਦੀ ਰਣਨੀਤੀ ਪੱਛਮੀ ਮਿਦਨਾਪੁਰ ਜ਼ਿਲ੍ਹੇ ਦੇ ਬਾੜਾਪੇਲੀਆ, ਛੋਟੇਪੇਲੀਆ ਅਤੇ ਡਾਲੀਪੁਰ ਚੱਕ ਇਲਾਕਿਆਂ ਨੂੰ ਆਪਣੇ ਕਬਜ਼ੇ 'ਚ ਲੈਣਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬਾੜਾਪੇਲੀਆ ਪੁਲਿਸ ਜ਼ਿਆਦਾਤੀਆਂ ਵਿਰੁਧ ਮਾਓਵਾਦੀਆਂ ਦੀ ਹਮਾਇਤ ਨਾਲ ਬਣਾਈ ਗਈ ਪੀਪਲਜ਼ ਕਮੇਟੀ ਦੇ ਕਨਵੀਨਰ ਛਤਰਸਰ ਮਹਤੋ ਦਾ ਪਿੰਡ ਹੈ। ਸੁਰੱਖਿਆ ਦਸਤੇ ਪਿਰਕਾਟਾ ਤੋਂ ਮਹਿਜ਼ 7 ਕਿਲੋਮੀਟਰ ਹੀ ਅੱਗੇ ਜਾ ਸਕੇ ਹਨ ਜਦਕਿ ਇਹ ਸਫ਼ਰ 19 ਕਿਲੋਮੀਟਰ ਲੰਬਾ ਹੈ। ਇਨ੍ਹਾਂ 17 ਪਿੰਡਾਂ 'ਚ ਸੁਰੱਖਿਆ ਦਸਤਿਆਂ ਨੂੰ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਇਨ੍ਹਾਂ ਪਿੰਡਾਂ 'ਚ ਮਾਓਵਾਦੀਆਂ ਦਾ ਬਹੁਤ ਰਸੂਖ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਨਕਸਲੀਆਂ ਵਲੋਂ 48 ਘੰਟੇ ਦੇ ਬੰਦ ਦੇ ਸੱਦੇ ਨੂੰ ਧਿਆਨ 'ਚ ਰੱਖਦਿਆਂ ਨਕਸਲਵਾਦ ਤੋਂ ਪ੍ਰਭਾਵਿਤ ਰਾਜਾਂ ਬਿਹਾਰ, ਛੱਤੀਸਗੜ੍ਹ, ਝਾਰਖੰਡ, ਉੜੀਸਾ ਅਤੇ ਪੱਛਮੀ ਬੰਗਾਲ 'ਚ ਅਲਰਟ ਜਾਰੀ ਕੀਤਾ ਹੈ। ਕੇਂਦਰ ਨੇ ਸੂਬਾ ਸਰਕਾਰਾਂ ਨੂੰ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਦੋ ਦਿਨਾਂ ਦੇ ਬੰਦ ਦੌਰਾਨ ਪੂਰੀ ਚੌਕਸੀ ਵਰਤਣ ਅਤੇ ਰਾਜਸੀ ਨੇਤਾਵਾਂ ਨੂੰ ਆਮ ਲੋਕਾਂ ਅਤੇ ਗੈਰ-ਸਰਕਾਰੀ ਜਥੇਬੰਦੀਆਂ ਨੂੰ ਝਗੜੇ ਵਾਲੇ ਖੇਤਰ ਤੋਂ ਦੂਰ ਰਹਿਣ ਲਈ ਆਖਿਆ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਬੰਦ ਦੌਰਾਨ ਉੜੀਸਾ 'ਚ ਦੋ ਮਾਓਵਾਦੀ ਹਲਾਕ ਹੋ ਗਏ।

ਪੱਛਮੀ ਬੰਗਾਲ ਮੁੜ ਉਸ ਰਾਜਨੀਤੀ ਨੂੰ ਦੁਹਰਾ ਰਿਹਾ ਹੈ, ਜਿਸ ਨੇ 1970 'ਚ ਪ੍ਰਾਂਤ ਨੂੰ ਇੰਨਾ ਤਕੜਾ ਝਟਕਾ ਦਿੱਤਾ ਕਿ 40 ਸਾਲ ਬਾਅਦ ਤੱਕ ਉਹ ਉਸ 'ਚੋਂ ਉਭਰ ਨਹੀਂ ਸਕਿਆ। ਪੱਛਮੀ ਮਿਦਨਾਪੁਰ ਦੇ ਲਾਲਗੜ੍ਹ ਖੇਤਰ 'ਚ ਮਾਓਵਾਦੀਆਂ ਦੀ ਬਗਾਵਤ ਨੂੰ ਲੈ ਕੇ ਖੱਬੇਪੱਖੀ ਦਲਾਂ ਅਤੇ ਦੂਜੇ ਪਾਸੇ ਤ੍ਰਿਣਮੂਲ ਕਾਂਗਰਸ ਤੇ ਕਾਂਗਰਸ ਇਕ ਦੂਜੇ 'ਤੇ ਦੋਸ਼ ਪ੍ਰਤੀ ਦੋਸ਼ ਲਾ ਰਹੇ ਹਨ। ਖੱਬੇਪੱਖੀਆਂ ਦਾ ਮੰਨਣਾ ਹੈ ਕਿ ਮਾਓਵਾਦੀਆਂ ਦੀ ਆੜ 'ਚ ਤ੍ਰਿਣਮੂਲ ਕਾਂਗਰਸ ਦੇ ਵਰਕਰਾਂ ਨੇ ਲਾਲਗੜ੍ਹ ਇਲਾਕੇ 'ਚ ਨਕਸਲੀਆਂ ਨਾਲ ਮਿਲ ਕੇ ਸਾਰੀ ਸਥਿਤੀ ਪੈਦਾ ਕੀਤੀ ਹੋਈ ਹੈ। ਕੇਂਦਰ ਸਰਕਾਰ ਦੇ ਦਬਾਅ, ਨੰਦੀਗ੍ਰਾਮ 'ਚ ਹੋਈ ਹਾਰ ਅਤੇ ਚੋਣਾਂ 'ਚ ਮਿਲੀ ਹਾਰ ਕਾਰਨ ਪੱਛਮੀ ਬੰਗਾਲ ਸਰਕਾਰ ਨੂੰ ਨਕਸਲੀਆਂ ਵਿਰੁਧ ਇਹ ਅੱਕ ਚੱਬਣ ਲਈ ਮਜ਼ਬੂਰ ਹੋਣਾ ਪਿਆ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਪਿੱਛੇ ਤ੍ਰਿਣਮੂਲ ਕਾਂਗਰਸ ਕਿਸੇ ਨਾ ਕਿਸੇ ਰੂਪ ਵਿਚ ਕਾਰਜਸ਼ੀਲ ਹੈ।

ਰਾਜਸੀ ਵਿਸ਼ਲੇਸ਼ਕਾਂ ਅਤੇ ਸਮਾਜਸ਼ਾਸਤਰੀਆਂ ਦਾ ਧਿਆਨ ਨਕਸਲੀ ਵਿਚਾਰਧਾਰਾ ਨੇ ਖਿੱਚਿਆ ਹੈ। ਲੋਕਾਂ ਦੇ ਮਨ 'ਚ ਇਹ ਸਵਾਲ ਪੈਦਾ ਹੋ ਰਹੇ ਹਨ ਕਿ ਨਕਸਵਾਦੀ ਜੇ ਬੁਰੇ ਹਨ ਤਾਂ ਕੀ ਕਾਰਨ ਹੈ ਕਿ ਉਨ੍ਹਾਂ ਨੂੰ ਰਾਜਨੀਤਕ ਜ਼ਮੀਨ ਮਿਲ ਰਹੀ ਹੈ? ਨਕਸਲਬਾੜੀ ਪਿੰਡ ਤੋਂ ਲੈ ਕੇ ਲਾਲਗੜ੍ਹ ਤੱਕ ਅਜਿਹਾ ਕੀ ਹੈ ਕਿ ਸਰਕਾਰੀ ਪ੍ਰਚਾਰ ਦੇ ਬਾਵਜੂਦ ਥੁੜਿਆ-ਟੁੱਟਿਆ ਅਤੇ ਸ਼ੋਸ਼ਤ ਸਮਾਜ ਉਨ੍ਹਾਂ ਨਾਲ ਜੁੜਿਆ ਹੋਇਆ ਹੈ? ਇਨ੍ਹਾਂ ਸਵਾਲਾਂ ਦੀ ਘੋਖ ਕਰਦੇ ਹੋਏ ਸਾਬਕਾ ਸੈਨਿਕ ਅਧਿਕਾਰੀ ਆਰ. ਵਿਕਰਮ ਸਿੰਘ ਦਾ ਮੰਨਣਾ ਹੈ ਕਿ ਜੰਗਲ ਹਮੇਸ਼ਾ ਆਦਿਵਾਸੀ ਸਮਾਜ ਦਾ ਖਜ਼ਾਨਾ ਰਹੇ ਹਨ। ਅਸੀਂ ਉਨ੍ਹਾਂ ਦੇ ਅਧਿਕਾਰ ਖ਼ਤਮ ਕਰ ਦਿੱਤੇ। ਵਣਾਂ ਦੀ ਉਪਜ ਸਦੀਆਂ ਤੋਂ ਉਨ੍ਹਾਂ ਦੀ ਜ਼ਿੰਦਗੀ ਤੇ ਅਰਥਵਿਵਸਥਾ ਦਾ ਜ਼ਰੂਰੀ ਅੰਗ ਰਹੀ ਹੈ। ਇਕ ਕਾਨੂੰਨ ਨੇ ਇਹ ਸਭ ਖ਼ਤਮ ਕਰ ਦਿੱਤਾ। ਆਦਿਵਾਸੀਆਂ ਦੀ ਭਲਾਈ ਲਈ ਬਣਾਈਆਂ ਗਈਆਂ ਸਕੀਮਾਂ ਵੀ ਸਿਰਫ ਕਾਗਜ਼ਾਂ ਤੱਕ ਸੀਮਤ ਹਨ। ਉਨ੍ਹਾਂ ਨੂੰ ਸਿੱਖਿਅਤ ਕਰਨ ਦੀ ਮੁਹਿੰਮ ਦੇ ਠੁਸ ਹੋਣ ਕਾਰਨ ਉਨ੍ਹਾਂ ਲਈ ਰਾਖਵਾਂਕਰਨ ਕੋਈ ਅਰਥ ਨਹੀਂ ਰੱਖਦਾ। ਸਗੋਂ ਫਰਜ਼ੀ ਆਦਿਵਾਸੀ ਸਰਟੀਫਿਕੇਟ ਲੈ ਕੇ ਹੋਰ ਲੋਕ ਇਨ੍ਹਾਂ ਦੇ ਕੋਟੇ ਦਾ ਲਾਹਾ ਲੈ ਜਾਂਦੇ ਹਨ। ਇਨ੍ਹਾਂ ਆਦਿਵਾਸੀਆਂ ਦੀਆਂ ਕੋਈ ਖਾਸ ਮੰਗਾਂ ਨਹੀਂ ਹਨ। ਮਾਮੂਲੀ ਮੰਗਾਂ ਵਲੋਂ ਵੀ ਰਾਜਸੀ ਪਾਰਟੀਆਂ ਨੇ ਅੱਖਾਂ ਮੀਟੀਆਂ ਹੋਈਆਂ ਹਨ। ਅਜਿਹੀ ਹਾਲਤ 'ਚ ਜੇ ਨਕਸਲੀ ਆਦਿਵਾਸੀਆਂ ਦੀ ਹਮਦਰਦੀ ਦੇ ਪਾਤਰ ਬਣਦੇ ਹਨ ਤਾਂ ਇਸ 'ਚ ਦੋਸ਼ ਕਿਸ ਧਿਰ ਸਿਰ ਮੜ੍ਹਿਆ ਜਾਵੇ? ਕੇਂਦਰ ਸਰਕਾਰ ਵਲੋਂ ਸੀ.ਪੀ.ਆਈ. (ਮਾਓਵਾਦੀ) 'ਤੇ ਪਾਬੰਦੀ ਲਾ ਕੇ ਇਸ ਦੇ ਅਧਿਕਾਰ ਹੇਠਲੇ 42 ਪਿੰਡਾਂ ਨੂੰ ਭਾਵੇਂ ਮੁਕਤ ਕਰਾ ਲਿਆ ਜਾਵੇਗਾ, ਪਰ ਇਹ ਇਸ ਸਮੱਸਿਆ ਦਾ ਕੋਈ ਠੋਸ ਅਤੇ ਰਾਜਸੀ ਹੱਲ ਨਹੀਂ।

# ਪੰਜਾਬ 'ਚ ਭਾਰਤੀ ਜਨਤਾ ਪਾਰਟੀ ਕੰਧ ਨਾਲ ਲਾਈ ਅਕਾਲੀਆਂ

ਦੂਜੇ ਉੱਪਰ ਭਾਰੂ ਹੋਣ ਦੀ ਕੋਸ਼ਿਸ਼ ਦਾ ਸਿੱਟਾ ਹੈ। ਜਦੋਂ ਕੇਂਦਰ ਵਿਚ ਐਨ ਡੀ ਏ ਦੀ ਸਰਕਾਰ ਸੀ ਤਾਂ ਭਾਰਤੀ ਜਨਤਾ ਪਾਰਟੀ ਕੁਲੀਸ਼ਨ ਸਰਕਾਰ ਹੋਣ ਦੇ ਬਾਵਜੂਦ ਮਹੱਤਵਪੂਰਨ ਫੈਸਲੇ ਲੈਣ ਲੱਗਿਆ ਦੂਜੀਆਂ ਪਾਰਟੀਆਂ ਦੀ ਬਹੁਤੀ ਪ੍ਰਵਾਹ ਨਹੀਂ ਸੀ ਕਰਦੀ। ਖਾਸ ਕਰਕੇ ਅਕਾਲੀ ਦਲ ਵਾਲੇ ਤਾਂ ਭਾਰਤੀ ਜਨਤਾ ਪਾਰਟੀ ਦੇ ਹਮੇਸ਼ਾ ਬਿਨਾ ਸ਼ਰਤ ਹਮਾਇਤੀ ਰਿਹਾ ਕਰਦੇ ਸਨ। ਇਥੋਂ ਤੱਕ ਕਿ ਦਹਿਸ਼ਤਵਾਦ ਵਿਰੋਧੀ ਕਾਨੂੰਨ ਪਾਸ ਕਰਨ ਲੱਗਿਆ ਤਾਂ ਭਾਰਤੀ ਜਨਤਾ ਪਾਰਟੀ ਨੇ ਅਕਾਲੀਆਂ ਨੂੰ ਗੌਲਿਆ ਤੱਕ ਨਹੀਂ ਸੀ।

ਜੋ ਕੁਝ ਭਾਰਤੀ ਜਨਤਾ ਪਾਰਟੀ ਕੇਂਦਰੀ ਸਿਆਸਤ ਚਲਾਉਣ ਸਮੇਂ ਅਕਾਲੀਆਂ ਨਾਲ ਕਰਦੀ ਰਹੀ ਹੈ ਉਹ ਕੁਝ ਅਕਾਲੀ ਪੰਜਾਬ ਸਰਕਾਰ ਚਲਾਉਣ ਸਮੇਂ ਭਾਰਤੀ ਜਨਤਾ ਪਾਰਟੀ ਨਾਲ ਕਰ ਰਹੇ ਹਨ। ਇਕ ਵਾਰ ਤਾਂ ਸੁਰ੍ਹੋਂ ਸੁਰ੍ਹੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਇਹ ਗੱਲ ਆਖ ਵੀ ਦਿੱਤੀ ਸੀ ਕਿ ਅਕਾਲੀ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿਚ ਐਨ ਡੀ ਏ ਸਰਕਾਰ ਵੇਲੇ ਬਿਨਾ ਸ਼ਰਤ ਹਮਾਇਤ ਕਰਦੇ ਰਹੇ ਹਨ ਹੁਣ ਭਾਰਤੀ ਜਨਤਾ ਪਾਰਟੀ ਦਾ ਵੀ ਪੰਜਾਬ ਵਿਚ ਇਹ ਫਰਜ਼ ਬਣਦਾ ਹੈ ਕਿ ਉਹ ਅਕਾਲੀ ਸਰਕਾਰ ਦੀ ਬਿਨਾ ਸ਼ਰਤ ਹਮਾਇਤ ਕਰੇ। ਫਿਰ ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਬਾਦਲ ਨੂੰ ਅਹੁਦਾ ਦੇਣ ਵੇਲੇ ਵੀ ਕਾਫੀ ਵਿਵਾਦ ਉੱਠਿਆ ਸੀ ਅਤੇ ਭਾਰਤੀ ਜਨਤਾ ਪਾਰਟੀ ਚਾਹੁੰਦੀ ਸੀ ਕਿ ਉਹ ਰਾਜ ਵਿਚ ਮਹੱਤਵਪੂਰਨ ਜੂਨੀਅਰ ਧਿਰ ਹੈ ਇਸ ਲਈ ਉਪ ਮੁੱਖ ਮੰਤਰੀ ਉਸੇ ਦਾ ਹੋਣਾ ਚਾਹੀਦਾ ਹੈ। ਕੁਲੀਸ਼ਨ ਦੇ ਅਸੂਲ ਮੁਤਾਬਕ ਭਾਜਪਾ ਦੀ ਇਹ ਮੰਗ ਸਹੀ ਵੀ ਸੀ, ਪਰ ਅਕਾਲੀਆਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੀ ਪੈਦਾ ਹੋਈ ਮਜਬੂਰੀ ਦਾ ਲਾਭ ਉਠਾਉਂਦਿਆਂ ਸੁਖਬੀਰ ਬਾਦਲ ਨੂੰ ਉਪ ਮੁੱਖ ਮੰਤਰੀ ਬਣਾ ਦਿੱਤਾ ਸੀ ਅਤੇ ਭਾਰਤੀ ਜਨਤਾ ਪਾਰਟੀ ਦਾ ਪੰਜਾਬ ਯੂਨਿਟ ਕੁਝ ਵੀ ਨਹੀਂ ਸੀ ਕਰ ਸਕਿਆ। ਚੋਣਾਂ 'ਚ ਹਾਰ ਤੋਂ ਬਾਅਦ ਭਾਜਪਾ ਦੀ ਹਾਲਤ ਹੋਰ ਮਾੜੀ ਹੋ ਗਈ ਹੈ। ਸੋ ਅਕਾਲੀਆਂ ਲਈ ਮਨਮਾਨੀ ਕਰਨ ਦਾ ਮੌਕਾ ਵਧ ਗਿਆ ਹੈ।

ਨਗਰ ਨਿਗਮਾਂ ਦੀਆਂ ਚੋਣਾਂ ਵੇਲੇ ਭਾਜਪਾ ਵਰਕਰਾਂ ਦੀ ਕੁੱਟਮਾਰ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦੀ ਹਾਈਕਮਾਂਡ ਨੇ ਆਪਣੀ ਕਮਜ਼ੋਰ ਅਤੇ ਮਾੜੀ ਹੋਈ ਹਾਲਤ ਦੇ ਮੱਦੇਨਜ਼ਰ ਭਾਜਪਾ ਦੇ ਪੰਜਾਬ ਯੂਨਿਟ ਨੂੰ ਚੁੱਪ ਰਹਿਣ ਦੀ ਹੀ ਹਦਾਇਤ ਕਰ ਦਿੱਤੀ ਸੀ। ਪਿੱਛੋਂ ਉਪ ਮੁੱਖ ਮੰਤਰੀ ਦੇ ਰੱਟੇ ਵੇਲੇ ਵੀ ਭਾਜਪਾ ਹਾਈ ਕਮਾਨ ਨੇ ਇਹੋ ਪਹੁੰਚ ਅਪਨਾਈ। ਹੁਣ ਸਰਬਜੀਤ ਮੱਕੜ ਵਲੋਂ ਕਾਲੀਆ ਨੂੰ ਵਾਹੀ ਗਾਲ 'ਤੇ ਵੀ ਭਾਜਪਾ ਹਾਈਕਮਾਨ ਠੰਡ ਰੱਖਣ ਦੀ ਗੱਲ ਆਖ ਰਹੀ ਹੈ। ਪਰ ਪੰਜਾਬ ਭਾਜਪਾ ਦੇ ਆਗੂ ਦਲੀਲ ਦੇ ਰਹੇ ਹਨ ਅਕਾਲੀਆਂ ਅਗੇ ਲਗਾਤਾਰ ਝੁਕਦੇ ਜਾਣ ਨਾਲ ਉਸ ਦੀ ਪੰਜਾਬ ਵਿਚ ਹਾਲਤ ਹੋਰ ਮੰਦੀ ਹੋ ਸਕਦੀ ਹੈ। ਪੰਜਾਬ ਵਿਚ ਇਸ ਵਾਰ ਅਕਾਲੀ-ਭਾਜਪਾ ਸਰਕਾਰ ਦੇ ਬਣਨ ਤੋਂ ਬਾਅਦ ਭਾਵੇਂ ਪੰਜਾਬ ਭਾਜਪਾ ਕਾਫੀ ਮਜਬੂਤ ਸਥਿਤੀ ਵਿਚ ਸੀ ਪਰ ਇਸਦੇ ਬਾਵਜੂਦ ਵੀ ਉਹ ਉਨ੍ਹਾਂ ਤਬਕਿਆਂ ਲਈ ਕੁਝ ਨਾ ਕਰ ਸਕੀ ਜਿਨ੍ਹਾਂ ਦੀ ਉਹ ਨੁਮਾਇੰਦਗੀ ਕਰਦੀ ਹੈ। ਅਸਲ ਵਿਚ ਅੰਦਰਖਾਤੇ ਅਕਾਲੀਆਂ ਦੀ ਵੀ ਇਹੋ ਕੋਸ਼ਿਸ਼ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਪੰਜਾਬ ਦੇ ਪੇਂਡੂ ਤਬਕਿਆਂ ਖਾਸ ਕਰ ਕਿਸਾਨੀ ਨੂੰ ਵਧ ਤੋਂ ਵਧ ਸਹੂਲਤਾਂ ਦਿੱਤੀਆਂ ਜਾਣ ਅਤੇ ਆਪਣਾ ਰਾਜਨੀਤਕ ਆਧਾਰ ਮਜਬੂਤ ਕੀਤਾ ਜਾਵੇ। ਇਸ ਸਥਿਤੀ ਤੋਂ ਅਕਾਲੀਆਂ ਨੂੰ ਕਿਸੇ ਹੱਦ ਤੱਕ ਫਾਇਦਾ ਵੀ ਮਿਲਿਆ ਹੈ ਅਤੇ ਉਹ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ 52 ਹਲਕਿਆਂ ਵਿਚ ਜਿੱਤੇ ਹਨ ਜਦੋਂਕਿ ਭਾਰਤੀ ਜਨਤਾ ਪਾਰਟੀ ਆਪਣੇ 17 ਵਿਧਾਨ ਸਭਾ ਹਲਕਿਆਂ ਵਿਚੋਂ ਸਿਰਫ 3 ਵਿਚ ਹੀ ਜਿੱਤ ਪ੍ਰਾਪਤ ਕਰ ਸਕੀ ਹੈ।

ਰਾਜ ਹੱਥ ਆਉਣ ਤੋਂ ਬਾਅਦ ਭਾਜਪਾ ਦੇ ਅਸਫਲ ਰਹਿਣ ਕਾਰਨ ਪੰਜਾਬ ਦੇ ਸ਼ਹਿਰੀ ਹਿੰਦੂ ਤਬਕੇ ਕਾਂਗਰਸ ਵਲ ਪਰਤ ਗਏ ਹਨ। ਪੰਜਾਬ ਵਿਚ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਨੂੰ ਹੋਈ ਹਾਰ ਦਾ ਵੀ ਇਹੋ ਵੱਡਾ ਕਾਰਨ ਹੈ। ਜਿਥੋਂ ਤੱਕ ਅਕਾਲੀਆਂ ਦਾ ਸੰਬੰਧ ਹੈ ਉਨ੍ਹਾਂ ਨੇ ਆਪਣਾ ਰਾਜਨੀਤਕ ਆਧਾਰ ਨਾ ਸਿਰਫ ਬਰਕਰਾਰ ਰੱਖਿਆ ਹੈ ਸਗੋਂ ਪਿਛੇ ਹੋਈਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਵਧਾਇਆ ਵੀ ਹੈ। ਦੁਆਬੇ ਵਿਚ ਅਕਾਲੀਆਂ ਨੂੰ ਭਾਵੇਂ ਕੁਝ ਨੁਕਸਾਨ ਹੋਇਆ ਹੈ ਪਰ ਮਾਝੇ ਤੋਂ ਇਲਾਵਾ ਉਹ ਮਾਲਵੇ ਵਿਚ ਦੁਬਾਰਾ ਪੈਰ ਲਾਉਣ ਵਿਚ ਇਕ ਵਾਰ ਫਿਰ ਕਾਮਯਾਬ ਹੋ ਗਏ ਹਨ। ਇੰਝ ਪੰਜਾਬ ਵਿਚ ਸਰਕਾਰੀ ਅਤੇ ਰਾਜਨੀਤਕ ਸਥਿਤੀ ਨੂੰ ਅਕਾਲੀ ਆਪਣੇ ਪੱਖ ਵਿਚ ਮੋੜਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕਿਸੇ ਹੱਦ ਤਕ ਉਹ ਸਫਲ ਹੋ ਰਹੇ ਹਨ। ਦੂਜੇ ਪਾਸੇ ਇਸ ਸਫਲਤਾ ਦੀ ਕੀਮਤ ਭਾਰਤੀ ਜਨਤਾ ਪਾਰਟੀ ਨੂੰ ਤਾਰਨੀ ਪੈ ਰਹੀ ਹੈ। ਉਹ ਆਪਣੇ ਸ਼ਹਿਰੀ ਆਧਾਰ ਨੂੰ ਸੰਤੁਸ਼ਟ ਕਰਨ ਵਿਚ ਮੁਕੰਮਲ ਤੌਰ 'ਤੇ ਅਸਫਲ ਰਹਿ ਰਹੀ ਹੈ। ਕੌਮੀ ਪੱਧਰ 'ਤੇ ਭਾਜਪਾ ਦੇ ਰੋਜ਼ ਵਧ ਰਹੇ ਕਲੇਸ਼ ਇਸ ਪਾਰਟੀ ਨੂੰ ਹੋਰ ਮਾੜੇ ਰੁਖ ਪ੍ਰਭਾਵਤ ਕਰ ਰਹੇ ਹਨ। ਭਾਜਪਾ ਦੀ ਮੰਦੀ ਹੋ ਰਹੀ ਹਾਲਤ 'ਤੇ ਦੇਸ਼ ਦਾ ਵਡਾ ਬੁਧੀਜੀਵੀ ਵਰਗ ਵੀ ਚਿੰਤਤ ਹੈ ਅਤੇ ਉਹ ਕਾਂਗਰਸ ਤੋਂ ਬਿਨਾ ਇਕ ਹੋਰ ਕੌਮੀ ਪਾਰਟੀ ਦੀ ਲੋੜ ਮਹਿਸੂਸ ਕਰ ਰਿਹਾ ਹੈ ਜਦਕਿ ਭਾਜਪਾ ਦੀ ਹਾਲਤ ਨੂੰ ਕੋਈ ਮੋੜਾ ਨਹੀਂ ਪੈ ਰਿਹਾ। ਇਸੇ ਕਲੇਸ਼ ਕਾਰਨ ਪਿਛਲੇ ਹਫਤੇ ਪਹਿਲਾਂ ਯਸ਼ਵੰਤ ਸਿਨਹਾ ਨੇ ਅਸਤੀਫਾ ਦਿੱਤਾ ਫਿਰ ਅਰੁਣ ਜੇਤਲੀ ਨੇ। ਹਾਲੇ ਵੀ ਖਿਚੋਤਾਣ ਜਾਰੀ ਹੈ ਅਤੇ ਲੋਕ ਸਭਾ ਚੋਣਾਂ ਦੀ ਹਾਰ ਭਾਜਪਾ ਤੋਂ ਝੱਲੀ ਨਹੀਂ ਜਾ ਰਹੀ। ਪੰਜਾਬ ਭਾਜਪਾ ਦੀ ਮੰਦੀ ਹਾਲਤ ਵੀ ਉਸ ਦੀ ਕੌਮੀ ਪੱਧਰ 'ਤੇ ਹੋ ਰਹੀ ਦੁਰਦਸ਼ਾ ਦਾ ਹੀ ਸਿੱਟਾ ਹੈ। ਇਸੇ ਕਾਰਨ ਭਾਜਪਾ ਹਾਈ ਕਮਾਨ ਪੰਜਾਬ ਦੀ ਲੀਡਰਸ਼ਿਪ ਨੂੰ ਅਕਾਲੀਆਂ ਦੇ ਲੜ ਲਗੇ ਰਹਿਣ ਦੀਆਂ ਹਦਾਇਤਾਂ ਕਰੀ ਜਾ ਰਹੀ ਹੈ। ਭਾਜਪਾ ਦੀ ਮਜ਼ਬੂਰੀ ਨੂੰ ਵੇਖਦਿਆਂ ਅਕਾਲੀ ਭਾਜਪਾ ਵਾਲਿਆਂ ਦੇ ਛਿੱਤਰ ਵੀ ਫੇਰੀ ਜਾ ਰਹੇ ਹਨ, ਨਾਲ ਹੀ ਆਖੀ ਜਾਂਦੇ ਹਨ, 'ਅਕਾਲੀ ਦਲ ਦਾ ਭਾਜਪਾ ਨਾਲ ਨਹੁੰ ਮਾਸ ਦਾ ਰਿਸ਼ਤਾ ਹੈ।'

# ਭਾਖੜਾ ਡੈਮ ਦਾ ਪਣ ਬਿਜਲੀ ਉਤਪਾਦਨ ਬੰਦ ਹੋਣ ਕੰਢੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਪਟਿਆਲਾ:** ਇਕ ਪਾਸੇ ਗਰਮੀ ਲਗਾਤਾਰ ਵਧ ਰਹੀ ਹੈ ਤੇ ਦੂਜੇ ਪਾਸੇ ਭਾਖੜਾ ਦੇ ਲਗਾਤਾਰ ਡਿਗ ਰਹੇ ਪਾਣੀ ਦੇ ਪੱਧਰ ਕਾਰਨ ਬਿਜਲੀ ਬੋਰਡ ਦਾ ਪਣ ਬਿਜਲੀ ਉਤਪਾਦਨ ਬੰਦ ਹੋਣ ਦੇ ਕੰਢੇ 'ਤੇ ਹੈ ਜਿਸ ਕਾਰਨ ਬਿਜਲੀ ਬੋਰਡ ਦੀ ਚਿੰਤਾ ਵਧ ਗਈ ਹੈ। ਓਧਰ ਪੰਜਾਬ ਵਿਚ ਬਿਜਲੀ ਸੰਕਟ ਪਹਿਲਾਂ ਹੀ ਗੰਭੀਰ ਰੂਪ ਧਾਰਨ ਕਰ ਚੁੱਕਾ ਹੈ ਕਿਉਂਕਿ ਇਸ ਸਮੇਂ ਬਿਜਲੀ ਦੀ ਮੰਗ 1804 ਲੱਖ ਯੂਨਿਟ ਪਾਰ ਹੋ ਚੁੱਕੀ ਹੈ ਜਦਕਿ ਸਪਲਾਈ 1460 ਲੱਖ ਯੂਨਿਟ ਹੈ ਅਤੇ ਇਸ ਤਰ੍ਹਾਂ 344 ਲੱਖ ਯੂਨਿਟ ਦਾ ਫਰਕ ਪੈ ਗਿਆ ਹੈ। ਬੋਰਡ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਜਦ ਜੂਨ ਮਹੀਨੇ ਵਿਚ ਮੰਗ ਨੇ 1800 ਲੱਖ ਯੂਨਿਟ ਦਾ ਅੰਕੜਾ ਪਾਰ ਕੀਤਾ ਹੋਵੇ। ਇਸ ਗੰਭੀਰ ਸੰਕਟ ਤੋਂ ਪਰੇਸ਼ਾਨ ਪੰਜਾਬ ਬਿਜਲੀ ਬੋਰਡ ਨੇ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ।

ਸੂਤਰਾਂ ਮੁਤਾਬਕ ਸੋਮਵਾਰ ਨੂੰ ਭਾਖੜਾ ਦਾ ਪਾਣੀ ਦਾ ਪੱਧਰ 1499 ਫੁੱਟ ਤਕ ਪਹੁੰਚ ਗਿਆ ਹੈ। ਜੇ ਇਹ ਪਾਣੀ ਪੱਧਰ 1466 ਫੁੱਟ ਤਕ ਪਹੁੰਚ ਗਿਆ ਤਾਂ ਭਾਖੜਾ ਪ੍ਰਾਜੈਕਟ ਤੋਂ ਬਿਜਲੀ ਦੀ ਪੈਦਾਵਾਰ ਬੰਦ ਹੋ ਜਾਵੇਗੀ। ਜਾਣਕਾਰੀ ਮੁਤਾਬਕ ਭਾਖੜਾ ਡੈਮ ਵਿਚ 1466 ਫੁੱਟ ਤਕ ਪਾਣੀ ਰਹਿਣ ਦੀ ਸੂਰਤ ਵਿਚ ਹੀ ਹਾਈਡਲ ਜੈਨਰੇਸ਼ਨ ਹੋ ਸਕਦੀ ਹੈ। ਮੌਸਮ ਵਿਭਾਗ ਦੇ ਸੂਤਰਾਂ ਮੁਤਾਬਕ ਪੰਜਾਬ ਵਿਚ ਮਾਨਸੂਨ ਆਉਣ ਵਿਚ ਹਾਲੇ ਡੇਢ ਹਫਤਾ ਹੋਰ ਲੱਗ ਸਕਦਾ ਹੈ। ਜਿਸ ਤਰ੍ਹਾਂ ਭਾਖੜਾ ਦਾ ਪਾਣੀ ਪੱਧਰ ਲਗਾਤਾਰ ਘਟ ਰਿਹਾ ਹੈ ਉਸਤੋਂ ਲੱਗ ਰਿਹਾ ਹੈ ਕਿ ਭਾਖੜਾ ਡੈਮ ਵਿਚ ਸਿਰਫ ਇਕ ਹਫਤੇ ਦਾ ਹੀ ਪਾਣੀ ਬਚਿਆ ਹੈ। ਇਸ ਦੌਰਾਨ ਜੇ ਬਰਸਾਤ ਨਾ ਹੋਈ ਤਾਂ ਭਾਖੜਾ ਡੈਮ ਤੋਂ ਬਿਜਲੀ ਦੀ ਪੈਦਾਵਾਰ ਬੰਦ ਹੋ ਸਕਦੀ ਹੈ। ਭਾਖੜਾ ਡੈਮ ਤੋਂ ਬਿਜਲੀ ਬੋਰਡ ਨੂੰ ਰੋਜ਼ਾਨਾ 350 ਲੱਖ ਯੂਨਿਟ ਬਿਜਲੀ ਮਿਲਦੀ ਹੈ। ਜੇ ਪਾਣੀ ਦੀ ਕਮੀ ਹੋਣ ਕਾਰਨ ਇਸ ਡੈਮ ਦੀ ਜੈਨਰੇਸ਼ਨ ਬੰਦ ਹੁੰਦੀ ਹੈ ਤਾਂ ਪੰਜਾਬ ਵਿਚ ਬਲੈਕ ਆਊਟ ਹੋ ਸਕਦਾ ਹੈ।

ਇਸ ਵਾਰ ਮੌਨਸੂਨ ਸੀਜਨ ਵਿਚ ਹੁਣ ਤੱਕ ਭਾਰਤ ਵਿਚ ਆਸ ਨਾਲੋਂ ਅੱਧੀ ਬਾਰਸ਼ ਹੋਈ ਹੈ। ਕਿਸਾਨਾਂ, ਮੌਸਮ ਵਿਗਿਆਨੀਆਂ ਅਤੇ ਅਰਥ ਸ਼ਾਸਤਰੀਆਂ ਦੀਆਂ ਨਜ਼ਰਾਂ ਅਸਮਾਨ ਵਲ ਵੇਖ ਰਹੀਆਂ ਹਨ। ਪਿਛਲੇ ਸੱਤ ਸਾਲਾਂ ਵਿਚ ਪਹਿਲੀ ਵਾਰ ਪੂਰਾ ਦੇਸ਼ ਇਕ ਵਿਆਪਕ ਸੋਕੇ ਵਲ ਵਧਦਾ ਵਿਖਾਈ ਦੇ ਰਿਹਾ ਹੈ। ਭਾਰਤ ਵਿਚ ਮੌਨਸੂਨ ਦਾ ਸੀਜਨ ਜੂਨ ਵਿਚ ਸ਼ੁਰੂ ਹੁੰਦਾ ਹੈ ਅਤੇ ਸਤੰਬਰ ਵਿਚ ਖਤਮ ਹੋ ਜਾਂਦਾ ਹੈ। ਇਸ ਵਾਰ ਦੇਸ਼ ਵਿਚ ਹਾਲੇ ਤੱਕ ਸਿਰਫ 39.5 ਐਮ.ਐਮ. ਬਾਰਸ਼ ਹੋਈ ਹੈ। ਇਹ ਔਸਤ ਨਾਲੋਂ 45 ਫੀਸਦੀ ਘੱਟ ਹੈ। ਪਿਛਲੇ ਸਾਲ 18 ਜੂਨ ਤੱਕ 113.6 ਐਮ.ਐਮ. ਬਾਰਸ਼ ਹੋ ਚੁੱਕੀ ਸੀ। ਭਾਰਤੀ ਮੌਸਮ ਵਿਭਾਗ ਦੇ ਨਿਰਦੇਸ਼ਕ ਸ੍ਰੀ ਅਜੀਤ ਤਿਆਗੀ ਅਨੁਸਾਰ 'ਸਾਨੂੰ ਆਸ ਹੈ ਕਿ ਜੁਲਾਈ ਦੇ ਪਹਿਲੇ ਹਫਤੇ ਕਾਫੀ ਬਾਰਸ਼ ਹੋਵੇਗੀ ਅਤੇ ਜੇ ਅਜਿਹਾ ਨਹੀਂ ਹੁੰਦਾ ਤਦ ਇਹ ਸਾਡੇ ਸਾਰਿਆਂ ਲਈ ਚਿੰਤਾ ਵਾਲੀ ਗੱਲ ਹੋਵੇਗੀ।' ਮੌਸਮ ਵਿਭਾਗ ਵਲੋਂ ਜਾਰੀ ਕੀਤੇ ਗਏ ਤੱਥਾਂ ਅਨੁਸਾਰ 1 ਜੂਨ ਤੋਂ 17 ਜੂਨ ਤੱਕ ਬਿਹਾਰ ਵਿਚ 14.33 ਐਮ.ਐਮ. ਬਾਰਸ਼ ਹੋਈ ਹੈ। ਜਦਕਿ ਇਸ ਰਾਜ ਵਿਚ ਇਸ ਸਮੇਂ ਦੌਰਾਨ 76.6 ਐਮ.ਐਮ. ਬਾਰਸ਼ ਹੋਣੀ ਚਾਹੀਦੀ ਸੀ। ਉੱਤਰ ਪ੍ਰਦੇਸ਼ ਵਿਚ 31.2 ਐਮ.ਐਮ. ਬਾਰਸ਼ ਹੋਣੀ ਚਾਹੀਦੀ ਹੈ, ਜਦੋਂਕਿ ਹਾਲੇ ਤੱਕ 3.1 ਐਮ.ਐਮ. ਬਾਰਸ਼ ਹੀ ਹੋਈ ਹੈ। ਗੁਜਰਾਤ ਵਿਚ 30 ਐਮ.ਐਮ. ਬਾਰਸ਼ ਹੋਣ ਦੀ ਉਮੀਦ ਸੀ, ਪਰ ਇਹ ਹਾਲੇ ਤੱਕ 1 ਐਮ.ਐਮ. ਹੀ ਹੋ ਸਕੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)


# ਸਿੱਖ ਦੀ ਪਰਿਭਾਸ਼ਾ ਬਾਰੇ ਹਾਈ ਕੋਰਟ ਦਾ ਫ਼ੈਸਲਾ ਬਣ ਸਕਦੈ ਬਾਦਲ ਦਲ ਲਈ ਵੱਡੀ ਪਰੇਸ਼ਾਨੀ

**ਚੰਡੀਗੜ੍ਹ :** ਪੰਜਾਬ-ਹਰਿਆਣਾ ਹਾਈ ਕੋਰਟ ਵਲੋਂ ਸਿੱਖ ਦੀ ਪਰਿਭਾਸ਼ਾ ਸਬੰਧੀ ਦਿੱਤੇ ਗਏ ਫੈਸਲੇ ਨੂੰ ਸ਼੍ਰੋਮਣੀ ਅਕਾਲੀ ਦਲ ਰਾਜਸੀ ਤੌਰ 'ਤੇ ਖਤਰੇ ਦੀ ਘੰਟੀ ਮੰਨ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ, ਜੋ ਕਿ ਜੁਲਾਈ ਮਹੀਨੇ ਤੋਂ ਬਾਅਦ ਕਿਸੇ ਵੀ ਸਮੇਂ ਸੰਭਵ ਹਨ, ਦੌਰਾਨ ਹਾਈ ਕੋਰਟ ਵਲੋਂ ਦਿੱਤਾ ਗਿਆ ਇਹ ਫੈਸਲਾ ਅਕਾਲੀ ਦਲ ਲਈ ਭਾਰੀ ਪੈਣ ਦੀਆਂ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ। ਅਦਾਲਤ ਨੇ ਭਾਵੇਂ ਇਹ ਫੈਸਲਾ ਐਸ.ਜੀ.ਪੀ.ਸੀ. ਦੀਆਂ ਵਿਦਿਅਕ ਸੰਸਥਾਵਾਂ ਵਿਚ ਦਾਖ਼ਲਿਆਂ ਦੇ ਸੰਦਰਭ ਵਿਚ ਦਿੱਤਾ ਸੀ, ਪਰ ਵਿਰੋਧੀ ਦਲ ਇਸ ਨੂੰ ਸ਼੍ਰੋਮਣੀ ਕਮੇਟੀ ਦੇ ਵੋਟਰਾਂ 'ਤੇ ਲਾਗੂ ਕਰਵਾਉਣ ਲਈ ਹੱਥ ਪੈਰ ਮਾਰ ਰਹੇ ਹਨ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਮੁੱਦੇ ਨੂੰ ਬੜੀ ਗੰਭੀਰਤਾ ਨਾਲ ਲੈ ਰਹੇ ਹਨ। ਐਸ.ਜੀ.ਪੀ.ਸੀ. ਚੋਣਾਂ ਤੋਂ ਐਨ ਪਹਿਲਾਂ ਅਕਾਲੀ ਦਲ ਵਿਰੋਧੀ ਪੰਥਕ ਜਥੇਬੰਦੀਆਂ ਦੇ ਇਕ ਮੰਚ 'ਤੇ ਇਕੱਠੇ ਹੋਣ ਨੂੰ ਵੱਡੀ ਚੁਣੌਤੀ ਸਮਝ ਰਹੀ ਹੈ। ਵਿਰੋਧੀਆਂ ਦੀਆਂ ਸਰਗਰਮੀਆਂ ਦੀ ਸੂਹ ਲਾਉਣ ਲਈ ਪੰਜਾਬ ਪੁਲਿਸ ਦਾ ਸੂਹੀਆ ਵਿੰਗ (ਸੀ.ਆਈ.ਡੀ.) ਵੀ ਸਰਗਰਮ ਹੋ ਗਿਆ ਹੈ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹੋਈਆਂ ਨੂੰ ਅਗਲੇ ਮਹੀਨੇ ਜੁਲਾਈ 'ਚ ਪੰਜ ਵਰ੍ਹੇ ਹੋ ਜਾਣਗੇ।

ਵੱਖ-ਵੱਖ ਪੰਥਕ ਤੇ ਸਿੱਖਾਂ ਦੀਆਂ ਨੁਮਾਇੰਦਾ ਰਾਜਸੀ ਧਿਰਾਂ ਵਲੋਂ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਜਮਾਉਣ ਲਈ ਭਾਵੇਂ ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧ 'ਚ ਇਕੱਠੇ ਹੋਣਾ ਕੋਈ ਨਵੀਂ ਗੱਲ ਨਹੀਂ, ਪਰ ਚੋਣਾਂ ਤੋਂ ਪਹਿਲਾਂ ਸਿੱਖ ਦੀ ਪਰਿਭਾਸ਼ਾ ਬਾਰੇ ਸ਼੍ਰੋਮਣੀ ਕਮੇਟੀ ਵਲੋਂ ਅਦਾਲਤ 'ਚ ਲਏ ਸਟੈਂਡ ਅਤੇ ਹਾਈ ਕੋਰਟ ਵਲੋਂ ਸੁਣਾਏ ਗਏ ਫ਼ੈਸਲੇ ਨੇ ਅਕਾਲੀ ਦਲ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ। ਹਾਈ ਕੋਰਟ ਦੇ ਫੈਸਲੇ ਅਨੁਸਾਰ ਦਾੜ੍ਹੀ ਕੇਸ ਵਾਲਾ ਵਿਅਕਤੀ ਅਤੇ ਭਰਵੱਟੇ ਤੱਕ ਨਾ ਕੱਟਣ ਵਾਲੀ ਇਸਤਰੀ ਹੀ ਸਿੱਖ ਕਹਾਉਣ ਦੇ ਹੱਕਦਾਰ ਹਨ ਅਤੇ ਬਾਕੀ ਪਤਿਤ ਮੰਨੇ ਜਾਂਦੇ ਹਨ ਤਾਂ ਸਿੱਖਾਂ ਦਾ ਵੱਡਾ ਹਿੱਸਾ ਸ਼੍ਰੋਮਣੀ ਕਮੇਟੀ ਦੀ ਵੋਟਰ ਲਿਸਟ ਵਿਚੋਂ ਲਾਂਭੇ ਹੋ ਜਾਵੇਗਾ।

ਸੂਤਰਾਂ ਦਾ ਦੱਸਣਾ ਹੈ ਕਿ ਅਕਾਲੀ ਦਲ



(ਬਾਦਲ) ਵਿਰੋਧੀ ਪਾਰਟੀਆਂ ਵਲੋਂ ਹਾਈ ਕੋਰਟ ਦੇ ਹੁਕਮਾਂ ਤਹਿਤ ਹੀ ਸਿੱਖ ਦੀ ਪਰਿਭਾਸ਼ਾ ਤਹਿਤ ਸਿੱਖ ਵੋਟਰਾਂ ਦੀਆਂ ਸੂਚੀਆਂ ਬਣਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਇਆ ਜਾ ਰਿਹਾ ਹੈ। ਇਸ ਕੰਮ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਜਿਨ੍ਹਾਂ ਦੀ ਯੂ.ਪੀ.ਏ. ਸਰਕਾਰ 'ਚ ਚੰਗੀ ਪੈਂਠ ਹੈ, ਜ਼ੋਰ ਅਜ਼ਮਾਈ ਕਰ ਰਹੇ ਹਨ। ਜੇ ਇਸ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵੀ ਹਾਈ ਕੋਰਟ ਦੇ ਫੈਸਲੇ ਨੂੰ ਅਧਾਰ ਬਣਾ ਕੇ ਬਣਦੀਆਂ ਹਨ ਤਾਂ ਆਉਣ ਵਾਲੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚੁਣੌਤੀ ਸਾਬਤ ਹੋਣਗੀਆਂ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਵੀ ਮੰਨਣਾ ਹੈ ਕਿ ਜੇ ਸਿੱਖ ਦੀ ਨਵੀਂ ਪਰਿਭਾਸ਼ਾ ਹੀ ਐਸ.ਜੀ.ਪੀ.ਸੀ. ਦੇ ਵੋਟਰਾਂ 'ਤੇ ਲਾਗੂ ਹੋ ਜਾਂਦੀ ਹੈ, ਤਾਂ ਇਸ ਦਾ ਲਾਭ ਗਰਮ ਖ਼ਿਆਲੀ ਸਿੱਖ ਧੜਿਆਂ ਨੂੰ ਹੋ ਸਕਦਾ ਹੈ।

ਗਰਮ ਖ਼ਿਆਲੀ ਧੜਿਆਂ ਦੇ ਸ਼੍ਰੋਮਣੀ ਕਮੇਟੀ 'ਚ ਸੰਭਾਵੀ ਦਾਖ਼ਲੇ ਨੂੰ ਲੈ ਕੇ ਖੁਫੀਆ ਏਜੰਸੀਆਂ ਦੇ ਵੀ ਕੰਨ ਖੜ੍ਹੇ ਹੋ ਗਏ ਹਨ। ਸਾਲ 1996 'ਚ ਹੋਈਆਂ ਆਮ ਚੋਣਾਂ ਦੌਰਾਨ ਐਸ.ਜੀ.ਪੀ.ਸੀ. ਦੇ ਵੋਟਰਾਂ ਦੀ ਗਿਣਤੀ 1 ਕਰੋੜ ਦੇ ਕਰੀਬ ਸੀ। ਉਸ ਸਮੇਂ ਸਹਿਜਧਾਰੀ ਵੀ ਸ਼੍ਰੋਮਣੀ ਕਮੇਟੀ ਦੇ ਵੋਟਰ ਸਨ।

ਉਸ ਤੋਂ ਬਾਅਦ 2004 ਦੀਆਂ ਚੋਣਾਂ ਦੌਰਾਨ ਸਹਿਜਧਾਰੀਆਂ ਦਾ ਪੱਤਾ ਸਾਫ ਕਰ ਦਿੱਤਾ ਗਿਆ, ਤਾਂ ਇਨ੍ਹਾਂ ਵੋਟਰਾਂ ਦੀ ਗਿਣਤੀ ਘੱਟ ਕੇ 50 ਲੱਖ ਦੇ ਕਰੀਬ ਹੀ ਰਹਿ ਗਈ। ਇਹ ਵੋਟਰ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਵਿਚ ਹਨ। ਇਸ ਤਰ੍ਹਾਂ ਜੇ ਹਾਈਕੋਰਟ ਦੇ ਫ਼ੈਸਲੇ ਅਨੁਸਾਰ ਸਿੱਖ ਦੀ ਨਵੀਂ ਪਰਿਭਾਸ਼ਾ ਅਨੁਸਾਰ ਵੋਟਾਂ ਬਣਦੀਆਂ ਹਨ ਤਾਂ ਗਿਣਤੀ ਹੋਰ ਵੀ ਘਟ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧੀ ਧੜਿਆਂ ਵਲੋਂ ਪਿਛਲੇ ਦਿਨੀਂ ਨਵੀਂ ਦਿੱਲੀ 'ਚ ਇਕ ਮੀਟਿੰਗ ਕੀਤੀ ਗਈ, ਜਿਸ ਦਾ ਪ੍ਰਬੰਧ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਲੋਂ ਕੀਤਾ ਗਿਆ। ਇਸ ਮੀਟਿੰਗ 'ਚ ਅਕਾਲੀ ਦਲ ਪੰਚ ਪ੍ਰਧਾਨੀ ਦੇ ਦਲਜੀਤ ਸਿੰਘ ਬਿੱਟੂ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ, ਕਾਂਗਰਸ 'ਚ ਸ਼ਾਮਲ ਹੋਏ ਅਕਾਲੀ ਆਗੂ ਇੰਦਰਜੀਤ ਸਿੰਘ ਜ਼ੀਰਾ ਅਤੇ ਸ਼੍ਰੋਮਣੀ ਅਕਾਲੀ ਦਲ 'ਚੋਂ ਹਾਲ ਹੀ ਵਿਚ ਕੱਢੇ ਗਏ ਅਕਾਲੀ ਆਗੂ ਬਲਦੇਵ ਸਿੰਘ ਮਾਨ ਅਤੇ ਹਰਿਆਣਾ ਲਈ ਵੱਖਰੀ ਐਸ.ਜੀ.ਪੀ.ਸੀ. ਦੀ ਲੜਾਈ ਲੜ ਰਹੇ ਜਗਦੀਸ਼ ਸਿੰਘ ਝੀਂਡਾ ਸ਼ਾਮਲ ਸਨ। ਇਸੇ ਦੌਰਾਨ ਗੁਰਦੁਆਰਾ ਚੋਣ ਕਮਿਸ਼ਨ ਨੇ ਵੀ ਚੋਣ ਅਮਲ ਸਬੰਧੀ ਤਿਆਰੀਆਂ ਆਰੰਭ ਦਿੱਤੀਆਂ ਹਨ। ਸੂਤਰਾਂ ਅਨੁਸਾਰ ਗੁਰਦੁਆਰਾ ਚੋਣ ਕਮਿਸ਼ਨਰ ਗੁਰਦੇਵ ਸਿੰਘ ਨੇ 12 ਜੂਨ ਨੂੰ ਮੀਟਿੰਗ ਕਰਕੇ ਤਿਆਰੀਆਂ ਦਾ ਜਾਇਜ਼ਾ ਵੀ ਲਿਆ। ਸੰਭਾਵਨਾ ਹੈ ਕਿ ਐਸ.ਜੀ.ਪੀ.ਸੀ. ਦੀਆਂ ਆਮ ਚੋਣਾਂ ਇਸ ਸਾਲ ਦੇ ਅੰਤਲੇ ਮਹੀਨਿਆਂ ਜਾਂ 2010 ਦੇ ਆਰੰਭ 'ਚ ਹੋ ਸਕਦੀਆਂ ਹਨ।

# ਅਮਰੀਕੀ ਕਾਂਗਰਸ ਲਾਇਬਰੇਰੀ ਸਿੱਖ ਸਾਹਿਤ ਇਕੱਠਾ ਕਰਨ ਲਗੀ

***ਲਾਇਬਰੇਰੀ ਵਿਚ 470 ਤੋਂ ਵਧ ਭਾਸ਼ਾਵਾਂ ਵਿਚ 14.20 ਕਰੋੜ ਆਈਟਮਾਂ ਹਨ ਅਤੇ ਇਹ ਹਰ ਤਰ੍ਹਾਂ ਦੀ ਪ੍ਰਕਾਸ਼ਨਾ ਦਾ ਕੇਂਦਰੀ ਭੰਡਾਰ ਹੈ।***

**ਵਾਸ਼ਿੰਗਟਨ :** ਅਮਰੀਕਾ ਦੇ ਪਰਵਾਸੀ ਭਾਈਚਾਰਿਆਂ ਵਿਚ ਅਮਰੀਕੀ ਸਿੱਖਾਂ ਦੇ ਵਿਸ਼ੇਸ਼ ਸਥਾਨ ਦੀ ਕਦਰ ਕਰਦਿਆਂ ਕਾਂਗਰਸ (ਸੰਸਦ) ਦੀ ਲਾਇਬਰੇਰੀ ਨੇ ਇਕ 'ਸਿੱਖ ਸੰਗ੍ਰਹਿ' ਉਦਮ ਸ਼ੁਰੂ ਕੀਤਾ ਹੈ। ਪਿਛਲੇ ਹਫਤੇ ਸਿੱਖੀ ਬਾਰੇ ਇਕ ਦੋ ਰੋਜ਼ਾ ਕੌਮਾਂਤਰੀ ਕਾਨਫਰੰਸ ਨਾਲ ਸ਼ੁਰੂ ਕੀਤੇ ਇਸ ਉਦਮ ਦਾ ਮਨੋਰਥ ਵੱਖ-ਵੱਖ ਸਾਹਿਤਕ ਅਤੇ ਹੋਰ ਖੋਜ ਸਮੱਗਰੀ ਨੂੰ ਕਾਂਗਰਸ ਦੀ ਇਸ ਵਕਾਰੀ ਲਾਇਬਰੇਰੀ ਵਿਚ ਇਕ ਥਾਂ ਲਿਆਉਣਾ ਹੈ। ਇਸ ਲਾਇਬਰੇਰੀ ਵਿਚ 470 ਤੋਂ ਵਧ ਭਾਸ਼ਾਵਾਂ ਵਿਚ 14.20 ਕਰੋੜ ਆਈਟਮਾਂ ਹਨ ਅਤੇ ਇਹ ਹਰ ਤਰ੍ਹਾਂ ਦੀ ਪ੍ਰਕਾਸ਼ਨਾ ਦਾ ਕੇਂਦਰੀ ਭੰਡਾਰ ਹੈ। ਇਜ਼ਰਾਈਲ ਵਿਚ ਭਾਰਤ ਦੇ ਰਾਜਦੂਤ ਨਵਤੇਜ ਸਰਨਾ ਨੇ ਕਿਹਾ, 'ਸਿੱਖ ਇਤਿਹਾਸ ਦੇ ਮੂਲ ਦਸਤਾਵੇਜ਼ ਅਤੇ ਹੱਥ ਖਰੜੇ ਕਾਂਗਰਸ ਦੀ ਲਾਇਬਰੇਰੀ ਵਿਚ ਇਕੱਤਰ ਕਰਨੇ ਇਕ ਬਹੁਤ ਅਹਿਮ ਘਟਨਾਕ੍ਰਮ ਹੈ।'

ਪੰਜਾਬ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਉਪਰ ਇਕ ਕਿਤਾਬ 'ਦਿ ਐਗਜ਼ਾਈਲ' (ਜਲਾਵਤਨੀ) ਦੇ ਲੇਖਕ ਸ੍ਰੀ ਸਰਨਾ ਨੇ ਸਿੱਖੀ ਬਾਰੇ ਇਸ ਕੌਮਾਂਤਰੀ ਕਾਨਫਰੰਸ ਵਿਚ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਸੀ। ਇਹ ਕਾਨਫਰੰਸ ਲਾਇਬਰੇਰੀ ਦੀ 'ਸਿੱਖ ਕੁਲੈਕਸ਼ਨ ਇਨੀਸ਼ੀਏਟਿਵ' ਵਲੋਂ ਕੌਰ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਰਵਾਈ ਗਈ ਸੀ। ਸੰਨ 2002 ਵਿਚ ਕਾਇਮ ਹੋਈ, ਇਸ ਫਾਊਂਡੇਸ਼ਨ ਦਾ ਮੰਤਵ ਅਮਰੀਕੀ ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਜ਼ਗਾਰ ਮਾਹੌਲ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਵਧੇਰੇ ਸਮਰੱਥ ਬਣਾਉਣਾ ਹੈ। ਸ੍ਰੀ ਸਰਨਾ ਨੇ ਕਿਹਾ, "ਇਹ (ਸਿੱਖ ਕੁਲੈਕਸ਼ਨ ਉਦਮ) ਅਮਰੀਕਾ ਵਿਚ ਭਾਰਤ ਬਾਰੇ ਖੋਜ ਤੇ ਬਿਹਤਰ ਸੂਝ-ਬੂਝ ਨੂੰ ਹੁਲਾਰਾ ਦੇਵੇਗਾ।

ਇਹ ਖੋਜੀਆਂ ਲਈ ਇਕ ਮਿਸਾਲੀ ਵਸੀਲਾ ਸਾਬਤ ਹੋਵੇਗਾ ਅਤੇ ਮੇਰਾ ਖਿਆਲ ਹੈ ਕਿ ਭਾਰਤੀ ਇਤਿਹਾਸ ਤੋਂ ਇਨ੍ਹਾਂ ਕੁਲੈਕਸ਼ਨਾਂ ਦਾ ਅਸੀਂ ਚੰਗਾ ਇਸਤੇਮਾਲ ਕਰ ਸਕਦੇ ਹਾਂ।" ਸਿੱਖ ਭਾਈਚਾਰੇ ਨੂੰ ਅਮਰੀਕਾ ਦੀ ਬਹੁਨਸਲੀ ਪਛਾਣ ਦੀ ਇਕ ਪਰਤ ਕਰਾਰ ਦਿੰਦਿਆਂ ਕਾਂਗਰਸ ਦੇ ਲਾਇਬਰੇਰੀਅਨ ਜੇਮਜ਼ ਐਚ. ਬਿਲਿੰਗਟਨ ਨੇ ਕਿਹਾ ਕਿ ਅਮਰੀਕੀ ਸਿੱਖਾਂ ਦੀ ਮੋਹਰੀ ਸੰਸਥਾ 'ਕੌਰ ਫਾਊਂਡੇਸ਼ਨ' ਦੇ ਸਹਿਯੋਗ ਨਾਲ ਸ਼ੁਰੂ ਕੀਤੇ ਇਸ ਉਦਮ ਦਾ ਮੰਤਵ ਸਿੱਖਾਂ ਦੇ ਵਿਰਸੇ ਦੀ ਸਾਂਭ-ਸੰਭਾਲ ਨੂੰ ਹੱਲਾਸ਼ੇਰੀ ਦੇਣਾ ਹੈ।

ਕੌਰ ਫਾਊਂਡੇਸ਼ਨ ਦੀ ਪ੍ਰਧਾਨ ਮਿਰੀਨ ਕੌਰ ਨੇ ਕਿਹਾ, "ਸਿੱਖ ਸੰਗ੍ਰਹਿ ਉਦਮ ਪਰਚਿਆਂ, ਕਿਤਾਬਾਂ, ਪੱਤਰਾਂ ਜਿਹੀ ਸਮੱਗਰੀ ਦਾ ਇਕ ਸੰਗ੍ਰਹਿ ਹੈ, ਜੋ ਕਾਂਗਰਸ ਦੀ ਲਾਇਬਰੇਰੀ ਦਾ ਇਕ ਸਥਾਈ ਸਰੋਤ ਬਣੇਗਾ।"

ਸ਼ੁਰੂਆਤੀ ਤੌਰ 'ਤੇ ਫਾਊਂਡੇਸ਼ਨ ਨੇ ਉਨ੍ਹਾਂ ਕਿਤਾਬਾਂ ਦਾ ਇਕ ਵੱਡਾ ਸੰਗ੍ਰਹਿ ਜਾਰੀ ਕੀਤਾ ਹੈ, ਜੋ ਇਸ ਵੇਲੇ ਛਪਣੀਆਂ ਬੰਦ ਹੋ ਗਈਆਂ ਹਨ। ਫਾਊਂਡੇਸ਼ਨ ਦੀ ਕਾਰਕੁੰਨ ਇਨੀ ਕੌਰ ਨੇ ਦੱਸਿਆ ਕਿ ਲਾਇਬਰੇਰੀ ਵਿਚ ਆਈ ਨਵੀਂ ਆਮਦ ਵਿਚ ਭਾਈ ਵੀਰ ਸਿੰਘ ਦਾ ਸਮੁੱਚਾ ਸੰਗ੍ਰਹਿ ਅਤੇ ਗੁਰਮੁਖੀ ਵਿਚ ਭਾਈ ਰਣਧੀਰ ਸਿੰਘ ਦੀਆਂ ਲਿਖਤਾਂ ਸ਼ਾਮਲ ਹਨ।

ਮਿਰੀਨ ਕੌਰ ਨੇ ਦੱਸਿਆ, "ਅਸੀਂ ਲਾਇਬਰੇਰੀ ਨੂੰ ਦੋ ਐਮ.ਪੀ.-3 ਵੀ ਦਿੱਤੇ ਹਨ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਹੈ। ਅਸੀਂ ਇਹ ਸਮੱਗਰੀ ਵੀ ਇਕੱਤਰ ਕਰ ਰਹੇ ਹਾਂ ਕਿ 18ਵੀਂ ਸਦੀ ਵਿਚ ਸਿੱਖਾਂ ਦਾ ਜੀਵਨ ਕਿਹੋ ਜਿਹਾ ਸੀ ਅਤੇ ਅੱਜ-ਕੱਲ੍ਹ ਕਿਹੋ ਜਿਹਾ ਹੈ।


# Real Estate and Loans Under One Roof

**Call: Sam Chahal Tel: 916-612-5773**

**Multi-Million Dollars Producer-2007-08**

**Reo-Bankowned Properties**

**Serving from Bay Area to Sacramento**



**Sam (Sohanpreet)Chahal**

**CA Lic. 01504071**

**Realtor/Notary Public**

e-mail:sam@jassigill.com

We Help You Buy/Sell Business & Homes

***For Buying and Selling Residential, Commercial property and for Loans in Sacramento area***

**It's a Great time for Investors and first time buyers to buy their dream home.**

**ਪਹਿਲੀ ਵਾਰ ਘਰ ਖਰੀਦਣ ਅਤੇ ਇਨਵੈਸਟਮੈਂਟ ਲਈ ਸੁਨਹਿਰੀ ਮੌਕਾ**

**ਘਰਾਂ ਦੀਆਂ ਕੀਮਤਾਂ ਵਧਣ ਲੱਗ ਪਈਆਂ ਹਨ, ਆਪਣੇ ਸੁਪਨਿਆਂ ਦਾ ਘਰ ਖਰੀਦਣ ਦਾ ਇਹੋ ਸਹੀ ਮੌਕਾ ਹੈ।**

**We can help you get a loan with as little as 3.5% down.**

**Interest rates are historic low and to get your dream home or investment property.**

**Call Master of Winners in Multiple Offers**

**ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।**

# Golden State Realty

**Sacramento Office: 8695 Territorial Way, Elk Grove CA 95624**

**Tel: 916-612-5773 Fax: 916-689-5707**

# ਮਨੋਰੰਜਨ ਕਾਲੀਆ-ਮੱਕੜ ਵਾਲਾ ਵਿਵਾਦ ਸੁਲਝਣ ਦੇ ਆਸਾਰ ਬਣੇ

## ਭਾਜਪਾ ਹਾਈ ਕਮਾਨ ਨੇ ਇਕ ਵਾਰ ਫਿਰ ਪੰਜਾਬ ਭਾਜਪਾ ਨੂੰ ਲਿਫਣ ਦੀ ਸਲਾਹ ਦਿੱਤੀ

**ਚੰਡੀਗੜ੍ਹ :** ਅਕਾਲੀ ਦਲ ਦੀ ਸਿਆਸੀ ਮਾਮਲਿਆਂ ਨੂੰ ਲੈ ਕੇ 22 ਜੂਨ ਨੂੰ ਇੱਥੇ ਸੱਦੀ ਗਈ ਕੋਰ ਕਮੇਟੀ ਦੀ ਅਹਿਮ ਮੀਟਿੰਗ ਵਿਚ ਭਾਜਪਾ ਨਾਲ ਸਬੰਧਾਂ ਵਿਚ ਪੈਦਾ ਹੋਈ ਕੁੜੱਤਣ ਦੂਰ ਕਰਨ ਤੋਂ ਇਲਾਵਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਤੇ ਅਕਾਲੀ ਵਿਧਾਇਕ ਸਰਬਜੀਤ ਸਿੰਘ ਮੱਕੜ ਵਿਚਕਾਰ ਹੋਈ ਲੜਾਈ ਦਾ ਹੱਲ ਕੱਢਣ ਬਾਰੇ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਦੇਰ ਰਾਤ ਤੱਕ ਦੋਵਾਂ ਪਾਰਟੀਆਂ ਦੇ ਨੇਤਾਵਾਂ ਵਿਚਕਾਰ ਹੋਈਆਂ ਮੀਟਿੰਗਾਂ ਵਿਚ ਗੱਲ ਕਿਸੇ ਕੰਢੇ ਨਾ ਲੱਗੀ। ਭਾਵੇਂ ਕਿ ਸਮਝੌਤਾ ਹੋਣ ਦੇ ਆਸਾਰ ਦਿਸਣ ਲਗੇ ਹਨ। ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਭਾਜਪਾ ਨਾਲ ਹੋਈ ਮੁੱਖ ਮੰਤਰੀ ਦੀ ਅਗਵਾਈ ਵਾਲੀ ਮੀਟਿੰਗ ਵਿਚ ਭਾਜਪਾ ਮੰਤਰੀ ਕਾਲੀਆ ਤੇ ਅਕਾਲੀ ਵਿਧਾਇਕ ਵਿਚ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ।

ਭਾਜਪਾ ਦੇ ਸੂਬਾ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ, ਬਲਰਾਮ ਜੀ ਦਾਸ ਟੰਡਨ, ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਸਮੇਤ ਕਈ ਸੀਨੀਅਰ ਆਗੂ ਇਸ ਮੀਟਿੰਗ ਵਿਚ ਸ਼ਾਮਲ ਸਨ। ਦੋਵੇਂ ਪਾਰਟੀਆਂ ਦੇ ਨੇਤਾਵਾਂ ਵਿਚ ਉਂਝ ਹੋਰ ਕਈ ਮਸਲਿਆਂ 'ਤੇ ਸਹਿਮਤੀ ਹੋਈ। ਇਸ ਤੋਂ ਪਹਿਲਾਂ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ 'ਚ ਕਈ ਆਗੂਆਂ ਨੇ ਆਪਣੀ ਰਾਇ ਦਿੰਦੇ ਹੋਏ ਅਕਾਲੀ ਵਿਧਾਇਕ ਮੱਕੜ ਨੂੰ ਕਟਹਿਰੇ 'ਚ ਖੜ੍ਹਾ ਕਰਦੇ ਹੋਏ ਕਿਹਾ ਕਿ ਉਸ ਨੂੰ ਭਾਜਪਾ ਮੰਤਰੀ ਨਾਲ ਅਜਿਹਾ ਵਿਵਹਾਰ ਨਹੀਂ ਕਰਨਾ ਚਾਹੀਦਾ ਸੀ, ਸਗੋਂ ਮੁੱਖ ਮੰਤਰੀ ਨਾਲ ਆ ਕੇ ਗੱਲ ਕਰਨੀ ਚਾਹੀਦੀ ਸੀ। ਇਸ ਦੇ ਨਾਲ ਹੀ ਉਨ੍ਹਾਂ ਭਾਜਪਾ ਮੰਤਰੀਆਂ ਦੀ ਢਿੱਲੀ ਕਾਰਗੁਜ਼ਾਰੀ 'ਤੇ ਵੀ ਸਵਾਲ ਉਠਾਏ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰਾਂ ਨੇ ਪੰਜਾਬ ਭਾਜਪਾ ਦੇ ਮੰਤਰੀਆਂ ਅਤੇ ਨੇਤਾਵਾਂ ਖਿਲਾਫ



ਸਰਬਜੀਤ ਸਿੰਘ ਮੱਕੜ

ਆਪਣੀ ਖੁੱਲ੍ਹ ਕੇ ਭੜਾਸ ਕੱਢੀ। ਪ੍ਰੰਤੂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਰਿਆਂ ਨੂੰ ਇਸ ਦੇ ਹੱਲ ਲਈ ਕੋਸ਼ਿਸ਼ਾਂ ਕਰਨ ਨੂੰ ਕਿਹਾ। ਉਨ੍ਹਾਂ ਕਿਹਾ ਕਿ ਆਪਾਂ ਸਰਕਾਰ ਚਲਾਉਣੀ ਹੈ ਅਤੇ ਆਪਣੀ ਭਾਈਵਾਲ ਭਾਜਪਾ ਪਾਰਟੀ ਨਾਲ ਵਧੀਆ ਸਬੰਧ ਬਣਾਉਣੇ ਹਨ। ਦੂਸਰੇ ਪਾਸੇ ਭਾਜਪਾ ਹਾਈਕਮਾਨ ਦੀ ਹਦਾਇਤ 'ਤੇ ਪੰਜਾਬ ਭਾਜਪਾ ਇਕ ਵਾਰ ਫਿਰ ਅਕਾਲੀਆਂ ਅਗੇ ਲਿਫਦੀ ਵਿਖਾਈ ਦੇ ਰਹੀ ਹੈ।

17 ਜੂਨ ਨੂੰ ਕਾਲੀਆ ਨੂੰ ਮਿਲਣ ਲਈ ਸ਼੍ਰੀ ਮੱਕੜ ਚੰਡੀਗੜ੍ਹ ਸਥਿਤ ਉਨ੍ਹਾਂ ਦੇ ਸਰਕਾਰੀ ਨਿਵਾਸ ਵਿਖੇ ਗਏ ਅਤੇ ਉਥੇ ਉਨ੍ਹਾਂ ਆਪਣੇ ਪ੍ਰਾਜੈਕਟਾਂ ਦੀ ਸਥਿਤੀ ਬਾਰੇ ਜਾਣਨਾ ਚਾਹਿਆ। ਉਨ੍ਹਾਂ ਅਤੇ ਉਨ੍ਹਾਂ ਦੇ ਭਰਾ ਵਲੋਂ ਜਲੰਧਰ 'ਚ ਮੈਗਾ ਮਾਲਜ਼ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਜਦੋਂ ਸ੍ਰੀ ਕਾਲੀਆ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀਆਂ ਫਾਈਲਾਂ 'ਚ 'ਫਾਈਨਲ ਕਲੀਅਰੈਂਸ' ਲਈ ਭੇਜ ਦਿੱਤੀਆਂ ਹਨ ਤਾਂ ਨਾਰਾਜ਼ ਮੱਕੜ ਨੇ ਉਥੇ ਹਾਜ਼ਰ ਇਕ ਐਸ.ਪੀ. ਅਤੇ ਮੰਤਰੀ ਦੇ ਸਟਾਫ ਦੇ ਸਾਹਮਣੇ ਹੀ ਸ਼੍ਰੀ ਕਾਲੀਆ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਜਦੋਂਕਿ ਸ਼੍ਰੀ ਮੱਕੜ ਦਾ ਕਹਿਣਾ ਹੈ ਕਿ ਉਨ੍ਹਾਂ ਗਾਲ੍ਹਾਂ ਤਾਂ ਨਹੀਂ ਕੱਢੀਆਂ, ਪਰ ਕੁਝ ਸਖ਼ਤ ਸ਼ਬਦਾਂ ਦੀ ਵਰਤੋਂ ਜ਼ਰੂਰ ਕੀਤੀ ਸੀ। ਉਨ੍ਹਾਂ ਕਿਹਾ ਕਿ ਮੇਰੇ ਦੋ ਪ੍ਰਾਜੈਕਟਾਂ 'ਚ ਬੀਤੇ 9 ਮਹੀਨਿਆਂ ਤੋਂ ਦੇਰੀ ਕੀਤੀ ਜਾ ਰਹੀ ਸੀ। ਜੇ ਮੰਤਰੀ ਇਕ ਵਿਧਾਇਕ ਦੇ ਪ੍ਰਾਜੈਕਟ ਨੂੰ ਪ੍ਰਵਾਨਗੀ ਦੇਣ ਦੇ ਮਾਮਲੇ 'ਚ ਇੰਨੀ ਢਿੱਲ-ਮੱਠ ਦਿਖਾਉਂਦੇ ਹਨ ਤਾਂ ਫਿਰ ਆਮ ਆਦਮੀ ਦੀ ਹਾਲਤ ਕੀ ਹੋਵੇਗੀ, ਇਸ ਦਾ ਅੰਦਾਜ਼ਾ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਕਾਲੀਆ ਨੇ ਮੱਕੜ ਭਰਾਵਾਂ ਨੂੰ 50 ਲੱਖ ਰੁਪਏ ਤਕ ਦੀ ਰਿਆਇਤ ਪ੍ਰਦਾਨ ਕੀਤੀ ਹੈ। ਮੱਕੜ 'ਲੈਂਡ ਯੂਜ਼' ਅਤੇ ਨਕਸ਼ੇ 'ਚ ਤਬਦੀਲੀ ਆਦਿ ਦੀਆਂ ਰਿਆਇਤਾਂ, ਉਸਾਰੀ ਦੀ ਫੀਸ 'ਚ ਛੋਟ ਅਤੇ ਬੇਸਮੈਂਟ ਦੇ ਪ੍ਰਵਾਨਿਤ ਆਕਾਰ 'ਚ ਵਾਧਾ ਵੀ ਕਰਵਾਉਣਾ ਚਾਹੁੰਦੇ ਸਨ।

ਇਸ ਦੌਰਾਨ ਪੰਜਾਬ ਸਰਕਾਰ 'ਚ ਅਕਾਲੀ ਦਲ ਅਤੇ ਭਾਜਪਾ ਮੰਤਰੀਆਂ ਵਿਚਕਾਰ ਪਿਛਲੇ ਢਾਈ ਸਾਲਾਂ ਤੋਂ ਚੱਲੇ ਆ ਰਹੇ ਟਕਰਾਅ ਨੂੰ ਰੋਕਣ ਅਤੇ ਅਕਾਲੀ ਦਲ ਨਾਲ ਸਬੰਧ ਕਾਇਮ ਰੱਖਣ ਲਈ ਭਾਜਪਾ ਹਾਈਕਮਾਨ ਨੇ ਸੂਬਾ ਸਰਕਾਰ 'ਚ ਆਪਣੇ ਮੰਤਰੀਆਂ ਨੂੰ ਬਦਲਣ ਦਾ ਵੀ ਫ਼ੈਸਲਾ ਕੀਤਾ ਹੈ। ਉੱਚ ਪੱਧਰੀ ਸੂਤਰਾਂ ਅਨੁਸਾਰ ਭਾਜਪਾ ਹਾਈਕਮਾਨ ਵਲੋਂ ਅਗਲੇ ਦਿਨਾਂ 'ਚ ਪੰਜਾਬ ਦੇ ਭਾਜਪਾ ਮੰਤਰੀਆਂ ਤੋਂ ਅਸਤੀਫੇ ਲੈ ਲਏ ਜਾਣਗੇ ਅਤੇ ਉਨ੍ਹਾਂ ਦੀ ਥਾਂ ਹੋਰਨਾਂ ਵਿਧਾਇਕਾਂ ਨੂੰ ਮੰਤਰੀ



ਮਨੋਰੰਜਨ ਕਾਲੀਆ

ਮੰਡਲ 'ਚ ਸ਼ਾਮਲ ਕੀਤਾ ਜਾਵੇਗਾ। ਸੂਤਰਾਂ ਅਨੁਸਾਰ ਅਕਾਲੀ ਦਲ ਦੇ ਵਿਧਾਇਕ ਸਰਬਜੀਤ ਸਿੰਘ ਮੱਕੜ ਵਲੋਂ ਕੈਬਨਿਟ ਮੰਤਰੀ ਮਨੋਰੰਜਨ ਕਾਲੀਆਂ ਨਾਲ ਬਦਸਲੂਕੀ ਦਾ ਮਾਮਲਾ ਲੈ ਕੇ ਪਾਰਟੀ ਹਾਈ ਕਮਾਂਡ ਕੋਲ ਪੁੱਜੇ ਆਗੂਆਂ ਦੀ ਵੀ ਹਾਈ ਕਮਾਂਡ ਵਲੋਂ ਖਿਚਾਈ ਕੀਤੀ ਗਈ ਅਤੇ ਕਿਹਾ ਗਿਆ ਕਿ ਆਪਸੀ ਮੱਤਭੇਦਾਂ ਦਾ ਲੋਕ ਸਭਾ ਚੋਣਾਂ 'ਚ ਅਕਾਲੀ ਦਲ ਭਾਜਪਾ ਗੱਠਜੋੜ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹਾਈ ਕਮਾਂਡ ਨੇ ਪੰਜਾਬ ਦੇ ਆਗੂਆਂ ਨੂੰ ਸਾਫ ਸ਼ਬਦਾਂ 'ਚ ਦੱਸ ਦਿੱਤਾ ਹੈ ਕਿ ਪਾਰਟੀ ਅਕਾਲੀ ਦਲ ਨਾਲ ਸਬੰਧ ਨਹੀਂ ਤੋੜਨਾ ਚਾਹੁੰਦੀ। ਪੰਜਾਬ ਭਾਜਪਾ ਦੀ ਲੀਡਰਸ਼ਿਪ ਵਿਚ ਮੱਕੜ ਵਾਲੀ ਰਵਾਇਤ ਦੀ ਨੀਂਹ ਤਾਂ ਪੰਜਾਬ ਵਿਚ ਹੋਈਆਂ ਨਗਰ ਨਿਗਮ ਚੋਣਾਂ ਸਮੇਂ ਪੈ ਗਈ ਸੀ। ਉਸ ਵੇਲੇ ਭਾਜਪਾ ਨੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਸੀ, ਜਿਸ ਕਾਰਨ ਨੌਬਤ ਇਥੋਂ ਤਕ ਪਹੁੰਚ ਗਈ ਹੈ ਕਿ ਅਕਾਲੀ ਵਿਧਾਇਕ ਨੇ ਭਾਜਪਾ ਮੰਤਰੀ ਦੇ ਘਰ ਜਾ ਕੇ ਸ਼ਰ੍ਹੇਆਮ ਮਾੜੀ ਭਾਸ਼ਾ ਦੀ ਵਰਤੋਂ ਕੀਤੀ। ਮਈ 2008 ਵਿਚ ਬਲਾਕ ਸੰਮਤੀ ਅਤੇ ਜ਼ਿਲਾ ਪ੍ਰੀਸ਼ਦ ਦੀਆਂ ਚੋਣਾਂ ਦੌਰਾਨ ਬਠਿੰਡਾ ਵਿਚ ਭਾਜਪਾ ਦੇ ਵਰਕਰਾਂ, ਜਿਨ੍ਹਾਂ ਵਿਚ ਸਮਾਲ ਟਰੇਡਰਜ਼ ਬੋਰਡ ਦੇ ਉਪ ਚੇਅਰਮੈਨ ਸਮੇਤ ਹੋਰ ਭਾਜਪਾ ਨੇਤਾ ਸ਼ਾਮਲ ਸਨ, ਉਤੇ ਅਕਾਲੀ ਦਲ ਦੇ ਆਗੂਆਂ ਨੇ ਹਮਲਾ ਕਰ ਕੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਸੀ।

ਇਸ ਤੋਂ ਬਾਅਦ ਤਰਨਤਾਰਨ ਵਿਚ ਭਾਜਪਾ ਵਿਧਾਇਕ ਅਨਿਲ ਜੋਸ਼ੀ ਦੇ ਹਮਾਇਤੀਆਂ 'ਤੇ ਹਮਲੇ ਦੇ ਨਾਲ ਨਾਲ ਵਿਧਾਇਕ ਦੀ ਕਾਰ ਤਕ ਅਕਾਲੀ ਆਗੂਆਂ ਨੇ ਸਾੜ ਦਿੱਤੀ। ਉਸ ਮਾਮਲੇ ਵਿਚ ਭਾਜਪਾ ਨੇ ਹਮਾਇਤ ਵਾਪਸੀ ਤੱਕ ਦਾ ਝਟਕਾ ਦੇਣਾ ਚਾਹਿਆ। ਪਰ ਕੇਂਦਰ ਵਿਚ ਬੈਠੇ ਭਾਜਪਾ ਨੇਤਾ ਉਸ ਵੇਲੇ ਲੋਕ ਸਭਾ ਚੋਣਾਂ ਦੇ ਇੰਤਜ਼ਾਰ ਵਿਚ ਕੋਈ ਵੀ ਨੁਕਸਾਨ ਝੱਲਣਾ ਨਹੀਂ ਚਾਹੁੰਦੇ ਸਨ। ਜਿਸ ਕਾਰਨ ਮਾਮਲਾ ਰਫਾ-ਦਫਾ ਕਰ ਦਿੱਤਾ ਗਿਆ। ਇਸ ਦੌਰਾਨ ਵਿਧਾਇਕ ਮੱਕੜ ਦਾ ਪੁਤਲਾ ਸਾੜਨ ਵਾਲਿਆਂ ਭਾਜਪਾ ਵਰਕਰਾਂ ਦੇ ਘਰੀਂ ਪੁਲਿਸ ਵਲੋਂ ਛਾਪੇ ਮਾਰੇ ਗਏ। ਇਸ ਮੁੱਦੇ 'ਤੇ ਸਮੁਚੀ ਪੰਜਾਬ ਭਾਜਪਾ ਇਕ ਹੋ ਗਈ ਹੈ।

# ਹੁਣ ਭਾਜਪਾ ਦੀ ਅੰਮ੍ਰਿਤਸਰ ਇਕਾਈ 'ਚ ਵੀ ਅੰਦਰੂਨੀ ਫੁੱਟ ਸਾਹਮਣੇ ਆਈ

**ਅੰਮ੍ਰਿਤਸਰ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਾਬਕਾ ਮੰਤਰੀ ਤੇ ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਬਿਕਰਮ ਸਿੰਘ ਮਜੀਠੀਆ ਨੇ ਭਾਜਪਾ ਦੀ ਜ਼ਿਲ੍ਹਾ ਇਕਾਈ ਵਿਚ ਇਸ ਕਦਰ ਪੈਂਠ ਬਣਾ ਲਈ ਹੈ ਕਿ ਭਾਜਪਾ ਵਰਕਰ ਨਵਜੋਤ ਸਿੰਘ ਸਿੱਧੂ ਨੂੰ ਟਿੱਚ ਜਾਣਨ ਲਗੇ ਹਨ।

ਸਥਾਨਕ ਨਗਰ ਨਿਗਮ ਦੇ ਭਾਜਪਾਈ ਮੇਅਰ ਸਵੈਤ ਮਲਿਕ ਨੂੰ ਗੱਦੀ ਤੋਂ ਲਾਂਭੇ ਕਰਨ ਲਈ ਭਾਜਪਾ ਦੇ ਕੁਝ ਕੌਂਸਲਰਾਂ ਨੇ ਪਿਛਲੇ ਕਈ ਦਿਨਾਂ ਤੋਂ ਬੀੜਾ ਚੁੱਕਿਆ ਹੋਇਆ ਹੈ ਅਤੇ 'ਮੈਂ ਨਾ ਮਾਨੂੰ' ਦੀ ਰੱਟ ਲਗਾਈ ਬੈਠੇ ਇਹ ਕੌਂਸਲਰ ਸਿਰਫ ਇਕ ਮੰਗ ਹਰੇਕ ਲੀਡਰ ਕੋਲ ਰੱਖ ਰਹੇ ਹਨ ਕਿ ਸੁਸਤੀ ਦੇ ਮਾਰੇ ਮੇਅਰ ਨੂੰ ਬਿਨਾਂ ਕਿਸੇ ਦੇਰੀ ਤੋਂ ਸੀਟ ਤੋਂ ਲਾਹ ਕੇ ਕਿਸੇ ਨਵੇਂ ਤੇ ਯੋਗ ਵਿਅਕਤੀ ਨੂੰ ਮੇਅਰ ਬਣਾਇਆ ਜਾਵੇ। ਮੈਂਬਰ ਪਾਰਲੀਮੈਂਟ ਨਵਜੋਤ ਸਿੰਘ ਸਿੱਧੂ ਨੇ ਭਾਵੇਂ ਇਹ ਸੰਕਟ ਹੱਲ ਕਰਨ ਲਈ ਨਾਰਾਜ਼ ਕੌਂਸਲਰਾਂ ਤੇ ਮੇਅਰ ਦੀਆਂ ਹੁਣ ਤੱਕ ਕਈ ਮੀਟਿੰਗਾਂ ਕਰਵਾਈਆਂ ਹਨ, ਪਰ ਸਾਰੀਆਂ ਹੀ ਬੇਸਿੱਟਾ ਰਹੀਆਂ।

ਭਾਜਪਾ ਦਾ ਸੰਕਟ ਉਸ ਵੇਲੇ ਹੋਰ ਡੂੰਘਾ ਹੋ ਗਿਆ, ਜਦੋਂ ਗੁਰੂ-ਚੇਲਾ ਵਜੋਂ ਜਾਣੇ ਜਾਂਦੇ ਮੈਂਬਰ ਪਾਰਲੀਮੈਂਟ ਨਵਜੋਤ ਸਿੰਘ ਸਿੱਧੂ ਤੇ ਵਿਧਾਇਕ ਅਨਿਲ ਜੋਸ਼ੀ ਭਾਜਪਾ ਵਿਚ ਪਈ ਫੁੱਟ ਨੂੰ ਲੈ ਕੇ ਆਹਮੋ-ਸਾਹਮਣੇ ਹੋ ਗਏ। ਅਨਿਲ ਜੋਸ਼ੀ ਨੇ ਆਪਣਾ ਮੂੰਹ ਖੁਦ ਹੀ ਚਪੇੜਾਂ ਮਾਰ ਕੇ ਲਾਲ ਕਰ ਲਿਆ। ਜਦੋਂਕਿ ਨਵਜੋਤ ਸਿੰਘ ਸਿੱਧੂ ਨੇ ਆਪਣਾ ਮੋਬਾਇਲ ਵਗ੍ਹਾ ਮਾਰਿਆ ਜਿਸ ਦੇ ਟੁੱਟੇ ਹੋਏ ਹਿੱਸੇ ਦੋਹਾਂ ਨੂੰ ਫਿੱਟੇ ਮੂੰਹ ਕਹਿੰਦੇ ਸੁਣਾਈ ਦਿੱਤੇ।

2007 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਸਮੇਂ ਸਿੱਧੂ ਅਤੇ ਜੋਸ਼ੀ ਵਿਚਕਾਰ ਇੰਨੀ ਨੇੜਤਾ ਸੀ ਕਿ ਦੋਹਾਂ ਵਿਚੋਂ ਸੂਈ ਵੀ ਨਹੀਂ ਲੰਘ ਸਕਦੀ ਸੀ। ਚੋਣ ਜਿੱਤਣ ਤੇ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਬਣਨ ਉਪਰੰਤ ਸਿੱਧੂ ਦੀ ਤੂਤੀ ਇਸ ਕਦਰ ਬੋਲਣ ਲੱਗ ਪਈ ਕਿ ਸਿੱਧੂ ਆਪਣੇ ਆਪ ਨੂੰ ਭਾਜਪਾ ਦਾ ਮੁੱਖ ਮੰਤਰੀ ਦੱਸਣ ਲੱਗ ਪਿਆ। ਮੁੱਖ ਮੰਤਰੀ ਬਣਨ ਦੇ ਸਿੱਧੂ ਵਲੋਂ ਲਏ ਜਾਂਦੇ ਸੁਫਨੇ ਬਾਦਲ ਪਰਿਵਾਰ ਲਈ ਅਣਸੁਖਾਵੇਂ ਸਨ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿੱਧੂ ਦੇ ਪਰ ਕੱਟਣ ਲਈ ਆਪਣੇ ਨਜ਼ਦੀਕੀ ਰਿਸ਼ਤੇਦਾਰ ਬਿਕਰਮਜੀਤ ਸਿੰਘ ਮਜੀਠੀਆ ਨੂੰ ਸਿੱਧੂ ਦਾ ਮੁਕਾਬਲਾ ਕਰਨ ਲਈ ਕਿਹਾ ਅਤੇ ਨਾਲ ਹੀ ਸਰਕਾਰੀ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਕਿ ਉਹ ਸਿੱਧੂ ਦੇ ਮੁਕਾਬਲੇ ਬਿਕਰਮ ਮਜੀਠੀਆ ਵਲ ਵਧੇਰੇ ਧਿਆਨ ਦੇਣ।


ਸਿੱਧੂ ਦੇ ਕੰਮ ਜ਼ੀਰੋ ਹੋ ਗਏ ਅਤੇ ਮਜੀਠੀਆ ਦੇ ਘਰ ਅਧਿਕਾਰੀਆਂ ਨੇ ਹਾਜ਼ਰੀਆਂ ਵੀ ਭਰਨੀਆਂ ਸ਼ੁਰੂ ਕਰ ਦਿੱਤੀਆਂ। ਇੰਜ ਪ੍ਰਸ਼ਾਸਨ ਨੇ ਮਜੀਠੀਏ ਨੂੰ ਹੀਰੋ ਬਣਾਉਣਾ ਆਰੰਭ ਕਰ ਦਿੱਤਾ। ਸਿੱਧੂ ਦੇ ਨਾਲ ਉਸ ਦੇ ਅਮਲੇ ਫੈਲੇ ਦੇ ਪਰ ਆਪਣੇ ਆਪ ਕੱਟੇ ਗਏ। ਸਿੱਧੂ ਦੇ ਸਿਆਸੀ ਤੌਰ 'ਤੇ ਕਮਜ਼ੋਰ ਹੋਣ ਦਾ ਸਭ ਤੋਂ ਵਧ ਮਾੜਾ ਅਸਰ ਅਨਿਲ ਜੋਸ਼ੀ 'ਤੇ ਪਿਆ ਅਤੇ ਉਸ ਨੂੰ ਆਪਣੇ ਕੰਮ ਕਰਵਾਉਣ ਲਈ ਆਪਣੀ ਹੀ ਸਰਕਾਰ ਦੇ ਖਿਲਾਫ ਧਰਨੇ ਲਗਾਉਣੇ ਪਏ। ਅਖੀਰ ਜੋਸ਼ੀ ਨੂੰ ਆਪਣੀ ਹੋਂਦ ਬਣਾਈ ਰੱਖਣ ਲਈ ਬਿਕਰਮ ਮਜੀਠੀਆ ਦੇ ਚਰਨੀਂ ਲੱਗਣਾ ਪਿਆ ਤੇ ਜੋਸ਼ੀ ਦੀਆਂ ਪੌਂ ਬਾਰਾਂ ਹੋ ਗਈਆਂ। ਹੁਣ ਜੋਸ਼ੀ ਨੂੰ ਧਰਨੇ ਨਹੀਂ ਲਗਾਉਣ ਪੈਂਦੇ, ਸਗੋਂ ਅਧਿਕਾਰੀ ਉਨ੍ਹਾਂ ਨੂੰ ਫੋਨ ਕਰਕੇ ਕਹਿੰਦੇ, 'ਹੁਕਮ ਮੇਰੇ ਆਕਾ।' ਜੋਸ਼ੀ ਦਾ ਮਜੀਠੀਏ ਖੇਮੇ ਵਿਚ ਜਾਣਾ ਸਿੱਧੂ ਲਈ ਇਕ ਤਰ੍ਹਾਂ ਨਾਲ ਬਹੁਤ ਵੱਡਾ ਧੱਕਾ ਸੀ। ਸਿੱਧੂ ਜੋਸ਼ੀ ਦੇ ਜਾਣ ਤੋਂ ਬਾਅਦ ਆਪਣੇ ਆਪ ਨੂੰ ਅਪਾਹਜ ਮਹਿਸੂਸ ਕਰਦਾ ਹੈ ਅਤੇ ਨਾਲ ਹੀ ਜੋਸ਼ੀ ਨੂੰ ਸਬਕ ਸਿਖਾਉਣ ਲਈ ਦੰਦੀਆਂ ਕਰੀਚਦਾ ਹੈ।

ਲੋਕ ਸਭਾ ਚੋਣਾਂ ਵਿਚ ਜੋਸ਼ੀ ਦੇ ਵਿਧਾਨ ਸਭਾ ਹਲਕਾ ਉੱਤਰੀ ਵਿਚੋਂ ਸਿੱਧੂ ਦੀ ਹੋਈ ਹਾਰ ਨੇ, ਸਿੱਧੂ ਤੇ ਜੋਸ਼ੀ ਵਿਚਕਾਰ ਵਧ ਰਹੀ ਕੁੜੱਤਣ ਹੋਰ ਤੇਜ਼ ਕਰ ਦਿੱਤੀ।


ਨਗਰ ਨਿਗਮ ਮੇਅਰ ਸਵੈਤ ਮਲਿਕ ਸਿੱਧੂ ਦਾ ਚਹੇਤਾ ਵਿਅਕਤੀ ਹੈ ਅਤੇ ਜੋਸ਼ੀ ਸਵੈਤ ਮਲਿਕ ਦਾ ਵੀ ਇਕ ਨੰਬਰ ਦਾ ਸਿਆਸੀ ਦੁਸ਼ਮਣ ਹੈ।

ਜੋਸ਼ੀ ਨੇ ਮਜੀਠੀਏ ਦੇ ਇਸ਼ਾਰਿਆਂ 'ਤੇ ਸਿੱਧੂ ਵਿਰੁਧ ਇਕ ਹੋਰ ਸਿਆਸੀ ਬਾਣ ਦਾਗਦਿਆਂ ਭਾਜਪਾ ਦੇ ਕੌਂਸਲਰਾਂ ਕੋਲੋਂ ਮੇਅਰ ਵਿਰੁਧ ਬਗਾਵਤ ਕਰਵਾ ਦਿੱਤੀ ਤੇ ਇਸ ਬਗਾਵਤ ਨੇ ਇਕ ਵਾਰੀ ਤਾਂ ਸਿੱਧੂ ਤੇ ਉਸ ਦੀ ਲਾਬੀ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ। ਇਹ ਸਾਰਾ ਤਮਾਸ਼ਾ ਬਿਕਰਮ ਮਜੀਠੀਆ ਬਾਹਰ ਬੈਠ ਕੇ ਵੇਖ ਹੀ ਨਹੀਂ ਰਹੇ, ਸਗੋਂ ਸਿੱਧੂ ਨੂੰ ਅਗਲੀ ਠਿੱਬੀ ਲਗਾਉਣ ਦੀਆਂ ਸਕੀਮਾਂ ਵੀ ਘੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਜਪਾ ਹਾਈ ਕਮਾਂਡ ਨੇ ਸਿੱਧੂ ਤੇ ਜੋਸ਼ੀ ਦੀਆਂ ਭਾਵੇਂ ਜੱਫੀਆਂ ਪੁਆ ਦਿੱਤੀਆਂ ਹਨ, ਪਰ ਦੋਵੇਂ ਨੇਤਾ ਹਾਲੇ ਵੀ ਅੰਦਰੋਂ ਪੂਰੀ ਤਰ੍ਹਾਂ ਕੱਟੇ ਪਏ ਹਨ। ਦੋਵੇਂ ਕੰਢਿਆਂ ਤੋਂ ਬਾਹਰ ਕਦੋਂ ਹੁੰਦੇ ਹਨ, ਇਹਨੂੰ ਕੁਝ ਸਮਾਂ ਜ਼ਰੂਰ ਲੱਗੇਗਾ, ਪਰ ਇਸ ਵਾਰ ਦੋਵਾਂ ਦੇ ਸਮਰਥਕਾਂ ਵਿਚਕਾਰ ਖੂਨੀ ਝੜਪ ਵੀ ਹੋ ਸਕਦੀ ਹੈ।


When business is great but you still need cash,
YOU CAN BANK ON ME.



I help small and medium sized companies with the cash flow they need to grow and prosper!
I can turn your invoices into cash-instantly!
For Excellent service and reasonable rates contact:



Dr. Amul Purohit
Global Capital of Northern California Inc.
Ph:530-750-2585, Cell:530-400-1106
Fax: 530-750-2585
e-mail: apurohit@liquidcapitalcorp.com
www.liquidcapitalcorp.com/apurohit

ਅਸੀਂ ਛੋਟੀਆਂ ਅਤੇ ਦਰਮਿਆਨੀਆਂ ਕੰਪਨੀਆਂ ਦੀ ਕੈਸ਼ ਫਲੋਅ ਵਿਚ ਮਦਦ ਕਰਦੇ ਹਾਂ। ਆਪਣੀਆਂ ਇਨਵਾਇਸਾਂ ਨੂੰ ਕੈਸ਼ ਵਿਚ ਤਬਦੀਲ ਕਰੋ

Liquid Capital
FINANCING SUCCESS

ਬਿਜਨਸ ਬੱਲੇ ਬੱਲੇ ਹੈ, ਕੈਸ਼ ਲੱਗਾ ਥੱਲੇ ਹੈ,
ਤੁਸੀਂ ਮੇਰੇ 'ਤੇ ਟੇਕ ਰੱਖ ਸਕਦੇ ਹੋ !



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !

Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

# ਪੰਜਾਬ ’ਚ ਚਾਰ ਲੱਖ ਘਰ ਹਾਲੇ ਵੀ ਜੀਂਦੇ ਨੇ ਦੀਵੇ ਦੀ ਲੋਅ ਆਸਰੇ

**ਕਪੂਰਥਲਾ :** ਪੰਜਾਬ ਵਾਸੀਆਂ ਨੂੰ ਮੈਟਰੋ ਰੇਲ ਅਤੇ ਐਕਸਪ੍ਰੈਸ ਵੇ ਦੇ ਸੁਪਨੇ ਦਿਖਾਉਣ ਵਾਲੀ ਬਾਦਲ ਸਰਕਾਰ ਦੇ ਰਾਜ ਵਿਚ ਚਾਰ ਲੱਖ ਤੋਂ ਜ਼ਿਆਦਾ ਘਰ ਹਾਲੇ ਤਕ ਬਿਜਲੀ ਦੀ ਰੌਸ਼ਨੀ ਤੋਂ ਮਹਿਰੂਮ ਹਨ।

ਕਈ ਦਹਾਕਿਆਂ ਤੋਂ ਹਨੇਰੇ ਵਿਚ ਡੁੱਬੇ ਇਨ੍ਹਾਂ ਘਰਾਂ ਵਿਚ ਆਜ਼ਾਦੀ ਦੇ 60 ਸਾਲ ਬੀਤ ਜਾਣ ਦੇ ਬਾਅਦ ਵੀ ਬਿਜਲੀ ਦਾ ਇਕ ਬਲਬ ਤਕ ਨਹੀਂ ਬਲ ਰਿਹਾ। ਐਨ.ਆਰ.ਆਈ. ਬੈਲਟ ਦੇ ਤੌਰ ‘ਤੇ ਜਾਣੇ ਜਾਂਦੇ ਦੋਆਬਾ ਖੇਤਰ ਦੇ ਹਜ਼ਾਰਾਂ ਘਰ ਅਜਿਹੇ ਹਨ, ਜਿਥੇ ਹਾਲੇ ਤਕ ਵੀ ਬਿਜਲੀ ਨਹੀਂ ਪਹੁੰਚ ਸਕੀ। ਪੰਜਾਬ ਨੂੰ ਦੇਸ਼ ਦਾ ਸੱਭ ਤੋਂ ਖ਼ੁਸ਼ਹਾਲ ਸੂਬਾ ਮੰਨਿਆ ਜਾਂਦਾ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਰਾਜ ਨੂੰ ਕੈਲੇਫ਼ੋਰਨੀਆ ਬਣਾਉਣ ਦੇ ਦਾਅਵੇ ਕਰਦੇ ਨਹੀਂ ਥਕਦੇ, ਪਰ ਪੰਜਾਬ ਦੇ 4,04,923 ਘਰਾਂ ਨੂੰ ਹਾਲੇ ਤਕ ਬਿਜਲੀ ਨਸੀਬ ਨਹੀਂ ਹੋ ਸਕੀ। ਹਾਲਾਂਕਿ ਪੰਜਾਬ ਦੇ ਸਾਰੇ ਪਿੰਡਾਂ ਦਾ ਕਾਫ਼ੀ ਸਮਾਂ ਪਹਿਲਾਂ ਹੀ ਬਿਜਲੀਕਰਨ ਹੋ ਚੁੱਕਾ ਹੈ। ਕੇਂਦਰ ਸਰਕਾਰ ਇਸ ਮਾਮਲੇ ਵਿਚ ਜ਼ਰੂਰ ਯਤਨਸ਼ੀਲ ਹੈ, ਪਰ ਪੰਜਾਬ ਰਾਜ ਬਿਜਲੀ ਬੋਰਡ ਕੋਲ ਰਾਸ਼ੀ ਜਮ੍ਹਾਂ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਇਨ੍ਹਾਂ ਘਰਾਂ ਨੂੰ ਬਿਜਲੀ ਦੀ ਸਹੂਲਤ ਨਹੀਂ ਦਿਵਾ ਸਕੀ। ਕਪੂਰਥਲਾ ਜ਼ਿਲ੍ਹੇ ਦੇ ਚਾਰ ਹਜ਼ਾਰ 554 ਘਰਾਂ ਨੂੰ ਵੀ ਹਾਲੇ ਤਕ ਬਿਜਲੀ ਨਹੀਂ ਮਿਲ ਸਕੀ।

ਜਲੰਧਰ ਜ਼ਿਲ੍ਹੇ ਦੇ 16 ਹਜ਼ਾਰ 560 ਅਤੇ ਹੁਸ਼ਿਆਰਪੁਰ ਦੇ 11 ਹਜ਼ਾਰ 583 ਘਰ ਅਜਿਹੇ ਹਨ ਜਿਨ੍ਹਾਂ ਲਈ ਬਿਜਲੀ ਹਾਲੇ ਤਕ ਸੁਪਨਾ ਹੀ ਬਣੀ ਹੋਈ ਹੈ। ਫ਼ਿਰੋਜ਼ਪੁਰ ਜ਼ਿਲ੍ਹੇ ਦੇ 69 ਹਜ਼ਾਰ 125 ਘਰ ਵੀ ਹਾਲੇ ਤਕ ਬਿਜਲੀ ਸੇਵਾ ਤੋਂ ਵਾਂਝੇ ਹਨ। ਲਗਭਗ ਅਜਿਹੀ ਹੀ ਸਥਿਤੀ ਸੂਬੇ ਦੇ ਬਾਕੀ ਜ਼ਿਲ੍ਹਿਆ ਦੀ ਵੀ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵਲੋਂ ਰਾਜੀਵ ਗਾਂਧੀ ਪੇਂਡੂ ਬਿਜਲੀ ਯੋਜਨਾ ਤਹਿਤ ਦੇਸ਼ ਦੇ ਇਕ ਲੱਖ 25 ਹਜ਼ਾਰ ਪਿੰਡਾਂ ਅਤੇ ਦੋ ਕਰੋੜ ਤੀਹ ਲੱਖ ਘਰਾਂ ਨੂੰ ਬਿਜਲੀ ਦੀ ਸਹੂਲਤ ਦੇਣ ਲਈ 2005 ਤੋਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਗਈਆਂ ਸਨ।

ਇਸ ਮਕਸਦ ਦੀ ਪ੍ਰਾਪਤੀ ਲਈ ਪੰਜਾਬ ਰਾਜ ਬਿਜਲੀ ਬੋਰਡ ਨੂੰ ਕੇਂਦਰ ਸਰਕਾਰ ਵਲੋਂ 15 ਕਰੋੜ ਚਾਰ ਲੱਖ 38 ਹਜ਼ਾਰ ਦੀ ਰਾਸ਼ੀ ਵੀ ਦਿੱਤੀ ਜਾ ਚੁਕੀ ਹੈ, ਪਰ ਸੂਬੇ ਦੇ ਲੱਖਾਂ ਘਰਾਂ ਨੂੰ ਬਿਜਲੀ ਸਹੂਲਤ ਦੇਣਾ ਹਾਲੇ ਵੀ ਬਾਕੀ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਘਰ-ਘਰ ਬਿਜਲੀ ਪਹੁੰਚਣ ਅਤੇ ਬਿਜਲੀ ਸਪਲਾਈ ਨੂੰ ਵਧੀਆ ਬਣਾਉਣ ਲਈ ਇਸ ਵਿੱਤੀ ਵਰ੍ਹੇ ਦੌਰਾਨ 5,500 ਕਰੋੜ ਰੁਪਏ ਰਾਜੀਵ ਗਾਂਧੀ ਪੇਂਡੂ ਬਿਜਲੀਕਰਨ ਯੋਜਨਾ ਤਹਿਤ ਖ਼ਰਚ ਕਰ ਰਹੀ ਹੈ। ਪੰਜਾਬ ਦੇ ਜਿਨ੍ਹਾਂ ਘਰਾਂ ਨੂੰ ਹਾਲੇ ਤਕ ਬਿਜਲੀ ਦਿਤੀ ਜਾਣੀ ਹੈ, ਉਨ੍ਹਾਂ ਵਿਚੋਂ ਇਕ ਲੱਖ 48 ਹਜ਼ਾਰ 558 ਘਰ ਗ਼ਰੀਬੀ ਰੇਖਾ ਤੋਂ ਹੇਠਾਂ ਵਾਲੇ ਹਨ।

ਅਜਿਹੇ ਪਰਿਵਾਰਾਂ ਨੂੰ ਬਿਜਲੀ ਕੁਨੈਕਸ਼ਨ ਮੁਫ਼ਤ ਦਿਤੇ ਜਾਣੇ ਹਨ। ਫ਼ਿਰੋਜ਼ਪੁਰ ਜ਼ਿਲ੍ਹੇ ਦੇ 69 ਹਜ਼ਾਰ 125 ਘਰਾ ਵਿਚੋਂ 25 ਹਜ਼ਾਰ ਘਰ ਗ਼ਰੀਬੀ ਰੇਖਾ ਤੋਂ ਹੇਠਾਂ ਵਾਲੇ ਹਨ। ਰਾਜੀਵ ਗਾਂਧੀ ਪੇਂਡੂ ਬਿਜਲੀਕਰਨ ਯੋਜਨਾ ਤਹਿਤ ਜ਼ੀਰਾ ਬਲਾਕ ਦੇ 3862 ਘਰਾਂ ਵਿਚ 1670 ਘਰ ਵੀ ਬੀ.ਪੀ.ਐਲ. ਪਰਿਵਾਰਾਂ ਨਾਲ ਸਬੰਧਤ ਹਨ।

ਦੂਜੇ ਪਾਸੇ ਇਸ ਸਬੰਧੀ ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈਨ ਐਚ.ਐਸ. ਬਰਾੜ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀ ਇਹ ਸਕੀਮ ਸਾਰੇ ਸੂਬਿਆਂ ਵਿਚ ਚੱਲ ਰਹੀ ਹੈ, ਜਿਸ ਉਤੇ ਪੰਜਾਬ ਬਿਜਲੀ ਬੋਰਡ ਵੀ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਇਸ ਕੰਮ ਵਾਸਤੇ ਕੇਂਦਰ ਸਰਕਾਰ ਤੋਂ ਬੋਰਡ ਕੋਲ ਪੈਸਾ ਆ ਚੁੱਕਾ ਹੈ ਅਤੇ ਜ਼ਰੂਰਤਮੰਦਾਂ ਨੂੰ ਛੇਤੀ ਹੀ ਕੁਨੈਕਸ਼ਨ ਦੇ ਦਿਤੇ ਜਾਣਗੇ।

## ਵਿਆਨਾ ਗੋਲੀ ਕਾਂਡ ਦੇ ਮੁਲਜ਼ਮ ਦੇ ਘਰੋਂ 35 ਬੰਦੂਕਾਂ, ਪਿਸਤੌਲ ਬਰਾਮਦ

**ਵਿਆਨਾ:** ਵਿਆਨਾ ਕਾਂਡ ਵਿਚ 6 ਹੋਰ ਮਸ਼ਕੂਕ ਵਿਅਕਤੀਆਂ ‘ਤੇ ਸ਼ਿਕੰਜਾ ਕੱਸ ਦਿੱਤਾ ਗਿਆ ਹੈ। ਇਸ ਕਾਂਡ ਦੇ ਮੁਲਜ਼ਮ ਅੰਮ੍ਰਿਤਪਾਲ ਸਿੰਘ ਨੇ ਸਥਾਨਕ ਪੁਲਸ ‘ਤੇ ਉਸ ਸਮੇਂ ਫਾਇਰਿੰਗ ਕਰ ਦਿੱਤੀ ਸੀ, ਜਦੋਂ ਉਹ ਉਸ ਦੇ ਘਰ ਦੀ ਤਲਾਸ਼ੀ ਲੈਣ ਆਈ ਸੀ। ਉਸ ਦੇ ਘਰੋਂ 35 ਬੰਦੂਕਾਂ ਤੇ ਪਿਸਤੌਲ, 2000 ਗੋਲੀਆਂ, ਹਥਿਆਰਾਂ ਨਾਲ ਭਰਿਆ ਲਾਲ ਨਿਸ਼ਾਨ ਵਾਲਾ ਇਕ ਬਕਸਾ ਤੇ ਕਈ ਕੰਪਿਊਟਰ ਬਰਾਮਦ ਹੋਏ। ਯਾਦ ਰਹੇ ਕਿ 24 ਮਈ ਨੂੰ ਪੰਜਾਬ ਦੇ ਡੇਰਾ ਸੱਚਖੰਡ ਬੱਲਾਂ ਦੇ ਸੰਤ ਰਾਮਾਨੰਦ ਜੀ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਜਦੋਂਕਿ ਉਹ ਵਿਆਨਾ ਵਿਚ ਸਨ।

ਪੁਲਿਸ ਦੇ ਬੁਲਾਰੇ ਮਾਈਕਲ ਤਾਕਸ ਨੇ ਦੱਸਿਆ ਕਿ ਬਰਾਮਦ ਹੋਏ ਹਥਿਆਰਾਂ ਵਿਚ ਕਈ ਤਰ੍ਹਾਂ ਦੇ ਅਤੇ ਕਈ ਅਕਾਰਾਂ ਦੇ ਚਾਕੂ ਵੀ ਸ਼ਾਮਲ ਹਨ। ਇੰਨੀ ਭਾਰੀ ਗਿਣਤੀ ਵਿਚ ਹਥਿਆਰ ਮਿਲਣ ‘ਤੇ ਪੁਲਿਸ ਵੀ ਹੈਰਾਨ ਹੈ। ਹੁਣ ਪੁਲਸ ਇਹ ਪਤਾ ਲਗਾ ਰਹੀ ਹੈ ਕਿ ਅੰਮ੍ਰਿਤਪਾਲ ਸਿੰਘ ਕਿਸੇ ਗਿਰੋਹ ਦਾ ਮੈਂਬਰ ਤਾਂ ਨਹੀਂ ਅਤੇ ਉਹ ਕਿਸ ਦੇ ਕਹਿਣ ‘ਤੇ ਹਥਿਆਰ ਇਕੱਠੇ ਕਰ ਰਿਹਾ ਸੀ।

ਜ਼ਿਕਰਯੋਗ ਹੈ ਕਿ ਮਈ ਮਹੀਨੇ ਦੇ ਅਖੀਰਲੇ ਹਫਤੇ ਵਿਆਨਾ ਵਿਚ ਰਵਿਦਾਸ ਭਾਈਚਾਰੇ ਦੇ ਇਕ ਗੁਰਦੁਆਰੇ ਵਿਚ ਡੇਰਾ ਸੱਚ ਖੰਡ ਬੱਲਾਂ ਦੇ ਸੰਤ ਰਾਮਾਨੰਦ ਅਤੇ ਸੰਤ ਨਿਰੰਜਣ ਦਾ ਉੱਪਰ ਵੱਡਾ ਹਿੰਸਕ ਹਮਲਾ ਹੋਇਆ ਸੀ, ਇਸ ਹਮਲੇ ਵਿਚ ਸੰਤ ਰਾਮਾਨੰਦ ਦੀ ਮੌਤ ਹੋ ਗਈ ਸੀ ਅਤੇ ਸੰਤ ਨਿਰੰਜਣ ਦਾਸ ਸਖ਼ਤ ਜ਼ਖ਼ਮੀ ਹੋ ਗਏ ਸਨ। ਇਸ ਹਮਲੇ ਤੋਂ ਬਾਅਦ ਪੰਜਾਬ ਵਿਚ ਵਿਆਪਕ ਹਿੰਸਾ ਹੋਈ ਸੀ।

## ਖੱਟੀ ਅਤੇ ਮਿੱਠੀ ਲੱਸੀ ਦੀ ਵਿਕਰੀ ’ਚ ਵਾਧਾ

**ਚੰਡੀਗੜ੍ਹ :** ਪੰਜਾਬ ਦੇ ਪ੍ਰਮੁੱਖ ਦੁੱਧ ਸਹਿਕਾਰੀ ਅਦਾਰੇ ਮਿਲਕਫੈਡ ਲਈ ਖੱਟੀ ਤੇ ਮਿੱਠੀ ਲੱਸੀ ਵੱਡੀ ਕਮਾਈ ਦਾ ਸਾਧਨ ਬਣਦੀ ਜਾ ਰਹੀ ਹੈ। ਸਰਕਾਰੀ ਬੁਲਾਰੇ ਅਨੁਸਾਰ ਖੱਟੀ-ਮਿੱਠੀ ਲੱਸੀ ਦੀ ਦੋਵਾਂ ਤਰ੍ਹਾਂ ਦੀ ਪੈਕਿੰਗ, ਟੈਟਰਾ ਪੈਕ ਅਤੇ ਪੌਲੀਪੈਕ ਵਿਚ ਪਿਛਲੇ ਸਾਲ ਦੌਰਾਨ 49 ਫੀਸਦੀ ਦਾ ਰਿਕਾਰਡ ਵਾਧਾ ਦਰਜ ਕੀਤੇ ਜਾਣ ਨਾਲ ਮਿਲਕਫੈਡ ਦੀ ਇੱਕਲੀ ਲੱਸੀ ਦੀ ਵਿਕਰੀ ਹੀ 7.42 ਕਰੋੜ ਰੁਪਏ ’ਤੇ ਪਹੁੰਚ ਗਈ ਹੈ। ਮਿਲਕਫੈਡ ਵਲੋਂ ਖਪਤਕਾਰਾਂ ਖਾਸ ਕਰਕੇ ਨੌਜਵਾਨ ਵਰਗ ਵਲੋਂ ਘੱਟ ਕੈਲਰੀਜ਼ ਵਾਲੇ ਪੀਣ ਵਾਲੇ ਪਦਾਰਥਾਂ ਜਿਨ੍ਹਾਂ ‘ਚ ਵੇਰਕਾ ਦੀ ਲੱਸੀ ਵੀ ਸ਼ਾਮਲ ਹੈ, ਪ੍ਰਤੀ ਦਿਖਾਈ ਜਾ ਰਹੀ ਦਿਲਚਸਪੀ ਦੇ ਮੱਦੇਨਜ਼ਰ ਮਿਲਕਫੈੱਡ ਵਲੋਂ ਆਪਣੇ ਉਤਪਾਦਾਂ ‘ਚ ਸਮੇਂ-ਸਮੇਂ ‘ਤੇ ਲੋੜੀਂਦੀ ਤਬਦੀਲੀ ਕੀਤੀ ਜਾਂਦੀ ਹੈ। ਉਸ ਨੇ ਅੱਗੇ ਕਿਹਾ ਕਿ ਲੱਸੀ ਦੀ ਵਧ ਰਹੀ ਮੰਗ ਦੀ ਪੂਰਤੀ ਲਈ ਮੌਜੂਦਾ ਪਲਾਟਾਂ ਦੀ ਸਮਰੱਥਾ ‘ਚ ਵੀ ਲੋੜੀਂਦਾ ਵਾਧਾ ਕੀਤਾ ਜਾ ਰਿਹਾ ਹੈ।

ਮਿਲਕਫੈਡ ਦੀ ਉਤਪਾਦਵਾਰ ਕੁਲ ਵਿਕਰੀ ਦੇ ਵੇਰਵੇ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਪੰਜਾਬੀਆਂ ਦੀ ਪਸੰਦੀਦਾ ਖੀਰ ਦਾ ਜਾਦੂ ਵੀ ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ ਅਤੇ ਇਸ ਉਤਪਾਦ ਨੇ ਆਪਣੇ ਰਵਾਇਤੀ ਸਵਾਦ ਸਦਕਾ ਪਿਛਲੇ ਸਾਲ ਦੌਰਾਨ ਆਪਣੀ ਵਿਕਰੀ ਨੂੰ ਲਗਭਗ ਦੁੱਗਣਾ ਕਰ ਦਿੱਤਾ ਹੈ।

ਪਿਛਲੇ ਸਾਲ ਦੌਰਾਨ ਕੁਲ 1.16 ਕਰੋੜ ਰੁਪਏ ਦੀ ਖੀਰ ਦੀ ਵਿਕਰੀ ਹੋਈ ਹੈ। ਵੇਰਕਾ ਦੀ ਸਵਾਦਲੀ ਆਈਸ ਕਰੀਮ ਨੇ ਵੀ ਮਿਲਕਫੈਡ ਦੀ ਵਿਕਰੀ ਨੂੰ ਵੱਡਾ ਹੁਲਾਰਾ ਦਿੱਤਾ ਹੈ ਅਤੇ ਚੰਡੀਗੜ੍ਹ ਮਾਰਕੀਟ ਵਿਚ ਵੇਰਕਾ ਨੇ 70 ਫੀਸਦੀ ਤੱਕ ਆਪਣਾ ਏਕਾਅਧਿਕਾਰ ਕਾਇਮ ਕਰ ਲਿਆ ਹੈ। ਪਿਛਲੇ ਸਾਲ ਦੌਰਾਨ ਕੁੱਲ 14.72 ਕਰੋੜ ਰੁਪਏ ਦੀ ਆਈਸ ਕਰੀਮ ਦੀ ਵਿਕਰੀ ਹੋਈ ਹੈ।


FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com





Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:jkulwant@sbcglobal.net
2123 Port Way, San Jose, CA 95133
CST: 2097308-40





Asiana Airlines
THAI
KOREAN AIR
malaysia
SINGAPORE AIRLINES
Emirates
We Also Offer Notary Service



Gas Stations, Liquor Stores, Motels For Sale in Northern Nevada

Hot Listings

1. C-Store/Gas Stn. Reno NV, **Asking price $275,000** Business only. Monthly Gross Profit $24,000, Lease Rent $4500 P.M.
2. Port of Subs: Grass Valley CA, **Asking Price $240,000,** Monthly Gross Revenue $33,00+Lease Rent $3000 P.M.
3. Discount Gas and Liquor Store, Reno NV, **Asking Price 1.7 Million** with Real Estate. Monthly Gross Profit $27,000
4. 58 Units Motel in Modesto, CA, on leased land. Lease payment $ 3200 P.M., **Asking Price $625,000**
5. Gas/Stn C-Store: Reno, NV, With Real Estate. **Asking $1.7 Million,** Built in 2000, on .77 Acre Lot Auto, Car wash 6 MPD‘s. Very Busy Location.
6. Gas/Stn. C-Store on HWY 50 Near Placerville, CA, **Asking 1.7 Million,** Build on .77 Acre Lot. Adjacent 1.05 Acre Commercial Lot is Included in price. Inside Sale $55000+approximately and pumping 60,000 gallons.


For More Information on the above listings and for Motels and Shopping Centers in other states Call Sukhdev S. Hundal

Specialist in Gas Station, Liquor Store, Motels and Other Commercial Properties

Tel:775-624-1315
Fax:775-824-3660
E-mail:SDHUNDAL@sbcglobal.net



NCP College of Nursing
Educate | Grow | Succeed


Start Your Career in Nursing Today!
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away.
CALL TODAY!
• (LVN) Vocational Nursing Program (Full-time & Part-time classes)
• Required General Science Courses for the LVN Program
• CNA Nursing Assistant Training*
• CNA Acute Care Training*
• NCLEX-PN Test Preparation Workshop
• IV Therapy & Blood Withdrawal Certification Course *
• CPR *
*Offered by Nursing Care Providers, Inc.
For SSF Campus: 257 Longford Drive, Rm#5 South San Francisco, CA 94080 1-800-339-5145
Hayward Campus 21615 Hesperian Blvd. Suite A, Hayward, CA 94541 1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com

# ਪੰਜਾਬ ਨੂੰ ਹੁਣ ਔੜ ਨੇ ਭੰਨਿਆ, ਮੌਨਸੂਨ ਲੇਟ ਹੋਈ, ਕਿਸਾਨ ਪ੍ਰੇਸ਼ਾਨ

## ਪਾਣੀ ਦੀ ਕਮੀ ਕਾਰਨ ਛਿੱਟੇ ਨਾਲ ਝੋਨਾ ਬੀਜਣ ਦੇ ਨਵੇਂ ਤਜ਼ਰਬੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਕਾਹਨੂਵਾਨ :** ਝੋਨੇ ਦੀ ਫਸਲ ਅੱਜ ਕੱਲ੍ਹ ਪੰਜਾਬ ਦੀ ਧਰਤੀ ਦੇ ਗਲ ਗੂਠਾ ਦੇਣ ਲੱਗੀ ਹੈ। ਇਹ ਖੁਸ਼ਕਿਸਮਤੀ ਹੀ ਹੈ ਕਿ ਪਿਛਲੇ ਸਾਲ ਵਾਂਗ ਪੰਜਾਬ ਸਰਕਾਰ ਨੇ ਇਕ ਨੋਟੀਫਿਕੇਸ਼ਨ ਰਾਹੀਂ ਝੋਨੇ ਦੀ ਫਸਲ ਦੀ ਲਵਾਈ 10 ਜੂਨ ਤੋਂ ਪਹਿਲਾਂ ਕਰਨ ਉੱਪਰ ਪਾਬੰਦੀ ਲਗਾ ਦਿੱਤੀ ਸੀ। ਪਰ ਇਸ ਦੇ ਬਾਵਜੂਦ ਵੀ ਪਿਛਲੇ ਸਾਲ ਦੇ ਉਲਟ, ਕਿਉਂਕਿ ਇਸ ਵਾਰ ਬਾਰਿਸ਼ ਨਹੀਂ ਹੋਈ, ਇਸ ਲਈ ਕਿਸਾਨਾਂ ਨੂੰ ਲਹੂ ਨਾਲੋਂ ਮਹਿੰਗਾ ਤੇਲ ਫੂਕ ਕੇ ਝੋਨਾ ਲਾਉਣਾ ਤੇ ਪਾਲਣਾ ਪੈ ਰਿਹਾ ਹੈ। ਹਾਲੇ ਵੀ ਮੌਸਮ ਵਿਭਾਗ ਅਨੁਸਾਰ ਮੌਨਸੂਨ ਤਕਰੀਬਨ ਡੇਢ ਹਫਤਾ ਲੇਟ ਹੋ ਸਕਦੀ ਹੈ ਅਤੇ ਮੌਨਸੂਨ ਦੇ ਸੁਸਤ ਹੋਣ ਦੀਆਂ ਖਬਰਾਂ ਵੀ ਆਈਆਂ ਹਨ। ਇਸ ਹਾਲਤ ਵਿਚ ਪੰਜਾਬ ਦੇ ਕਿਸਾਨਾਂ ਨੂੰ ਅਗਲੇ ਡੇਢ ਹਫਤੇ ਲਈ ਹੋਰ ਮਣਾਂ ਮੂੰਹ ਡੀਜ਼ਲ ਫੂਕਣਾ ਪਵੇਗਾ। ਉਂਝ ਰਾਜ ਦੇ ਖੇਤੀ ਵਿਭਾਗ ਅਤੇ ਖੇਤੀਬਾੜੀ ਯੂਨੀਵਰਸਿਟੀ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਝੋਨੇ ਦੀ ਲਵਾਈ ਹਫਤਾ-ਡੇਢ ਹਫਤਾ ਲੇਟ ਕਰ ਲੈਣ ਤਾਂ ਇਹ ਉਨ੍ਹਾਂ ਦੇ ਹਿੱਤ ਵਿਚ ਹੋਵੇਗਾ। ਪਰ ਅਜਿਹਾ ਹੁੰਦਾ ਜਾਪਦਾ ਨਹੀਂ। ਕਿਉਂਕਿ ਇਕ ਪਾਸੇ ਤਾਂ ਕਿਸਾਨਾਂ ਨੂੰ ਝੋਨੇ ਦੀ ਲਵਾਈ ਲਈ ਲੇਬਰ ਦੀ ਥੁੜ੍ਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਦੂਜੇ ਪਾਸੇ ਜੇ ਫਸਲ ਹੋਰ ਲੇਟ ਹੁੰਦੀ ਹੈ ਤਾਂ ਲੇਬਰ ਦੀ ਇਕਦਮ ਪੈਣ ਵਾਲੀ ਲੋੜ ਕਾਰਨ ਲਵਾਈ ਹੋਰ ਜ਼ਿਆਦਾ ਮਹਿੰਗੀ ਹੋ ਸਕਦੀ ਹੈ।



ਉਂਝ ਪੰਜਾਬ ਸਰਕਾਰ ਨੇ ਇਸ ਵਾਰ ਝੋਨੇ ਦੀ ਲਵਾਈ ਵਾਲੀਆਂ ਮਸ਼ੀਨਾਂ ਵੀ ਕਿਸਾਨਾਂ ਨੂੰ ਉਪਲਬਧ ਕਰਵਾਈਆਂ ਹਨ ਅਤੇ ਇਨ੍ਹਾਂ ਦਾ ਫਾਇਦਾ ਵੀ ਵਿਆਪਕ ਪੱਧਰ 'ਤੇ ਹੋਇਆ ਹੈ। ਇਸ ਦੇ ਨਾਲ ਹੀ ਇਹ ਵੀ ਇਕ ਤੱਥ ਹੈ ਕਿ ਪੂਰਬੀਆ ਲੇਬਰ ਪਿਛਲੇ ਕਣਕ ਦੇ ਸੀਜ਼ਨ ਵਾਂਗ ਹੀ ਇਸ ਵਾਰ ਪੰਜਾਬ ਵਲ ਘੱਟ ਆਈ ਹੈ ਅਤੇ ਇਸ ਕਾਰਨ ਕੁਝ ਕੁ ਥਾਵਾਂ 'ਤੇ ਕਿਸਾਨਾਂ ਵਿਚਕਾਰ ਝਗੜੇ ਹੋਣ ਦੀਆਂ ਖਬਰਾਂ ਵੀ ਹਨ ਅਤੇ ਇਕ ਥਾਂ ਉਪਰ ਤਾਂ ਗੋਲੀ ਚੱਲਣ ਨਾਲ ਇਕ ਕਿਸਾਨ ਦੀ ਮੌਤ ਵੀ ਹੋ ਗਈ ਹੈ। ਪੰਜਾਬ ਵਿਚ ਇਸ ਵਾਰ ਲੱਗੀ ਔੜ ਕਾਰਨ ਇਕ ਪਾਸੇ ਤਾਂ ਪੀਣ ਵਾਲੇ ਪਾਣੀ ਦੀ ਕਈ ਸ਼ਹਿਰਾਂ ਵਿਚ ਵਿਆਪਕ ਥੁੜ੍ਹ ਮਹਿਸੂਸ ਹੋ ਰਹੀ ਹੈ ਅਤੇ ਦੂਜੇ ਪਾਸੇ ਕਿਸਾਨਾਂ ਵਲੋਂ ਪੀਣ ਵਾਲਾ ਪਾਣੀ ਹੀ ਵੱਡੀ ਮਾਤਰਾ ਵਿਚ ਕੱਢ ਕੇ ਝੋਨੇ ਦੀ ਫਸਲ ਲਈ ਵਰਤਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਦਰਿਆਈ ਪਾਣੀਆਂ ਦੀ ਘਾਟ ਵੀ ਮਹਿਸੂਸ ਹੋਣ ਲਗੀ ਹੈ।

ਖਬਰਾਂ ਅਨੁਸਾਰ ਭਾਖੜਾ ਡੈਮ ਵਿਚ ਵੀ ਪਾਣੀ ਘਟ ਗਿਆ ਹੈ ਅਤੇ ਜੇ ਇਹ ਹੋਰ ਘੱਟਦਾ ਹੈ ਤਾਂ ਇਸ ਉੱਪਰ ਬਿਜਲੀ ਦੀ ਪੈਦਾਵਾਰ ਬੰਦ ਹੋ ਸਕਦੀ ਹੈ ਅਤੇ ਪੰਜਾਬ ਵਿਚ ਬਲੈਕ ਆਊਟ ਵਰਗੀ ਸਥਿਤੀ ਬਣ ਸਕਦੀ ਹੈ। ਉਂਝ ਰੋਪੜ ਥਰਮਲ ਪਲਾਂਟ ਵਿਚ ਪੈਣ ਵਾਲੇ ਵਾਰ-ਵਾਰ ਨੁਕਸਾਂ ਕਾਰਨ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਲੋਕਾਂ ਨੂੰ ਵੱਡੀ ਪੱਧਰ 'ਤੇ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ ਝੋਨੇ ਲਈ ਬਿਜਲੀ ਦੀ ਲੋੜ ਵੀ ਲਗਾਤਾਰ ਵਧਦੀ ਜਾ ਰਹੀ ਹੈ। ਬਾਰਸ਼ ਨਾ ਹੋਣ ਕਾਰਨ ਬਿਜਲੀ ਦੀ ਖਪਤ ਉੱਪਰ ਦਬਾਅ ਹੋਰ ਵੀ ਵਧ ਰਿਹਾ ਹੈ। ਅਤਿ ਦੀ ਗਰਮੀ ਅਤੇ ਮੀਂਹ ਦੀ ਕਮੀ ਕਾਰਨ ਪੰਜਾਬ ਵਿਚ ਝੋਨੇ ਦੀ ਲੁਆਈ ਦਸ ਦਿਨ ਪਛੜ ਸਕਦੀ ਹੈ। ਪੰਜਾਬ ਖੇਤੀਬਾੜੀ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਗੁਰਦਿਆਲ ਸਿੰਘ ਨੇ ਦੱਸਿਆ, "ਮੀਂਹ ਨਾ ਪੈਣ ਕਾਰਨ ਸੂਬੇ ਵਿਚ ਝੋਨੇ ਦੀ ਲੁਆਈ 'ਤੇ ਲਾਜ਼ਮੀ ਅਸਰ ਪਵੇਗਾ, ਅਸੀਂ ਮਹਿਸੂਸ ਕਰਦੇ ਹਾਂ ਕਿ ਝੋਨੇ ਦੀ ਲੁਆਈ ਹਫਤੇ ਤੋਂ ਦਸ ਦਿਨਾਂ ਤਕ ਪਛੜ ਜਾਵੇਗੀ।"

ਸੂਬੇ ਵਿਚ ਝੋਨੇ ਦੀ ਲੁਆਈ ਦਸ ਜੂਨ ਤੋਂ ਸ਼ੁਰੂ ਹੋਈ ਸੀ ਅਤੇ ਜੁਲਾਈ ਦੇ ਪਹਿਲੇ ਹਫਤੇ ਤੱਕ ਮੁੱਕਣ ਦੀ, ਜਦਕਿ ਬਾਸਮਤੀ ਦੀ ਲੁਆਈ ਅਧ ਜੁਲਾਈ ਤਕ ਪੂਰੀ ਹੋ ਜਾਣ ਦੀ ਆਸ ਸੀ। ਇਕ ਹੋਰ ਅਧਿਕਾਰੀ ਨੇ ਕਿਹਾ, "ਇਨ੍ਹਾਂ ਹਾਲਤਾਂ ਵਿਚ ਝੋਨੇ ਦੀ ਲੁਆਈ ਦਾ ਕੰਮ ਪੂਰਾ ਹੋਣ ਵਿਚ ਆਮ ਨਾਲੋਂ ਵਧ ਦਿਨ ਲੱਗਣਗੇ।" ਇਸ ਮੌਕੇ ਝੋਨੇ ਦੀ ਲੁਆਈ ਲਈ ਮੀਂਹ ਦੀ ਲੋੜ ਹੈ, ਪਰ ਮੌਨਸੂਨ ਦਾ ਕਿਤੇ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਉਸ ਨੇ ਦੱਸਿਆ ਕਿ ਹਾਲੇ ਤਕ ਛੇ ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਲੁਆਈ ਹੋ ਸਕੀ ਹੈ, ਜਦਕਿ ਪਿਛਲੇ ਸਾਲ ਹੁਣ ਤਕ ਅੱਠ ਲੱਖ ਹੈਕਟੇਅਰ ਲੁਆਈ ਅਧੀਨ ਆ ਚੁੱਕਾ ਸੀ।

ਖੇਤੀ ਮਾਹਿਰਾਂ ਨੇ ਕਿਹਾ ਕਿ ਅਤਿ ਦੀ ਗਰਮੀ ਕਾਰਨ ਲਾਏ ਝੋਨੇ ਲਈ ਪਾਣੀ ਦੀ ਲੋੜ ਵਧ ਗਈ ਹੈ। ਪਿਛਲੇ ਸਾਲ ਲੁਆਈ ਦੇ ਸੀਜ਼ਨ ਦੌਰਾਨ ਮੀਂਹ ਪੈਣ ਕਾਰਨ ਝੋਨ ਦੀ ਲੁਆਈ ਕਾਫੀ ਤੇਜ਼ੀ ਅਤੇ ਸੁਚਾਰੂ ਢੰਗ ਨਾਲ ਹੋਈ ਸੀ। ਪੰਜਾਬ ਵਿਚ ਲਗਭਗ 26 ਲੱਖ ਹੈਕਟੇਅਰ ਰਕਬੇ ਵਿਚ ਝੋਨਾ ਲਾਇਆ ਜਾਂਦਾ ਹੈ ਅਤੇ ਕੇਂਦਰੀ ਪੂਲ ਵਿਚ ਪੰਜਾਬ 35 ਫੀਸਦੀ ਚਾਵਲ ਦਾ ਯੋਗਦਾਨ ਪਾਉਂਦਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਵੀ ਕਿਹਾ ਕਿ ਜੂਨ ਵਿਚ ਮੌਨਸੂਨ ਦੀ ਸਰਗਰਮੀ ਕਮਜ਼ੋਰ ਹੈ ਅਤੇ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਇਕ ਹਫਤਾ ਲੇਟ ਕਰਨੀ ਚਾਹੀਦੀ ਹੈ।

ਯੂਨੀਵਰਸਿਟੀ ਦੇ ਖੇਤੀ-ਮੌਸਮ ਵਿਗਿਆਨੀ ਕੇ.ਕੇ. ਗਿੱਲ ਨੇ ਕਿਹਾ ਕਿ ਆਮ ਤੌਰ 'ਤੇ ਜੂਨ ਦੇ ਮਹੀਨ 66.4 ਮਿਲੀਮੀਟਰ ਮੀਂਹ ਪੈਂਦਾ, ਪਰ ਇਸ ਸਾਲ ਜੂਨ ਦੇ ਪਹਿਲੇ ਪੰਦਰਵਾੜੇ ਵਿਚ ਮੀਂਹ ਬਿਲਕੁਲ ਨਹੀਂ ਪਿਆ। ਮੌਨਸੂਨ ਵਿਚ ਦੇਰੀ ਤੋਂ ਇਲਾਵਾ ਬਿਜਲੀ ਦੀ ਨਾਕਸ ਸਪਲਾਈ ਕਾਰਨ ਵੀ ਕਿਸਾਨਾਂ ਦੀਆਂ ਮੁਸ਼ਕਲਾਂ ਵਧੀਆਂ ਹਨ। ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ, "ਕਿਸਾਨਾਂ ਨੂੰ ਝੋਨੇ ਦੀ ਲੁਆਈ ਲਈ ਢੁੱਕਵੀਂ ਬਿਜਲੀ ਨਹੀਂ ਮਿਲ ਰਹੀ ਅਤੇ ਉਨ੍ਹਾਂ ਨੂੰ ਜਨਰੇਟਰਾਂ 'ਤੇ ਸਬਮਰਸੀਬਲ ਪੰਪ ਚਲਾਉਣੇ ਪੈ ਰਹੇ ਹਨ, ਜਿਸ ਕਾਰਨ ਕਿਸਾਨਾਂ ਦੀਆਂ ਖੇਤੀ ਲਾਗਤਾਂ ਹੋਰ ਵਧ ਜਾਣਗੀਆਂ।"

ਇਥੇ ਜ਼ਿਕਰਯੋਗ ਹੈ ਕਿ ਜ਼ਮੀਨ ਦੋਜ ਪਾਣੀ ਦੇ ਪੱਧਰ ਵਿਚ ਲਗਾਤਾਰ ਆ ਰਹੀ ਗਿਰਾਵਟ ਨੂੰ ਰੋਕਣ ਲਈ ਰਾਜ ਸਰਕਾਰ ਨੇ ਸਾਲ 2009 ਵਿਚ ਪੰਜਾਬ ਰਿਜ਼ਰਵੇਸ਼ਨ ਆਫ ਸਬ-ਸਾਇਲ ਵਾਟਰ ਐਕਟ ਪਾਸ ਕੀਤਾ ਸੀ। ਕੁਝ ਕਿਸਾਨਾਂ ਨੇ ਇਸ ਵਾਰ ਖੇਤਾਂ ਵਿਚ ਪਾਣੀ ਭਰੇ ਬਿਨਾਂ ਡ੍ਰਿਲ ਅਤੇ ਛਿੱਟੇ ਦੇ ਕੇ ਕਣਕ ਦੀ ਤਰਜ 'ਤੇ ਧਾਨ ਦੀ ਖੇਤੀ ਕਰਕੇ ਮਿਸਾਲ ਕਾਇਮ ਕਰ ਦਿੱਤੀ ਹੈ। ਇਸ ਨੂੰ ਭਵਿੱਖ ਦੀ ਖੇਤੀ ਲਈ ਕ੍ਰਾਂਤੀਕਾਰੀ ਕਦਮ ਮੰਨਿਆ ਜਾ ਰਿਹਾ ਹੈ। ਇਸ ਵਿਧੀ ਨੂੰ ਅਪਣਾਉਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਰਾਜ ਬਣ ਗਿਆ ਹੈ।

ਇਹ ਕਾਰਨਾਮਾ ਕਰਨ ਵਾਲੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਤੁੰਗ, ਦੁਲੂਆਨਾ, ਭੁੰਬਲੀ, ਪਸਨਾਵਾਲ, ਸਠਿਆਲ ਅਤੇ ਤੁਗਲਵਾਲ ਦੇ ਕਿਸਾਨ ਹਨ। ਸੇਵਾਮੁਕਤ ਖੇਤੀ ਵਿਗਿਆਨੀ ਡਾ. ਐਚ.ਐਸ. ਧਾਲੀਵਾਲ ਨੇ ਇਸ ਵਿਧੀ ਨਾਲ ਧਾਨ ਦੀ ਖੇਤੀ ਨੂੰ ਸਿੱਧੀ ਖੇਤੀ ਦਾ ਨਾਮ ਦਿੰਦੇ ਹੋਏ ਕਿਹਾ ਕਿ ਇਸ ਸਾਲ ਇਹ ਤਜ਼ਰਬਾ ਜ਼ਿਲ੍ਹਾ ਪਟਿਆਲਾ, ਮੋਗਾ, ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ ਅਤੇ ਲੁਧਿਆਣਾ ਵਿਚ ਵੀ ਕੀਤਾ ਜਾ ਰਿਹਾ ਹੈ।

ਇਨ੍ਹਾਂ ਸਾਰੇ ਜ਼ਿਲ੍ਹਿਆਂ ਵਿਚ ਧਾਨ ਦੀ ਖੇਤੀ ਵੀ ਕਣਕ ਦੀ ਖੇਤੀ ਕਰਨ ਵਾਂਗ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਇਸ ਵਿਧੀ ਨਾਲ 90 ਫੀਸਦੀ ਪਾਣੀ ਦੀ ਬਚਤ ਹੋਵੇਗੀ। ਪੰਜਾਬ ਕਿਸਾਨ ਕਮਿਸ਼ਨ ਦੇ ਮਾਹਿਰ ਡਾ. ਪੀ.ਐਸ. ਰੰਗੀ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਇਸ ਵਿਧੀ ਨਾਲ ਧਾਨ ਦੀ ਕਾਸ਼ਤ ਕਰਨ ਸਬੰਧੀ ਹਾਲੇ ਤੱਕ ਅਧਿਕਾਰਿਕ ਤੌਰ 'ਤੇ ਸਿਫਾਰਿਸ਼ ਨਹੀਂ ਕੀਤੀ ਗਈ।

## ਦਰਿਆਈ ਪਾਣੀਆਂ ਦੇ ਮੁੱਦੇ 'ਤੇ ਰਾਜਸਥਾਨ ਨੇ ਪ੍ਰਧਾਨ ਮੰਤਰੀ ਕੋਲ ਕੀਤੀ ਪੰਜਾਬ ਦੀ ਸ਼ਿਕਾਇਤ

**ਅਬੋਹਰ :** ਦਰਿਆਈ ਪਾਣੀਆਂ ਦੀ ਵੰਡ ਨੂੰ ਲੈ ਕੇ ਪੰਜਾਬ ਅਤੇ ਰਾਜਸਥਾਨ ਵਿਚ ਇਕ ਵਾਰ ਫਿਰ ਖੜਕ ਗਈ ਹੈ। ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਅਸ਼ੋਕ ਗਹਿਲੋਤ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਪੰਜਾਬ 'ਤੇ ਰਾਜਸਥਾਨ ਦੇ ਹਿੱਸੇ ਦਾ ਪਾਣੀ ਨਾ ਦੇਣ ਦਾ ਦੋਸ਼ ਲਗਾਉਂਦਿਆਂ ਦਖਲ ਦੀ ਮੰਗ ਕੀਤੀ ਹੈ। ਪੰਜਾਬ ਅਤੇ ਰਾਜਸਥਾਨ ਵਿਚ ਪਾਣੀ ਦੀ ਉਪਲਬੱਧਤਾ ਅਨੁਸਾਰ ਵੰਡ ਕਰਨ ਦਾ ਕੰਮ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਕਰਦਾ ਹੈ। ਇਸ ਬੋਰਡ ਵਲੋਂ ਜੂਨ ਮਹੀਨੇ ਲਈ ਹਰੀਕੇ ਬੈਰਾਜ ਵਿਖੇ ਪੰਜਾਬ ਨੂੰ 8,230 ਅਤੇ ਰਾਜਸਥਾਨ ਨੂੰ 9,770 ਕਿਊਸਿਕ ਪਾਣੀ ਦੇਣਾ ਤੈਅ ਕੀਤਾ ਗਿਆ ਹੈ। ਇਹ ਲਈ ਕੁੱਲ 18,000 ਕਿਊਸਿਕ ਪਾਣੀ ਹਰੀਕੇ ਪੁੱਜਣਾ ਚਾਹੀਦਾ ਹੈ, ਪਰ ਪਿਛਲੇ ਕਈ ਦਿਨਾਂ ਤੋਂ ਇੱਥੇ 15,000 ਕਿਊਸਿਕ ਪਾਣੀ ਹੀ ਪੁੱਜ ਰਿਹਾ ਹੈ, ਜਿਸ ਵਿਚੋਂ ਰਾਜਸਥਾਨ ਨੂੰ ਲਗਭਗ 7000 ਕਿਊਸਿਕ ਪਾਣੀ ਦਿੱਤਾ ਜਾ ਰਿਹਾ। ਇਸੇ ਗੱਲ ਤੋਂ ਭੜਕੇ ਰਾਜਸਥਾਨ ਦੇ ਮੁੱਖ ਮੰਤਰੀ ਨੇ ਪੰਜਾਬ 'ਤੇ ਉਸਦੇ ਹਿੱਸੇ ਦਾ 2, 670 ਕਿਊਸਿਕ ਪਾਣੀ ਧੱਕੇ ਨਾਲ ਵਰਤਣ ਦਾ ਦੋਸ਼ ਲਗਾਉਂਦਿਆਂ ਮਾਮਲੇ ਦੀ ਸ਼ਿਕਾਇਤ ਪ੍ਰਧਾਨ ਮੰਤਰੀ ਕੋਲ ਕੀਤੀ।

ਗੌਰਤਲਬ ਹੈ ਕਿ ਡੈਮਾਂ ਤੋਂ ਪਾਣੀ ਛੱਡਣਾ ਬੇਸ਼ੱਕ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਕੰਟਰੋਲ ਹੇਠ ਹੈ, ਪਰ ਹਰੀਕੇ ਬੈਰਾਜ ਦਾ ਨਿਯੰਤਰਣ ਪੰਜਾਬ ਸਰਕਾਰ ਕੋਲ ਹੈ। ਇਸ ਕਾਰਨ ਦੋ ਦਿਨ ਪਹਿਲਾਂ ਰਾਜਸਥਾਨ ਦੇ ਸੀਨੀਅਰ ਅਧਿਕਾਰੀਆਂ ਦਾ ਇਕ ਵਫ਼ਦ ਫ਼ਿਰੋਜ਼ਪੁਰ ਆਇਆ ਸੀ, ਪਰ ਇਸ ਵਫ਼ਦ ਵਿਚ ਸ਼ਾਮਲ ਐਕਸੀਅਨ ਗੁਰਪ੍ਰੀਤ ਸਿੰਘ ਅਨੁਸਾਰ ਪੰਜਾਬ ਨੇ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਾਇਆ।

ਉਂਝ ਸ੍ਰੀ ਗਹਿਲੋਤ ਨੇ ਇਸ ਸਬੰਧੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਚਿੱਠੀ ਲਿਖ ਕੇ ਰਾਜਸਥਾਨ ਦੇ ਹਿੱਸੇ ਦਾ ਪਾਣੀ ਛੱਡਣ ਦੀ ਮੰਗ ਕੀਤੀ ਹੈ। ਗੌਰਤਲਬ ਹੈ ਕਿ ਪੰਜਾਬ ਡੈਮਾਂ 'ਤੇ ਘੱਟ ਪਾਣੀ ਹੋਣ ਦਾ ਤਰਕ ਦੇ ਰਿਹਾ ਹੈ। ਪੌਂਗ ਡੈਮ 'ਤੇ ਇਸ ਸਮੇਂ 1280.46 ਫੁੱਟ ਪਾਣੀ ਦਾ ਪੱਧਰ ਹੈ ਅਤੇ ਇੱਥੇ 1,140 ਕਿਊਸਿਕ ਦੀ ਆਮਦ ਦੇ ਮੁਕਾਬਲੇ ਨਿਕਾਸੀ 9,925 ਕਿਊਸਿਕ ਹੈ। ਭਾਖੜਾ ਡੈਮ ਦਾ ਪੱਧਰ 1514.28 ਫੁੱਟ ਹੈ ਅਤੇ ਇੱਥੇ 23,000 ਕਿਊਸਿਕ ਦੀ ਆਵਕ ਦੇ ਮੁਕਾਬਲੇ 31,292 ਕਿਊਸਿਕ ਦੀ ਨਿਕਾਸੀ ਹੋ ਰਹੀ ਹੈ। ਰਣਜੀਤ ਸਾਗਰ ਡੈਮ 'ਤੇ ਪਾਣੀ ਦਾ ਪੱਧਰ 503.95 ਮੀਟਰ ਹੈ ਅਤੇ ਇੱਥੇ 7,325 ਕਿਊਸਿਕ ਦੀ ਆਵਕ ਮੁਕਾਬਲੇ 6,334 ਕਿਊਸਿਕ ਦੀ ਨਿਕਾਸੀ ਹੋ ਰਹੀ ਹੈ।

## ਮੰਨੇ-ਪ੍ਰਮੰਨੇ ਹਾਸਰਸ ਕਵੀ ਅੱਲ੍ਹੜ ਬੀਕਾਨੇਰੀ ਦਾ ਦੇਹਾਂਤ

**ਨਵੀਂ ਦਿੱਲੀ :** ਮੰਨੇ-ਪ੍ਰਮੰਨੇ ਹਾਸਰਸ ਕਵੀ ਅੱਲ੍ਹੜ ਬੀਕਾਨੇਰੀ ਦਾ ਲੰਘੀ 17 ਜੂਨ ਨੂੰ ਸਵੇਰੇ 6.20 ਵਜੇ ਨੋਇਡਾ ਦੇ ਕੈਲਾਸ਼ ਹਸਪਤਾਲ 'ਚ ਦੇਹਾਂਤ ਹੋ ਗਿਆ। 72 ਸਾਲਾ ਸ੍ਰੀ ਬੀਕਾਨੇਰੀ ਆਪਣੇ ਪਿੱਛੇ ਪਰਿਵਾਰ 'ਚ ਪਤਨੀ, ਤਿੰਨ ਲੜਕੇ ਅਤੇ ਦੋ ਲੜਕੀਆਂ ਛੱਡ ਗਏ ਹਨ।

ਪਰਿਵਾਰਕ ਸੂਤਰਾਂ ਮੁਤਾਬਕ ਸ੍ਰੀ ਬੀਕਾਨੇਰੀ ਨੂੰ ਸਾਹ ਦੀ ਤਕਲੀਫ਼ ਕਾਰਨ ਲੰਘੇ ਵੀਰਵਾਰ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਸ੍ਰੀ ਬੀਕਾਨੇਰੀ ਦਾ ਜਨਮ 17 ਮਈ 1937 ਨੂੰ ਰੇਵਾੜੀ ਜ਼ਿਲ੍ਹੇ ਦੇ ਬੀਕਾਨੇਰ ਪਿੰਡ ਵਿਚ ਹੋਇਆ ਸੀ। ਉਨ੍ਹਾਂ ਸ਼ਬਦ ਯਾਤਰਾ 1962 'ਚ ਗੀਤ-ਗ਼ਜ਼ਲ ਤੋਂ ਸ਼ੁਰੂ ਕੀਤੀ ਸੀ। 1967 ਤੋਂ ਉਨ੍ਹਾਂ ਨੇ ਦੇਸ਼-ਵਿਦੇਸ਼ ਵਿਚ ਆਯੋਜਿਤ ਹਾਸ ਕਵੀ ਸੰਮੇਲਨਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਸੀ। ਸ੍ਰੀ ਬੀਕਾਨੇਰੀ ਦੀਆਂ ਰਚਨਾਵਾਂ ਕਈ ਪ੍ਰਮੁੱਖ ਪੱਤ੍ਰਿਕਾਵਾਂ ਦਾ ਸ਼ਿੰਗਾਰ ਬਣੀਆਂ ਹਨ।

ਅੱਲ੍ਹੜ ਬੀਕਾਨੇਰੀ ਨੇ ਆਪਣੇ ਜੀਵਨ ਦੌਰਾਨ 15 ਪੁਸਤਕਾਂ ਲਿਖੀਆਂ ਸਨ। 1981 'ਚ ਉਨ੍ਹਾਂ ਨੂੰ ਠਿਠੋਲੀ ਪੁਰਸਕਾਰ ਦਿੱਲੀ, 1986 'ਚ ਕਾਕਾ ਹਾਥਰਸੀ ਪੁਰਸਕਾਰ ਤੇ 2000 'ਚ ਉਜੈਨ ਦਾ ਟੇਪਾ ਤੇ ਕਾਨਪੁਰ ਦਾ ਮਾਨਸ ਪੁਰਸਕਾਰ ਮਿਲਿਆ। ਸਾਲ 2000 ਵਿਚ ਉਨ੍ਹਾਂ ਨੂੰ ਬਦਾਊ ਦ ਵਿਅੰਗ, ਸ੍ਰੀ ਨਰਿੰਦਰ ਮੋਹਨ ਸਨਮਾਨ ਤੇ ਇੰਦਰਪ੍ਰਸਤ ਸਾਹਿਤ ਭਾਰਤੀ ਵਰਗੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਸੀ। ਹਰਿਆਣਾ ਸਰਕਾਰ ਨੇ ਵੀ ਉਨ੍ਹਾਂ ਨੂੰ 2004 ਵਿਚ ਹਰਿਆਣਾ ਗੌਰਵ ਪੁਰਸਕਾਰ ਨਾਲ ਸਨਮਾਨਤ ਕੀਤਾ ਸੀ।



# ਅਮਰੀਕੀ ਫੌਜ 'ਚ ਹੁਣ 2 ਸਿੱਖ ਫੌਜੀ ਅਧਿਕਾਰੀਆਂ 'ਤੇ ਪਗੜੀ ਪਹਿਨਣ 'ਤੇ ਰੋਕ

**ਜਲੰਧਰ :** ਫਰਾਂਸ ਵਿਚ ਸਿੱਖ ਵਿਦਿਆਰਥੀਆਂ 'ਤੇ ਪਬਲਿਕ ਸਕੂਲਾਂ 'ਚ ਪੱਗੜੀ ਪਹਿਨਣ 'ਤੇ ਲੱਗੀ ਰੋਕ ਦਾ ਮਾਮਲਾ ਅਜੇ ਹੱਲ ਹੋਇਆ ਨਹੀਂ ਸੀ ਕਿ ਹੁਣ ਅਮਰੀਕੀ ਫੌਜ ਵਿਚ ਦੋ ਸਿੱਖ ਫੌਜੀ ਅਧਿਕਾਰੀਆਂ 'ਤੇ ਪੱਗੜੀ ਪਹਿਨਣ 'ਤੇ ਰੋਕ ਲਾ ਦਿੱਤੀ ਗਈ ਹੈ। ਜਿਸ ਕਾਰਨ ਅਮਰੀਕਾ ਦੇ ਸਿੱਖ ਭਾਈਚਾਰੇ ਅੰਦਰ ਰੋਸ ਦੀ ਲਹਿਰ ਦੌੜ ਗਈ ਹੈ।

ਉਨ੍ਹਾਂ ਇਸ ਰੋਕ ਨੂੰ ਹਟਾਉਣ ਲਈ ਹਸਤਾਖਰੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਅਮਰੀਕਾ ਵਿਚ 26 ਜੁਲਾਈ 1948 ਨੂੰ ਉਸ ਵੇਲੇ ਦੇ ਰਾਸ਼ਟਰਪਤੀ ਹੈਰੀ ਨੇ ਅਮਰੀਕਾ ਦੀਆਂ ਹਥਿਆਰਬੰਦ ਫੌਜਾਂ ਬਾਰੇ ਕਿਹਾ ਸੀ ਕਿ ਅਮਰੀਕੀ ਫੌਜ ਵਿਚ ਸੇਵਾ ਕਰਨ ਵਾਲਿਆਂ ਨਾਲ ਇਕਸਾਰ ਰਵੱਈਆ ਅਤੇ ਸਭ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ, ਪਰ 61 ਸਾਲਾਂ ਬਾਅਦ ਉਨ੍ਹਾਂ ਦੇ ਵਾਅਦੇ ਨੂੰ ਤੋੜਿਆ ਗਿਆ ਹੈ। ਅਮਰੀਕਾ ਵਿਚ 'ਸਿੱਖ ਕੁਲੀਸ਼ਨ' ਨੇ ਇਸ ਵੇਲੇ ਦੋ ਸਿੱਖ ਅਧਿਕਾਰੀਆਂ ਕੈਪਟਨ ਕੰਵਲਜੀਤ ਸਿੰਘ ਕਲਸੀ ਅਤੇ ਸੈਕਿੰਡ ਲੈਫਟੀਨੈਂਟ ਤੇਜਦੀਪ ਸਿੰਘ ਰਤਨ ਨੂੰ ਇਨਸਾਫ ਦਿਵਾਉਣ ਲਈ ਮੁਹਿੰਮ ਛੇੜ ਦਿੱਤੀ ਹੈ। ਬਲਵਿੰਦਰ ਸਿੰਘ ਆਹਲੂਵਾਲੀਆ ਦਾ ਕਹਿਣਾ ਹੈ ਕਿ ਇਨ੍ਹਾਂ ਦੋਹਾਂ ਸਿੱਖ ਅਧਿਕਾਰੀਆਂ ਸਾਹਮਣੇ ਅਮਰੀਕੀ ਫੌਜ ਨੇ ਇਹ ਬਦਲ ਰੱਖਿਆ ਹੈ ਕਿ ਜਾਂ ਤਾਂ ਉਹ ਅਮਰੀਕੀ ਫੌਜ ਦੀ ਸੇਵਾ ਕਰਨ ਜਾਂ ਫਿਰ ਆਪਣੇ ਧਰਮ ਦੀ ਚੋਣ ਕਰ ਲੈਣ। ਇਸ ਫੈਸਲੇ ਪਿੱਛੋਂ ਕੈਪਟਨ ਕੰਵਲਜੀਤ ਸਿੰਘ ਕਲਸੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਤੋਂ ਭਾਰੀ ਧੱਕਾ ਲੱਗਾ ਹੈ ਕਿ ਅਮਰੀਕੀ ਫੌਜ ਇਹ ਕਹਿ ਰਹੀ ਹੈ ਕਿ ਜਾਂ ਤਾਂ ਉਹ ਆਪਣੇ ਭਰੋਸੇ ਨੂੰ ਚੁਣ ਲੈਣ ਜਾਂ ਫਿਰ ਅਮਰੀਕਾ ਦੀ ਸੇਵਾ ਕਰ ਲੈਣ। ਫੌਜ ਨੇ ਇਨ੍ਹਾਂ ਦੋਹਾਂ ਸਿੱਖ ਅਧਿਕਾਰੀਆਂ ਨੂੰ ਆਪਣੀ ਪੱਗੜੀ ਹਟਾਉਣ ਅਤੇ ਦਾੜ੍ਹੀ ਤੇ ਕੇਸ ਕੱਟਣ ਲਈ ਨਿਰਦੇਸ਼ ਦਿੱਤੇ ਹਨ। 'ਸਿੱਖ ਕੁਲੀਸ਼ਨ' ਨੇ ਇਸ ਸਬੰਧੀ ਅਮਰੀਕੀ ਫੌਜ ਨੂੰ ਇਕ ਚਿੱਠੀ ਵੀ ਲਿਖੀ ਹੈ।

ਅਮਰੀਕੀ ਫੌਜ ਦੇ ਮੇਜਰ ਜਨਰਲ ਜਾਨ ਆਰ. ਹਾਕਿੰਸ-3 ਨੇ ਅਮਰੀਕੀ ਕੁਲੀਸ਼ਨ ਨੂੰ ਭੇਜੀ ਚਿੱਠੀ ਵਿਚ ਲਿਖਿਆ ਹੈ ਕਿ ਫੌਜੀ ਮਨੁੱਖੀ ਸੋਮਿਆਂ ਦੀ ਨੀਤੀ ਦੇ ਡਾਇਰੈਕਟੋਰੇਟ ਵਲੋਂ ਕੈਪਟਨ ਕੰਵਲਜੀਤ ਸਿੰਘ ਕਲਸੀ ਅਤੇ ਤੇਜਦੀਪ ਸਿੰਘ ਸਬੰਧੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਦੀ ਮਦਦ ਲਈ ਜਾ ਸਕੇ।

'ਸਿੱਖ ਕੁਲੀਸ਼ਨ' ਨੇ ਮੰਗ ਕੀਤੀ ਹੈ ਕਿ ਫੌਜ ਆਪਣੀ ਨੀਤੀ 'ਤੇ ਮੁੜ ਵਿਚਾਰ ਕਰੇ, ਕਿਉਂਕਿ ਸਿੱਖ ਧਰਮ ਨਿਯਮ ਕਦੇ ਵੀ ਦੁਨੀਆ ਵਿਚ ਕਿਸੇ ਵੀ ਫੌਜ ਵਿਚ ਸੇਵਾ ਕਰਨ ਲਈ ਰੁਕਾਵਟ ਨਹੀਂ ਹਨ। ਕੈਪਟਨ ਕਲਸੀ ਅਤੇ ਰਤਨ ਦਾ ਕਹਿਣਾ ਸੀ ਕਿ ਜਦੋਂ ਉਨ੍ਹਾਂ ਨੂੰ ਫੌਜ ਵਿਚ ਭਰਤੀ ਕੀਤਾ ਗਿਆ ਸੀ ਤਾਂ ਇਹ ਭਰੋਸਾ ਦਿਵਾਇਆ ਗਿਆ ਸੀ ਕਿ ਉਨ੍ਹਾਂ ਦੀ ਪਗੜੀ ਅਤੇ ਦਾੜ੍ਹੀ ਨੂੰ ਲੈ ਕੇ ਕੋਈ ਵਿਵਾਦ ਨਹੀਂ ਹੋਵੇਗਾ। ਭਰਤੀ ਦੇ 4 ਸਾਲ ਬਾਅਦ ਹੁਣ ਉਨ੍ਹਾਂ ਨੂੰ ਆਪਣਾ ਧਰਮ ਛੱਡਣ ਬਾਰੇ ਕਿਹਾ ਜਾ ਰਿਹਾ ਹੈ ਜੋ ਠੀਕ ਨਹੀਂ ਹੈ।

**ਸ਼੍ਰੋਮਣੀ ਕਮੇਟੀ ਕੇਂਦਰ ਸਾਹਮਣੇ ਉਠਾਏਗੀ ਮਾਮਲਾ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਮਰੀਕੀ ਫੌਜ ਵਲੋਂ ਦੋ ਸਿੱਖਾਂ 'ਤੇ ਲਾਈ ਗਈ ਪਾਬੰਦੀ ਨੂੰ ਵੇਖਦਿਆਂ ਅਮਰੀਕਾ ਸਰਕਾਰ ਤੋਂ ਸਾਰੀ ਜਾਣਕਾਰੀ ਲੈਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਹ ਮਾਮਲਾ ਕੇਂਦਰ ਸਰਕਾਰ ਕੋਲ ਵੀ ਉਠਾਏਗੀ ਤਾਂ ਜੋ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਸ ਸਬੰਧੀ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਗੱਲਬਾਤ ਕਰ ਸਕਣ।


## ਪੰਜਾਬੀ ਸਾਹਿਤ ਬਾਰੇ ਸਰੀ 'ਚ ਕਾਨਫਰੰਸ 27-28 ਜੂਨ ਨੂੰ

**ਜਲੰਧਰ :** ਉੱਤਰੀ ਅਮਰੀਕਾ ਦੇ ਪੰਜਾਬੀ ਸਾਹਿਤ ਬਾਰੇ ਇਕ ਕੌਮਾਂਤਰੀ ਪੱਧਰ ਦੀ ਕਾਨਫਰੰਸ ਸਰੀ ਨਾਮੀ ਸ਼ਹਿਰ ਵਿਚ ਕਰਵਾਈ ਜਾ ਰਹੀ ਹੈ। ਪੰਜਾਬੀ ਲੇਖਕ ਮੰਚ ਵੈਨਕੂਵਰ (ਬੀ.ਸੀ.) ਵਲੋਂ 27 ਅਤੇ 28 ਜੂਨ ਨੂੰ ਕਰਵਾਈ ਜਾਣ ਵਾਲੀ ਇਸ ਕਾਨਫਰੰਸ 'ਚ ਪੰਜਾਬੀ ਸਾਹਿਤ ਨਾਲ ਸਬੰਧਿਤ ਵੱਖ-ਵੱਖ ਵਿਸ਼ਿਆਂ 'ਤੇ ਪੇਪਰ ਪੜ੍ਹੇ ਜਾਣਗੇ ਅਤੇ ਉਨ੍ਹਾਂ 'ਤੇ ਭਖਵੀਂ ਬਹਿਸ ਵੀ ਹੋਵੇਗੀ। ਮੰਚ ਦੇ ਕੋਆਰਡੀਨੇਟਰ ਡਾ. ਦਰਸ਼ਨ ਗਿੱਲ ਅਤੇ ਜਰਨੈਲ ਸਿੰਘ ਸੇਖਾ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ 27 ਅਤੇ 28 ਜੂਨ ਨੂੰ ਨਿਊਟਨ ਰੀਕਰੀਏਸ਼ਨ ਸੈਂਟਰ ਹਾਲ ਵਿਚ ਹੋਣ ਵਾਲੇ ਸਮਾਗਮ ਦੌਰਾਨ 'ਕੈਨੇਡੀਅਨ ਪੰਜਾਬੀ ਸਾਹਿਤ ਦਾ ਲੇਖਾ ਜੋਖਾ' ਵਿਸ਼ੇ ਬਾਰੇ ਡਾ. ਦਰਸ਼ਨ ਗਿੱਲ ਆਪਣਾ ਪੇਪਰ ਪੜ੍ਹਨਗੇ।

ਇਸ ਤੋਂ ਇਲਾਵਾ ਵੈੱਬ ਪ੍ਰਕਾਸ਼ਨ ਅਤੇ ਪੰਜਾਬੀ ਸਾਹਿਤ ਦਾ ਪਸਾਰ ਸੰਭਾਵਨਾਵਾਂ ਅਤੇ ਸੀਮਾਵਾਂ ਬਾਰੇ ਸੁਖਵੰਤ ਹੁੰਦਲ, 'ਲੇਖ ਸਵੈ ਅਤੇ ਰਚਨਾ' ਵਿਸ਼ੇ 'ਤੇ ਅਜਮੇਰ ਰੋਡੇ, ਅਮਰੀਕਾ ਦੀ ਪੰਜਾਬੀ ਕਵਿਤਾ ਬਾਰੇ ਡਾ. ਗੁਰਮੇਲ ਸਿੱਧੂ ਅਤੇ 'ਕੈਨੇਡਾ ਵਿਚ ਪੰਜਾਬੀ ਬੋਲੀ ਨੂੰ ਸਰਕਾਰੀ ਮਾਤਨ ਦਾ ਸਵਾਲ' ਵਿਸ਼ੇ 'ਤੇ ਸੰਧੂ ਬਿਨਿੰਗ ਆਪਣਾ ਪਰਚਾ ਪੜ੍ਹਨਗੇ।

# ਜੂਨੀਅਰ ਵਿਸ਼ਵ ਹਾਕੀ ਕੱਪ ਜਰਮਨੀ ਦੀ ਟੀਮ ਨੇ ਜਿੱਤਿਆ, ਭਾਰਤ ਨੌਵੇਂ ਸਥਾਨ 'ਤੇ

**ਲੁਧਿਆਣਾ :** ਸਿੰਗਾਪੁਰ ਅਤੇ ਮਲੇਸ਼ੀਆ ਵਿਚ ਸਾਂਝੇ ਤੌਰ 'ਤੇ ਕਰਵਾਏ ਗਏ ਪੁਰਸ਼ ਵਰਗ ਦੇ ਜੂਨੀਅਰ ਵਿਸ਼ਵ ਹਾਕੀ ਕੱਪ ਵਿਚ ਇਕ ਵੀ ਏਸ਼ਿਆਈ ਟੀਮ ਸੈਮੀਫਾਈਨਲ ਤੱਕ ਨਹੀਂ ਪਹੁੰਚ ਸਕੀ ਹੈ। ਜੂਨੀਅਰ ਵਿਸ਼ਵ ਕੱਪ ਦੇ ਤੀਹ ਸਾਲਾਂ ਦੇ ਇਤਿਹਾਸ ਵਿਚ ਏਸ਼ਿਆਈ ਟੀਮਾਂ ਦੀ ਇਹ ਸਭ ਤੋਂ ਮਾੜੀ ਕਾਰਗੁਜ਼ਾਰੀ ਹੈ। ਜੂਨੀਅਰ ਵਿਸ਼ਵ ਕੱਪ ਜਰਮਨ ਨੇ ਹਾਲੈਂਡ ਨੂੰ 3-1 ਨਾਲ ਹਰਾ ਕੇ ਆਪਣੇ ਨਾਂ ਕੀਤਾ ਹੈ। ਭਾਰਤੀ ਜੂਨੀਅਰ ਹਾਕੀ ਟੀਮ ਇਸ ਟੂਰਨਾਮੈਂਟ ਵਿਚ 9ਵੇਂ ਸਥਾਨ 'ਤੇ ਰਹੀ ਹੈ।



1979 ਵਿਚ ਸ਼ੁਰੂ ਹੋਏ ਇਸ ਵਿਸ਼ਵ ਕੱਪ ਵਿਚ ਪਹਿਲੀ ਖਿਤਾਬੀ ਜਿੱਤ ਪਾਕਿਸਤਾਨ ਦੇ ਨਾਂ ਸੀ। ਇਸ ਤੋਂ ਬਾਅਦ ਪਾਕਿਸਤਾਨ ਦੀ ਟੀਮ ਖਿਤਾਬ ਤਾਂ ਨਹੀਂ ਜਿੱਤ ਸਕੀ, ਪਰ 1982, 1985, 1989, 1993 ਵਿਚ ਸੈਮੀਫਾਈਨਲ ਤੱਕ ਪੁੱਜਣ ਵਿਚ ਸਫਲ ਰਹੀ। ਭਾਰਤ ਦਾ ਇਸ ਕੱਪ ਵਿਚ ਪ੍ਰਦਰਸ਼ਨ ਪਾਕਿਸਤਾਨ ਜਿਨਾਂ ਵਧੀਆ ਤਾਂ ਨਹੀਂ ਰਿਹਾ, ਪਰ ਭਾਰਤ 1997 ਵਿਚ ਉਪ ਜੇਤੂ ਅਤੇ 2007 ਵਿਚ ਜੇਤੂ ਰਿਹਾ ਹੈ। ਕੋਰੀਆ ਦੀ ਟੀਮ 1989 ਵਿਚ ਸੈਮੀਫਾਈਨਲ ਵਿਚ ਪਹੁੰਚੀ ਸੀ। ਮੌਜੂਦਾ ਕੱਪ ਵਿਚ ਵਿਸ਼ਵ ਭਰ ਵਿਚੋਂ 20 ਟੀਮਾਂ ਨੇ ਭਾਗ ਲਿਆ। ਯੂਰਪ ਅਤੇ ਏਸ਼ੀਆ ਵਿਚੋਂ 6-6 ਟੀਮਾਂ ਨੂੰ ਦਾਖਲਾ ਮਿਲਿਆ।

ਏਸ਼ੀਆ ਵਿਚੋਂ ਚਾਰ ਟੀਮਾਂ ਨੂੰ ਏਸ਼ੀਆ ਕੱਪ ਦੀ ਕਾਰਗੁਜ਼ਾਰੀ ਰਾਹੀਂ ਦਾਖਲਾ ਮਿਲਿਆ, ਜਦਕਿ ਮਲੇਸ਼ੀਆ ਅਤੇ ਸਿੰਗਾਪੁਰ ਮੇਜ਼ਬਾਨ ਤੌਰ 'ਤੇ ਇਸ ਕੱਪ ਵਿਚ ਖੇਡੇ। ਏਸ਼ੀਆ ਦੀਆਂ ਛੇ ਟੀਮਾਂ ਵਿਚੋਂ ਕੋਈ ਵੀ ਟੀਮ ਸੈਮੀਫਾਈਨਲ ਦੇ ਨੇੜੇ-ਨੇੜੇ ਵੀ ਨਹੀਂ ਪਹੁੰਚ ਸਕੀ, ਜਦਕਿ ਯੂਰਪ ਵਿਚੋਂ ਚਾਰ ਵਾਰ ਦੀ ਜੇਤੂ ਜਰਮਨੀ ਅਤੇ ਨੀਦਰਲੈਂਡ ਸੈਮੀਫਾਈਨਲ ਵਿਚ ਪਹੁੰਚੀਆਂ। ਸਭ ਤੋਂ ਵਧੀਆ ਨਤੀਜਾ ਓਸ਼ਆਨੀਆ ਮਹਾਂਦੀਪ ਨੇ ਦਿੱਤਾ। ਇਸ ਮਹਾਂਦੀਪ ਦੀਆਂ ਦੋਵੇਂ ਟੀਮਾਂ ਆਸਟਰੇਲੀਆ ਅਤੇ ਨਿਊਜ਼ੀਲੈਂਡ ਸੈਮੀਫਾਈਨਲ ਤੱਕ ਪਹੁੰਚ ਗਈਆਂ।

ਨਿਊਜ਼ੀਲੈਂਡ ਦੀ ਕਾਰਗੁਜ਼ਾਰੀ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਪਿਛਲੇ ਸਾਲ ਦੀ ਜੇਤੂ ਅਰਜਨਟੀਨਾ ਅਤੇ ਸਪੇਨ ਵਰਗੀਆਂ ਟੀਮਾਂ ਨੇ ਵੀ ਨਿਰਾਸ਼ ਕੀਤਾ ਹੈ।

ਜੂਨੀਅਰ ਵਿਸ਼ਵ ਕੱਪ ਵਿਚ ਭਾਰਤੀ ਟੀਮ ਦੀ ਕਾਰਗੁਜ਼ਾਰੀ ਕਿਸੇ ਸਮੇਂ ਬਹੁਤ ਚੰਗੀ ਸੀ। 1997 ਵਿਚ ਭਾਰਤੀ ਜੂਨੀਅਰ ਟੀਮ ਪਹਿਲੀ ਵਾਰ ਵਿਸ਼ਵ ਕੱਪ ਦਾ ਫਾਈਨਲ ਖੇਡੀ ਸੀ। ਇਸ ਟੀਮ ਦੇ ਕਪਤਾਨ ਉਲੰਪੀਅਨ ਬਲਜੀਤ ਸਿੰਘ ਸੈਣੀ ਨੇ ਆਪਣੀਆਂ ਯਾਦਾਂ ਤਾਜ਼ਾ ਕਰਦੇ ਹੋਏ ਕਿਹਾ ਕਿ ਉਹ ਫਾਈਨਲ ਵਿਚ ਬੇਸ਼ੱਕ ਆਸਟਰੇਲੀਆ ਕੋਲੋਂ ਹਾਰ ਗਏ ਸਨ, ਪਰ ਇਸ ਤੋਂ ਪਹਿਲਾਂ ਹਾਲੈਂਡ ਅਤੇ ਜਰਮਨੀ ਵਰਗੀਆਂ ਟੀਮਾਂ ਨੂੰ ਧੂੜ ਚਟਾਈ ਸੀ।

ਇਸ ਟੀਮ ਦੇ ਬਲਜੀਤ ਸੈਣੀ ਅਤੇ ਦਿਲੀਪ ਟਿਰਕੀ ਉਸ ਸਮੇਂ ਸੀਨੀਅਰ ਟੀਮ ਵਿਚ ਵੀ ਖੇਡਦੇ ਸਨ। ਮੌਜੂਦਾ ਟੀਮ ਦੇ ਢਾਂਚੇ ਉੱਪਰ ਟਿੱਪਣੀ ਕਰਦੇ ਬਲਜੀਤ ਸੈਣੀ ਨੇ ਦੱਸਿਆ ਕਿ ਗੁਰਬਾਜ਼ ਸਿੰਘ ਅਤੇ ਗੁਰਵਿੰਦਰ ਸਿੰਘ ਚੰਦੀ ਸੀਨੀਅਰ ਟੀਮ ਵਲੋਂ ਤਾਂ ਖੇਡ ਰਹੇ ਹਨ, ਪਰ ਜੂਨੀਅਰ ਹੋਣ ਦੇ ਬਾਵਜੂਦ ਜੂਨੀਅਰ ਟੀਮ ਵਿਚ ਨਹੀਂ ਖਿਡਾਏ ਗਏ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜਦ ਤੱਕ ਸਹੀ ਤਰੀਕੇ ਨਾਲ ਚੁਣ ਕੇ ਕੌਮੀ ਫੈਡਰੇਸ਼ਨ ਦਾ ਗਠਨ ਨਹੀਂ ਹੁੰਦਾ, ਉਦੋਂ ਤੱਕ ਹਾਕੀ ਦਾ ਹਾਲ ਇਹੀ ਰਹੇਗਾ। ਸਾਲ 2001 ਵਿਚ ਭਾਰਤੀ ਜੂਨੀਅਰ ਟੀਮ ਨੇ ਗਗਨਅਜੀਤ ਸਿੰਘ ਦੀ ਅਗਵਾਈ ਹੇਠ ਵਿਸ਼ਵ ਕੱਪ ਜਿੱਤ ਕੇ ਇਤਿਹਾਸ ਰਚਿਆ। ਇਸ ਟੀਮ ਦੇ ਕੋਚ ਰਾਜਿੰਦਰ ਸਿੰਘ (ਸੀਨੀਅਰ) ਨੇ ਦੱਸਿਆ ਕਿ ਉਸ ਸਮੇਂ ਫੈਡਰੇਸ਼ਨ ਨੇ ਸਖ਼ਤੀ ਕਰਦਿਆਂ ਨਤੀਜੇ ਦੀ ਉਮੀਦ ਰੱਖੀ ਸੀ, ਜਿਸ ਕਰਕੇ ਉਹਨਾਂ ਕੈਂਪਾਂ ਵਿਚ ਖਿਡਾਰੀਆਂ ਨੂੰ ਰੱਜਵੀਂ ਮਿਹਨਤ ਕਰਵਾਈ।

ਰਾਜਿੰਦਰ ਸਿੰਘ ਨੂੰ ਹੁਣ ਇਸ ਗੱਲ 'ਤੇ ਵੀ ਹੈਰਾਨੀ ਹੁੰਦੀ ਹੈ ਕਿ ਵਿਸ਼ਵ ਪੱਧਰੀ ਮੁਕਾਬਲੇ ਤਾਂ ਦੂਰ ਦੀ ਗੱਲ, ਸਗੋਂ ਹੁਣ ਤਾਂ ਏਸ਼ੀਆ ਵਿਚ ਵੀ ਕਈ ਟੀਮਾਂ ਭਾਰਤ ਦੀ ਬਰਾਬਰੀ ਕਰਦੀਆਂ ਹਨ। ਮੌਜੂਦਾ ਟੀਮ ਦੀ ਕਾਰਗੁਜ਼ਾਰੀ ਉਪਰ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਜਦ ਕੋਚ ਨੂੰ ਪੁੱਛਣ ਵਾਲਾ ਕੋਈ ਉਪਰ ਹੈ ਹੀ ਨਹੀਂ ਤਾਂ ਸੁਭਾਵਿਕ ਹੈ ਕਿ ਮਿਹਨਤ ਨਹੀਂ ਹੋਵੇਗੀ। ਰਾਜਿੰਦਰ ਸਿੰਘ ਨੇ ਹਾਕੀ ਵਿਚ ਸਮੁੱਚੇ ਤੌਰ 'ਤੇ ਆ ਰਹੀ ਗਿਰਾਵਟ ਨੂੰ ਵੀ ਇਸ ਨਤੀਜੇ ਦਾ ਕਾਰਨ ਦੱਸਿਆ। ਉਨ੍ਹਾਂ ਕਿਹਾ ਕਿ ਗਲੈਮਰ, ਪੈਸਾ ਖਿਡਾਰੀ ਲਈ ਮੁੱਖ ਹੋਵੇ ਤਾਂ ਇਸ ਮੁਲਕ ਵਿਚ ਕੌਣ ਹਾਕੀ ਖੇਡੇਗਾ?


ਤੂਰ ਟਰੈਵਲ



1. Cathay Pacific
2. Asiana Airlines
3. China Airlines
4. Lufthansa
5. Singapore Airlines
6. British Airways

Serving the community for the past 18 years.

*ਅਸੀਂ ਸਾਰੀਆਂ ਏਅਰਲਾਈਨਾਂ ਨਾਲ ਕੰਮ ਕਰਦੇ ਹਾਂ ਤੇ ਸਸਤੇ ਰੇਟ 'ਤੇ ਟਿਕਟਾਂ ਵੇਚਦੇ ਹਾਂ।

ਨੋਟ: ਹਫਤੇ ਦੇ ਸੱਤੇ ਦਿਨ ਕੰਮ ਕਰਦੇ ਹਾਂ।

*ਨੋਟਰੀ ਪਬਲਿਕ ਸਰਵਿਸ ਕਰਦੇ ਹਾਂ।
*ਇੰਡੀਅਨ ਪਾਸਪੋਰਟ, Power of Attorney ਜਾਂ ਕੋਈ ਵੀ ਜ਼ਰੂਰੀ ਕਾਗਜ਼ਾਤ ਬਣਵਾਉਣ ਲਈ ਮਿਲੋ।
*Immigration Consultant: Petition, Affidavit of Support, Citizenship and more.

ਮਿਲੋ:ਲਾਲੀ ਤੂਰ
Ph:209-832-1220
Fax:209-832-1330
2208 Babcock Ln Tracy, CA 95377
E-mail:lallytoor@yahoo.com

Moved from Turlock



For Honest and Reliable
Real Estate Services

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।



Specializing in Bank Repo. And short sales.

Nand S. Brar
Broker Associate
DRE Lic No: 01816328

(916) 501-3974
(916) 344-5453

WestCo Realty
A REAL ESTATE & INVESTMENT GROUP

Email : nandsbrar@gmail.com, www.westcorealty.com



Reliable and Experienced
Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay


We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
11 Years Experiance in Real Estate
e-mail: gurbans@gotracy.com
Fax: 209-836-0706
www.gotracy.com

REALTY WORLD Millennium

Gurbans Gill 209-815-1869

## ਹਾਲੈਂਡ ਦੇ ਚੋਣ ਦੰਗਲਾਂ 'ਚ ਵੀ ਉਤਰਨ ਲੱਗੇ ਪੰਜਾਬੀ

**ਬਾਰਸੀਲੋਨਾ :** ਸੱਤ ਸਮੁੰਦਰੋਂ ਪਾਰ ਆ ਕੇ ਯੂਰਪ ਵਿਚ ਜਿਥੇ ਪੰਜਾਬੀਆਂ ਨੇ ਸਖਤ ਮਿਹਨਤ ਕਰਕੇ ਚੰਗੇ ਕਾਰੋਬਾਰ ਸਥਾਪਤ ਕਰ ਲਿਆ ਹੈ, ਉਥੇ ਨਾਲ ਹੀ ਹੁਣ ਉਥੋਂ ਦੀ ਰਾਜਨੀਤੀ ਵਿਚ ਵੀ ਹਿੱਸਾ ਲੈਣ ਲੱਗ ਪਏ ਹਨ। ਹਾਲੈਂਡ ਦੀ ਧਰਤੀ 'ਤੇ ਪਹਿਲੇ ਦੋ ਪੰਜਾਬੀ ਜਿਨ੍ਹਾਂ ਨੂੰ ਨੈਸ਼ਨਲ ਡੈਮੋਕਰੇਸੀ ਪਾਰਟੀ ਨੇ ਆਪਣੀ ਟਿਕਟ 'ਤੇ ਮਿਊਂਸਪਲ ਕਮੇਟੀ ਦੀਆਂ ਚੋਣਾਂ 'ਚ ਉਤਾਰਨ ਦਾ ਫ਼ੈਸਲਾ ਕੀਤਾ ਹੈ।

ਉਨ੍ਹਾਂ ਦੇ ਨਾਵਾਂ ਦਾ ਐਲਾਨ ਪਾਰਟੀ ਪ੍ਰਧਾਨ ਮਹਿੰਦਰਾ ਸਵਰੂਪ ਨੇ ਕੀਤਾ ਤੇ ਪਾਰਟੀ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਹ ਦੋ ਪੰਜਾਬੀ ਜਿਨ੍ਹਾਂ 'ਚੋਂ ਪਹਿਲੇ ਹਾਲੈਂਡ ਦੇ ਉੱਘੇ ਬਿਜ਼ਨੈਸਮੈਨ ਸ. ਜਗਦੀਸ਼ ਸਿੰਘ ਮੰਗੀ (ਪਿਛੋਕੜ ਪਿੰਡ ਕੰਗਣੀਵਾਲ ਜ਼ਿਲ੍ਹਾ ਜਲੰਧਰ) ਜੋ ਪਾਰਟੀ ਦੇ ਵਾਈਸ ਪ੍ਰਧਾਨ ਹਨ ਤੇ ਸ਼੍ਰੋਮਣੀ ਅਕਾਲੀ ਦਲ ਐਨ.ਆਰ.ਆਈ. ਦੇ ਜ਼ਿਲ੍ਹਾ ਪ੍ਰਧਾਨ ਵੀ ਹਨ, ਹਾਲੈਂਡ ਦੇ ਅਲਮੇਰ ਸ਼ਹਿਰ ਤੋਂ ਚੋਣ ਲੜਨਗੇ, ਦੂਸਰੇ ਵੀ ਹਾਲੈਂਡ ਦੇ ਉੱਘੇ ਬਿਜ਼ਨੈਸਮੈਨ ਸ. ਜਿੰਦਰ ਸਿੰਘ ਔਜਲਾ (ਜਿਨ੍ਹਾਂ ਦਾ ਪਿਛੋਕੜ ਪਿੰਡ ਮੰਗੋਜਲਾ ਜ਼ਿਲ੍ਹਾ ਕਪੂਰਥਲਾ ਹੈ), ਲਿਲੀਸਟੱਡ ਸ਼ਹਿਰ ਤੋਂ ਚੋਣ ਲੜਨਗੇ। ਸ. ਜਿੰਦਰ ਸਿੰਘ ਔਜਲਾ ਸ਼੍ਰੋਮਣੀ ਅਕਾਲੀ ਦਲ ਐਨ.ਆਰ.ਆਈ. ਦੇ ਹਾਲੈਂਡ ਦੇ ਪ੍ਰਧਾਨ ਹਨ।

# ਹੁਣ ਮਾਇਆਵਤੀ ਵੀ ਖੇਤਰੀ ਪਾਰਟੀਆਂ ਨਾਲ ਸਮਝੌਤੇ ਕਰੇਗੀ

**ਚੰਡੀਗੜ੍ਹ :** ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦਾ ਲੰਘੀਆਂ ਪਾਰਲੀਮੈਂਟ ਚੋਣਾਂ ਵਿਚ ਹੋਈ ਹਾਰ ਕਾਰਨ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਚੂਰ ਹੋ ਗਿਆ ਸੀ। ਇਸੇ ਕਾਰਨ ਹੁਣ ਉਸ ਨੂੰ ਆਪਣੀ ਸਿਆਸੀ ਰਣਨੀਤੀ ਵਿਚ ਤਬਦੀਲੀ ਕਰਨ ਲਈ ਮਜ਼ਬੂਰ ਹੋਣਾ ਪਿਆ। ਜਿੱਥੇ ਪਾਰਲੀਮੈਂਟ ਚੋਣਾਂ ਤੱਕ ਮਾਇਆਵਤੀ ਇਸ ਗੱਲ 'ਤੇ ਅੜੀ ਰਹੀ ਕਿ ਬਸਪਾ ਪਾਰਲੀਮੈਂਟ ਚੋਣਾਂ ਆਪਣੇ ਬਲਬੂਤੇ 'ਤੇ ਲੜੇਗੀ, ਕੇਂਦਰ ਵਿਚ ਆਪਣੀ ਸਰਕਾਰ ਬਣਾਏਗੀ, ਉਥੇ ਹੁਣ ਉਸ ਨੇ ਆਪਣੀ ਅੜੀ ਛੱਡ ਕੇ ਹੋਰ ਸਿਆਸੀ ਪਾਰਟੀਆਂ ਨਾਲ ਮਿਲ ਕੇ ਭਵਿੱਖ ਵਿਚ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ।

ਇਸ ਪਾਸੇ ਵਲ ਪਹਿਲ ਕਰਦਿਆਂ ਉਸ ਨੇ ਸਭ ਤੋਂ ਪਹਿਲਾਂ ਆਪਣੀ ਨਵੀਂ ਸਿਆਸੀ ਰਣਨੀਤੀ ਦੀ ਸ਼ੁਰੂਆਤ ਹਰਿਆਣਾ ਤੋਂ ਸ਼ੁਰੂ ਕੀਤੀ ਹੈ। ਹਰਿਆਣਾ ਵਿਚ ਬਹੁਜਨ ਸਮਾਜ ਪਾਰਟੀ ਨੇ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਹਰਿਆਣਾ ਜਨਹਿਤ ਕਾਂਗਰਸ ਨਾਲ ਮਿਲ ਕੇ ਲੜਨ ਦਾ ਸਮਝੌਤਾ ਕਰ ਲਿਆ ਹੈ।

ਬੀਤੀ 18 ਜੂਨ ਨੂੰ ਲਖਨਊ ਵਿਚ ਇਸ ਸਬੰਧੀ ਫੈਸਲਾ ਕਰਕੇ ਸਮਝੌਤੇ ਦਾ ਐਲਾਨ ਕੀਤਾ ਗਿਆ। ਹੁਣ ਦੋਵੇਂ ਪਾਰਟੀਆਂ ਹਰਿਆਣਾ ਵਿਚ ਅਸੈਂਬਲੀ ਚੋਣਾਂ ਸਾਂਝੇ ਤੌਰ 'ਤੇ ਰਲ ਕੇ ਲੜਨਗੀਆਂ। ਪਤਾ ਲੱਗਾ ਹੈ ਕਿ ਸਮਝੌਤਾ ਕਰਨ ਪਿੱਛੇ ਬਸਪਾ ਦਾ ਹਰਿਆਣਾ ਵਿਚ ਵੋਟ ਬੈਂਕ ਵਿਚ ਵਾਧਾ ਮੰਨਿਆ ਜਾ ਰਿਹਾ ਹੈ।



ਭਜਨ ਲਾਲ



ਮਾਇਆਵਤੀ

ਕਈ ਪਾਰਲੀਮੈਂਟ ਹਲਕਿਆਂ ਵਿਚ ਬਸਪਾ ਉਮੀਦਵਾਰ ਜੋ ਭਾਵੇਂ ਹਾਰੇ ਹਨ, ਪਰ ਉਹ ਦੂਸਰੇ ਨੰਬਰ ਉਤੇ ਰਹੇ ਹਨ।

ਹਰਿਆਣਾ ਅੰਦਰ ਲੋਕ ਸਭਾ ਵਿਚ ਪੋਲ ਹੋਈਆਂ ਕੁੱਲ ਵੋਟਾਂ ਦਾ ਬਸਪਾ ਉਮੀਦਵਾਰ 15.73 ਪ੍ਰਤੀਸ਼ਤ ਲੈ ਗਏ। ਜਦੋਂਕਿ ਪਿਛਲੀਆਂ ਚੋਣਾਂ ਵਿਚ ਬਸਪਾ ਨੂੰ 9.89 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ। ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਪਾਰਟੀ ਨੂੰ 15.68, ਭਾਰਤੀ ਜਨਤਾ ਪਾਰਟੀ ਨੂੰ 12.09 ਪ੍ਰਤੀਸ਼ਤ ਵੋਟ ਮਿਲੇ ਹਨ।

ਇਨ੍ਹਾਂ ਚੋਣਾਂ ਵਿਚ ਭਾਜਪਾ ਅਤੇ ਇਨੈਲੋ ਦੋਹਾਂ ਦੇ ਹੀ ਵੋਟ ਬੈਂਕ ਨੂੰ ਖੋਰਾ ਲਗਿਆ। ਬਸਪਾ ਜਿਹੜੀ ਪਹਿਲਾਂ ਕਹਿੰਦੀ ਸੀ ਕਿ ਸਾਡੀ ਪਾਰਟੀ ਆਲ ਇੰਡੀਆ ਪੱਧਰ ਦੀ ਪਾਰਟੀ ਹੈ ਤੇ ਭਵਿੱਖ ਵਿਚ ਕਿਸੇ ਵੀ ਨੈਸ਼ਨਲ ਪਾਰਟੀ ਤੋਂ ਘੱਟ ਸਮਝੌਤਾ ਨਹੀਂ ਕਰੇਗੀ, ਹੁਣ ਹਾਲਾਤ ਸਾਹਮਣੇ ਝੁਕਣ ਲਗੀ ਹੈ। ਹਰਿਆਣਾ ਵਿਚ ਬਸਪਾ ਹਮੇਸ਼ਾ ਆਪਣੇ ਬਲਬੂਤੇ 'ਤੇ ਚੋਣਾਂ ਲੜਦੀ ਆ ਰਹੀ ਹੈ। ਇਸ ਨਵੀਂ ਸ਼ੁਰੂਆਤ ਨਾਲ ਹੁਣ ਬਸਪਾ ਅਗਲੀਆਂ ਰਾਜਾਂ ਦੀਆਂ ਅਸੈਂਬਲੀ ਚੋਣਾਂ 'ਚ ਖੇਤਰੀ ਪਾਰਟੀ ਨਾਲ ਸਮਝੌਤੇ ਕਰ ਸਕਦੀ ਹੈ।

ਇਥੇ ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਲੰਘੀ 18 ਜੂਨ ਨੂੰ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭਜਨ ਲਾਲ ਦੀ ਹਰਿਆਣਾ ਜਨ ਹਿਤ ਕਾਂਗਰਸ ਪਾਰਟੀ (ਐਚ.ਜੇ.ਸੀ.ਪੀ.) ਨਾਲ ਹਰਿਆਣਾ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਹੱਥ ਮਿਲਾਉਣ ਦਾ ਐਲਾਨ ਕੀਤਾ। ਮਾਇਆਵਤੀ ਨੇ ਇਥੇ ਪੱਤਰਕਾਰਾਂ ਨੂੰ ਦਸਿਆ ਕਿ ਅਸੀਂ ਹਰਿਆਣਾ ਵਿਚ ਐਚ.ਜੇ.ਸੀ.ਪੀ. ਨਾਲ ਰਲ ਕੇ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਕੁਲ 90 ਵਿਧਾਨ ਸਭਾ ਸੀਟਾਂ ਵਿਚੋਂ 50 'ਤੇ ਐਚ.ਜੇ.ਸੀ.ਪੀ. ਲੜੇਗੀ ਜਦਕਿ 40 ਸੀਟਾਂ ਬਸਪਾ ਦੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਐਚ.ਜੇ.ਸੀ.ਪੀ. ਦੇ ਕੁਲਦੀਪ ਬਿਸ਼ਨੋਈ ਗਠਜੋੜ ਵਲੋਂ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਹੋਣਗੇ।

ਉਨ੍ਹਾਂ ਕਿਹਾ ਕਿ ਅਸੀਂ ਲੰਮੇ ਸਮੇਂ ਲਈ ਇਸ ਗਠਜੋੜ ਨੂੰ ਕਾਇਮ ਕੀਤਾ ਹੈ ਅਤੇ ਭਵਿੱਖ 'ਚ ਲੋਕ ਸਭਾ ਚੋਣਾਂ ਵੀ ਅਸੀਂ ਰਲ ਕੇ ਹੀ ਲੜਾਂਗੇ। ਬਹੁਜਨ ਸਮਾਜ ਪਾਰਟੀ ਸੂਬੇ ਦੀਆਂ 6 ਅਤੇ ਐਚ.ਜੇ.ਸੀ.ਪੀ. 4 ਲੋਕ ਸਭਾ ਸੀਟਾਂ 'ਤੇ ਚੋਣਾਂ ਲੜੇਗੀ।

ਮਾਇਆਵਤੀ ਨੇ ਆਸ ਪ੍ਰਗਟਾਈ ਕਿ ਇਸ ਗਠਜੋੜ ਨੂੰ ਬਹੁਮਤ ਹਾਸਲ ਹੋਵੇਗਾ। ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ 'ਚ ਦੋਵਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਮਿਲੀਆਂ ਵੋਟਾਂ ਦਾ ਪ੍ਰਤੀਸ਼ਤ ਦਰਸਾਉਂਦਾ ਹੈ ਕਿ ਅਸੀਂ ਕਾਫ਼ੀ ਮਜ਼ਬੂਤ ਸਥਿਤੀ ਵਿਚ ਹਾਂ।

## ਐਸ.ਸੀ. ਅਗਰਵਾਲ ਹੋਣਗੇ ਨਵੇਂ ਪ੍ਰਮੁੱਖ ਸਕੱਤਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਮੌਜੂਦਾ ਪ੍ਰਮੁੱਖ ਸਕੱਤਰ ਰਮੇਸ਼ ਇੰਦਰ ਸਿੰਘ ਦੀ ਜਗ੍ਹਾ ਅਗਲੇ ਪ੍ਰਮੁੱਖ ਸਕੱਤਰ ਐਸ.ਸੀ. ਅਗਰਵਾਲ ਹੋਣਗੇ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਦੇ ਨਾਂ 'ਤੇ ਸਹੀ ਪਾ ਦਿੱਤੀ।

ਜ਼ਿਕਰਯੋਗ ਹੈ ਕਿ ਪ੍ਰਮੁੱਖ ਸਕੱਤਰ ਦੇ ਅਹੁਦੇ ਨੂੰ ਲੈ ਕੇ ਪਿਛਲੇ ਕੁਝ ਮਹੀਨਿਆਂ ਤੋਂ ਕਈ ਤਰ੍ਹਾਂ ਦੀਆਂ ਅਟਕਲਾਂ ਲੱਗ ਰਹੀਆਂ ਸਨ। ਇਸ ਅਹੁਦੇ 'ਤੇ ਲੱਗਣ ਲਈ ਕਈ ਆਈ.ਏ.ਐਸ. ਅਧਿਕਾਰੀਆਂ ਦੇ ਨਾਵਾਂ ਦੀ ਚਰਚਾ ਚੱਲ ਰਹੀ ਸੀ, ਪਰ ਮੁੱਖ ਮੰਤਰੀ ਵਲੋਂ ਅਗਰਵਾਲ ਦੇ ਨਾਂ ਦੀ ਫਾਈਲ 'ਤੇ ਹਸਤਾਖਰ ਕਰਨ ਬਾਅਦ ਸਾਰੀਆਂ ਅਟਕਲਾਂ ਦਾ ਅੰਤ ਹੋ ਗਿਆ ਹੈ।

# ਲੂ ਨਾਲ ਝੁਲਸਿਆ ਉੱਤਰੀ ਭਾਰਤ, ਜਨਜੀਵਨ ਤਕਰੀਬਨ ਠੱਪ

**ਚੰਡੀਗੜ੍ਹ :** ਗਰਮ ਹਵਾਵਾਂ ਅਤੇ ਚਮੜੀ ਸਾੜਨ ਵਾਲੀ ਲੂ ਨੇ ਪੰਜਾਬ ਸਮੇਤ ਉੱਤਰੀ ਭਾਰਤ ਦੇ ਲੋਕਾਂ ਦਾ ਜਿਊਣਾ ਮੁਹਾਲ ਕਰ ਦਿੱਤਾ ਹੈ। ਸਵੇਰ ਤੋਂ ਹੀ ਸ਼ੁਰੂ ਹੋ ਜਾਂਦੀਆਂ ਗਰਮ ਹਵਾਵਾਂ, ਜਿਸ ਕਰਕੇ ਲੋਕਾਂ ਨੂੰ ਆਪਣੇ ਘਰਾਂ ਅੰਦਰ ਹੀ ਰਹਿਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਕਹਿਰ ਦੀ ਗਰਮੀ ਕਾਰਨ ਅਤੇ ਬਿਜਲੀ ਦੇ ਲਗਦੇ ਲੰਬੇ-ਲੰਬੇ ਕੱਟਾਂ ਨੇ ਆਮ ਜਨਜੀਵਨ ਠੱਪ ਕਰ ਦਿੱਤਾ ਹੈ। ਲੰਘੀ 22 ਜੂਨ ਨੂੰ ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ ਵਿਚ ਸਖ਼ਤ ਗਰਮੀ ਕਾਰਨ ਆਮ ਜਨ-ਜੀਵਨ ਪ੍ਰਭਾਵਿਤ ਹੋਇਆ। ਕਈ ਥਾਵਾਂ 'ਤੇ ਤਾਪਮਾਨ ਆਮ ਨਾਲੋਂ ਕਾਫ਼ੀ ਵਧ ਰਿਹਾ, ਜਿਸ ਦੌਰਾਨ ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਵਿਖੇ ਸਭ ਤੋਂ ਵਧ ਤਾਪਮਾਨ 46.2 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ।

ਦੂਜੇ ਪਾਸੇ ਰਾਜਸਥਾਨ ਦੇ ਗੰਗਾਨਗਰ ਵਿਖੇ ਪਾਰਾ 46 ਡਿਗਰੀ ਤੱਕ ਜਾ ਪੁੱਜਾ। ਪੰਜਾਬ ਅਤੇ ਹਰਿਆਣਾ ਵਿਚ ਵੀ ਤਾਪਮਾਨ ਆਮ ਨਾਲੋਂ 4-5 ਡਿਗਰੀ ਸੈਲਸੀਅਸ ਵਧ ਰਿਹਾ। ਅੰਮ੍ਰਿਤਸਰ ਦਾ ਤਾਪਮਾਨ 44.2 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ, ਜੋ ਆਮ ਨਾਲੋਂ ਚਾਰ ਡਿਗਰੀ ਵਧ ਸੀ, ਜਦਕਿ ਲੁਧਿਆਣਾ ਦਾ 43.7 ਡਿਗਰੀ ਰਿਹਾ। ਪਟਿਆਲਾ ਦਾ ਤਾਪਮਾਨ ਸਧਾਰਨ ਨਾਲੋਂ 3 ਡਿਗਰੀ ਵਧ 43.4, ਜਦਕਿ ਚੰਡੀਗੜ੍ਹ ਦਾ 43.2 ਡਿਗਰੀ ਸੈਲਸੀਅਸ ਰਿਹਾ। ਇਸੇ ਦੌਰਾਨ ਦੇਸ਼ ਦੀ ਰਾਜਧਾਨੀ ਦੇ ਜ਼ਿਆਦਾਤਰ ਹਿੱਸਿਆਂ ਵਿਚ ਤਾਪਮਾਨ ਵਧ ਕੇ 44 ਡਿਗਰੀ ਸੈਲਸੀਅਸ ਤੱਕ ਪੁੱਜ ਜਾਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਥੇ ਜ਼ਿਕਰਯੋਗ ਹੈ ਕਿ ਸਾਰੇ ਦੇਸ਼ ਵਿਚ ਪੈ ਰਹੀ ਸਖ਼ਤ ਗਰਮੀ ਕਾਰਨ ਉੜੀਸਾ ਵਿਚ ਲੂ ਲੱਗਣ ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ 55 ਹੋ ਗਈ ਹੈ। ਜਦਕਿ ਸੰਬਲਪੁਰ ਵਿਚ ਪਾਰਾ 46.4 ਡਿਗਰੀ ਤੱਕ ਜਾ ਪੁੱਜਾ। ਇਸ ਦੌਰਾਨ ਰਾਜਧਾਨੀ ਦਾ ਤਾਪਮਾਨ 44.6 ਡਿਗਰੀ ਰਿਕਾਰਡ ਕੀਤਾ ਗਿਆ, ਜੋ ਕਿ ਇਸ ਮੌਸਮ ਦਾ ਹੁਣ ਤੱਕ ਦਾ ਸਭ ਤੋਂ ਵਧ ਹੈ।

ਮਾਨਤਾ ਪ੍ਰਾਪਤ

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

Toll Free No. (866) 933-3038

*ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਤੁਹਾਡੇ ਵਾਸਤੇ ਸਸਤੀਆਂ ਤੇ ਬੇਜੋੜ ਸੇਵਾਵਾਂ ਲੈ ਕੇ ਹਾਜ਼ਰ ਹੈ। *ਵਾਜਬ ਰੇਟਾਂ 'ਤੇ ਸਿਖਲਾਈ। *ਸਰਟੀਫਾਈਡ ਪੰਜਾਬੀ/ਇੰਗਲਿਸ਼ ਟਰੇਨਰ। *ਲਾਇਸੈਂਸ ਲੈਣ ਤੋਂ ਬਾਅਦ ਕੰਮ ਲੱਭਣ 'ਚ ਮਦਦ। *ਕੰਪਨੀ ਵਲੋਂ ਟਰੇਨਿੰਗ ਪੂਰੀ ਹੋਣ 'ਤੇ ਸਰਟੀਫਿਕੇਟ। *ਰਿਹਾਇਸ਼ ਫਰੀ। *ਦਸ ਸਪੀਡ ਅਤੇ ਤੇਰਾਂ ਸਪੀਡ ਨਿਊ ਮਾਡਲ ਟਰੱਕਾਂ ਨਾਲ ਟੇਰਨਿੰਗ। *ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਕੈਲੇਫੋਰਨੀਆ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।



ਆਪਣਾ ਨਾਮ ਰਜਿਸਟਰ ਕਰਾਉਣ ਲਈ ਅੱਜ ਹੀ ਸੰਪਰਕ ਕਰੋ।

Call: Kashmir Singh


916-564-3455

4585 Pell Dr. Secramento CA, 95838

*Visit us on the web: punjabtimesusa.com*

North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808

balwindernats@yahoo.com

14320 Slover Ave., Fontana, CA 92337

Indian Restaurant

For Sale

ਭਾਰਤੀ ਰੈਸਟੋਰੈਂਟ ਵਿਕਾਊ ਹੈ

Excellent Location — ਵਧੀਆ ਲੋਕੇਸ਼ਨ
Low Rent — ਘੱਟ ਰੈਂਟ
Long Lease — ਲੰਮੀ ਲੀਜ਼
99 Seats — 99 ਸੀਟਾਂ

Full Bar License


For More Info. Call

Vicky Vasudeva: 414-688-4197

Sony: 414-526-2026

# ਬਾਬਾ ਬਿਲਗਾ ਨਮਿਤ ਸ਼ਰਧਾਂਜਲੀ ਸਮਾਗਮ

**ਜਲੰਧਰ :** ਗਦਰ ਲਹਿਰ ਦੇ ਜਾਣੇ-ਪਹਿਚਾਣੇ ਆਗੂ, ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਦੀ ਯਾਦ 'ਚ ਲੰਘੀ 21 ਜੂਨ ਹੋਏ ਸ਼ਰਧਾਂਜਲੀ ਸਮਾਗਮ 'ਚ ਸਮੂਹ ਬੁਲਾਰਿਆਂ ਨੇ ਗਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਲੋਕ-ਸੰਗਰਾਮ ਜਾਰੀ ਰੱਖਣ ਦਾ ਅਹਿਦ ਲੈਂਦਿਆਂ ਕਿਹਾ ਕਿ ਇਹ ਹੀ ਬਾਬਾ ਬਿਲਗਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਯਾਦਗਾਰ ਹਾਲ ਵਿਚ ਕਰਵਾਏ ਸ਼ਰਧਾਂਜਲੀ ਸਮਾਰੋਹ ਮੌਕੇ ਖਚਾਖਚ ਭਰੇ ਹਾਲ 'ਚ ਕਮੇਟੀ ਦੇ ਅਹੁਦੇਦਾਰਾਂ, ਬਜ਼ੁਰਗ ਟਰਸਟੀਆਂ, ਬਾਬਾ ਬਿਲਗਾ ਦੇ ਹਮਸਫ਼ਰਾਂ, ਰਾਜਸੀ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਅਤੇ ਪਰਿਵਾਰਕ ਮੈਂਬਰਾਂ ਦੀ ਨੁਮਾਇੰਦਗੀ ਕਰਦੇ ਲਗਭਗ 2 ਦਰਜਨ ਬੁਲਾਰਿਆਂ ਨੇ ਬਾਬਾ ਬਿਲਗਾ ਵਲੋਂ ਗਦਰ ਲਹਿਰ, ਕਿਰਤੀ ਲਹਿਰ, ਕਮਿਊਨਿਸਟ ਲਹਿਰ, ਅਨੇਕਾਂ ਆਵਾਮੀ ਜਥੇਬੰਦੀਆਂ, ਰਸਾਲਿਆਂ, ਪੁਸਤਕ ਪ੍ਰਕਾਸ਼ਨਾਵਾਂ, ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਨਿਰੰਤਰ ਸਰਗਰਮੀਆਂ 'ਚ ਅਮਿਟ ਯੋਗਦਾਨ ਦੇ ਅਨੇਕਾਂ ਪੱਖਾਂ ਨੂੰ ਯਾਦ ਕੀਤਾ।


ਬਾਬਾ ਭਗਤ ਸਿੰਘ ਬਿਲਗਾ

ਸਮਾਗਮ ਦੇ ਰਸਮੀ ਆਗਾਜ਼ ਮੌਕੇ ਦੋ ਮਿੰਟ ਲਈ ਖੜ੍ਹੇ ਹੋ ਕੇ ਹਾਜ਼ਰ ਲੋਕਾਂ ਨੇ ਸ਼ਰਧਾਂਜਲੀ ਭੇਟ ਕੀਤੀ। ਬਾਬਾ ਬਿਲਗਾ ਦੀ ਤਸਵੀਰ ਉਪਰ ਫੁੱਲਾਂ ਦੀ ਵਰਖਾ ਕੀਤੀ ਅਤੇ 'ਬਾਬਾ ਭਗਤ ਸਿੰਘ ਬਿਲਗਾ-ਜ਼ਿੰਦਾਬਾਦ', 'ਗਦਰ ਪਾਰਟੀ-ਜ਼ਿੰਦਾਬਾਦ' ਅਤੇ ਹੋਰ ਇਨਕਲਾਬੀ ਨਾਅਰੇ ਗੂੰਜ ਉਠੇ। ਸਮਾਗਮ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਨੌਨਿਹਾਲ ਸਿੰਘ, ਲੋਕ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਅਮੋਲਕ ਸਿੰਘ, ਸ਼ਹੀਦ ਊਧਮ ਸਿੰਘ ਵੈਲਫੇਅਰ ਟਰਸਟ, ਇੰਗਲੈਂਡ ਦੇ ਅਵਤਾਰ ਸਿੰਘ ਤਾਰੀ, ਲੋਕ ਸੰਗਰਾਮ ਮੰਚ ਦੇ ਜਨਰਲ ਸਕੱਤਰ ਬਲਵੰਤ ਮਖੂ, ਸੀ.ਪੀ.ਆਈ. ਦੇ ਜਨਰਲ ਸਕੱਤਰ ਭੁਪਿੰਦਰ ਸਾਂਬਰ, ਸੀ.ਪੀ.ਆਈ. ਐਮ.ਐਲ. (ਨਿਊ ਡੈਮੋਕਰੇਸੀ), ਦਰਸ਼ਨ ਖਟਕੜ, ਐਮ.ਸੀ.ਪੀ.ਆਈ. ਦੇ ਸਕੱਤਰ ਜਗਜੀਤ ਸਿੰਘ ਲਾਇਲਪੁਰੀ, ਬਜ਼ੁਰਗ ਟਰਸਟੀ ਜਗਜੀਤ ਸਿੰਘ ਆਨੰਦ, ਕਾਮਰੇਡ ਗੰਧਰਵ ਸੇਨ ਕੋਛੜ, ਡਾ. ਰਾਜ ਆਦਿ ਹਾਜ਼ਰ ਸਨ।

## ਡਾਇਰੀਏ ਦੀ ਲਪੇਟ 'ਚ ਮੋਹਾਲੀ

**ਮੋਹਾਲੀ :** ਪੰਜਾਬ ਵਿਚ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਡਾਇਰੀਏ ਨੇ ਮੋਹਾਲੀ ਸ਼ਹਿਰ ਵਿਚ ਦਸਤਕ ਦੇ ਦਿੱਤੀ ਹੈ। ਸਮੁੱਚਾ ਮੋਹਾਲੀ ਪਿੰਡ ਅਚਾਨਕ ਹੀ ਇਸ ਦੀ ਲਪੇਟ ਵਿਚ ਆ ਗਿਆ। ਇਕ ਤੋਂ ਬਾਅਦ ਇਕ ਕਈ ਵਿਅਕਤੀ ਪੇਚਿਸ਼ (ਡਾਇਰੀਆ) ਦੇ ਸ਼ਿਕਾਰ ਹੋ ਗਏ, ਜਿਨ੍ਹਾਂ ਵਿਚ ਕਈ ਬੱਚੇ ਵੀ ਸ਼ਾਮਲ ਹਨ।

ਮਰੀਜ਼ਾਂ ਨੂੰ ਤੁਰੰਤ ਫੇਜ਼-6 ਦੇ ਸਰਕਾਰੀ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਇਸ ਦੇ ਨਾਲ ਹੀ ਡਾਕਟਰਾਂ ਦੀ ਟੀਮ ਨੇ ਪਿੰਡ ਦਾ ਵੀ ਦੌਰਾ ਕੀਤਾ।

ਹਸਪਤਾਲ ਦੇ ਸੀ.ਐਮ.ਓ. ਡਾ. ਐਚ.ਐਸ. ਸਾਰੰਗ ਨੇ ਦੱਸਿਆ ਕਿ ਇਹ ਬੀਮਾਰੀ ਪ੍ਰਦੂਸ਼ਤ ਪਾਣੀ ਪੀਣ ਕਾਰਨ ਫੈਲਦੀ ਹੈ ਤੇ ਲੋਕਾਂ ਵਿਚ ਜਾਗਰੂਕਤਾ ਦੀ ਕਮੀ ਹੋਣਾ ਹੀ ਇਸ ਬੀਮਾਰੀ ਦਾ ਕਾਰਨ ਬਣਦਾ ਹੈ।

ਉਨ੍ਹਾਂ ਦੱਸਿਆ ਕਿ ਪਿੰਡ ਮੋਹਾਲੀ ਦੇ ਹੁਣ ਤੱਕ 27 ਮਰੀਜ਼ ਪੇਚਿਸ਼ ਬੀਮਾਰੀ ਤੋਂ ਪੀੜਤ ਪਾਏ ਗਏ ਹਨ, ਜਿਨ੍ਹਾਂ ਨੂੰ ਹਸਪਤਾਲ ਵਿਖੇ ਦਾਖਲ ਕੀਤਾ ਗਿਆ ਹੈ। ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚ 16 ਸਾਲ ਤੋਂ ਘੱਟ ਉਮਰ ਦੇ 8 ਬੱਚੇ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕ ਜਿਨ੍ਹਾਂ ਦੀ ਹਾਲਤ ਬਹੁਤੀ ਗੰਭੀਰ ਨਹੀਂ ਸੀ, ਉਹ ਓ.ਪੀ.ਡੀ. ਵਿਚੋਂ ਇਲਾਜ ਕਰਵਾ ਕੇ ਆਪੋ-ਆਪਣੇ ਘਰਾਂ ਨੂੰ ਚਲੇ ਗਏ ਹਨ।

ਉਨ੍ਹਾਂ ਦੱਸਿਆ ਕਿ ਮਰੀਜ਼ਾਂ ਦੀ ਹਾਲਤ ਵਿਚ ਕੁਝ ਸੁਧਾਰ ਹੈ ਤੇ ਬੀਮਾਰੀ 'ਤੇ ਕਾਬੂ ਪਾ ਲਿਆ ਗਿਆ ਹੈ।

# ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨੂੰ ਰੋਕਣ ਲਈ ਕਾਨੂੰਨ ਬਣਾਵਾਂਗੇ-ਬਾਦਲ

**ਕਪੂਰਥਲਾ :** ਕਿਸੇ ਵੀ ਧਰਮ, ਜਾਤੀ, ਜਾਂ ਸੰਪਰਦਾਇ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਰੋਕਣ ਲਈ ਪੰਜਾਬ ਵਿਧਾਨ ਸਭਾ ਵਿਚ ਇਕ ਸਖਤ ਕਾਨੂੰਨ ਬਣਾਏਗੀ ਤਾਂ ਕਿ ਪੰਜਾਬ ਵਿਚ ਅਮਨ-ਸ਼ਾਂਤੀ ਤੇ ਭਾਈਚਾਰੇ ਨਾਲ ਖਿਲਵਾੜ ਕਰਨ ਵਾਲੇ ਸ਼ਰਾਰਤੀ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾ ਸਕੇ। ਇਸ ਗੱਲ ਦਾ ਪ੍ਰਗਟਾਵਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਾਲਮੀਕਿ ਮਜ਼੍ਹਬੀ ਸਿੱਖ ਐਕਸ਼ਨ ਕਮੇਟੀ ਨਾਲ 23 ਜੂਨ ਦੇ 'ਪੰਜਾਬ ਬੰਦ' ਸਬੰਧੀ ਮੀਟਿੰਗ ਵਿਚ ਕੀਤਾ। ਬਾਦਲ ਨਾਲ ਬੈਠਕ ਤੋਂ ਬਾਅਦ ਐਕਸ਼ਨ ਕਮੇਟੀ ਨੇ 23 ਜੂਨ ਦੇ ਪੰਜਾਬ ਬੰਦ ਦੀ ਕਾਲ ਵਾਪਸ ਲੈ ਲਈ ਸੀ।


ਪ੍ਰਕਾਸ਼ ਸਿੰਘ ਬਾਦਲ

ਗੌਰਤਲਬ ਹੈ ਕਿ ਪਿਛਲੇ ਦਿਨੀਂ ਕਪੂਰਥਲਾ ਦੇ ਇਕ ਨਿੱਜੀ ਸਕੂਲ ਵਿਚ ਪੜ੍ਹਾਈ ਜਾ ਰਹੀ ਪੁਸਤਕ 'ਪਰਾਗ' ਵਿਚ ਭਗਵਾਨ ਵਾਲਮੀਕਿ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਸਾਹਮਣੇ ਆਉਣ ਤੋਂ ਬਾਅਦ ਵਾਲਮੀਕਿ ਭਾਈਚਾਰਾ ਰੋਸ ਵਜੋਂ ਸੜਕਾਂ 'ਤੇ ਉੱਤਰ ਆਇਆ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਪੁਸਤਕ ਦੇ ਪਬਲੀਸ਼ਰ, ਲੇਖਿਕਾ, ਸਕੂਲ ਦੇ ਚੇਅਰਮੈਨ ਅਤੇ ਪ੍ਰਿੰਸੀਪਲ ਵਿਰੁਧ ਤੁਰੰਤ ਮਾਮਲਾ ਦਰਜ ਕਰਕੇ ਹਾਲਾਤ ਨੂੰ ਵਿਗੜਨ ਤੋਂ ਬਚਾ ਲਿਆ ਸੀ। ਇਸ ਗੱਲ ਦੇ ਬਾਵਜੂਦ ਵਾਲਮੀਕਿ ਭਾਈਚਾਰੇ ਵਿਚ ਅੰਦਰ ਹੀ ਅੰਦਰ ਰੋਸ ਸੀ। ਇਸ ਲਈ ਵਾਲਮੀਕਿ ਭਾਈਚਾਰੇ ਨਾਲ ਸਬੰਧਤ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸੰਗਠਨਾਂ ਦੇ ਆਗੂਆਂ 'ਤੇ ਆਧਾਰਤ ਪੰਜਾਬ ਪੱਧਰ ਦੀ ਇਕ ਐਕਸ਼ਨ ਕਮੇਟੀ ਬਣਾਈ ਗਈ। ਇਸ ਐਕਸ਼ਨ ਕਮੇਟੀ ਨੇ ਡੀ.ਸੀ. ਕਪੂਰਥਲਾ ਨੂੰ ਮੰਗ ਪੱਤਰ ਦੇ ਕੇ ਦੋਸ਼ੀਆਂ ਵਿਰੁਧ ਦਰਜ ਕੀਤੇ ਪਰਚੇ ਦੀਆਂ ਧਾਰਾਵਾਂ ਵਿਚ ਵਾਧਾ ਕਰਨ, ਦੋਸ਼ੀਆਂ ਵਿਰੁਧ ਮਸੂਕਾ ਲਾਉਣ ਅਤੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕਰਦੇ ਹੋਏ 23 ਜੂਨ ਨੂੰ ਪੰਜਾਬ ਬੰਦ ਦਾ ਨੋਟਿਸ ਦਿੱਤਾ ਸੀ। ਇਸ ਸਬੰਧ ਵਿਚ ਐਕਸ਼ਨ ਕਮੇਟੀ ਦੇ ਕਰੀਬ ਦੋ ਦਰਜਨ ਮੈਂਬਰਾਂ ਦੀ ਮੁੱਖ ਮੰਤਰੀ ਨਾਲ ਅੱਧੇ ਘੰਟੇ ਤੋਂ ਵਧ ਸਮਾਂ ਬੈਠਕ ਹੋਈ। ਬੈਠਕ ਵਿਚ ਮੌਜੂਦ ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਐਕਸ਼ਨ ਕਮੇਟੀ ਦੀਆਂ ਮੁੱਖ ਮੰਗਾਂ ਵਿਚ ਪਰਚੇ ਦੀਆਂ ਧਾਰਾਵਾਂ ਵਿਚ ਵਾਧੇ ਅਤੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਲਈ ਬੈਠਕ ਦੇ ਦੌਰਾਨ ਹੀ ਸਬੰਧਤ ਅਫਸਰਾਂ ਨੂੰ ਹਦਾਇਤਾਂ ਦੇ ਦਿੱਤੀਆਂ।

## ਚੰਦਰਮਾਂ ਤੇ ਵਿਸਫੋਟ ਦੀ ਤਿਆਰੀ

**ਲੰਦਨ :** ਚੰਦਰਾ ਤੇ ਪਾਣੀ ਦਾ ਪਤਾ ਲਗਾਉਣ ਲਈ ਨਾਸਾ ਦੇ ਵਿਗਿਆਨਕ ਇਥੇ ਇਕ ਵਿਸਫੋਟ ਕਰਨ ਜਾ ਰਹੇ ਹਨ। ਇਸ ਲਈ ਇਕ ਮਿਸਾਈਲ ਨਾਲ ਚੰਦਰਮਾਂ ਦੀ ਸਤਹਿ 'ਤੇ ਧਮਾਕਾ ਕੀਤਾ ਜਾਵੇਗਾ। ਨਾਸਾ ਦੇ ਵਿਗਿਆਨਕੀ ਵਿਸਫੋਟ ਤੋਂ ਉਠਣ ਵਾਲੇ ਗੁਬਾਰ ਦਾ ਵਿਸ਼ਲੇਸ਼ਣ ਕਰਕੇ ਪਤਾ ਲਾਉਣਗੇ ਕਿ ਇਸ ਵਿਚ ਪਾਣੀ ਜਾਂ ਭਾਫ ਦੇ ਕਣ ਹਨ ਜਾਂ ਨਹੀਂ। ਵਿਸਫੋਟ ਲਈ ਕੈਪ ਕੈਨੇਵਰਲ ਨਾਲ ਇਕ ਪੁਲਾੜ ਮਿਸ਼ਨ ਲਾਂਚ ਕੀਤਾ ਜਾਵੇਗਾ, ਜੋ ਆਪਣੇ ਨਾਲ ਮਿਸਾਈਲ ਲੈ ਜਾਵੇਗਾ। ਵਿਗਿਆਨਕਾਂ ਦਾ ਅਨੁਮਾਨ ਹੈ ਕਿ ਵਿਸਫੋਟ ਨਾਲ ਧੂੜ, ਗੈਸ ਅਤੇ ਵਾਸ਼ਪਿਕ੍ਰਿਤ ਹਿਮਜਲ ਦਾ ਛੇ ਮੀਲ ਉੱਚਾ ਵਿਸ਼ਾਲ ਗੁਬਾਰ ਉਠੇਗਾ, ਜਿਸ ਨੂੰ ਧਰਤੀ ਤੋਂ ਵੀ ਦੇਖਿਆ ਜਾ ਸਕਦਾ ਹੈ। ਜੇਕਰ ਇਹ ਖੋਜ ਸਫਲ ਰਹੀ ਤਾਂ ਚੰਦਰਮਾ 'ਤੇ ਬਣਨ ਵਾਲੇ ਕਿਸੇ ਬੇਸ ਨੂੰ ਮਹੱਤਵਪੂਰਣ ਸਿਖਰ ਮਿਲ ਸਕੇਗੀ।


# ਨਿਗਰਾਨੀ ਹੇਠ ਰੱਖੇ 12 ਵਿਦਿਆਰਥੀਆਂ ਨੂੰ ਛੁੱਟੀ

**ਜਲੰਧਰ :** ਸਥਾਨਕ ਸਿਵਲ ਹਸਪਤਾਲ 'ਚ ਸਵਾਈਨ ਫਲੂ ਤੋਂ ਪ੍ਰਭਾਵਿਤ ਅਤੇ ਨਿਗਰਾਨੀ ਹੇਠ ਰੱਖੇ ਗਏ ਗੁਰੂ ਅਮਰਦਾਸ ਪਬਲਿਕ ਸਕੂਲ ਦੇ 14 ਵਿਦਿਆਰਥੀਆਂ ਵਿਚੋਂ 12 ਨੂੰ ਹਸਪਤਾਲ ਵਿਚੋਂ ਲੰਘੀ 21 ਜੂਨ ਨੂੰ ਛੁੱਟੀ ਦੇ ਦਿੱਤੀ ਗਈ। ਇਨ੍ਹਾਂ ਵਿਦਿਆਰਥੀਆਂ ਵਿਚ 5 ਵਿਦਿਆਰਥੀ ਉਹ ਹਨ, ਜਿਨ੍ਹਾਂ ਦੇ ਟੈਸਟ ਪਾਜ਼ੇਟਿਵ ਆਏ ਸਨ। ਸਿਵਲ ਸਰਜਨ ਡਾ.ਐਸ.ਐਸ. ਵਾਲੀਆ ਨੇ ਦੱਸਿਆ ਕਿ ਇਨ੍ਹਾਂ ਡਿਸਚਾਰਜ ਕੀਤੇ ਗਏ ਵਿਦਿਆਰਥੀਆਂ ਨੂੰ ਅਗਲੇ ਸੱਤ ਦਿਨਾਂ ਲਈ ਨਿਗਰਾਨੀ ਹੇਠ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਘਰਾਂ ਵਿਚ ਅਲੱਗ ਰੱਖੇ ਜਾਣ ਲਈ ਮਾਪਿਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ। ਡਾ. ਵਾਲੀਆ ਨੇ ਦੱਸਿਆ ਕਿ ਨਿਗਰਾਨੀ ਹੇਠ ਰੱਖੇ ਗਏ ਵਿਦਿਆਰਥੀਆਂ ਦੇ ਸੰਪਰਕ 'ਚ ਆਉਣ ਵਾਲੇ 297 ਵਿਅਕਤੀ ਹਾਲੇ ਕੁਝ ਹੋਰ ਦਿਨ ਨਿਗਰਾਨੀ ਹੇਠ ਰੱਖੇ ਜਾਣਗੇ ਅਤੇ ਹਦਾਇਤਾਂ ਅਨੁਸਾਰ ਉਨ੍ਹਾਂ ਨੂੰ ਦਵਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ 2 ਵਿਦਿਆਰਥੀਆਂ ਨੂੰ ਭਲਕੇ ਛੁੱਟੀ ਦੇ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਉਕਤ ਸਕੂਲ ਦੀ 31 ਮੈਂਬਰੀ ਟੀਮ ਅਮਰੀਕਾ ਦੀ ਖੋਜ ਸੰਸਥਾ ਨਾਸਾ ਦਾ ਵਿੱਦਿਅਕ ਦੌਰਾ ਪੂਰਾ ਕਰ ਕੇ ਲੰਘੀ 13 ਜੂਨ ਨੂੰ ਭਾਰਤ ਪਰਤੀ ਸੀ। ਇਸ ਟੀਮ ਦਾ ਇਕ ਵਿਦਿਆਰਥੀ ਦਿੱਲੀ ਏਅਰਪੋਰਟ 'ਤੇ ਡਾਕਟਰੀ ਮੁਆਇਨੇ ਦੌਰਾਨ ਸਵਾਈਨ ਫਲੂ ਤੋਂ ਪ੍ਰਭਾਵਿਤ ਪਾਇਆ ਗਿਆ ਸੀ। ਜਲੰਧਰ ਪੁੱਜੇ ਬਾਕੀ 30 ਮੈਂਬਰਾਂ ਵਿਚੋਂ 7 ਵਿਦਿਆਰਥੀ ਹੋਰ ਪਾਜ਼ੇਟਿਵ ਅਤੇ 6 ਬਿਮਾਰੀ ਦੇ ਲੱਛਣ ਵਾਲੇ ਸਾਹਮਣੇ ਆਏ ਸਨ, ਜਿਨ੍ਹਾਂ ਨੂੰ ਇਥੋਂ ਦੇ ਸਿਵਲ ਹਸਪਤਾਲ ਵਿਚ ਇਲਾਜ ਲਈ ਦਾਖਲ ਕਰ ਲਿਆ ਗਿਆ ਸੀ।


**Declare your independence with Solar**

*Go Solar Today and Save Tomorrow!*



With a Grid-Tie System you'll reduce or eliminate your electricity bill, protect against future rate increases, and receive free electricity after your system pays for itself

**Call:1800-780-0032**

**SUPER TRAVEL**

**847-676-9090**

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

**EARLY BIRD SALE!!!!**

India $545
London $250


**ਡਾਇਮੰਡ ਹੇਅਰ ਕਟਿੰਗ ਸਲੂਨ**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



**For men, women & Children**

Make-up
Hair cut
Perm
Hair styler



Color
Facial, Threading
Bridal Make-up
Body Art (Henna)

**TONY**
**26655 Mission Blvd.**
**Hayward, CA 94544**

*Wednesday thru Monday 10 am to 7pm, Sunday 11 am to 6.00 pm Tuesday closed*


**Ph: 510-582-2472 Cell: (510) 825-0820**

**Realtor & Mortgage Specialist**
**Bay Area & Central Valley**

**ਚੰਗੀ ਜੁਗਤਤ-ਚਿੰਤਾ ਮੁਕਤਤ**

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

**ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ**



RAJ SINGH
M.A., M.Ed Retd. Principal
Realtor & Financial Adviser
Lic#01776459 & OG22467

**ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।**

**Refinance, Home Loan, SBA Loan**
**(All at Best Rates)**

**RAJ SINGH**

**Cell:510-452-7370**

**Notary Free**

*ਤੀਹ ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।*

MISSIONPEAK BROKERS, INC.

46560 Fremont Blvd.
Suite #111 Fremont,
CA 94538
singhrajpaul@yahoo.com

# ਪੰਜਾਬ ਟਾਈਮਜ਼

ਸਨਿਚਰਵਾਰ, 27 ਜੂਨ, 2009

*ਸ਼ਾਸਨ ਚਲਾਉਣ ਦਾ ਕੰਮ ਸਿਰਫ ਨੇਤਾਵਾਂ 'ਤੇ ਨਹੀਂ ਛੱਡਿਆ ਜਾ ਸਕਦਾ-ਚੈਸਟਰ ਬਾਊਲਸ*


## ਸੰਪਾਦਕੀ

## ਲਾਲਗੜ੍ਹ ਦਾ ਲਾਲ ਘੇਰਾ

ਬੀਤੇ ਕੁਝ ਦਿਨਾਂ ਤੋਂ ਪੱਛਮੀ ਬੰਗਾਲ ਦੀ ਸਰਕਾਰ ਨੂੰ ਇਕ ਨਵੀਂ ਕਿਸਮ ਦੀ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੱਛਮੀ ਬੰਗਾਲ ਦੇ ਮਿਦਨਾਪੁਰ ਜ਼ਿਲ੍ਹੇ ਦੇ ਬਲਾਕ ਲਾਲਗੜ੍ਹ ਵਿਚ ਤਕਰੀਬਨ 1000 ਵਰਗ ਕਿਲੋਮੀਟਰ ਦੇ ਇਲਾਕੇ ਨੂੰ ਮਾਓਵਾਦੀਆਂ ਨੇ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਇਸ ਖੇਤਰ ਨੂੰ ਆਪਣੇ ਕਬਜ਼ੇ ਵਿਚ ਲੈਣ ਤੋਂ ਪਿੱਛੋਂ ਮਾਓਵਾਦੀਆਂ ਨੇ ਇਥੇ ਇਕ ਅਜੀਬ ਕਿਸਮ ਦੀ ਰਣਨੀਤੀ ਅਪਨਾਈ, ਜਿਸ ਨੂੰ ਤੋੜਨਾ ਸੁਰੱਖਿਆ ਦਸਤਿਆਂ ਲਈ ਕਾਫੀ ਮੁਸ਼ਕਲ ਹੋ ਰਿਹਾ ਹੈ। ਰਾਜ ਦੀ ਪੁਲਿਸ, ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਤੋਂ ਇਲਾਵਾ ਨਕਸਲੀ ਅਤੇ ਹੋਰ ਅਤਿਵਾਦ ਨਾਲ ਨਿਪਟਣ ਲਈ ਬਣਾਏ ਗਏ ਕੋਬਰਾ ਕਮਾਂਡੋ ਵੀ ਇਲਾਕੇ ਦੇ ਆਸ-ਪਾਸ ਤਾਇਨਾਤ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਹੈਲੀਕਾਪਟਰਾਂ ਰਾਹੀਂ ਮਾਓਵਾਦੀਆਂ ਦੇ ਘੇਰੇ ਵਾਲੇ ਖੇਤਰ ਦੇ ਅੰਦਰ ਸੁਰੱਖਿਆ ਦਸਤੇ ਉਤਾਰਨ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਸਰਕਾਰੀ ਹੈਲੀਕਾਪਟਰ ਮਾਓਵਾਦੀਆਂ ਦੇ ਘੇਰੇ ਵਾਲੇ ਖੇਤਰ ਵਿਚ ਲੋਕਾਂ ਨੂੰ ਸੰਬੋਧਨ ਹੋਣ ਅਤੇ ਆਪਣੇ ਪੱਖ ਵਿਚ ਜਿੱਤਣ ਲਈ ਲੀਫ਼ਲੈਟ ਅਤੇ ਇਸ਼ਤਿਹਾਰ ਵਗੈਰਾ ਸੁੱਟ ਰਹੇ ਹਨ।

ਮਾਓਵਾਦੀਆਂ ਵਲੋਂ ਕਬਜ਼ਾ ਕੀਤੇ ਜਾਣ ਤੋਂ ਇਕਦਮ ਪਿੱਛੋਂ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਬਿਆਨ ਦਿੱਤਾ ਸੀ ਕਿ ਜਲਦੀ ਹੀ ਮਾਓਵਾਦੀਆਂ ਦਾ ਇਹ ਕਬਜ਼ਾ ਹਟਾ ਦਿੱਤਾ ਜਾਵੇਗਾ। ਪਰ ਦੂਜੇ ਪਾਸਿਓਂ ਇਕ ਮਾਓਵਾਦੀ ਆਗੂ ਦਾ ਬਿਆਨ ਆਇਆ ਕਿ ਸਰਕਾਰ ਲਈ ਇਹ ਕਬਜ਼ਾ ਹਟਾਉਣਾ ਏਨਾ ਸੌਖਾ ਨਹੀਂ ਹੋਵੇਗਾ, ਕਿਉਂਕਿ ਇਥੇ ਉਨ੍ਹਾਂ ਨੂੰ ਵੱਖਰੀ ਕਿਸਮ ਦੀ ਰਣਨੀਤੀ ਦਾ ਸਾਹਮਣਾ ਕਰਨਾ ਪਵੇਗਾ। ਇਹ ਗੱਲ ਹੁਣ ਸਰਕਾਰੀ ਧਿਰਾਂ ਨੇ ਸਵੀਕਾਰ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ ਕਿ ਲਾਲਗੜ੍ਹ ਵਿਚ ਉਨ੍ਹਾਂ ਦਾ ਸਾਹਮਣਾ ਵਧੇਰੇ ਗੁੰਝਲਦਾਰ ਫੌਜੀ ਅਤੇ ਸਿਵਲ ਬਗ਼ਾਵਤ ਨਾਲ ਹੈ। ਲਾਲਗੜ੍ਹ ਖੇਤਰ ਵਿਚ ਵਾਪਰ ਰਹੇ ਇਸ ਘਟਨਾਕ੍ਰਮ ਦੇ ਜਾਣਕਾਰਾਂ ਅਨੁਸਾਰ ਮਾਓਵਾਦੀਆਂ ਵਲੋਂ ਲਾਲਗੜ੍ਹ ਖੇਤਰ ਦੀ ਸੁਰੱਖਿਆ ਲਈ ਤਿੰਨ ਘੇਰੇ ਬਣਾਏ ਗਏ ਹਨ। ਜਿਨ੍ਹਾਂ ਵਿਚ ਸਭ ਤੋਂ ਬਾਹਰਲੇ ਘੇਰੇ ਵਿਚ ਔਰਤਾਂ ਅਤੇ ਬੱਚਿਆਂ ਨੇ ਮਨੁੱਖੀ ਲੜੀ ਬਣਾਈ ਹੋਈ ਹੈ। ਇਸ ਤੋਂ ਅਗਲੇ ਘੇਰੇ ਵਿਚ ਕਬਾਇਲੀ ਮਰਦ ਖਾਸ ਕਰਕੇ ਬਜ਼ੁਰਗਾਂ ਦਾ ਘੇਰਾ ਹੈ। ਉਸ ਤੋਂ ਅੱਗੇ ਹਥਿਆਰਬੰਦ ਮਾਓਵਾਦੀਆਂ ਦਾ ਵੱਡਾ ਜਮਾਵੜਾ ਹੈ ਅਤੇ ਸਥਾਨਕ ਮਾਓਵਾਦੀ ਲੀਡਰਸ਼ਿਪ ਉਨ੍ਹਾਂ ਦੀ ਅਗਵਾਈ ਕਰ ਰਹੀ ਹੈ। ਇਸ ਖੇਤਰ ਵਿਚ ਅਗੇ ਵਧਦੇ ਸੁਰੱਖਿਆ ਦਸਤਿਆਂ ਨੂੰ ਸਭ ਤੋਂ ਪਹਿਲਾਂ ਮਨੁੱਖੀ ਲੜੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਓਵਾਦੀਆਂ ਨੇ ਖੇਤਰ ਦੇ ਬਹੁਤ ਸਾਰੇ ਪੁਲ ਅਤੇ ਸੜਕਾਂ ਵੀ ਤੋੜ ਦਿੱਤੀਆਂ ਹਨ ਅਤੇ ਵਿਆਪਕ ਪੱਧਰ 'ਤੇ ਬਾਰੂਦੀ ਸੁਰੰਗਾਂ ਵੀ ਵਿਛਾ ਦਿੱਤੀਆਂ ਹਨ। ਇਸ ਖੇਤਰ ਵਿਚ ਹੁਣ ਤਕ ਹੋਏ ਝਗੜੇ ਵਿਚ 11 ਦੇ ਕਰੀਬ ਲੋਕ ਮਾਰੇ ਗਏ ਹਨ, ਜਿਨ੍ਹਾਂ ਵਿਚ ਬਹੁਤੇ ਸਥਾਨਕ ਮਾਰਕਸਵਾਦੀ ਪਾਰਟੀ ਦੇ ਆਗੂ ਅਤੇ ਕਾਰਕੁੰਨ ਸ਼ਾਮਲ ਹਨ।

ਰਾਜ ਵਿਚ ਰਾਜ ਕਰ ਰਹੀ ਮਾਰਕਸਵਾਦੀ ਕਮਿਊਨਿਸਟ ਪਾਰਟੀ, ਲਾਲਗੜ੍ਹ ਵਿਚ ਪੈਦਾ ਹੋਈ ਸਥਿਤੀ ਲਈ ਤ੍ਰਿਣਮੂਲ ਕਾਂਗਰਸ ਅਤੇ ਕਾਂਗਰਸ ਪਾਰਟੀ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਪੋਲਿਟ ਬਿਊਰੋ ਦੀ ਹਾਲ ਹੀ ਵਿਚ ਹੋਈ ਮੀਟਿੰਗ ਵਿਚ ਲਾਲਗੜ੍ਹ ਵਿਚ ਪੈਦਾ ਹੋਈ ਸਥਿਤੀ ਉੱਤੇ ਗੰਭੀਰ ਵਿਚਾਰ ਚਰਚਾ ਕੀਤੀ ਗਈ ਹੈ। ਇਸ ਦੌਰਾਨ ਮਾਰਕਸਵਾਦੀ ਪਾਰਟੀ ਦੀ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਮਾੜੀ ਹਾਲਤ ਉਪਰ ਵੀ ਵਿਚਾਰ-ਚਰਚਾ ਕੀਤੀ ਗਈ। ਇਸੇ ਸੰਦਰਭ ਵਿਚ ਇਸ ਵਾਰ ਸ਼ਾਇਦ ਸੀ.ਪੀ.ਐਮ. ਵਿਚ ਮਾਓਵਾਦੀਆਂ ਖਿਲਾਫ ਕਾਰਵਾਈ ਨੂੰ ਲੈ ਕੇ ਹਿਚਕਚਾਹਟ ਵਿਖਾਈ ਦੇ ਰਹੀ ਹੈ। ਪਿਛਲੀ ਵਾਰ ਨੰਦੀਗ੍ਰਾਮ ਅਤੇ ਕੁਝ ਹੋਰ ਖੇਤਰਾਂ ਵਿਚ ਜ਼ਮੀਨ ਐਕਵਾਇਰ ਕਰਨ ਦੇ ਮਾਮਲੇ ਨੂੰ ਲੈ ਕੇ ਹੋਏ ਝਗੜਿਆਂ ਨੇ ਵੀ ਸੀ.ਪੀ.ਐਮ. ਦੀ ਚੋਣ ਮੁਹਿੰਮ ਉਪਰ ਅਸਰ ਪਾਇਆ ਸੀ ਅਤੇ ਇਹ ਗੱਲ ਪਾਰਟੀ ਖ਼ੁਦ ਵੀ ਸਵੀਕਾਰ ਕਰਨ ਲੱਗੀ ਹੈ। ਸੀ.ਪੀ.ਐਮ. ਲਾਲਗੜ੍ਹ ਵਿਚ ਭਾਵੇਂ ਆਦਿਵਾਸੀਆਂ ਅਤੇ ਨਕਸਲਵਾੜੀਆਂ ਦੇ ਗਠਜੋੜ ਖਿਲਾਫ ਕਾਰਵਾਈ ਲਈ ਤਹੂ ਜਾਪਦੀ ਹੈ,ਪਰ ਡੁੱਲ੍ਹਣ ਵਾਲੇ ਖ਼ੂਨ ਦਾ ਭਾਂਡਾ ਕੇਂਦਰ ਸਿਰ ਭੰਨ੍ਹਣਾ ਲੋਚਦੀ ਹੈ। ਕੇਂਦਰੀ ਗ੍ਰਹਿ ਮੰਤਰੀ ਦੇ ਹੁਕਮਾਂ ਨਾਲ ਅਰਧ ਸੈਨਿਕ ਬਲ ਅਤੇ ਫੌਜ ਇਲਾਕੇ ਵਿਚ ਤਾਇਨਾਤ ਕਰ ਦਿੱਤੀ ਗਈ ਹੈ ਅਤੇ ਇਸ ਕਾਰਵਾਈ ਦੀ ਰਾਜ ਪੁਲਿਸ ਵੀ ਸਹਾਇਤਾ ਕਰ ਰਹੀ ਹੈ। ਇਸ ਹਾਲਤ ਵਿਚ ਜੇ ਆਦਿਵਾਸੀ ਲੋਕਾਂ ਦਾ ਕਤਲੇਆਮ ਵਾਪਰਦਾ ਹੈ ਤਾਂ ਇਸ ਡੁੱਲ੍ਹੇ ਖ਼ੂਨ ਲਈ ਸੀ.ਪੀ.ਐਮ. ਵੀ ਕਿਸੇ ਹੱਦ ਤੱਕ ਜ਼ਿੰਮੇਵਾਰ ਠਹਿਰਾਈ ਜਾਵੇਗੀ। ਓਧਰ ਤ੍ਰਿਣਮੂਲ ਕਾਂਗਰਸ ਸਥਿਤੀ ਦਾ ਲਾਭ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਇਸ ਦੇ ਬਾਵਜੂਦ ਹੋ ਰਿਹਾ ਹੈ ਕਿ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਕੇਂਦਰ ਵਿਚ ਕੈਬਨਿਟ ਮੰਤਰੀ ਹੈ। ਮਾਓਵਾਦੀ ਆਗੂਆਂ ਨੇ ਵੀ ਤ੍ਰਿਣਮੂਲ ਕਾਂਗਰਸ ਤੋਂ ਆਪਣੇ ਵਾਅਦੇ ਅਨੁਸਾਰ ਮਦਦ ਦੀ ਮੰਗ ਕੀਤੀ ਹੈ। ਮਾਓਵਾਦੀਆਂ ਦਾ ਆਖਣਾ ਹੈ ਕਿ ਉਨ੍ਹਾਂ ਨੇ ਨੰਦੀਗ੍ਰਾਮ ਵਿਚ ਤ੍ਰਿਣਮੂਲ ਕਾਂਗਰਸ ਦੀ ਮਦਦ ਕੀਤੀ ਸੀ, ਇਸ ਲਈ ਉਹ ਵੀ ਉਸ ਦੀ ਮਦਦ ਉਪਰ ਆਉਣ। ਸੋ ਸਪੱਸ਼ਟ ਹੈ ਕਿ ਸਾਰੀ ਸਥਿਤੀ ਵਿਚ ਤ੍ਰਿਣਮੂਲ ਕਾਂਗਰਸ ਦਾ ਵੱਡਾ ਹੱਥ ਵੀ ਹੈ। ਤ੍ਰਿਣਮੂਲ ਕਾਂਗਰਸ ਮਾਓਵਾਦੀਆਂ ਵਲੋਂ ਮਾਰਕਸਵਾਦੀ ਸਰਕਾਰ ਦੇ ਵਿਰੁਧ ਕੀਤੀ ਜਾ ਰਹੀ ਇਸ ਕਾਰਵਾਈ ਦੇ ਬਿਨਾ 'ਤੇ ਕਬਾਇਲੀਆਂ ਵਿਚ ਰਾਜਨੀਤਕ ਹਮਦਰਦੀ ਜਿਤਣਾ ਚਾਹੁੰਦੀ ਹੈ। ਐਨ ਇਹੋ ਕੁਝ ਨੰਦੀਗ੍ਰਾਮ ਵੇਲੇ ਵੀ ਵਾਪਰਿਆ ਸੀ। ਇਥੇ ਵੀ ਸਰਕਾਰ ਵਿਰੁਧ ਜਨਤਕ ਐਕਸ਼ਨ ਮੁੱਖ ਰੂਪ ਵਿਚ ਨਕਸਲੀ ਧਿਰਾਂ ਦੀਆਂ ਫਰੰਟ ਜਥੇਬੰਦੀਆਂ ਦੇ ਹੱਥ ਵਿਚ ਹੀ ਸੀ। ਇਸ ਗੜਬੜ ਦੇ ਸਿੱਟੇ ਵਜੋਂ ਪੈਦਾ ਹੋਈ ਰਾਜਨੀਤਕ ਹਮਦਰਦੀ ਦਾ ਲਾਭ ਤ੍ਰਿਣਮੂਲ ਕਾਂਗਰਸ ਨੂੰ ਮਿਲਿਆ ਸੀ। ਯਾਦ ਰਹੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਪੱਛਮੀ ਬੰਗਾਲ ਵਿਚ ਮਾਰਕਸੀਆਂ ਦੇ ਖਿਲਾਫ ਤ੍ਰਿਣਮੂਲ ਕਾਂਗਰਸ ਅਤੇ ਕਾਂਗਰਸ ਪਾਰਟੀ ਦਾ ਗਠਜੋੜ ਸੀ ਅਤੇ ਬਹੁ ਗਿਣਤੀ ਲੋਕ ਸਭਾ ਸੀਟਾਂ ਇਸੇ ਗਠਜੋੜ ਨੇ ਜਿੱਤੀਆਂ ਸਨ। ਤ੍ਰਿਣਮੂਲ ਕਾਂਗਰਸ ਅਤੇ ਕਿਸੇ ਹੱਦ ਤੱਕ ਕਾਂਗਰਸ ਪਾਰਟੀ ਦੀ ਇੱਛਾ ਵੀ ਇਹ ਹੋਵੇਗੀ ਕਿ ਲਾਲਗੜ੍ਹ ਵਿਚ ਪੈਦਾ ਹੋਈ ਮੌਜੂਦਾ ਸਥਿਤੀ ਦੇ ਜ਼ਰੀਏ ਨੇੜ ਭਵਿੱਖ ਵਿਚ ਜਾਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਮਾਰਕਸਵਾਦੀ ਪਾਰਟੀ ਦੀ ਪੱਛਮੀ ਬੰਗਾਲ ਸਰਕਾਰ ਨੂੰ ਉਖਾੜਨ ਦਾ ਮੌਕਾ ਪੈਦਾ ਕੀਤਾ ਜਾਵੇ। ਸਮੁੱਚੀ ਸਥਿਤੀ ਨੂੰ ਖ਼ੂਨੀ ਰੰਗਤ ਦੇਣ ਵਿਚ ਪੱਛਮੀ ਬੰਗਾਲ ਦੀਆਂ ਮੁੱਖ ਰਾਜਨੀਤਕ ਪਾਰਟੀਆਂ ਦੀਆਂ ਰਾਜਨੀਤਕ ਲਾਲਸਾਵਾਂ ਹੀ ਕੰਮ ਕਰ ਰਹੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਇਹ ਕੈਸੇ ਬਾਬੇ?

*ਹੱਡ ਭੰਨਵੀਂ ਕਿਰਤ ਗ੍ਰਹਿਸਤੀਆਂ ਦੀ,*
*ਖਾ ਕੇ ਵਿਹਲੀਆਂ ਐਸ਼ ਉਡਾਉਣ ਬਾਬੇ।*
*ਉਤੋਂ ਭੇਖ ਵੈਰਾਗ ਦਾ ਧਾਰ ਲੈਂਦੇ,*
*ਬਿਜਨੈਸ 'ਸੇਵਾ' ਦਾ ਖ਼ੂਬ ਚਲਾਉਣ ਬਾਬੇ।*
*ਰੈਣਿ-ਬਸੇਰੇ ਦਾ ਦੇਣ ਉਪਦੇਸ਼ ਸਾਨੂੰ,*
*ਡੇਰੇ ਉਚੇ ਤੋਂ ਉਚੇ ਬਣਵਾਉਣ ਬਾਬੇ।*
*ਸ਼ਬਦ-ਗੁਰੂ ਦਾ ਫਲਸਫਾ ਛੱਡ ਕੇ ਤੇ,*
*ਪੈਰੀਂ ਆਪਣੇ ਮੱਥੇ ਟਿਕਵਾਉਣ ਬਾਬੇ।*
*ਕਰਤੇ-ਪੁਰਖ ਦਾ ਭੁੱਲ ਕੇ ਨਾਮ ਸੱਚਾ,*
*ਕਰਮ-ਕਾਂਡ ਦੇ ਵਿਚ ਉਲਝਾਉਣ ਬਾਬੇ।*
*'ਰਹਿਬਰ' ਬਣਦੇ ਨੇ ਉਂਜ ਮਨੁੱਖਤਾ ਦੇ,*
*ਮਾਨਸ-ਜਾਤ ਵਿਚ ਵੰਡੀਆਂ ਪਾਉਣ ਬਾਬੇ।*

## ਸਵਾਤ ਵਾਦੀ ਦੀ ਤਾਲਿਬਾਨ ਵਲੋਂ ਬਰਬਾਦੀ

ਗੁਰਮੁਖ ਸਿੰਘ ਸਹਿਗਲ (ਪ੍ਰੋ.)

ਪਿਛਲੇ ਕੁਝ ਦਿਨਾਂ ਤੋਂ ਪਾਕਿਸਤਾਨ ਦੇ ਫ਼ਰੰਟੀਅਰ ਦੇ ਇਲਾਕੇ ਦੀ ਖ਼ੂਬਸੂਰਤ ਵਾਦੀ, ਸਵਾਤ ਦੀਆਂ ਖ਼ਬਰਾਂ ਅਖ਼ਬਾਰਾਂ 'ਚ ਬਹੁਤ ਉੱਭਰ ਕੇ ਸਾਹਮਣੇ ਆਈਆਂ ਹਨ। ਸਵਾਤ 'ਤੇ ਤਾਲਿਬਾਨ ਨੇ ਕਬਜ਼ਾ ਕਰ ਕੇ ਆਪਣੇ ਹੀ ਕਾਇਦੇ ਕਨੂੰਨ ਲਾਗੂ ਕਰ ਦਿੱਤੇ ਸਨ। ਤਾਲਿਬਾਨ ਸਵਾਤ 'ਚ ਸ਼ਰੀਆ ਕਨੂੰਨ ਲਾਗੂ ਕਰਨ ਲਈ ਪਾਕਿਸਤਾਨ ਸਰਕਾਰ 'ਤੇ ਦਬਾ ਪਾਉਣ ਲੱਗੇ ਅਤੇ ਇਸ ਮਕਸਦ ਲਈ ਉਨ੍ਹਾਂ ਨੇ ਪਾਕਿਸਤਾਨ 'ਚ ਆਪਣੀਆਂ ਬਰਬਾਦੀ ਵਾਲੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ। ਉਨ੍ਹਾਂ ਦੀ ਵਧ ਰਹੀ ਤਾਕਤ ਅੱਗੇ ਪਾਕਿਸਤਾਨ ਸਰਕਾਰ ਢਿੱਲੀ ਪੈਣ ਲੱਗ ਪਈ ਸੀ। ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੂੰ ਤਾਲਿਬਾਨ ਦੀਆਂ ਮੰਗਾਂ ਅੱਗੇ ਝੁਕਣਾ ਪਿਆ ਅਤੇ ਉਨ੍ਹਾਂ ਤਾਲਿਬਾਨ ਅਨੁਸਾਰ ਸਵਾਤ ਦੇ ਇਲਾਕੇ 'ਚ ਸ਼ਰੀਆ ਕਨੂੰਨ ਲਾਗੂ ਕਰਨਾ ਮੰਨ ਲਿਆ। ਸਰਕਾਰ ਵਲੋਂ ਹਰੀ ਝੰਡੀ ਮਿਲਣ ਨਾਲ ਤਾਲਿਬਾਨ ਦੇ ਹੌਂਸਲੇ ਕਾਫ਼ੀ ਬੁਲੰਦ ਹੋ ਗਏ ਅਤੇ ਉਨ੍ਹਾਂ ਨੇ ਆਪਣਾ ਦਕਿਆਨੂਸੀ ਕੱਟੜ ਮਜ਼ਹਬੀ ਕਨੂੰਨ ਲਾਗੂ ਕਰਨ ਦਾ ਬੀੜਾ ਚੁੱਕ ਲਿਆ। ਕੱਟੜਵਾਦੀ ਮੁੱਲਿਆਂ ਨੇ ਔਰਤਾਂ 'ਤੇ ਪਾਬੰਦੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕੁੜੀਆਂ ਦੇ ਸਕੂਲ ਬੰਦ ਕਰਵਾ ਦਿੱਤੇ ਗਏ। ਗੀਤ-ਸੰਗੀਤ ਤੇ ਹੋਰ ਖੇਡ ਤਮਾਸ਼ੇ ਦਿਲ ਪਰਚਾਵੇ ਦੇ ਸਾਰੇ ਸ਼ੌਕਾਂ 'ਤੇ ਪਾਬੰਦੀ ਲਾ ਦਿੱਤੀ। ਸ਼ਰ੍ਹੇਆਮ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਲੱਗ ਪਈਆਂ। ਔਰਤਾਂ ਨੂੰ ਵੀ ਕੋੜਿਆਂ ਨਾਲ ਮਾਰਿਆ ਕੁੱਟਿਆ ਗਿਆ। ਔਰਤਾਂ 'ਤੇ ਤਾਲਿਬਾਨ ਦੇ ਇਸ ਤਰ੍ਹਾਂ ਅੱਤਿਆਚਾਰ ਕਰਨ ਦਾ ਦੁਨੀਆਂ ਭਰ 'ਚ ਵਿਰੋਧ ਕੀਤਾ ਗਿਆ ਪਰ ਤਾਲਿਬਾਨ ਦੇ ਕੰਨਾਂ 'ਤੇ ਜੂੰ ਤੱਕ ਨਾ ਸਰਕੀ। ਸਵਾਤ ਦਾ ਇਲਾਕਾ ਸ਼ੁਰੂ ਤੋਂ ਹੀ ਕਬਾਇਲੀ ਪਖ਼ਤੂਨਾਂ ਦਾ ਗੜ੍ਹ ਰਿਹਾ ਹੈ। ਅਖ਼ਬਾਰ ਦੀ ਇਕ ਖ਼ਬਰ ਅਨੁਸਾਰ ਕੱਟੜ ਇਸਲਾਮੀ ਪ੍ਰਚਾਰਕ ਸੂਫ਼ੀ ਮੁਹੰਮਦ ਲਗਪਗ 1990 ਤੋਂ ਹੀ ਸਵਾਤ 'ਚ ਸ਼ਰੀਆ ਕਨੂੰਨ ਲਾਗੂ ਕਰਨ ਲਈ ਜਤਨਸ਼ੀਲ ਸੀ। ਇਸ ਕੰਮ 'ਚ ਉਸ ਦਾ ਦਾਮਾਦ ਮੌਲਾਨਾ ਫ਼ਜ਼ਲ-ਉੱਲਾ ਵੀ ਉਸ ਦਾ ਸਹਿਯੋਗੀ ਸੀ। ਇਨ੍ਹਾਂ ਕੱਟੜਵਾਦੀਆਂ ਦੀ ਵਧ ਰਹੀ ਤਾਕਤ ਨੂੰ ਠੱਲ੍ਹ ਪਾਉਣ ਲਈ ਨਵੰਬਰ 2007 'ਚ ਪਾਕਿਸਤਾਨ ਦੇ ਸਾਬਕਾ ਡਿਕਟੇਟਰ ਪਰਵੇਜ਼ ਮੁਸ਼ੱਰਫ਼ ਨੇ ਕੋਈ ਦਸ ਹਜ਼ਾਰ ਫ਼ੌਜੀਆਂ ਨੂੰ ਭੇਜ ਕੇ ਉਨ੍ਹਾਂ 'ਤੇ ਮਿਲਟਰੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ ਪਰ ਉਸ ਨੂੰ ਲੋਕਾਂ ਵਲੋਂ ਕੋਈ ਸਹਿਯੋਗ ਨਹੀਂ ਸੀ ਮਿਲ ਸਕਿਆ ਜਿਸ ਕਰਕੇ ਤਾਲਿਬਾਨ ਆਪਣੀਆਂ ਜੜ੍ਹਾਂ ਮਜ਼ਬੂਤ ਕਰਦੇ ਰਹੇ।

ਆਸਿਫ਼ ਅਲੀ ਜ਼ਰਦਾਰੀ ਦੇ ਨਰਮ ਰਵੱਈਏ ਕਰਕੇ ਸੂਫ਼ੀ ਮੁਹੰਮਦ ਨੇ ਸਵਾਤ 'ਚ ਸ਼ੱਰੀਆ ਕਨੂੰਨ ਲਾਗੂ ਕਰਨ ਦੀ ਠਾਣ ਲਈ। ਇਸ ਮਕਸਦ ਲਈ ਉਸ ਨੇ ਆਪਣੇ ਨਾਲ ਕਬਾਇਲੀ ਇਲਾਕੇ ਦੇ ਤਾਲਿਬਾਨੀ ਆਗੂ ਬੈਤਉੱਲਾ ਮਹਿਸੂਦ ਨੂੰ ਵੀ ਆਪਣੇ ਨਾਲ ਮਿਲਾ ਲਿਆ। ਇਸ ਤਰ੍ਹਾਂ ਪਾਕਿਸਤਾਨ ਸਰਕਾਰ 'ਤੇ ਦਬਾ ਪਾ ਕੇ ਆਪਣੀਆਂ ਮੰਗਾਂ ਮਨਵਾ ਲਈਆਂ। ਸਵਾਤ ਤੋਂ ਬਾਅਦ ਤਾਲਿਬਾਨ ਦਾ ਨਿਸ਼ਾਨਾ ਸਾਰੇ ਪਾਕਿਸਤਾਨ 'ਚ ਸ਼ਰੀਆ ਕਨੂੰਨ ਲਾਗੂ ਕਰਨਾ ਸੀ। ਇਸ ਲਈ ਉਨ੍ਹਾਂ ਨੇ ਆਪਣੀਆਂ ਸਰਗਰਮੀਆਂ ਹੋਰ ਤੇਜ਼ ਕਰ ਦਿੱਤੀਆਂ ਤਾਂ ਪਾਕਿਸਤਾਨ ਸਰਕਾਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਤਾਲਿਬਾਨ ਦੀਆਂ ਸਖ਼ਤੀਆਂ ਤੋਂ ਤੰਗ ਆ ਕੇ ਬਹੁਤ ਸਾਰੇ ਲੋਕ ਸਵਾਤ 'ਚੋਂ ਕੂਚ ਕਰ ਕੇ ਦੂਰ-ਦੁਰਾਡੇ ਇਲਾਕਿਆਂ ਵਲ ਜਾਣ ਲੱਗੇ। ਤਾਲਿਬਾਨ ਦੀ ਵਧ ਰਹੀ ਤਾਕਤ ਪਾਕਿਸਤਾਨ ਸਰਕਾਰ ਲਈ ਸਿਰਦਰਦੀ ਬਣ ਗਈ ਅਤੇ ਇਸ ਨੂੰ ਕਾਬੂ ਕਰਨ ਲਈ ਸਰਕਾਰ ਨੇ ਉਨ੍ਹਾਂ 'ਤੇ ਫ਼ੌਜੀ ਕਾਰਵਾਈ ਕਰਨ ਦੀ ਠਾਣ ਲਈ। ਸਵਾਤ 'ਤੇ ਭਾਰੀ ਬੰਬਾਰੀ ਕੀਤੀ ਗਈ ਜਿਸ ਨਾਲ ਸਵਾਤ ਦੇ ਲੋਕਾਂ 'ਚ ਹਾਹਾਕਾਰ ਮੱਚ ਗਈ। ਤਕਰੀਬਨ 30 ਲੱਖ ਲੋਕ ਘਰ-ਬਾਰ ਛੱਡ ਕੇ ਪਾਕਿਸਤਾਨ ਦੇ ਦੂਜੇ ਸ਼ਹਿਰਾਂ ਵਲ ਕੂਚ ਕਰਨ ਲੱਗ ਪਏ ਅਤੇ ਸਰਕਾਰ ਵਲੋਂ ਲਗਾਏ ਰਿਫ਼ਿਊਜ਼ੀ ਕੈਂਪਾਂ 'ਚ ਸ਼ਰਨ ਲੈਣ ਲਈ ਮਜਬੂਰ ਹੋ ਗਏ।

ਸਵਾਤ 'ਤੇ ਪਾਕਿਸਤਾਨੀ ਫ਼ੌਜ ਦੀ ਬੰਬਾਰੀ ਨਾਲ ਤਾਲਿਬਾਨ ਭੂੰਡਾਂ ਦੇ ਖੱਖਰ ਵਾਂਗ ਮੱਛਰ ਗਏ ਅਤੇ ਉਨ੍ਹਾਂ ਨੇ ਪਾਕਿਸਤਾਨ ਦੇ ਕਈ ਸ਼ਹਿਰਾਂ 'ਤੇ ਆਤਮਘਾਤੀ ਬੰਬਾਂ ਰਾਹੀਂ ਹਮਲੇ ਸ਼ੁਰੂ ਕਰ ਦਿੱਤੇ। ਲਾਹੌਰ ਅਤੇ ਪਿਸ਼ਾਵਰ 'ਚ ਹੋਟਲਾਂ ਅਤੇ ਸ਼ਹਿਰੀ ਆਬਾਦੀ 'ਤੇ ਬੰਬ ਸੁੱਟੇ ਜਿਸ ਨਾਲ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਤਾਲਿਬਾਨ ਦੀਆਂ ਇਸ ਤਰ੍ਹਾਂ ਦੀਆਂ ਆਤਮਘਾਤੀ ਕਾਰਵਾਈਆਂ ਨੂੰ ਵੇਖ ਕੇ ਪਾਕਿਸਤਾਨ ਸਰਕਾਰ ਨੇ ਤਾਲਿਬਾਨ ਨੂੰ ਖ਼ਤਮ ਕਰਨ ਦਾ ਪੱਕਾ ਨਿਸ਼ਚਾ ਕਰ ਲਿਆ। 14 ਜੂਨ 2009 ਦੀ ਅਖ਼ਬਾਰ ਦੀ ਇਕ ਖ਼ਬਰ ਅਨੁਸਾਰ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਇਹ ਐਲਾਨ ਕੀਤਾ ਕਿ ਉਹ ਪਾਕਿਸਤਾਨ 'ਚੋਂ ਤਾਲਿਬਾਨ ਦਾ ਪੂਰੀ ਤਰ੍ਹਾਂ ਖ਼ਾਤਮਾ ਕਰ ਦੇਵੇਗਾ। ਤਾਲਿਬਾਨ ਦਾ ਖ਼ਾਤਮਾ ਕਰਨ ਲਈ ਪਾਕਿਸਤਾਨ ਨੂੰ ਅਮਰੀਕਾ ਸਰਕਾਰ ਵਲੋਂ ਸਹਾਇਤਾ ਮਿਲ ਰਹੀ ਹੈ ਜਿਸ ਕਰਕੇ ਅਮਰੀਕਾ ਸਰਕਾਰ ਇਸ 'ਚ ਪੂਰੀ ਦਿਲਚਸਪੀ ਲੈ ਰਹੀ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਵਿਸ਼ੇਸ਼ ਦੂਤ ਰਿਚਰਡ ਹਾਲਬਰੂਕ ਨੇ ਪਿੱਛੇ ਜਿਹੇ ਸਵਾਤ ਵਾਦੀ ਤੋਂ ਉੱਜੜ ਕੇ ਆਏ ਦੂਰ-ਦੁਰਾਡੇ ਕੈਂਪਾਂ 'ਚ ਰਿਫ਼ਿਊਜ਼ੀ ਬਣ ਕੇ ਰਹਿ ਰਹੇ ਲੋਕਾਂ ਨਾਲ ਜਦੋਂ ਗੱਲਬਾਤ ਕੀਤੀ ਤਾਂ ਉਸ ਨੂੰ ਸਵਾਤ ਦੇ ਇਕ ਵਾਸੀ ਨੇ ਦੱਸਿਆ ਕਿ ਪਹਿਲਾਂ ਅਸੀਂ ਜੰਨਤ 'ਚ ਰਹਿੰਦੇ ਸਾਂ ਪਰ ਹੁਣ ਤਾਲਿਬਾਨ ਦੀਆਂ ਸਖ਼ਤੀਆਂ ਕਰਕੇ ਦੋਜ਼ਖ਼ 'ਚ ਆ ਗਏ ਹਾਂ।

ਸਵਾਤ ਵਾਦੀ 'ਚ ਕਈ ਹਿੰਦੂ ਸਿੱਖਾਂ ਦਾ ਵੀ ਵਸੇਬਾ ਹੈ। ਤਾਲਿਬਾਨ ਦੀਆਂ ਇਨ੍ਹਾਂ ਸਖ਼ਤੀਆਂ ਤੋਂ ਤੰਗ ਆ ਕੇ ਸਵਾਤ ਦੇ ਹਿੰਦੂ ਸਿੱਖਾਂ ਨੇ ਪੰਜਾ ਸਾਹਿਬ ਦੇ ਗੁਰਦੁਆਰੇ 'ਚ ਸ਼ਰਨ ਲਈ ਹੋਈ ਹੈ। ਪਿੱਛੇ ਜਿਹੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਆਪਣੇ ਨਾਲ ਇਕ ਵਫ਼ਦ ਲੈ ਕੇ ਪਾਕਿਸਤਾਨ ਗਏ। ਉਨ੍ਹਾਂ ਨੇ ਉਥੇ ਪੰਜਾ ਸਾਹਿਬ 'ਚ ਸ਼ਰਨ ਲੈ ਰਹੇ ਹਿੰਦੂ ਸਿੱਖਾਂ ਨੂੰ ਮਿਲ ਕੇ ਜਦੋਂ ਉਨ੍ਹਾਂ ਦਾ ਹਾਲ ਚਾਲ ਪੁੱਛਿਆ ਤਾਂ ਉਨ੍ਹਾਂ ਲੋਕਾਂ ਨੇ ਆਪਣੀ ਜਨਮ ਭੂਮੀ ਸਵਾਤ ਨਾਲ ਡੂੰਘੀ ਸਾਂਝ ਦਰਸਾਉਂਦਿਆਂ ਹੋਇਆਂ ਦੱਸਿਆ ਕਿ ਅਸੀਂ ਕਿਸੇ ਵੀ ਕੀਮਤ 'ਤੇ ਸਵਾਤ ਨੂੰ ਛੱਡਣਾ ਨਹੀਂ ਚਾਹੁੰਦੇ। ਅਸੀਂ ਸਵਾਤ 'ਚ ਰਹਿ ਕੇ ਹੀ ਖੁਸ਼ ਹਾਂ। ਸਵਾਤ ਵਾਦੀ ਦੀ ਕੁਦਰਤੀ ਖ਼ੂਬਸੂਰਤੀ ਬੇਮਿਸਾਲ ਹੈ। ਪਸ਼ਤੋ ਦੇ ਲੋਕ ਗੀਤਾਂ 'ਚ ਸਵਾਤ ਦੀ ਕੁਦਰਤੀ ਸੁੰਦਰਤਾ ਦਾ ਬੜਾ ਪ੍ਰਭਾਵਸ਼ਾਲੀ ਵਰਨਣ ਮਿਲਦਾ ਹੈ। ਸਵਾਤ ਦੇ ਇਲਾਕੇ ਨਾਲ ਮੇਰੀ ਇਕ ਭਾਵਕ ਜਿਹੀ ਸਾਂਝ ਹੈ ਕਿਉਂਕਿ ਮੇਰੇ ਨਾਨਕੇ ਸਵਾਤ ਦੇ ਹੀ ਵਸਨੀਕ ਸਨ ਅਤੇ ਮੇਰੀ ਮਾਂ ਸਵਾਤ ਦੀ ਹੀ ਜੰਮਪਲ ਸੀ। ਮਾਂ ਨੂੰ ਸਵਾਤ ਬਾਰੇ ਕਈ ਪਸ਼ਤੋ ਗੀਤ ਯਾਦ ਸਨ। ਇਨ੍ਹਾਂ ਗੀਤਾਂ 'ਚੋਂ ਇਕ ਪਸ਼ਤੋ ਲੋਕ ਗੀਤ ਜੋ ਮੇਰੀ ਮਾਂ ਅਕਸਰ ਗੁਣਗੁਣਾਇਆ ਕਰਦੀ ਸੀ ਉਹ ਕੁਝ ਇਸ ਤਰ੍ਹਾਂ ਹੈ; "ਸੱਵਤ ਤਾਂ ਜ਼ਮਾਂਅ ਸਵੱਤ ਕੇ ਡੇਰੇ ਦੀਆਂ ਕਰੇਲੇ ਚਮਨ ਗੁਲੂੰਨਾ।"

(ਮੈਂ ਸਵਾਤ ਜਾਂਦੀ ਹਾਂ ਕਿਉਂਕਿ ਉੱਥੇ ਚਮਨ 'ਚ ਬਹੁਤ ਸੁੰਦਰ ਫੁੱਲ ਖਿੜਦੇ ਹਨ।)

ਸਵਾਤ ਦੀ ਸੁੰਦਰ ਵਾਦੀ 'ਚ ਕਦੇ ਫੁੱਲ ਖਿੜਦੇ ਸਨ ਅਤੇ ਉਹ ਸੈਲਾਨੀਆਂ ਲਈ ਆਕਰਸ਼ਨ ਦਾ ਕਾਰਨ ਸੀ ਪਰ ਅੱਜ ਉਸ ਸੁੰਦਰ ਵਾਦੀ ਦੀ ਸੁੰਦਰਤਾ ਤਾਲਿਬਾਨ ਦੀਆਂ ਤਖ਼ਰੀਬੀ ਕਾਰਵਾਈਆਂ ਕਰਕੇ ਨਸ਼ਟ ਹੋ ਰਹੀ ਹੈ। ਉਪਰੋਕਤ ਪਸ਼ਤੋ ਲੋਕ ਗੀਤ ਹੁਣ ਕੁਝ ਇਸ ਤਰ੍ਹਾਂ ਗਾਇਆ ਜਾਂਦਾ ਹੋਵੇਗਾ:

"ਸਵੱਤ ਤਾ ਨਅ ਜ਼ਮਾਂਅ ਅਲਤਾ ਡੇਰ ਦੀਅ
ਤਾਲਿਬਾਨੋ ਟੌਪੱਕੂੰਨਾ।"


(ਮੈਂ ਸਵਾਤ ਨਹੀਂ ਜਾਣਾ ਕਿਉਂਕਿ ਉੱਥੇ ਤਾਲਿਬਾਨ ਦੀਆਂ ਬੰਦੂਕਾਂ ਦੀ ਭਰਮਾਰ ਹੈ।)

## ਤ੍ਰਿਣਮੂਲ ਕਾਂਗਰਸ ਤੇ ਮਾਓਵਾਦੀਆਂ ਦਾ ਨਾਪਾਕ ਗੱਠਜੋੜ

ਨਕਸਲੀਆਂ ਨੇ ਲਾਲਗੜ੍ਹ ਦੇ ਇਲਾਕੇ 'ਚ ਲਗਪਗ 25 ਪਿੰਡਾਂ 'ਤੇ ਕਬਜ਼ਾ ਕਰ ਕੇ ਆਪਣਾ ਇਕ ਅਖੌਤੀ 'ਮੁਕਤ' ਖਿੱਤਾ ਕਾਇਮ ਕਰ ਲਿਆ ਹੈ। ਤ੍ਰਿਣਮੂਲ ਕਾਂਗਰਸ ਦਾ ਕਾਡਰ ਸਮਝਦਾ ਹੈ ਕਿ ਉਹ ਮਾਓਵਾਦੀਆਂ ਦੀ ਮਦਦ ਲੈ ਕੇ ਰਾਜ 'ਚ ਹਿੰਸਾ ਫੈਲਾਉਣ ਲਈ ਵੱਡੀ ਪੱਧਰ 'ਤੇ ਗੜਬੜੀ ਮਚਾ ਕੇ ਸਥਿਤੀ ਨੂੰ ਖ਼ਰਾਬ ਕਰ ਸਕਦਾ ਹੈ ਜਿਸ ਕਾਰਨ ਰਾਜ 'ਚ ਇਕ ਸੰਵਿਧਾਨਕ ਸੰਕਟ ਪੈਦਾ ਕਰ ਕੇ ਰਾਸ਼ਟਰਪਤੀ ਰਾਜ ਲਈ ਰਾਹ ਪੱਧਰਾ ਕੀਤਾ ਜਾ ਸਕਦਾ ਹੈ। ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਮਮਤਾ ਬੈਨਰਜੀ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ ਕਿ ਪੱਛਮੀ ਬੰਗਾਲ 'ਚ ਸੰਵਿਧਾਨਕ ਮਸ਼ੀਨਰੀ ਛਿੰਨ ਭਿੰਨ ਹੋ ਚੁੱਕੀ ਹੈ ਇਸ ਲਈ ਉਥੇ ਕੇਂਦਰੀ ਸ਼ਾਸਨ ਲਾਗੂ ਕਰ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਦੇ ਫਾਸ਼ੀਵਾਦੀ ਹਮਲੇ ਸੀ.ਪੀ.ਆਈ. (ਐਮ) ਕਾਡਰ 'ਤੇ ਹੋ ਰਹੇ ਹਨ ਉਹ 1970 ਤੋਂ 1977 ਤੱਕ ਦੇ ਸਮੇਂ ਦੀ ਯਾਦ ਦੁਆਂਦੇ ਹਨ। ਇਹ ਉਹ ਸਮਾਂ ਸੀ ਜਦੋਂ ਕਾਂਗਰਸ ਵਲੋਂ ਸਿਧਾਰਥ ਸ਼ੰਕਰ ਰੇਅ ਦੀ ਸਰਕਾਰ ਦੀ ਮਦਦ ਨਾਲ ਸੀ.ਪੀ.ਆਈ. (ਐਮ) ਦੇ ਕਾਡਰ 'ਤੇ ਹਮਲੇ ਕੀਤੇ ਗਏ ਸਨ। ਇਨ੍ਹਾਂ ਹਮਲਿਆਂ ਲਈ ਉਸ ਸਮੇਂ ਵੀ ਕਾਂਗਰਸ ਨੇ ਨਕਸਲਬਾੜੀਆਂ ਦੀ ਮਦਦ ਲਈ ਸੀ।

ਬੰਗਾਲ ਦੇ ਲੋਕਾਂ ਨੇ ਇਸ ਅਰਾਜਕਤਾ ਤੇ ਹਿੰਸਾ ਤੋਂ ਛੁਟਕਾਰਾ ਪਾਉਣ ਲਈ ਹੀ ਉਸ ਸਮੇਂ 1977 'ਚ ਖੱਬੇ ਮੋਰਚੇ ਦੀ ਸਰਕਾਰ ਨੂੰ ਚੁਣਿਆ ਸੀ ਤੇ ਵਾਰ ਵਾਰ ਬੰਗਾਲ 'ਚ ਲੋਕ ਖੱਬੇ ਪੱਖੀਆਂ ਨੂੰ ਚੁਣਦੇ ਰਹੇ ਹਨ। ਹੁਣ ਸਿਰਫ਼ 2009 ਦੀਆਂ ਲੋਕ ਸਭਾ ਚੋਣਾਂ 'ਚ ਹੀ ਕੁਝ ਲੋਕਲ ਕਾਰਨਾਂ ਕਰਕੇ ਖੱਬੇ ਮੋਰਚੇ ਨੂੰ ਬਹੁਗਿਣਤੀ ਸੀਟਾਂ 'ਤੇ ਹਾਰ ਦਾ ਮੂੰਹ ਦੇਖਣਾ ਪਿਆ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਬੰਗਾਲ 'ਚ ਖੱਬੀ ਵਿਚਾਰਧਾਰਾ ਤੇ ਖੱਬੀਆਂ ਪਾਰਟੀਆਂ ਦਾ ਸਫ਼ਾਇਆ ਹੋ ਗਿਆ ਹੈ। ਇਸ ਵਾਰ ਵੀ ਉਨ੍ਹਾਂ ਨੇ ਬੰਗਾਲ 'ਚ 16 ਲੋਕ ਸਭਾ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਲਾਲਗੜ੍ਹ 'ਚ ਮਾਓਵਾਦੀਆਂ ਨੇ ਜੋ ਕੋਹਰਾਮ ਮਚਾਇਆ ਹੈ ਉਹ ਇਕ ਬਹੁਤ ਹੀ ਖ਼ਤਰਨਾਕ ਖੇਡ ਹੈ। ਸ਼ਾਇਦ ਤ੍ਰਿਣਮੂਲ ਕਾਂਗਰਸ ਦੇ ਨੇਤਾ ਸਮਝਦੇ ਹਨ ਕਿ ਉਹ ਮਾਓਵਾਦੀਆਂ ਦੇ ਮੋਢੇ 'ਤੇ ਬੰਦੂਕ ਰੱਖ ਕੇ ਸੀ.ਪੀ.ਆਈ. (ਐਮ) ਨੂੰ ਬੰਗਾਲ 'ਚੋਂ ਖ਼ਤਮ ਕਰ ਦੇਣਗੇ। ਤ੍ਰਿਣਮੂਲ ਕਾਂਗਰਸ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਉਹ ਅੱਗ ਨਾਲ ਖੇਡ ਰਹੀ ਹੈ।

ਜਿਹੜੀਆਂ ਏ.ਕੇ. ਸੰਤਾਲੀ ਦੀਆਂ ਗੋਲੀਆਂ ਹੁਣ ਸੀ.ਪੀ.ਆਈ. (ਐਮ) ਦੇ ਕਾਡਰ ਦੀਆਂ ਜਾਨਾਂ ਲੈ ਰਹੀਆਂ ਹਨ ਉਹ ਕਿਸੇ ਸਮੇਂ ਤ੍ਰਿਣਮੂਲ ਕਾਂਗਰਸ ਤੇ ਕਾਂਗਰਸ ਦੇ ਕਾਡਰ 'ਤੇ ਵੀ ਵਰ੍ਹ ਸਕਦੀਆਂ ਹਨ। ਨਕਸਲਵਾਦ ਕੋਈ ਇਕੱਲੀ ਪੱਛਮੀ ਬੰਗਾਲ ਦੀ ਸਮੱਸਿਆ ਨਹੀਂ, ਇਹ ਇਕ ਸਰਬ ਭਾਰਤੀ ਸਮੱਸਿਆ ਹੈ ਜਿਸ ਦਾ ਸਮਾਧਾਨ ਸਮਾਜਿਕ, ਆਰਥਿਕ ਤੇ ਸੁਰੱਖਿਆ ਰਣਨੀਤੀ ਦੀ ਪੱਧਰ 'ਤੇ ਹੀ ਸੰਭਵ ਹੈ। ਇਸ ਲਈ ਕਾਂਗਰਸ ਤੇ ਤ੍ਰਿਣਮੂਲ ਕਾਂਗਰਸ ਨੂੰ ਬਦਲਾਲਊ ਸਿਆਸਤ ਤੋਂ ਕਿਨਾਰਾ ਕਰਨਾ ਚਾਹੀਦਾ ਹੈ ਤੇ ਇਸ ਵਿਸਫੋਟਕ ਸਥਿਤੀ 'ਚ ਪੱਛਮੀ ਬੰਗਾਲ ਦੇ ਪ੍ਰਸ਼ਾਸਨ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ 'ਚ ਪੈਦਾ ਹੋਣ ਵਾਲੇ ਲਾਲਗੜ੍ਹ ਵਰਗੀਆਂ ਘਟਨਾਵਾਂ ਨੂੰ ਟਾਲਿਆ ਜਾ ਸਕੇ।



# ਸੁਰੱਖਿਆ ਸਾਡੇ ਲਈ ਪ੍ਰਮੁੱਖ ਏਜੰਡਾ

**ਸ਼ੇਖਰ ਗੁਪਤਾ**

ਨਵੀਂ ਸਰਕਾਰ ਦਾ ਏਜੰਡਾ ਅਤੇ ਉਸ ਦੇ ਵੱਖ-ਵੱਖ ਮੰਤਰਾਲਿਆਂ ਵਲੋਂ ਤਿਆਰ ਕੀਤੀਆਂ ਗਈਆਂ 100 ਦਿਨਾਂ ਦੀਆਂ ਕਾਰਜਯੋਜਨਾਵਾਂ ਨੂੰ ਲੈ ਕੇ ਹੋਣ ਵਾਲੀਆਂ ਚਰਚਾਵਾਂ ਮੁੱਖ ਤੌਰ 'ਤੇ ਅਰਥਵਿਵਸਥਾ, ਬੁਨਿਆਦੀ ਢਾਂਚੇ ਤੋਂ ਇਲਾਵਾ ਅਜਿਹੀਆਂ ਯੋਜਨਾਵਾਂ 'ਤੇ ਕੇਂਦਰਤ ਹਨ, ਜਿਨ੍ਹਾਂ ਨੂੰ ਸਮਾਜਿਕ ਸੈਕਟਰ ਨਾਲ ਜੁੜੀਆਂ ਹੋਈਆਂ ਮੰਨਿਆ ਜਾਂਦਾ ਹੈ। ਇਨ੍ਹਾਂ ਚਰਚਾਵਾਂ ਵਿਚ 'ਸੁਰੱਖਿਆ' ਸ਼ਬਦ ਦੀ ਤਕਰੀਬਨ ਪੂਰੀ ਤਰ੍ਹਾਂ ਗੈਰ ਮੌਜੂਦਗੀ ਕਮਜ਼ੋਰ ਵੀ ਹੈ ਅਤੇ ਚਿੰਤਾਜਨਕ ਵੀ। ਕਮਜ਼ੋਰ ਹੋਣਾ ਇਨ੍ਹਾਂ ਮਾਅਨਿਆਂ ਵਿਚ ਵੀ ਇਸ ਗੱਲ ਨੂੰ ਰੇਖਾਂਕਿਤ ਕਰਦਾ ਹੈ ਕਿ ਕਦੀ-ਕਦਾਈਂ ਹੋਣ ਵਾਲੇ ਅਤਿਵਾਦੀ ਹਮਲਿਆਂ ਦੇ ਬਾਵਜੂਦ ਅਸੀਂ ਭਾਰਤੀ ਬੀਤੇ ਸਮੇਂ ਦੇ ਮੁਕਾਬਲੇ ਆਪਣੇ ਆਪ ਨੂੰ ਕਿਤੇ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹਾਂ। ਹੁਣ ਸਾਡੀ ਕਿਸੇ ਵੀ ਸਰਹੱਦ 'ਤੇ ਕੋਈ ਸਰਗਰਮ ਤਣਾਅ ਨਹੀਂ ਹੈ। ਸਾਲ 2002 ਵਿਚ ਗੁਜਰਾਤ ਦੀਆਂ ਭਾਵਪੂਰਨ ਘਟਨਾਵਾਂ ਨੂੰ ਛੱਡ ਕੇ ਦਸੰਬਰ 1992 ਤੋਂ ਬਾਅਦ ਤੋਂ ਵੱਡੀ ਪੱਧਰ 'ਤੇ ਕਿਸੇ ਸੰਪਰਦਾਇਕ ਦੰਗੇ ਨੂੰ ਨਹੀਂ ਝੱਲਣਾ ਪਿਆ ਅਤੇ ਪੂਰਬ-ਕੇਂਦਰੀ ਜਨ-ਜਾਤੀ ਇਲਾਕਿਆਂ ਵਿਚ ਨਸਲੀ ਖ਼ਤਰੇ ਨੂੰ ਛੱਡ ਕੇ ਕੋਈ ਹਕੀਕੀ ਸਰਗਰਮ ਵਿਰੋਧ ਨਹੀਂ ਹੈ।

ਇਹ ਚਿੰਤਾਜਨਕ ਇਸ ਲਈ ਹੈ, ਕਿਉਂਕਿ ਇਸ ਨਾਲ ਅਸੀਂ ਆਤਮ ਸੰਤੋਖੀ ਬਣ ਸਕਦੇ ਹਾਂ, ਜਿਵੇਂ ਕਿ ਸੰਭਵ ਤੌਰ 'ਤੇ ਯੂ.ਪੀ.ਏ. ਸਰਕਾਰ ਦੇ ਪਹਿਲੇ ਕਾਰਜਕਾਲ ਦੇ ਪਹਿਲੇ ਚਾਰ ਸਾਲਾਂ ਵਿਚ ਰਿਹਾ ਹੈ। ਅੰਦਰੂਨੀ ਸੁਰੱਖਿਆ ਮਸ਼ੀਨਰੀ ਉਸ ਸਮੇਂ ਸੁਸਤ ਸੀ ਅਤੇ ਇਥੋਂ ਤੱਕ ਕਿ ਰੱਖਿਆ ਤੰਤਰ ਵੀ ਬਹੁਤ ਹੌਲੀ-ਹੌਲੀ ਅੱਗੇ ਵਧ ਰਿਹਾ ਸੀ, ਨਵੇਂ ਸਾਜ਼ੋ-ਸਾਮਾਨ ਦੀ ਖਰੀਦ ਨੂੰ ਟਾਲਿਆ ਜਾ ਰਿਹਾ ਸੀ। ਆਧੁਨਿਕੀਕਰਨ ਦਾ ਬਜਟ ਖਰਚ ਕੀਤੇ ਬਗੈਰ ਵਾਪਸ ਹੋ ਰਿਹਾ ਸੀ ਅਤੇ ਪਿਛਲੀ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਖਰੀਦ ਸਬੰਧੀ ਸੌਦਿਆਂ ਵਿਚ ਉਲਝਾਉਣ ਲਈ ਸਬੂਤ ਤਲਾਸ਼ੇ ਜਾ ਰਹੇ ਸਨ। 26/11 ਨੇ ਯੂ.ਪੀ.ਏ. ਦੀ ਪਹਿਲੀ ਸਰਕਾਰ ਨੂੰ ਇਸ ਆਤਮਸੰਤੁਸ਼ਟੀ ਦੀ ਭਾਵਨਾ ਤੋਂ ਝੰਜੋੜ ਕੇ ਰੱਖ ਦਿੱਤਾ। ਇਸ ਤੋਂ ਬਾਅਦ ਹੀ ਦੁਖਦ ਰੂਪ ਨਾਲ ਇਹ ਮਹਿਸੂਸ ਕੀਤਾ ਗਿਆ ਕਿ ਭਾਰਤ ਪਾਕਿਸਤਾਨ ਦੇ ਮੁਕਾਬਲੇ ਆਪਣੀ ਪਰੰਪਰਾਗਤ ਨਿਧੜਕ ਸਮਰੱਥਾ ਅਤੇ ਆਪਣੀ ਅੰਦਰੂਨੀ ਸੁਰੱਖਿਆ ਦੋਵਾਂ ਵਿਚ ਮਾਤ ਖਾ ਰਿਹਾ ਹੈ ਅਤੇ ਅਰਧ ਸੈਨਿਕ ਬਲ ਅਤੇ ਖੁਫੀਆ ਏਜੰਸੀਆਂ ਸਾਜ਼ੋ-ਸਾਮਾਨ ਅਤੇ ਮਨੁੱਖੀ ਸ਼ਕਤੀ ਦੇ ਹਿਸਾਬ ਨਾਲ ਕਮਜ਼ੋਰ ਹਨ ਅਤੇ ਇਨ੍ਹਾਂ ਦਾ ਮਨੋਬਲ ਵੀ ਡਿੱਗਿਆ ਹੋਇਆ ਹੈ। ਇਸ ਦੇ ਚੱਲਦੇ 26/11 ਤੋਂ ਤੁਰੰਤ ਬਾਅਦ 'ਸਰਗਰਮ' ਗ੍ਰਹਿ ਮੰਤਰੀ ਦੀ ਨਿਯੁਕਤੀ ਅਤੇ ਰੱਖਿਆ ਮੰਤਰਾਲਾ ਦੀਆਂ ਚੂਲਾਂ ਕੱਸਣ ਦੇ ਨਾਲ ਨਾਲ ਟੁੱਟੇ ਹੋਏ ਕੰਟਰੋਲ ਦੀ ਦਿਸ਼ਾ ਵਿਚ ਕੁਝ ਕਦਮ ਚੁੱਕੇ ਗਏ, ਪਰ ਸੁਰੱਖਿਆ ਇਕ ਵਾਰ ਫਿਰ ਸਾਡੀ ਪ੍ਰਾਥਮਿਕਤਾ ਵਿਚ ਪਿੱਛੇ ਜਾ ਸਕਦੀ ਹੈ, ਖਾਸ ਕਰਕੇ ਉਦੋਂ ਜਦੋਂ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਸ਼ਾਂਤੀ ਅਤੇ ਅਮਨ-ਚੈਨ ਬਣਿਆ ਰਹੇ।

ਕਈ ਤੱਥ ਸਾਨੂੰ ਅਜਿਹੀ ਅਪਰਪੱਕ ਆਤਮਸੰਤੁਸ਼ਟੀ ਖਿਲਾਫ ਚਿਤਾਵਨੀ ਦਿੰਦੇ ਹਨ। ਭਾਰਤ ਦੇ ਆਲੇ-ਦੁਆਲੇ ਦਾ ਮਾਹੌਲ ਪਿਛਲੇ 12 ਮਹੀਨਿਆਂ ਵਿਚ ਕਾਫੀ ਖਰਾਬ ਹੋ ਗਿਆ ਹੈ। ਪਾਕਿਸਤਾਨ ਦੇ ਫਿਲਹਾਲ ਅੰਦਰੂਨੀ ਅਤਿਵਾਦ ਅਤੇ ਤਾਲਿਬਾਨ ਨਾਲ ਜੂਝਣ ਨਾਲ ਸਾਨੂੰ ਕੁਝ ਅਸਥਾਈ ਰਾਹਤ ਮਿਲ ਸਕਦੀ ਹੈ, ਪਰ ਇਥੇ ਦੋ ਵੱਖ-ਵੱਖ ਗੱਲਾਂ ਹਨ। ਹਾਫਿਜ਼ ਸਈਅਦ ਦੀ ਰਿਹਾਈ ਤੋਂ ਪਤਾ ਚੱਲਦਾ ਹੈ ਕਿ ਪਾਕਿਸਤਾਨੀ ਆਪਣੇ ਅਤੇ ਆਪਣੇ ਅਮਰੀਕੀ ਸਹਿਯੋਗੀਆਂ ਲਈ ਖਤਰਾ ਬਣੇ ਅਤਿਵਾਦੀ ਸਮੂਹਾਂ ਅਤੇ ਆਪਣੀ ਫੌਜ ਤੇ ਆਈ.ਐਸ.ਆਈ. ਦੁਆਰਾ ਭਾਰਤ ਖਿਲਾਫ ਪੈਦਾ ਕੀਤੇ ਗਏ ਲਸ਼ਕਰ ਵਰਗੇ ਸੰਗਠਨਾਂ ਵਿਚ ਸਪੱਸ਼ਟ ਫਾਸਲਾ ਬਣਾ ਕੇ ਚੱਲਦੇ ਹਨ। ਇਸ ਤੋਂ ਉਨ੍ਹਾਂ ਨੂੰ ਅਮਰੀਕੀਆਂ ਤੋਂ ਮਦਦ ਹਾਸਲ ਕਰਨ ਦਾ ਮੌਕਾ ਵੀ ਮਿਲਦਾ ਹੈ।

ਤਾਲਿਬਾਨ ਨਾਲ ਲੜਾਈ ਦੇ ਬਦਲੇ ਵਿਚ ਪਾਕਿਸਤਾਨ ਵਾਸ਼ਿੰਗਟਨ ਤੋਂ ਨਾ ਸਿਰਫ ਵਿੱਤੀ ਅਤੇ ਫੌਜੀ ਮਦਦ ਲੈ ਰਿਹਾ ਹੈ, ਬਲਕਿ ਉਹ ਆਪਣੇ ਪੱਛਮੀ ਅਤੇ ਪੂਰਬੀ ਇਲਾਕਿਆਂ ਦੇ ਅਤਿਵਾਦੀ ਸਮੂਹਾਂ ਵਿਚ ਭੇਦ ਕਰਨ ਦੀ ਨੀਤੀ ਵਿਚ ਵੀ ਸਫਲ ਰਿਹਾ ਹੈ। ਇਸੇ ਕਾਰਨ ਸਾਡੇ ਸੁਰੱਖਿਆ ਤੰਤਰ ਨਾਲ ਜੁੜੇ ਕਈ ਲੋਕ ਇਕ ਹੋਰ ਅਤਿਵਾਦੀ ਹਮਲੇ ਦੇ ਸ਼ੱਕ ਨੂੰ ਪੂਰੀ ਤਰ੍ਹਾਂ ਖਾਰਿਜ਼ ਨਹੀਂ ਕਰਦੇ।

ਨੇਪਾਲ ਵਿਚ ਹਾਲਾਤ ਕਾਫੀ ਵਿਗੜ ਚੁੱਕੇ ਹਨ। ਕਿਸੇ ਵੀ ਹੋਰ ਗੁਆਂਢੀ ਦੀ ਦਖ਼ਲਅੰਦਾਜ਼ੀ ਨਾਲ ਅਸਥਿਰ ਨੇਪਾਲ ਸਾਡੇ ਲਈ ਅੰਦਰੂਨੀ ਅਤੇ ਬਾਹਰੀ ਦੋਵਾਂ ਪਾਸਿਓਂ ਖਤਰਾ ਹੈ। ਖਾਸ ਕਰਕੇ ਸਰਹੱਦਾਂ ਦੀ ਪ੍ਰਕਿਰਤੀ ਅਤੇ ਇਥੇ ਨਾਗਰਿਕਾਂ ਦੀ ਆਵਾਜਾਈ ਨੂੰ ਦੇਖਦੇ ਹੋਏ। ਨੇਪਾਲੀ ਮਾਓਵਾਦੀਆਂ ਅਤੇ ਭਾਰਤ ਦੇ ਨਕਸਲੀਆਂ ਦੇ ਸਬੰਧ ਸ਼ੁਰੂਆਤੀ ਦੌਰ ਵਿਚ ਹਨ, ਸੰਭਵ ਤੌਰ 'ਤੇ ਇਸ ਲਈ ਕਿ ਸਾਡੇ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਸਰਹੱਦੀ ਸ਼ਹਿਰਾਂ ਵਿਚ ਹੁਣ ਵੀ ਮਾਓਵਾਦੀਆਂ ਦੀ ਜ਼ਿਆਦਾ ਘੁਸਪੈਠ ਨਹੀਂ ਹੈ। ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨੇਪਾਲ ਵਿਚ ਫਿਲਹਾਲ ਸੱਤਾ ਦਾ ਕੋਈ ਸਥਿਰ ਕੇਂਦਰ ਨਾ ਹੋਣਾ ਸਾਡੇ ਲਈ ਗੰਭੀਰ ਖ਼ਤਰਾ ਹੈ।

ਉਥੇ ਚੀਨ ਦਾ ਵਧਦਾ ਪ੍ਰਭਾਵ ਇੰਨਾ ਖ਼ਤਰਨਾਕ ਨਹੀਂ ਹੈ, ਜਿੰਨੀ ਅਰਾਜਕਤਾ। ਬੰਗਲਾਦੇਸ਼ ਹਾਲੇ ਸ਼ਾਂਤ ਲੱਗ ਰਿਹਾ ਹੈ, ਪਰ ਇਸ ਦੀ ਨਿਰਪੱਖ ਅਤੇ ਅਤਿ ਲੋਕਪ੍ਰਿਯ ਸਰਕਾਰ ਹਾਲ ਹੀ ਵਿਚ ਅਰਧ ਸੈਨਿਕ ਬਲਾਂ ਦੀ ਬਗਾਵਤ ਨਾਲ ਪੈਦਾ ਹੋਈਆਂ ਉਨ੍ਹਾਂ ਗੰਭੀਰ ਪਰਿਸਥਿਤੀਆਂ ਵਿਚੋਂ ਉਭਰੀ ਹੈ, ਜਿਸ ਤਹਿਤ 100 ਤੋਂ ਵੀ ਜ਼ਿਆਦਾ ਸੈਨਿਕ ਅਧਿਕਾਰੀਆਂ ਅਤੇ ਕਈ ਪਰਿਵਾਰਾਂ ਦੇ ਕਤਲੇਆਮ ਤੋਂ ਬਾਅਦ ਤਕਰੀਬਨ ਤਖ਼ਤਾਪਲਟ ਦੀ ਸਥਿਤੀ ਪੈਦਾ ਹੋ ਗਈ ਸੀ। ਸ਼ੇਖ਼ ਹਸੀਨਾ ਸਰਕਾਰ ਭਾਰਤ ਵਿਰੋਧੀ ਨਹੀਂ ਹੈ। ਇਸ ਦੇ ਅਕਸ 'ਤੇ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਨਾਲ ਸਾਡੇ ਹਿੱਤ ਵੀ ਜ਼ਬਰਦਸਤ ਤਰੀਕੇ ਨਾਲ ਪ੍ਰਭਾਵਿਤ ਹੋ ਸਕਦੇ ਹਨ, ਖਾਸ ਕਰਕੇ ਉਦੋਂ ਜਦੋਂ ਕਿ ਅਸੀਂ ਉਲਫਾ ਅਤੇ ਇਸ ਦੇ ਸਮਰਥਕਾਂ ਖਿਲਾਫ ਸਖ਼ਤ ਕਦਮ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਉਥੋਂ ਦੀ ਕਿਸੇ ਵੀ ਤਰ੍ਹਾਂ ਦੀ ਚੱਕ-ਥੱਲ ਦੇ ਸਾਡੇ ਇਥੇ ਗੰਭੀਰ ਨਤੀਜੇ ਹੋਣਗੇ।

ਸ਼੍ਰੀਲੰਕਾ ਲਿੱਟੇ ਖਿਲਾਫ ਆਪਣੀ ਨਿਰਣਾਇਕ ਜਿੱਤ ਤੋਂ ਬਾਅਦ ਵੀ ਸੰਭਵ ਤੌਰ 'ਤੇ ਅਗਨੀ ਪ੍ਰੀਖਿਆ ਦੇ ਦੌਰ ਵਿਚੋਂ ਗੁਜ਼ਰ ਸਕਦਾ ਹੈ, ਜਿਸ ਨੂੰ ਜੰਗ ਦੀ ਭਾਰੀ ਆਰਥਿਕ ਕੀਮਤ ਚੁਕਾਉਣੀ ਪੈ ਸਕਦੀ ਹੈ ਅਤੇ ਜਿੱਤ ਦੇ ਨਸ਼ੇ ਵਿਚ ਧੁੱਤ ਨਾਇਕਾਂ ਨੂੰ ਪੂਜਾ ਕਰਨ ਵਾਲੀ ਫੌਜ ਅਤੇ ਸਿੰਹਲੀ ਰਾਸ਼ਟਰਵਾਦ ਦੀਆਂ ਰਾਜਨੀਤਿਕ ਇੱਛਾਵਾਂ ਟਕਰਾਅ ਵਿਚ ਆ ਸਕਦੀਆਂ ਹਨ।

ਸਾਡੀ ਸਮੱਗਰ ਸੁਰੱਖਿਆ ਤਸਵੀਰ ਇਸੇ ਲਈ ਸਾਡੇ ਲਈ ਆਤਮ ਸੰਤੋਖ ਦੀ ਕੋਈ ਗੁੰਜਾਇਸ਼ ਨਹੀਂ ਛੱਡਦੀ। ਯੂ.ਪੀ.ਏ. ਸਰਕਾਰ ਨੇ ਦੂਜੇ ਕਾਰਜਕਾਲ ਵਿਚ ਅਸਾਮ ਦੇ ਉੱਤਰੀ ਕੱਛਾਰ ਪਹਾੜੀ ਖੇਤਰ ਵਿਚ ਛੋਟੇ ਪਰ ਖੂੰਖਾਰ ਡੀ.ਐਚ.ਡੀ. (ਜਵੇਲ) ਸਮੂਹ ਦਾ ਦਮਨ ਕਰਕੇ ਚੰਗੀ ਸ਼ੁਰੂਆਤ ਕੀਤੀ ਸੀ। ਪੰਜ ਰਾਜਾਂ ਦੀ ਸਰਕਾਰ ਅਤੇ ਕੇਂਦਰ ਦੀਆਂ ਤਮਾਮ ਕੋਸ਼ਿਸ਼ਾਂ ਤਹਿਤ ਹਥਿਆਰਬੰਦ ਮਾਓਵਾਦੀਆਂ ਖਿਲਾਫ ਨਿਰਣਾਇਕ ਹਮਲੇ ਨੂੰ ਹੁਣ ਹੋਰ ਨਹੀਂ ਟਾਲਿਆ ਜਾ ਸਕਦਾ।

ਇੰਨੀਆਂ ਗੰਭੀਰ ਮੁਸ਼ਕਿਲਾਂ ਨਾਲ ਅੰਦਰੂਨੀ ਸੁਰੱਖਿਆ ਅਤੇ ਦਰਪੇਸ਼ ਮਸਲੇ 100 ਦਿਨ ਦੇ ਏਜੰਡੇ ਵਿਚ ਫਿਟ ਵੀ ਨਹੀਂ ਬੈਠਦੇ, ਪਰ ਤੁਸੀਂ ਘੱਟੋ ਘੱਟ ਆਪਣੇ ਨਜ਼ਰੀਏ ਅਤੇ ਸੋਚ ਵਿਚ ਨਵੀਂ ਸ਼ੁਰੂਆਤ ਤਾਂ ਕਰ ਹੀ ਸਕਦੇ ਹੋ।

ਨਿਸ਼ਚਿਤ ਤੌਰ 'ਤੇ ਇਹ ਸਾਰੀਆਂ ਗੱਲਾਂ ਆਰਥਿਕ ਉਤਸ਼ਾਹ ਅਤੇ ਸਮਾਵੇਸ਼ੀ ਵਿਕਾਸ ਦੀਆਂ ਗੱਲਾਂ ਨਾਲ ਮੇਲ ਨਹੀਂ ਖਾਂਦੀਆਂ। ਪਰ ਜੇਕਰ ਅਸੀਂ ਆਪਣੀ ਸੁਰੱਖਿਆ ਵਿਚ ਜ਼ਰੂਰੀ ਸਮਾਂ, ਭਾਵਨਾ, ਪ੍ਰਤਿਭਾ ਅਤੇ ਪੈਸੇ ਦਾ ਨਿਵੇਸ਼ ਨਹੀਂ ਕਰਦੇ ਤਾਂ ਸਾਡੇ ਸਾਰੇ ਆਰਥਿਕ ਲਾਭ ਬੇਕਾਰ ਹੋਣਗੇ ਅਤੇ ਇਨ੍ਹਾਂ ਦਾ ਕੋਈ ਮਤਲਬ ਨਹੀਂ ਹੋਵੇਗਾ। ਸਾਨੂੰ ਹੁਣ ਰੱਖਿਆ ਬਜਟ ਵਿਚ ਵੀ ਵਾਧਾ ਕਰਨਾ ਚਾਹੀਦਾ ਹੈ।

# ਬਹੁਤ ਸਾਰੇ ਨਵੇਂ ਸਵਾਲ ਉਭਾਰ ਗਈ ਹੈ ਲਿੱਟੇ ਦੀ ਹਾਰ

*ਅਜੋਕੇ ਸਾਮਰਾਜੀ ਦੌਰ ਵਿਚ ਵੱਡੀ ਤੋਂ ਵੱਡੀ ਕੌਮੀ ਲਹਿਰ ਵੀ ਹਾਰ ਜਾਣ ਲਈ ਸਰਾਪੀ ਹੋਈ ਹੁੰਦੀ ਹੈ, ਕਿਉਂਕਿ ਕੌਮੀ ਰਿਆਸਤਾਂ ਦੀ ਉਸਾਰੀ ਦਾ ਸਵਾਲ ਪੂੰਜੀਵਾਦ ਦੀ ਪਹਿਲੀ ਚੜ੍ਹਤ ਨਾਲ ਹੀ ਨਿਬੜ ਗਿਆ ਸੀ। ਕੌਮੀਅਤਾਂ ਦੇ ਆਗੂਆਂ ਕੋਲ ਕੋਈ ਆਲਮੀ ਦ੍ਰਿਸ਼ਟੀਕੋਣ ਨਾ ਹੋਣ ਕਰਕੇ ਅਤੇ ਦੂਜਾ ਸਾਮਰਾਜੀ ਦੌਰ ਵਿਚ ਅਖੌਤੀ ਕੌਮੀ ਰਾਜਾਂ ਦਾ ਟਿਕਾਅ ਸੰਭਵ ਨਾ ਹੋਣ ਸਦਕਾ, ਕੌਮੀਅਤਾਂ ਦੀ ਲੀਡਰਸ਼ਿਪ ਸੰਘਰਸ਼ ਨੂੰ ਹਕੀਕੀ ਮੁਕਤੀ ਤੱਕ ਨਹੀਂ ਲਿਜਾ ਸਕਦੀ। ਨਵਜਮਹੂਰੀ ਸਮਾਜ ਦੀ ਸਥਾਪਨਾ ਦੀ ਉਸਾਰੀ ਵਿਚ ਲੱਗੀਆਂ ਤਾਕਤਾਂ ਹੀ ਕੌਮੀ ਸਵਾਲ ਦਾ ਸਦੀਵੀ ਹੱਲ ਕਰ ਸਕਦੀਆਂ ਹਨ।*

**ਕਰਮ ਬਰਸਟ**

ਸ਼੍ਰੀਲੰਕਾ ਵਿਚ ਪਿਛਲੇ ਤਕਰੀਬਨ ਪੱਚੀ ਸਾਲਾਂ ਤੋਂ ਤਾਮਿਲ ਕੌਮੀਅਤ ਵਲੋਂ ਵਿੱਢੇ ਹੋਏ ਖ਼ੂਨੀ ਸੰਘਰਸ਼ ਦਾ ਇਕ ਵਾਰ ਤਾਂ ਅੰਤ ਹੋ ਗਿਆ ਹੈ। ਲਿਬਰੇਸ਼ਨ ਟਾਇਗਰਜ਼ ਆਫ ਤਾਮਿਲ ਈਲਮ (ਲਿੱਟੇ) ਦੀ ਅਗਵਾਈ ਹੇਠਾਂ ਚੱਲ ਰਹੀ ਵੱਖਵਾਦੀ ਲਹਿਰ ਛਾਪਾਮਾਰ ਲੜਾਈ 'ਚੋਂ ਨਿਕਲ ਕੇ ਫੌਜੀ ਜੰਗ ਵਿਚ ਉਲਝ ਚੁੱਕੀ ਸੀ। ਅਜਿਹੀ ਲੜਾਈ ਵਿਚ ਲਿੱਟੇ ਵਰਗੀ ਕਮਜ਼ੋਰ ਫੌਜੀ ਧਿਰ ਦਾ ਖਿੜਕ ਕੇ ਹਾਰ ਜਾਣਾ ਲਗਭਗ ਤੈਅ ਹੁੰਦਾ ਹੈ। ਇਸ ਹਾਲਤ ਵਿਚ ਉਲਾਰ ਮਾਨਸਿਕਤਾ ਹਾਵੀ ਹੋਣ ਕਾਰਨ ਸਵੈ-ਪੜਚੋਲ ਅਤੇ ਜਥੇਬੰਦੀ ਅੰਦਰ ਸਮੂਹਿਕ ਫੈਸਲੇ ਕਰਨ ਦੀ ਰੂਹ ਮਰ ਜਾਂਦੀ ਹੈ।

ਵਿਅਕਤੀਗਤ ਪੂਜਾ ਭਾਰੂ ਪੈ ਜਾਣ ਨਾਲ 'ਸੰਗਤ' ਦਾ ਗਲ ਘੁੱਟ ਦਿੱਤਾ ਜਾਂਦਾ ਹੈ। ਇਸ ਮੋੜ ਉੱਤੇ ਲੜ ਰਹੀਆਂ ਸ਼ਕਤੀਆਂ ਵਿਚਕਾਰ ਸਮਝੌਤੇ ਦੀਆਂ ਸੰਭਾਵਨਾਵਾਂ ਮੱਧਮ ਪੈ ਜਾਂਦੀਆਂ ਹਨ। ਜਦੋਂ ਸਮਝੌਤੇ ਦੀ ਹਾਲਤ ਸੀ, ਉਦੋਂ ਸ਼੍ਰੀਲੰਕਾ ਦੀਆਂ ਸ਼ਾਵਨਵਾਦੀ ਹਾਕਮ ਜਮਾਤਾਂ ਨੇ ਠੀਕ ਦਿਸ਼ਾ ਵਲ ਕਦਮ ਨਹੀਂ ਪੁੱਟਿਆ। ਇਹ ਕਦਮ ਸ਼੍ਰੀਲੰਕਾ ਨੂੰ ਸੱਚੀ ਮੁੱਚੀ ਦਾ ਫੈਡਰਲ ਰਾਜ ਬਣਾ ਕੇ ਅਤੇ ਤਾਮਿਲਾਂ ਨੂੰ ਹਕੀਕੀ ਖ਼ੁਦਮੁਖਤਾਰੀ ਦੇ ਕੇ ਚੁੱਕਿਆ ਜਾ ਸਕਦਾ ਸੀ।

ਸ਼੍ਰੀਲੰਕਾ ਵਿਚ ਮੁੱਖ ਕਰਕੇ ਸਿੰਹਲਾ ਅਤੇ ਤਾਮਿਲ ਦੋ ਕੌਮੀਅਤਾਂ ਹਨ, ਜਿਨ੍ਹਾਂ ਦੀ ਵਸੋਂ ਦੀ ਸੰਖਿਆ ਕ੍ਰਮਵਾਰ ਦੋ ਕਰੋੜ ਅਤੇ ਪੈਂਤੀ ਲੱਖ ਦੇ ਕਰੀਬ ਬਣਦੀ ਹੈ। ਸਿੰਹਲਾ ਕੌਮੀਅਤ ਭਾਰੂ ਗਿਣਤੀ ਵਿਚ ਹੋਣ ਕਰਕੇ ਆਰਥਿਕ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਸਾਰੀਆਂ ਚੂਲਾਂ ਉਪਰ ਕਾਬਜ਼ ਹੈ। ਭਾਵੇਂ ਕਿ ਸਾਰੇ ਹੀ ਤੀਜੀ ਦੁਨੀਆਂ ਦੇ ਦੇਸ਼, ਜੋ ਕਿ ਅਰਧ ਬਸਤੀਵਾਦੀ ਯੁੱਗ ਦਾ ਬੋਝ ਢੋਹ ਰਹੇ ਹਨ, ਵਿਚ ਇਹ ਕੋਈ ਅਣਹੋਣੀ ਘਟਨਾ ਵੀ ਨਹੀਂ, ਫੇਰ ਵੀ ਸ਼੍ਰੀਲੰਕਾ ਵਰਗੇ ਦੇਸ਼ ਵਿਚ, ਇਹ ਸਮੱਸਿਆ ਦੋ ਕਾਰਨਾਂ ਕਰਕੇ ਗੰਭੀਰ ਬਣ ਚੁੱਕੀ ਹੈ।




ਪਹਿਲਾ, ਸਿੰਹਲਾ ਕੌਮੀਅਤ ਧਰਮ ਪੱਖੋਂ ਬੋਧੀ ਹੈ, ਜਦੋਂ ਕਿ ਤਾਮਿਲ ਹਿੰਦੂ ਹਨ ਅਤੇ ਵਸੋਂ ਪੱਖੋਂ, ਘੱਟਗਿਣਤੀ ਵਿਚ ਹਨ। ਦੂਜਾ, ਭਾਰਤੀ ਹਾਕਮ ਜਮਾਤਾਂ ਨੇ ਆਪਣੀਆਂ ਪਸਾਰਵਾਦੀ ਨੀਤੀਆਂ ਸਦਕਾ, ਗੁਆਂਢੀ ਦੇਸ਼ਾਂ ਨੂੰ ਕੁੱਟਣ ਅਤੇ ਯਰਕਾਉਣ ਲਈ, ਉਨ੍ਹਾਂ ਦੇਸ਼ਾਂ ਦੇ ਅੰਦਰੂਨੀ ਵਿਰੋਧਾਂ ਨੂੰ ਹਵਾ ਹੀ ਨਹੀਂ ਦਿੱਤੀ, ਬਲਕਿ ਲਿੱਟੇ ਦੇ ਮਾਮਲੇ ਵਿਚ ਤਾਂ ਫ਼ੌਜੀ ਸਿਖਲਾਈ ਅਤੇ ਅਸਲਾ ਵੀ ਦਿੱਤਾ ਸੀ। ਇਸ ਤੋਂ ਬਿਨਾਂ ਸ਼੍ਰੀਲੰਕਾ ਦੇ ਤਾਮਿਲ ਬਹੁਗਿਣਤੀ ਵਾਲੇ ਇਲਾਕਿਆਂ ਦੀ ਤਾਮਿਲ ਬਹੁਗਿਣਤੀ ਵਾਲੇ ਭਾਰਤੀ ਸੂਬੇ ਤਾਮਿਲਨਾਡੂ ਨਾਲ ਭੂਗੋਲਿਕ ਨੇੜਤਾ ਵੀ ਹੈ। ਅਜਿਹੀ ਨੇੜਤਾ ਕੇਵਲ ਨੈਤਿਕ ਸਹਾਇਤਾ ਦਾ ਆਧਾਰ ਹੀ ਨਹੀਂ ਹੁੰਦੀ, ਸਗੋਂ ਪਦਾਰਥਕ ਭਾਵ ਜਾਨੀ ਅਤੇ ਮਾਲੀ ਸਹਾਇਤਾ ਵਿਚ ਵੀ ਬਦਲ ਜਾਂਦੀ ਹੈ।

ਭਾਰਤੀ ਹਾਕਮਾਂ ਵਲੋਂ ਕਿਸੇ ਸਮੇਂ ਲਿੱਟੇ ਬਾਗ਼ੀਆਂ ਦੀ ਮਾਲੀ, ਫੌਜੀ ਅਤੇ ਨੈਤਿਕ ਸਹਾਇਤਾ ਅਤੇ ਦੂਜੇ ਮੌਕੇ 'ਤੇ ਅਖੌਤੀ ਸ਼ਾਂਤੀ ਸੈਨਾ ਭੇਜ ਕੇ ਇਸ ਦਾ ਲੱਕ ਤੋੜਨ ਦੀ ਕੋਸ਼ਿਸ਼, ਕੇਵਲ ਗੌਣ, ਬਾਹਰੀ ਵਰਤਾਰੇ ਹੀ ਸਨ। ਲਿੱਟੇ ਦੀ ਅਸਲ ਤਾਕਤ ਤਾਂ ਸ਼੍ਰੀਲੰਕਾ ਦੀ ਤਾਮਿਲ ਕੌਮੀਅਤ ਦੀ ਆਮ ਜਨਤਾ ਹੈ। ਲਿੱਟੇ ਤਾਂ ਇਕ ਮੱਛੀ ਦੀ ਨਿਆਂਈ ਰਹੀ ਹੈ, ਜੋ ਤਾਮਿਲ ਜਨਤਾ ਦੇ ਸਮੁੰਦਰ ਵਿਚ ਤੈਰਦੀ ਰਹੀ ਹੈ। ਜਿਉਂ ਹੀ ਇਹ ਮੱਛੀ ਅਤੇ ਪਾਣੀ ਵਾਲਾ ਰਿਸ਼ਤਾ ਟੁੱਟਿਆ, ਲਿੱਟੇ ਨੂੰ ਖ਼ਤਮ ਕਰਨ ਵਿਚ ਭੋਰਾ ਵੀ ਦੇਰ ਨਹੀਂ ਲੱਗੀ। ਭਾਰਤ ਸਰਕਾਰ ਸ਼੍ਰੀਲੰਕਾ ਦੀ ਕੀ ਅਤੇ ਕਿਹੋ ਜਿਹੀ ਮਦਦ ਕਰਦੀ ਹੈ, ਇਸ ਦਾ ਉਥੋਂ ਦੀ ਤਾਮਿਲ ਸਮੱਸਿਆ 'ਤੇ ਕੋਈ ਬੁਨਿਆਦੀ ਪ੍ਰਭਾਵ ਨਹੀਂ ਪਵੇਗਾ, ਕਿਉਂਕਿ ਬਾਹਰੀ ਤੱਥ ਕਿਸੇ ਮਸਲੇ ਨੂੰ ਕੇਵਲ ਘਟਾ ਜਾਂ ਵਧਾ ਸਕਦੇ ਹੁੰਦੇ ਹਨ। ਉਨ੍ਹਾਂ ਦਾ ਹਕੀਕੀ ਹੱਲ ਤਾਂ ਹਾਸਲ ਸਮਾਜ ਜਾਂ ਮਸਲੇ ਦੀ ਪ੍ਰਧਾਨ ਵਿਰੋਧਤਾਈ ਦੇ ਸੁਲਝਣ ਨਾਲ ਹੀ ਹੋਣਾ ਹੁੰਦਾ ਹੈ। ਤਾਮਿਲ ਕੌਮੀਅਤ ਬਨਾਮ ਸਿੰਹਲਾ ਕੌਮੀਅਤ ਦੇ ਮਾਮਲੇ ਵਿਚ ਪ੍ਰਧਾਨ ਵਿਰੋਧਤਾਈ ਕਿਹੜੀ ਹੋ ਸਕਦੀ ਹੈ? ਸਿੰਹਲਾ ਕੌਮੀਅਤ ਸਮਾਜ ਦੀਆਂ ਸਾਰੀਆਂ ਚੂਲਾਂ ਉਪਰ ਕਾਬਜ਼ ਹੈ। ਤਾਮਿਲ ਨਿਗੂਣੀ ਗਿਣਤੀ ਵਿਚ ਹੋਣ ਕਰਕੇ, ਉਨ੍ਹਾਂ ਦੀ ਭਾਸ਼ਾ, ਸਭਿਆਚਾਰ ਅਤੇ ਕੌਮੀ ਪਛਾਣ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ। ਭਰਮਾਊ ਵਾਅਦਿਆਂ ਦਾਅਵਿਆਂ ਦੇ ਬਾਵਜੂਦ ਵੀ ਇਹੋ ਹਾਲਤ ਬਰਕਰਾਰ ਹੈ। ਸਿੰਹਲੀ ਭਾਸ਼ਾ ਨੂੰ ਸਰਕਾਰੀ ਮਾਨਤਾ ਮਿਲੀ ਹੋਈ ਹੈ ਅਤੇ ਸਿੰਹਲੀਆਂ ਦਾ ਧਰਮ ਹੀ ਸਰਕਾਰੀ ਧਰਮ ਬਣਿਆ ਹੋਇਆ ਹੈ। ਹੈਰਾਨੀ ਤਾਂ ਇਹ ਵੀ ਹੈ ਕਿ ਬੁੱਧ ਧਰਮ, ਜਿਸ ਦਾ ਬੁਨਿਆਦੀ ਚਰਿੱਤਰ 'ਅਹਿੰਸਾ' ਮੰਨਿਆ ਜਾਂਦਾ ਹੈ, ਨੂੰ ਕਥਿਤ ਤੌਰ 'ਤੇ ਮੰਨਣ ਵਾਲੀਆਂ ਸ਼੍ਰੀਲੰਕਾ ਦੀਆਂ ਹਾਕਮ ਜਮਾਤਾਂ ਘੋਰ ਹਿੰਸਾ ਦਾ ਸਹਾਰਾ ਲੈ ਰਹੀਆਂ ਹਨ।

ਦਰਅਸਲ ਤਾਮਿਲ ਜਨਤਾ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਲੁੱਟਿਆ ਗਿਆ ਹੈ। ਇਹ ਵੀ ਸੱਚ ਹੈ ਕਿ ਆਮ ਸਿੰਹਲੀ ਜਨਤਾ ਵੀ ਲੁੱਟ ਅਤੇ ਕੁੱਟ ਦਾ ਸ਼ਿਕਾਰ ਹੈ। ਇਹ ਉਹ ਹਾਲਤ ਹੈ ਜੋ ਨਾਬਰਾਬਰੀ, ਸ਼ੋਸ਼ਣ ਅਤੇ ਜਬਰ ਵਾਲੇ ਸਮਾਜਾਂ ਵਿਚ ਹੁੰਦੀ ਹੈ, ਪਰ ਤਾਮਿਲ ਜਨਤਾ ਵਿਚਕਾਰ ਸ਼ੋਸ਼ਣ ਅਤੇ ਕੌਮੀ ਦਾਬੇ ਦੀ ਚੋਭ ਅਤੇ ਸ਼ਿੱਦਤ ਹੈ। ਇਕ ਰੋਹ ਅਤੇ ਰੋਸ ਹੈ। ਉਸਦਾ ਮੰਤਕੀ ਸਿੱਟਾ ਖ਼ੂਨੀ ਹਥਿਆਰਬੰਦ ਸੰਘਰਸ਼ ਵਿਚ ਹੀ ਨਿਕਲਣਾ ਸੀ। ਇਸ ਹੋਣੀ ਨੂੰ ਕੋਈ ਨਹੀਂ ਟਾਲ ਸਕਦਾ ਸੀ ਅਤੇ ਨਾ ਹੀ ਟਾਲੀ ਜਾ ਸਕੀ। ਸੋ ਤਾਮਿਲ ਕੌਮੀਅਤ ਨੂੰ ਹਥਿਆਰ ਚੁੱਕਣੇ ਪਏ। ਸਿੱਟਾ ਸਭ ਦੇ ਸਾਹਮਣੇ ਹੈ।

1948 ਵਿਚ ਸ਼੍ਰੀਲੰਕਾ ਵਿਚ ਹੋਈ ਸੱਤਾ ਬਦਲੀ ਵੇਲੇ ਤਾਮਿਲ ਕੌਮੀਅਤ ਨੂੰ ਸੰਵਿਧਾਨ ਵਿਚ ਕੋਈ ਅਹਿਮੀਅਤ ਨਹੀਂ ਦਿੱਤੀ ਗਈ। ਤਾਮਿਲਾਂ ਦੇ ਕੌਮ ਪ੍ਰਸਤ ਆਗੂਆਂ ਨੇ ਉਦੋਂ ਹੀ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਜੇਕਰ ਉਨ੍ਹਾਂ ਦੇ ਹਿੱਤਾਂ ਨੂੰ ਧਿਆਨ ਵਿਚ ਨਾ ਰੱਖਿਆ ਗਿਆ ਤਾਂ ਉਨ੍ਹਾਂ ਦੀ ਕੌਮੀ ਪਛਾਣ ਨੂੰ ਖਤਰਾ ਪੈਦਾ ਹੋਣਾ ਯਕੀਨੀ ਹੈ। ਸ਼ੁਰੂ ਦੇ ਸੱਤ ਅੱਠ ਸਾਲ ਤਾਮਿਲ ਜਨਤਾ ਨੂੰ ਚੇਤੰਨ ਕਰਨ ਅਤੇ ਲੋਕ ਰਾਇ ਬਣਾਉਣ ਵਿਚ ਲੱਗ ਗਏ। ਅਗਸਤ 1956 ਵਿਚ, 'ਇਟਕਾ' ਨੇ ਆਪਣੀਆਂ ਮੰਗਾਂ ਅਤੇ ਸੰਘਰਸ਼ ਦੀ ਠੋਸ ਰੂਪ ਰੇਖਾ ਬਿਆਨਦਿਆਂ, ਸ਼੍ਰੀਲੰਕਾ ਅੰਦਰ ਫੈਡਰਲ ਢਾਂਚੇ ਦੀ ਗੱਲ ਕੀਤੀ, ਜਿਸ ਵਿਚ ਤਾਮਿਲਾਂ ਲਈ ਖੇਤਰੀ ਖ਼ੁਦਮੁਖਤਾਰੀ, ਤਾਮਿਲ ਭਾਸ਼ਾ ਨੂੰ ਸਿੰਹਲਾ ਭਾਸ਼ਾ ਦੇ ਬਰਾਬਰ ਦਾ ਰੁਤਬਾ ਅਤੇ ਤਾਮਿਲ ਵਸੋਂ ਵਾਲੇ ਇਲਾਕਿਆਂ ਵਿਚ ਰਾਜਕੀ ਪੁਸ਼ਤਪਨਾਹੀ ਅਧੀਨ ਗ਼ੈਰ ਤਾਮਿਲਾਂ ਦਾ ਵਸੇਬਾ ਬੰਦ ਕਰਾਉਣ ਜਿਹੀਆਂ ਮੰਗਾਂ ਸ਼ਾਮਲ ਸਨ। ਇਨ੍ਹਾਂ ਮੰਗਾਂ ਨੂੰ ਪੂਰਾ ਕਰਾਉਣ ਲਈ ਇਟਕਾ ਨੇ ਨਾਫਰਮਾਨੀ ਅੰਦੋਲਨ ਛੇੜਨ ਦੀ ਧਮਕੀ ਵੀ ਦਿੱਤੀ। ਫੈਡਰੇਸ਼ਨ ਦੀ ਗੱਲ ਕਰਨ ਵਾਲੀ 'ਇਟਕਾ' ਨੂੰ ਬਾਅਦ ਵਿਚ ਫੈਡਰਲ ਪਾਰਟੀ ਵਜੋਂ ਜਾਣਿਆ ਜਾਂਦਾ ਰਿਹਾ। ਇਸ ਫੈਡਰਲ ਪਾਰਟੀ ਦੇ ਜ਼ਬਰਦਸਤ ਦਬਾਅ ਸਦਕਾ 26 ਜੁਲਾਈ 1957 ਨੂੰ ਤਤਕਾਲੀ ਪ੍ਰਧਾਨ ਮੰਤਰੀ ਐਸ.ਡਬਲਿਊ.ਆਰ.ਡੀ. ਭੰਡਾਰਨਾਇਕੇ ਅਤੇ ਤਾਮਿਲ ਨੇਤਾ ਵੀ. ਚੇਲਵਾਨਾਇਕੇ ਵਿਚਕਾਰ ਇਕ ਸਮਝੌਤਾ ਸਹੀਬਧ ਹੋਇਆ। ਭੰਡਾਰਨਾਇਕੇ ਵਲੋਂ ਇਸ ਸਮਝੌਤੇ ਦੀ ਲਿਖ਼ਤ ਨੂੰ ਹੀ ਪਾੜ ਦਿੱਤਾ ਗਿਆ।

ਭਾਰਤ ਦੀ ਦਖਲਅੰਦਾਜ਼ੀ ਨਾਲ 29 ਜੁਲਾਈ 1987 ਨੂੰ ਰਾਜੀਵ ਗਾਂਧੀ ਅਤੇ ਜੈਵਰਧਨ ਵਿਚਕਾਰ ਇਕ ਹੋਰ ਸਮਝੌਤਾ ਹੋਇਆ। ਇਸ ਨੂੰ ਲਾਗੂ ਕਰਾਉਣ ਲਈ ਭਾਰਤ ਵਲੋਂ 'ਅਮਨ ਸੈਨਾ' ਵੀ ਭੇਜੀ ਗਈ, ਇਸ ਸਮਝੌਤੇ ਦਾ ਜੋ ਹਸ਼ਰ ਹੋਇਆ ਅਤੇ ਰਾਜੀਵ ਗਾਂਧੀ ਨੂੰ ਨਿੱਜੀ ਰੂਪ ਵਿਚ ਇਸ ਦੀ ਜੋ ਕੀਮਤ ਚੁਕਾਉਣੀ ਪਈ, ਉਹ ਕਿਸੇ ਟਿੱਪਣੀ ਦੀ ਮੁਥਾਜ ਨਹੀਂ। ਬਾਅਦ ਵਿਚ ਨਾਰਵੇ ਦੀ ਵਿਚੋਲਗੀ ਨਾਲ ਕਈ ਤਰ੍ਹਾਂ ਦੇ ਸਮਝੌਤੇ ਹੋਏ ਅਤੇ ਲਿੱਟੇ ਨੂੰ ਵੱਖ-ਵੱਖ ਤਰ੍ਹਾਂ ਦੀਆਂ ਪੇਸ਼ਕਸ਼ਾਂ ਹੁੰਦੀਆਂ ਰਹੀਆਂ, ਪਰ ਗੱਲ ਕਿਸੇ ਵੀ ਤਣ ਪੱਤਣ ਨਹੀਂ ਲੱਗੀ।

11 ਸਤੰਬਰ 2001 ਨੂੰ ਅਮਰੀਕਾ ਵਿਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਬਦਲ ਰਹੇ ਕੌਮਾਂਤਰੀ ਰਾਜਸੀ ਦ੍ਰਿਸ਼ ਵਿਚ ਲਿੱਟੇ ਨੂੰ ਵੀ ਵੱਖਰੀ ਤਰ੍ਹਾਂ ਦੇ ਮਾਹੌਲ ਨਾਲ ਨਜਿੱਠਣਾ ਪੈਣਾ ਸੀ। ਢਾਈ ਦਹਾਕਿਆਂ ਤੋਂ ਚੱਲ ਰਹੇ ਤਾਮਿਲਾਂ ਦੇ ਹਥਿਆਰਬੰਦ ਸੰਘਰਸ਼ ਦਾ ਕੁਝ ਮਹੀਨਿਆਂ ਅੰਦਰ ਹੀ ਹਾਰ ਜਾਣਾ, ਕੌਮੀਅਤਾਂ ਦੀਆਂ ਲਹਿਰਾਂ ਲਈ ਬਹੁਤ ਵੱਡੇ ਸਵਾਲ ਖੜੇ ਕਰਦਾ ਹੈ। ਅਜੋਕੇ ਸਾਮਰਾਜੀ ਦੌਰ ਵਿਚ ਵੱਡੀ ਤੋਂ ਵੱਡੀ ਕੌਮੀ ਲਹਿਰ ਵੀ ਹਾਰ ਜਾਣ ਲਈ ਸਰਾਪੀ ਹੋਈ ਹੁੰਦੀ ਹੈ, ਕਿਉਂਕਿ ਕੌਮੀ ਰਿਆਸਤਾਂ ਦੀ ਉਸਾਰੀ ਦਾ ਸਵਾਲ ਪੂੰਜੀਵਾਦ ਦੀ ਪਹਿਲੀ ਚੜ੍ਹਤ ਨਾਲ ਹੀ ਨਿਬੜ ਗਿਆ ਸੀ।

ਕੌਮੀਅਤਾਂ ਦੇ ਆਗੂਆਂ ਕੋਲ ਕੋਈ ਆਲਮੀ ਦ੍ਰਿਸ਼ਟੀਕੋਣ ਨਾ ਹੋਣ ਕਰਕੇ ਅਤੇ ਦੂਜਾ ਸਾਮਰਾਜੀ ਦੌਰ ਵਿਚ ਅਖੌਤੀ ਕੌਮੀ ਰਾਜਾਂ ਦਾ ਟਿਕਾਅ ਸੰਭਵ ਨਾ ਹੋਣ ਸਦਕਾ, ਕੌਮੀਅਤਾਂ ਦੀ ਲੀਡਰਸ਼ਿਪ ਸੰਘਰਸ਼ ਨੂੰ ਹਕੀਕੀ ਮੁਕਤੀ ਤੱਕ ਨਹੀਂ ਲਿਜਾ ਸਕਦੀ। ਨਵਜਮਹੂਰੀ ਸਮਾਜ ਦੀ ਸਥਾਪਨਾ ਦੀ ਉਸਾਰੀ ਵਿਚ ਲੱਗੀਆਂ ਤਾਕਤਾਂ ਹੀ ਕੌਮੀ ਸਵਾਲ ਦਾ ਸਦੀਵੀ ਹੱਲ ਕਰ ਸਕਦੀਆਂ ਹਨ।

# ਲਾਲਾ ਬਿਪਰ ਚੰਦ ਕੀ ਜੈ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪਹਿਲੋਂ ਹੀ ਸੂਚਿਤ ਕਰ ਦਿਆਂ ਕਿ ਸਾਰੀ ਕਹਾਣੀ ਪੜ੍ਹਨ ਤੋਂ ਬਾਅਦ, ਹੈਰਾਨ ਹੋ ਕੇ ਇੰਜ ਨਾ ਸੋਚੀ ਜਾਇਓ - 'ਐਸਾ ਵੀ ਕਦੇ ਹੁੰਦਾ ਰਿਹਾ ਹੋਵੇਗਾ?' ਇਹ ਸਿਰਫ ਬੀਤੇ ਕੱਲ੍ਹ ਦੀ ਗੱਲ ਨਹੀਂ, ਅੱਜ ਵੀ ਸਾਡੇ ਸਾਹਮਣੇ ਅਜਿਹਾ ਹੋਇਆ ਹੈ ਅਤੇ ਹੋ ਰਿਹਾ ਹੈ। ਰੱਬ ਨਾ ਕਰੇ, ਜੇ ਜਹਾਲਤ ਅਤੇ ਅੰਦਰਲੇ ਹਨੇਰੇ ਨੇ ਸਾਡਾ ਖਹਿੜਾ ਨਾ ਛੱਡਿਆ ਤਾਂ ਇਹ ਅਣਹੋਣੀ ਇੰਜ ਹੀ ਵਰਤਦੀ ਰਹੇਗੀ। ਤੁਸੀਂ ਬੱਸ ਸਿਰਫ ਇਸ ਕਹਾਣੀ ਵਿਚਲੇ ਪਾਤਰਾਂ ਦੇ ਨਾਮ ਜਾਂ ਚਿਹਰੇ-ਮੋਹਰੇ ਅੱਜ ਦੇ ਸੰਦਰਭ ਵਿਚ ਬਦਲ ਕੇ ਦੇਖ ਲੈਣੇ, ਫਿਰ ਤੁਹਾਨੂੰ ਇਸ ਪ੍ਰਤੀਕਾਤਮਿਕ ਕਹਾਣੀ ਦੇ ਅੰਤਰੀਵ ਭਾਵ ਅਰਥ ਦੀ ਸਪੱਸ਼ਟ ਸਮਝ ਪੈ ਜਾਏਗੀ।

-ਸਾਰਾ ਪਿੰਡ ਬੜੇ ਅਮਨ ਅਮਾਨ ਨਾਲ ਵਸਦਾ-ਰਸਦਾ ਸੀ। ਆਮ ਪਿੰਡਾਂ ਵਾਂਗ ਕਈ ਸਾਰੀਆਂ ਜਾਤਾਂ ਬਰਾਦਰੀਆਂ ਦੇ ਲੋਕ ਪ੍ਰਸਪਰ ਪਿਆਰ, ਇਤਫਾਕ ਨਾਲ ਜੀਵਨ ਬਤੀਤ ਕਰ ਰਹੇ ਸਨ। ਵੱਖ-ਵੱਖ ਧਾਰਮਿਕ ਵਿਸ਼ਵਾਸਾਂ ਮੁਤਾਬਕ ਪਿੰਡ ਵਾਸੀਆਂ ਨੇ ਧਾਰਮਿਕ ਅਸਥਾਨ ਵੀ ਬਣਾਏ ਹੋਏ ਸਨ। ਕਿਸੇ ਦਾ ਧੰਦਾ ਖੇਤੀ-ਬਾੜੀ, ਕਿਸੇ ਦਾ ਮਿਹਨਤ ਮਜ਼ਦੂਰੀ ਅਤੇ ਕਈ ਆਪਣੀ ਉਪਜੀਵਕਾ ਲਈ ਹੋਰ ਛੋਟੇ-ਛੋਟੇ ਕਿੱਤੇ ਕਰ ਰਹੇ ਸਨ। ਕਈ ਮਰਦ, ਖੱਟਣ-ਕਮਾਉਣ ਲਈ ਆਪਣੇ ਟੱਬਰ-ਟੀਹਰ ਤੋਂ ਦੂਰ ਦੇਸਾਂ-ਪ੍ਰਦੇਸਾਂ ਵਿਚ ਵੀ ਗਏ ਹੋਏ ਸਨ।

ਸੁਖ-ਸੁਨੇਹੇ ਪਹੁੰਚਾਉਣ ਲਈ ਖ਼ਤ-ਪੱਤਰਾਂ ਦਾ ਹੀ ਜ਼ਮਾਨਾ ਸੀ ਉਦੋਂ। ਪਿੰਡ ਵਿਚ ਰਹਿੰਦਿਆਂ ਉਹ ਅਨਪੜ੍ਹ ਬੀਬੀਆਂ, ਜਿਨ੍ਹਾਂ ਦੇ ਪਤੀ ਘਰੋਂ ਦੂਰ-ਦੁਰਾਡੇ ਰਹਿੰਦੇ ਸਨ, ਅਕਸਰ ਆਪਣੇ ਘਰ ਵਾਲਿਆਂ ਦੀਆਂ ਚਿੱਠੀਆਂ ਲੈ ਕੇ ਲਾਲਾ ਬਿਪਰ ਚੰਦ ਦੀ ਹੱਟੀ ਨੂੰ ਤੁਰੀਆਂ ਰਹਿੰਦੀਆਂ। ਚਿੱਠੀ ਪੜ੍ਹਾਉਣ ਗਈਆਂ ਹੋਈਆਂ ਬਹਾਨੇ ਨਾਲ ਉਹ ਘਰ ਵਾਸਤੇ ਸੌਦਾ-ਪੱਤਾ ਵੀ ਹੱਟੀ ਤੋਂ ਲੈ ਆਉਂਦੀਆਂ। ਹੱਟੀ ਵਾਲੇ ਲਾਲੇ ਦੀਆਂ ਉਹ ਪੱਕੀਆਂ ਸਾਮੀਆਂ ਸਨ। ਮਹੀਨਾ ਭਰ ਉਧਾਰ ਚੱਲਦਾ ਰਹਿੰਦਾ। ਉਹ ਮਹੀਨੇ ਬਾਅਦ ਪਹਿਲੇ ਉਧਾਰ 'ਤੇ ਲੀਕ ਫੇਰ ਕੇ, ਨਵੇਂ ਨਕੋਰ ਨੋਟ ਫੜ ਲੈਂਦਾ। ਅਨਪੜ੍ਹਾਂ ਨੂੰ ਕੀ ਪਤਾ ਕਿ ਮੋਟੀ ਸਾਰੀ ਵਹੀ ਵਿਚ ਲਾਲਾ ਕੀ ਕੁਝ ਤੇ ਕਿਸ ਹਿਸਾਬ ਲਿਖੀ ਜਾਂਦਾ ਸੀ। ਪਰ ਫਿਰ ਵੀ ਇਸ ਪਛੜੇ ਪਿੰਡ ਵਿਚ ਰਿੰਡ ਪ੍ਰਧਾਨ ਵਾਲੀ ਅਖੌਤ ਵਾਂਗੂੰ ਲਾਲਾ ਬਿਪਰ ਚੰਦ ਦੀ ਪੂਰੀ ਬੱਲੇ ਬੱਲੇ ਸੀ।

ਚਿੱਠੀਆਂ ਪੜ੍ਹਾਉਣ ਗਈਆਂ ਜਨਾਨੀਆਂ ਦਾ ਉਸ ਵੇਲੇ ਸਾਰਾ ਸਵਾਦ ਕਿਰਕਿਰਾ ਹੋ ਜਾਂਦਾ, ਜਦੋਂ ਮੋਟੇ ਸ਼ੀਸ਼ਿਆਂ ਵਾਲੀ ਐਨਕ ਉਤਾਰ ਕੇ, ਲਾਲਾ ਆਪਣੇ ਕਿਸੇ ਗਾਹਕ ਨੂੰ ਭੁਗਤਾਉਣ ਲੱਗ ਪੈਂਦਾ। ਕਈ ਵਾਰੀ ਇਕ ਹੀ ਚਿੱਠੀ ਪੜ੍ਹਦਿਆਂ ਵਿਚਕਾਰ ਕਈ ਕਈ ਗਾਹਕ ਆ ਜਾਂਦੇ। ਇਸੇ ਦੁੱਖੋਂ ਕਈ ਜਨਾਨੀਆਂ ਨੇ ਇਸ ਸਮੱਸਿਆ ਦਾ ਨਵਾਂ ਹੱਲ ਕੱਢ ਲਿਆ। ਚਿੱਠੀ ਦੇਣ ਆਏ ਡਾਕੀਏ ਨੂੰ ਉਹ ''ਵੀਰਾ ਪੜ੍ਹ ਕੇ ਵੀ ਸੁਣਾ ਦੇ ਜ਼ਰਾ!'' ਕਹਿ ਦਿੰਦੀਆਂ। ਉਹ ਨਾਲੇ ਪਲ ਭਰ ਅਰਾਮ ਕਰ ਲੈਂਦਾ ਨਾਲੇ ਮਿੰਟੋ-ਮਿੰਟੀ ਖ਼ਤ ਪੜ੍ਹ ਦਿੰਦਾ। ਇਹ ਨਵਾਂ ਫਾਰਮੂਲਾ ਇਤਨਾ ਸੂਤ ਬੈਠਿਆ ਕਿ ਹੌਲੀ ਹੌਲੀ 'ਪ੍ਰਦੇਸੀ ਪਤੀਆਂ' ਦੇ ਖ਼ਤ ਪੜ੍ਹਨ ਦਾ ਜਿੰਮਾ ਇਕੱਲੇ ਡਾਕੀਏ ਦੇ ਮੋਢਿਆਂ 'ਤੇ ਆਣ ਪਿਆ।

ਜਿਸ ਘਰ ਮੋਹਰੇ ਡਾਕੀਏ ਦੇ ਸਾਈਕਲ ਦੀ ਘੰਟੀ ਵੱਜਦੀ, ਉਸ ਘਰ ਦੇ ਸਾਰੇ ਜੀਆਂ ਨੂੰ ਚਾਅ ਚੜ੍ਹ ਜਾਂਦਾ। ਕੋਈ ਚਿੱਠੀ ਫੜਨ ਦੌੜਦਾ, ਕੋਈ ਡਾਕੀਏ ਦੇ ਬੈਠਨ ਲਈ ਮੰਜਾ ਡਾਹੁਣ ਲੱਗਦਾ। ਪਤੀ ਦਾ ਖ਼ਤ ਸੁਣਨ ਲਈ ਬਿਹਬਲ ਹੋਈਆਂ ਜਨਾਨੀਆਂ, ਡਾਕੀਏ ਲਈ ਦੁੱਧ ਗਰਮ ਕਰਨ ਲੱਗ ਜਾਂਦੀਆਂ। ਜਦੋਂ ਡਾਕੀਆ ਮਨੀ-ਆਰਡਰ ਲਿਆਉਂਦਾ ਤਾਂ ਉਸ ਦੀ ਸੇਵਾ ਜੁਆਈਆਂ-ਭਾਈਆਂ ਵਾਂਗ ਹੁੰਦੀ। ਜਦ ਉਹ ਮੰਜੇ 'ਤੇ ਬਹਿ ਕੇ, ਥੱਲੇ ਬੈਠੇ ਘਰ ਦੇ ਜੀਆਂ ਨੂੰ ਚਿੱਠੀ ਸੁਣਾ ਰਿਹਾ ਹੁੰਦਾ ਤਾਂ ਉਹਦੀ ਟੌਹਰ ਦੇਖਿਆਂ ਹੀ ਬਣਦੀ! ਪੇਂਡੂ ਲੋਕਾਂ ਲਈ ਉਹ ਕੋਈ ਆਲਮ-ਫਾਜ਼ਲ ਦਾ ਰੂਪ ਬਣ ਜਾਂਦਾ। ਚਿੱਠੀ ਖੋਲ੍ਹ ਕੇ ਮੁਸਕਰਾਉਂਦਾ ਹੋਇਆ, ਜਦੋਂ ਉਹ 'ਮੇਰੀ ਪਿਆਰੀ ਪਤਨੀ ਫਲਾਣੀ ਕੌਰ' ਵਾਲੀ ਪਹਿਲੀ ਸਤਰ ਪੜ੍ਹਦਾ ਤਾਂ ਤਿਰਛੀ ਜਿਹੀ ਨਜ਼ਰ, ਅੱਗੇ ਬੈਠੀ 'ਪਤਨੀ' ਦੇ ਚਿਹਰੇ 'ਤੇ ਵੀ ਮਾਰਦਾ। ਲਿਖਣ ਵਾਲੇ ਵਲੋਂ ਵਿਸ਼ੇਸ਼ ਤੌਰ 'ਤੇ ਆਪਣੀ ਪਤਨੀ ਲਈ ਲਿਖੀ ਗਈ ਕਿਸੇ ਖਾਸ ਗੱਲ ਨੂੰ ਡਾਕੀਆ ਇੰਜ ਘੋਟ ਘੋਟ ਕੇ, ਚਟਖਾਰੇ ਲਾ ਲਾ ਕੇ ਪੜ੍ਹਦਾ, ਜਿਵੇਂ ਉਹ ਡਾਕੀਆ ਨਹੀਂ ਸਗੋਂ 'ਪਤੀ' ਹੀ ਬੋਲ ਰਿਹਾ ਹੋਵੇ! ਜੋ ਵੀ ਸੀ, ਸਮਝੋ ਇਸ ਪਿੰਡ ਦੇ ਪ੍ਰਦੇਸੀ ਪਤੀਆਂ ਦੀਆਂ ਸਮੂਹ ਅਨਪੜ੍ਹ ਪਤਨੀਆਂ ਦਾ, ਲਾਲਾ ਬਿਪਰ ਚੰਦ ਨਾਲੋਂ ਸੰਪਰਕ ਟੁੱਟ ਹੀ ਗਿਆ। ਉਹ ਇਸ ਨਵੇਂ ਵਰਤਾਰੇ ਤੋਂ ਦੁਖੀ ਹੋਇਆ ਅੰਦਰੋਂ ਅੰਦਰ ਵਿੱਸ ਘੋਲਣ ਲੱਗ ਪਿਆ।

ਇਧਰ ਡਾਕੀਏ ਸ੍ਰੀਮਾਨ ਨੇ ਘਰ ਘਰ ਦੀਆਂ ਚਿੱਠੀਆਂ ਪੜ੍ਹਦਿਆਂ, ਕਈ ਅੰਦਰੂਨੀ ਗੱਲਾਂ ਦਾ ਰਾਜ਼ਦਾਰ ਬਣ ਜਾਣ ਕਾਰਨ, ਆਪਣੀ ਸਿੱਖੀ ਸੇਵਕੀ ਦਾ ਅਮਲਾ ਫੈਲਾ ਹੋਰ ਵਧਾਉਣਾ ਸ਼ੁਰੂ ਕਰ ਦਿੱਤਾ। ਹੁਣ ਉਸ ਨੇ ਆਪਣੀਆਂ ਸ਼ਰਧਾਲੂ ਬੀਬੀਆਂ ਦੀ ਮੰਗ ਅਨੁਸਾਰ ਛੋਟਾ-ਮੋਟਾ ਸੌਦਾ-ਪੱਤਾ ਜਾਂ ਕੋਈ ਨੌਂਹ ਪਾਲਸ਼ਾਂ, ਬਿੰਦੀਆਂ ਦੇ ਪੱਤੇ ਵਗੈਰਾ ਸ਼ਹਿਰੋਂ ਲਿਆਉਣੇ ਸ਼ੁਰੂ ਕਰ ਦਿੱਤੇ। ਸਾਈਕਲ ਦੇ ਹੈਂਡਲ ਨਾਲ ਉਸ ਨੇ ਦੋ ਝੋਲੇ ਹੋਰ ਲਟਕਾ ਲਏ।

ਸ਼ਹਿਰੋਂ ਤੁਰਨ ਵੇਲੇ ਇਨ੍ਹਾਂ ਵਿਚ ਚਾਹ-ਪੱਤੀ, ਮੁਸ਼ਕੀ ਸਾਬਣ, ਮਸਾਲੇ ਜਾਂ ਕੁਝ ਹੋਰ ਨਿਕ-ਸੁਕ ਹੁੰਦਾ, ਮੁੜਦੇ ਵਕਤ ਇਨ੍ਹਾਂ ਵਿਚ ਪ੍ਰੇਮੀ-ਬੀਬੀਆਂ ਵਲੋਂ ਭੇਟ ਕੀਤੇ ਗਏ ਗੁੜ, ਸ਼ੱਕਰ, ਸਾਗ ਵਗੈਰਾ 'ਪੇਂਡੂ ਗਿਫਟ' ਹੁੰਦੇ। ਪਿਆਰ ਅਤੇ ਅਪਣੱਤ ਨਾਲ ਲਬਾ-ਲਬ ਭਰਿਆ ਇਹ ਸਿਲਸਿਲਾ ਇਥੋਂ ਤਕ ਵਧ ਗਿਆ ਕਿ ਇਨ੍ਹਾਂ ਸੁਆਣੀਆਂ ਦੇ ਪਤੀਆਂ ਦੀ ਅਣਹੋਂਦ ਵਿਚ ਇਹ ਡਾਕੀਆ ਹੀ 'ਪਤੀ' ਵਾਂਗ ਵਿਚਰਨ ਲੱਗ ਪਿਆ। ਹੁਣ ਹਾਲਤ ਇਹ ਹੋ ਗਈ ਕਿ ਪਤੀਆਂ ਵਲੋਂ ਚਿੱਠੀਆਂ ਵਿਚ ਲਿਖੀਆਂ ਗਈਆਂ ਹਦਾਇਤਾਂ ਕੁਝ ਹੋਰ ਹੁੰਦੀਆਂ, ਪਰ ਹੁੰਦਾ ਉਹੀ ਸੀ, ਜਿਸ ਤਰ੍ਹਾਂ 'ਡਾਕੀਆ ਜੀ' ਫੁਰਮਾਉਂਦੇ!

ਇਨ੍ਹਾਂ ਘਰਾਂ ਵਿਚ ਉਹ ਇਤਨਾ ਹੇਲ-ਮੇਲ ਹੋ ਗਿਆ ਕਿ ਹੁਣ ਉਸਦੀ ਰੰਗੀਨ ਫੋਟੋ ਵੀ, ਬਹੁਤੀਆਂ ਬੀਬੀਆਂ ਵਲੋਂ ਆਪਣੇ ਪਤੀਆਂ ਦੀਆਂ ਫੋਟੋਆਂ ਦੇ ਨਾਲ ਰੱਖ ਲਿਤੀ ਗਈ। ਕਈਆਂ ਦੇ ਨਿਆਣੇ ਵੀ ਡਾਕੀਏ ਨੂੰ ਬੜੇ ਮੋਹ ਨਾਲ 'ਚਾਚਾ' ਆਖਣ ਲੱਗ ਪਏ।

ਸਿਰਫ ਖ਼ਤ ਲਿਖਣ-ਪੜ੍ਹਨ ਦੇ ਮਕਸਦ ਲਈ ਆਉਣ ਵਾਲਾ ਡਾਕੀਆ, ਹੁਣ ਇਨ੍ਹਾਂ ਘਰਾਂ ਦਾ ਕਰਤਾ-ਧਰਤਾ ਬਣ ਚੁੱਕਾ ਸੀ। ਕਈ ਘਰਾਂ ਦੇ ਸਿਆਣੇ ਬਜ਼ੁਰਗ, ਜੇ ਡਾਕੀਏ ਦੀ ਚੱਲਦੀ ਬੇਲੋੜੀ ਚੌਧਰ ਵਿਰੁਧ ਕੁਝ ਆਖਦੇ ਤਾਂ ਮੂੰਹ ਜ਼ੋਰ ਅਨਪੜ੍ਹ ਵਹੁਟੀਆਂ 'ਉਸ ਵਿਚਾਰੇ' ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਕੇ ਬੁੜ੍ਹੇ-ਬੁੜ੍ਹੀਆਂ ਦਾ ਮੂੰਹ ਬੰਦ ਕਰ ਦਿੰਦੀਆਂ।

ਇਕ ਦੋ ਅਕਲ ਵਾਲੀਆਂ ਜਨਾਨੀਆਂ ਨੂੰ, ਆਪਣੇ ਸਿਰ ਦੇ ਸਾਈਆਂ ਦੀ ਥਾਂ, ਕਿਸੇ ਹੋਰ ਨੂੰ ਸਿਰ ਚੜ੍ਹਾਉਣਾ ਚੰਗਾ ਨਾ ਲੱਗਿਆ। ਉਨ੍ਹਾਂ ਉੱਦਮ ਕਰਕੇ ਧਰਮ ਲਾਲ ਦੇ ਭਾਈ ਜੀ ਤੋਂ 'ਪੈਂਤੀ ਅੱਖਰੀ' ਸਿੱਖ ਲਈ ਅਤੇ ਹੌਲੀ ਹੌਲੀ ਆਪਣੇ ਘਰ ਵਾਲਿਆਂ ਦੀਆਂ ਚਿੱਠੀਆਂ ਖ਼ੁਦ ਹੀ ਪੜ੍ਹਨ ਦੇ ਸਮਰੱਥ ਹੋ ਗਈਆਂ। ਇੰਝ ਇਨ੍ਹਾਂ 'ਡਾਕੀਆ ਜੀ ਮਹਾਰਾਜ' ਦੀ ਮੁਥਾਜੀ ਗਲੋਂ ਲਾਹ ਕੇ, ਆਪਣੇ ਪਤੀਆਂ ਦੀ ਸਰਦਾਰੀ ਨੂੰ ਹੀ ਬਰਕਰਾਰ ਰੱਖਿਆ।

ਲੇਕਿਨ ਬਹੁ-ਗਿਣਤੀ ਬੀਬੀਆਂ 'ਰਾਂਝਾ - ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ' ਅਨੁਸਾਰ ਡਾਕੀਏ ਦੀਆਂ ਅੰਨ੍ਹੀਆਂ-ਸ਼ਰਧਾਲੂ ਬਣ ਗਈਆਂ। ਹੁਣ ਉਨ੍ਹਾਂ ਨੂੰ ਪਤੀਆਂ ਦੀਆਂ ਚਿੱਠੀਆਂ ਵਿਚ ਵੀ ਕੋਈ ਦਿਲਚਸਪੀ ਨਾ ਰਹੀ ਕਿ ਉਹ ਇਨ੍ਹਾਂ ਨੂੰ ਕਿਹੜੀਆਂ ਕਿਹੜੀਆਂ ਹਦਾਇਤਾਂ ਦੇ ਰਹੇ ਹਨ! ਉਹ ਤਾਂ ਬੱਸ ਡਾਕੀਏ ਦੇ ਦਰਸ਼ਨਾਂ ਨੂੰ ਹੀ ਤਾਂਘਦੀਆਂ ਰਹਿੰਦੀਆਂ।

ਜੇ ਖੱਤ-ਪੱਤਰ ਲਿਖਣ-ਪੜ੍ਹਨ ਦਾ ਕੋਈ ਕੰਮ ਨਾ ਵੀ ਹੁੰਦਾ ਤਾਂ ਵੀ ਖਾਕੀ ਝੋਲਿਆਂ ਵਾਲਾ ਸਾਈਕਲ ਉਨ੍ਹਾਂ ਦੇ ਦਰਾਂ ਮੋਹਰੇ ਕਿੰਨਾ ਕਿੰਨਾ ਚਿਰ ਖੜ੍ਹਾ ਰਹਿੰਦਾ। ਪੜਛੱਤੀਆਂ ਉੱਪਰ ਪਈਆਂ ਪਤੀਆਂ ਦੀਆਂ ਫੋਟੋਆਂ ਉੱਪਰ ਭਾਵੇਂ ਧੂੜ ਜੰਮੀ ਰਹਿੰਦੀ, ਪਰ ਮੰਦ ਮੰਦ ਮੁਸਕਰਾਉਂਦੇ ਡਾਕੀਏ ਦੀ ਫੋਟੋ ਹਮੇਸ਼ਾ ਲਿਸ਼ਕਦੀ ਦਿੱਸਦੀ। ਆਪਣੇ ਆਪ 'ਤੇ 'ਧਾਰਮਿਕ ਬਿਰਤੀ ਵਾਲਾ' ਅਤੇ 'ਸਮਾਜ ਸੇਵਕ' ਦਾ ਲੇਬਲ ਲਵਾਉਣ ਲਈ ਡਾਕੀਏ ਨੇ ਇਸ ਪਿੰਡ ਵਿਚ ਦੋ ਵਾਰ ਵਿਹਲੜ ਸਾਧਾਂ ਦੇ 'ਪ੍ਰਵਚਨ ਸਮਾਗਮ' ਅਤੇ ਅੱਖਾਂ ਦੇ ਫ੍ਰੀ ਕੈਂਪ ਆਯੋਜਤ ਕਰਵਾ ਦਿੱਤੇ। ਖਰਚਾ ਸਾਰਾ, ਅਨਪੜ੍ਹ ਬੀਬੀਆਂ ਰਾਹੀਂ ਆਈ ਪਤੀਆਂ ਦੀ ਕਮਾਈ ਵਿਚੋਂ, ਪਰ ਧੰਨ ਧੰਨ ਹੋ ਗਈ ਡਾਕੀਏ ਦੀ! ਉਤੋਂ ਉਤੋਂ ਨਿਮਰਤਾ ਅਤੇ ਹਲੀਮੀ, ਪਰ ਅਸਲੀਅਤ ਵਿਚ ਉਹ ਪਿੰਡ ਦਾ 'ਸਰਕਾਰੀ ਸਾਨ੍ਹ' ਹੀ ਬਣਿਆ ਹੋਇਆ ਸੀ!

***ਜਿਸ ਘਰ ਮੋਹਰੇ ਡਾਕੀਏ ਦੇ ਸਾਈਕਲ ਦੀ ਘੰਟੀ ਵੱਜਦੀ, ਉਸ ਘਰ ਦੇ ਸਾਰੇ ਜੀਆਂ ਨੂੰ ਚਾਅ ਚੜ੍ਹ ਜਾਂਦਾ। ਕੋਈ ਚਿੱਠੀ ਫੜ੍ਹਨ ਦੌੜਦਾ, ਕੋਈ ਡਾਕੀਏ ਦੇ ਬੈਠਣ ਲਈ ਮੰਜਾ ਡਾਹੁਣ ਲੱਗਦਾ। ਪਤੀ ਦਾ ਖ਼ਤ ਸੁਣਨ ਲਈ ਬਿਹਬਲ ਹੋਈਆਂ ਜਨਾਨੀਆਂ, ਡਾਕੀਏ ਲਈ ਦੁੱਧ ਗਰਮ ਕਰਨ ਲੱਗ ਜਾਂਦੀਆਂ। ਜਦੋਂ ਡਾਕੀਆ ਮਨੀ-ਆਰਡਰ ਲਿਆਉਂਦਾ ਤਾਂ ਉਸ ਦੀ ਸੇਵਾ ਜੁਆਈਆਂ-ਭਾਈਆਂ ਵਾਂਗ ਹੁੰਦੀ। ਜਦ ਉਹ ਮੰਜੇ 'ਤੇ ਬਹਿ ਕੇ, ਥੱਲੇ ਬੈਠੇ ਘਰ ਦੇ ਜੀਆਂ ਨੂੰ ਚਿੱਠੀ ਸੁਣਾ ਰਿਹਾ ਹੁੰਦਾ ਤਾਂ ਉਹਦੀ ਟੌਹਰ ਦੇਖਿਆਂ ਹੀ ਬਣਦੀ! ਪੇਂਡੂ ਲੋਕਾਂ ਲਈ ਉਹ ਕੋਈ ਆਲਮ-ਫਾਜ਼ਲ ਦਾ ਰੂਪ ਬਣ ਜਾਂਦਾ। ਚਿੱਠੀ ਖੋਲ੍ਹ ਕੇ ਮੁਸਕਰਾਉਂਦਾ ਹੋਇਆ, ਜਦੋਂ ਉਹ 'ਮੇਰੀ ਪਿਆਰੀ ਪਤਨੀ ਫਲਾਣੀ ਕੌਰ' ਵਾਲੀ ਪਹਿਲੀ ਸਤਰ ਪੜ੍ਹਦਾ ਤਾਂ ਤਿਰਛੀ ਜਿਹੀ ਨਜ਼ਰ, ਅੱਗੇ ਬੈਠੀ 'ਪਤਨੀ' ਦੇ ਚਿਹਰੇ 'ਤੇ ਵੀ ਮਾਰਦਾ। ਲਿਖਣ ਵਾਲੇ ਵਲੋਂ ਵਿਸ਼ੇਸ਼ ਤੌਰ 'ਤੇ ਆਪਣੀ ਪਤਨੀ ਲਈ ਲਿਖੀ ਗਈ ਕਿਸੇ ਖਾਸ ਗੱਲ ਨੂੰ ਡਾਕੀਆ ਇੰਜ ਘੋਟ ਘੋਟ ਕੇ, ਚਟਖਾਰੇ ਲਾ ਲਾ ਕੇ ਪੜ੍ਹਦਾ, ਜਿਵੇਂ ਉਹ ਡਾਕੀਆ ਨਹੀਂ ਸਗੋਂ 'ਪਤੀ' ਹੀ ਬੋਲ ਰਿਹਾ ਹੋਵੇ! ਜੋ ਵੀ ਸੀ, ਸਮਝੋ ਇਸ ਪਿੰਡ ਦੇ ਪ੍ਰਦੇਸੀ ਪਤੀਆਂ ਦੀਆਂ ਸਮੂਹ ਅਨਪੜ੍ਹ ਪਤਨੀਆਂ ਦਾ, ਲਾਲਾ ਬਿਪਰ ਚੰਦ ਨਾਲੋਂ ਸੰਪਰਕ ਟੁੱਟ ਹੀ ਗਿਆ। ਉਹ ਇਸ ਨਵੇਂ ਵਰਤਾਰੇ ਤੋਂ ਦੁਖੀ ਹੋਇਆ ਅੰਦਰੋਂ ਅੰਦਰ ਵਿੱਸ ਘੋਲਣ ਲੱਗ ਪਿਆ।***

ਉਧਰ ਹੱਟੀ ਵਾਲਾ ਲਾਲਾ ਬਿਪਰ ਚੰਦ, ਪਿੰਡ ਵਿਚ ਡਾਕੀਏ ਦੀ ਦਿਨ-ਬ-ਦਿਨ ਵੱਧਦੀ ਜਾ ਰਹੀ ਪ੍ਰਭੁਤਾ ਤੋਂ ਅੰਦਰੋਂ ਅੰਦਰ ਸੜਿਆ ਪਿਆ ਸੀ। ਕਿਥੇ ਅੱਗੇ ਸਾਰੇ ਪਿੰਡ 'ਚ ਲਾਲੇ ਦੀ ਸਰਦਾਰੀ ਚੱਲਦੀ ਸੀ, ਹੁਣ ਡਾਕੀਏ ਦੇ ਰੂਪ 'ਚ ਨਵਾਂ 'ਸ਼ਰੀਕ' ਪੈਦਾ ਹੋ ਗਿਆ ਸੀ। ਇਸ ਨੂੰ ਪਿੰਡੋਂ ਖਦੇੜਨ ਲਈ ਬਿਪਰ ਚੰਦ ਦਿਲ ਹੀ ਦਿਲ ਵਿਉਂਤਾਂ ਬਣਾਉਂਦਾ ਰਹਿੰਦਾ। ਇਕ ਦਿਨ ਕੀ ਹੋਇਆ ਉਹਦੀ ਦੁਕਾਨ 'ਤੇ ਸਿੱਖ ਪਰਿਵਾਰਾਂ ਦੇ ਦੋ ਗੱਭਰੂ ਮੁੰਡੇ ਬੈਠੇ ਗੱਪ-ਸ਼ੱਪ ਮਾਰ ਰਹੇ ਸਨ। ਹੱਟੀ ਦੇ ਮੋਹਰਲੇ ਖੁੱਲ੍ਹੇ ਵਿਹੜੇ ਵਿਚ, ਡਾਕੀਏ ਦੀ ਕਿਸੇ ਪ੍ਰੇਮਣ ਜਨਾਨੀ ਦਾ ਮੁੰਡਾ ਗੇਂਦ ਨਾਲ ਖੇਡ ਰਿਹਾ ਸੀ।

''ਉਏ ਅਹਿ ਗੇਂਦ ਕਿਥੋਂ ਲਿਆਂਦੀ ਏ ਐਡੀ ਸੋਹਣੀ?'' ਲਾਲੇ ਨੇ ਸਰਸਰੀ ਉਸ ਮੁੰਡੇ ਨੂੰ ਪੁੱਛਿਆ।

''ਡਾਕੀਆ ਚਾਚਾ ਲਿਆਇਆ ਸੀ।'' ਮੁੰਡੇ ਨੇ ਜਵਾਬ ਦਿੱਤਾ।

ਸਿਰ ਖੁਰਕਦਿਆਂ ਦੱਬਵੀਂ ਜਿਹੀ ਜ਼ਬਾਨ ਨਾਲ ਲਾਲਾ ਕਹਿੰਦਾ - ''ਅੱਛਾ! ਚਾਚਾ ਕਾਹਨੂੰ 'ਭਾਪਾ' ਈ ਕਹੁ ਬੱਚੂ!!'' ਅੰਞਾਣ ਉਮਰ ਦੇ ਮੁੰਡੇ ਨੂੰ ਤਾਂ ਲਾਲੇ ਵਲੋਂ ਮਾਰੀ ਗਈ ਇਸ ਬੋਲੀ ਦੀ ਸਮਝ ਨਾ ਲੱਗੀ, ਪਰ ਹੱਟੀ ਮੋਹਰੇ ਬੈਂਚ 'ਤੇ ਬੈਠੇ ਦੋਵੇਂ ਸਿੱਖ ਨੌਜਵਾਨ ਖਿੜ ਖਿੜਾ ਕੇ ਹੱਸ ਪਏ। ਸਿਰੇ ਦੇ ਸ਼ਾਤਰ ਦਿਮਾਗ ਲਾਲਾ ਬਿਪਰ ਚੰਦ ਦੇ ਮਨ-ਮਸਤਿਕ ਵਿਚ ਡਾਕੀਆ ਰੂਪੀ 'ਮੱਛੀ' ਦਾ ਸ਼ਿਕਾਰ ਕਰਨ ਲਈ 'ਕੁੰਡੀ' ਤਿਆਰ ਹੋ ਗਈ! 'ਚਾਚਾ-ਭਾਪਾ' ਵਾਲੀ ਗੱਲ ਤੋਂ ਹੱਸ ਰਹੇ ਸਿੱਖ ਗੱਭਰੂਆਂ ਨੂੰ, ਬੜਾ ਹੀ ਸੰਜੀਦਾ ਹੋ ਕੇ ਲਾਲਾ ਕਹਿਣ ਲੱਗਾ - ''ਸੰਗ ਤਾਂ ਨਹੀਂ ਆਉਂਦੀ ਹੋਣੀ ਹਿੜ ਹਿੜ ਕਰਦਿਆਂ ਨੂੰ!'' ਦੋਵੇਂ ਮੁੰਡੇ ਲਾਲੇ ਦੇ ਮੂੰਹ ਵਲ ਦੇਖਣ ਲੱਗੇ। ਬਿਪਰ ਚੰਦ ਨੇ, ਕਿਸੇ ਸੂਝਵਾਨ ਕਥਾ-ਵਾਚਕ ਵਾਂਗ ਪ੍ਰਵਚਨ ਸ਼ੁਰੂ ਕੀਤਾ - ''ਇਤਿਹਾਸ ਵਿਚ ਜ਼ਿਕਰ ਆਉਂਦੈ ਕਿ ਤੁਹਾਡੇ ਵੱਡੇ ਵਡੇਰੇ ਦੇਸ਼ ਦੀ ਇੱਜ਼ਤ ਅਣਖ, ਧੀਆਂ ਧਿਆਣੀਆਂ ਤੇ ਬਹੂ-ਬੇਟੀਆਂ ਨੂੰ ਜਾਨਾਂ ਵਾਰ ਕੇ ਵੀ ਜਰਵਾਣਿਆਂ ਤੋਂ ਛੁਡਾਉਂਦੇ ਰਹੇ ਐ!... ਤੁਹਾਡੇ ਪਿੰਡ ਵਿਚ ਆਹ ਡਾਕੀਆ, ਪਤਾ ਨਹੀਂ ਕਿਹੜੀ ਨੀਵੀਂ ਜਾਤ ਦਾ ਹੈਗਾ! ਕਿਵੇਂ ਪਿੰਡ 'ਚ 'ਸ਼ਾਹ ਬਹਿਰਾਮ' ਬਣ ਕੇ ਰੰਗ-ਰਲੀਆਂ ਮਾਣਦਾ ਫਿਰਦੈ... ਇਧਰ ਤੁਸੀਂ ਹੋ ਕਿ ਦੰਦੀਆਂ ਕੱਢ ਰਹੇ ਹੋ?... ਇਹਦਾ ਮਤਲਬ ਤੁਹਾਨੂੰ ਆਪਣੇ ਪਿੰਡ ਦੀ ਅਣਖ ਇੱਜ਼ਤ ਦੀ ਕੋਈ ਪ੍ਰਵਾਹ ਨਹੀਂ।... ਉਹ ਜਵਾਨੀ ਫੂਕਣੀ ਐ, ਜਿਹੜੀ ਦੇਸ਼-ਧਰਮ-ਕੌਮ ਦੇ ਲੇਖੇ ਨਾ ਲੱਗੇ?''

ਖਿੱਚ ਕੇ ਛੱਡੇ ਗਏ ਤਿੱਖੇ ਤੀਰ ਕੰਮ ਕਰ ਗਏ! ਲਾਲੇ ਦੇ ਭੜਕਾਏ ਹੋਏ ਦੋਵੇਂ ਮੁੰਡੇ ਡਾਕੀਏ ਦਾ 'ਕੰਡਾ ਕੱਢਣ' ਲਈ ਤਿਆਰ ਹੋ ਗਏ, ਇਧਰ ਇਹ ਦੋਵੇਂ ਜਣੇ ਗੁਪਤੋ-ਗੁਪਤੀ ਸਕੀਮਾਂ ਘੜਨ ਲੱਗ ਪਏ, ਉਧਰ ਲਾਲਾ ਬਿਪਰ ਚੰਦ, ਕਿਸੇ ਸੰਭਾਵੀ ਖਤਰੇ ਤੋਂ ਅਗਾਊਂ ਬਚਾਅ ਵਜੋਂ, 'ਚੋਰਾਂ ਨੂੰ ਕਿਹਾ ਲੱਗੋ ਤੇ ਸਾਧਾਂ ਨੂੰ ਕਿਹਾ ਜਾਗੋ' ਮੁਤਾਬਕ, ਡਾਕੀਏ ਦੀਆਂ ਪ੍ਰੇਮਣਾਂ ਦੇ ਘਰਾਂ ਵਿਚ ਗੇੜੇ ਮਾਰਨ ਲੱਗ ਪਿਆ- ''ਓ ਭਾਈ ਧੀਉ-ਧਿਆਣੀਉ ਭਗਵਾਨ ਤੁਹਾਨੂੰ ਸਦਾ ਸੁਖੀ ਰੱਖੇ!... ਤੁਹਾਡੇ ਜੈਸੀਆਂ ਦੇਵੀਆਂ ਤਾਂ ਰੱਬ ਘਰ ਘਰ ਦੇਵੇ... ਸਾਰੇ ਪਿੰਡ ਵਿਚ ਤੁਹਾਡੀ ਸ਼ੋਭਾ ਹੋ ਰਹੀ ਐ, ਕੁੜੀਓ... ਡਾਕੀਆ ਕਾਹਦਾ ਐ ਨਿਰਾ ਦੇਵਤਾ ਹੈ ਦੇਵਤਾ!... ਤੁਹਾਡੇ ਪਰਉਪਕਾਰ ਸਦਕਾ ਉਸ ਨੇ ਪਿੰਡ ਵਿਚ ਸਤਿਯੁਗ ਵਰਤਾ ਦਿੱਤਾ ਹੋਇਐ... ਭੋਲੇ ਸ਼ੰਕਰ ਉਸਦੀ ਲੰਬੀ ਉਮਰ ਕਰਨ!''

ਕਿਸੇ ਬੀਬੀ ਦੇ ਘਰੋਂ ਹਾਲੇ ਲਾਲਾ ਬਿਪਰ ਚੰਦ, ਡਾਕੀਏ ਦੀ ਲੰਬੀ ਉਮਰ ਦੀ 'ਕਾਮਨਾ' ਕਰਦਾ ਹੋਇਆ, ਬਾਹਰ ਨਿਕਲਿਆ ਹੀ ਸੀ, ਪਿੰਡ ਦੇ ਇਕ ਪਾਸੇ ਰੌਲੀ ਪੈ ਗਈ ਕਿ ਡਾਕੀਏ ਦਾ ਕਤਲ ਹੋ ਗਿਆ! ਮੂੰਹੋਂ ਮੂੰਹ ਗੱਲਾਂ ਹੋ ਰਹੀਆਂ ਸਨ ਕਿ ਉਹ ਆਪਣੀ ਇਕ ਸ਼ਰਧਾਲੂ ਬੀਬੀ ਦੀ ਬੈਠਕ ਵਿਚੋਂ ਬਾਹਰ ਨੂੰ ਆਇਆ ਹੀ ਸੀ ਕਿ ਕੁਝ ਅਣਪਛਾਤੇ ਮੁੰਡਿਆਂ ਨੇ ਤੇਜਧਾਰ ਹਥਿਆਰਾਂ ਨਾਲ ਉਸ 'ਤੇ ਹਮਲਾ ਕਰ ਦਿੱਤਾ ਸੀ। ਜੰਗਲ ਦੀ ਅੱਗ ਵਾਂਗ ਸਾਰੇ ਪਿੰਡ 'ਚ ਗੱਲ ਫੈਲ ਗਈ। ਡਾਕੀਏ ਦੀਆਂ ਪ੍ਰੇਮਣਾਂ ਨੇ ਪਿੰਡ ਵਿਚ ਉਹ ਤਰਥੱਲੀ ਮਚਾਈ ਕਿ ਰਹੇ ਰੱਬ ਦਾ ਨਾਂ! ਕਿਸੇ ਦਾ ਗੱਡਾ ਸੜ ਰਿਹਾ ਸੀ ਕਿਸੇ ਦੀ ਰੇਹੜੀ। ਕਿਸੇ ਦੇ ਕੁੱਪ ਵਿਚੋਂ ਅੱਗ ਦੀਆਂ ਲਾਟਾਂ ਨਿੱਕਲ ਰਹੀਆਂ ਸਨ, ਕਿਤੇ ਕਿਸੇ ਦੇ ਢਾਰੇ ਨੂੰ ਲੱਗੀ ਅੱਗ ਦੇ ਭਾਂਬੜ ਮੱਚ ਰਹੇ ਸਨ।

ਪਿੰਡ ਦੀਆਂ ਕੁਝ ਉਹ ਵਹੁਟੀਆਂ, ਜਿਨ੍ਹਾਂ ਅੱਖਰ-ਗਿਆਨ ਹਾਸਲ ਕਰਕੇ ਆਪਣੇ ਸਿਰ ਦੇ ਸਾਈਆਂ ਨਾਲ ਖਤੋ-ਖਿਤਾਬਤ ਸਿੱਧੀ ਕਰਨੀ ਸਿੱਖ ਲਈ ਸੀ, ਉਹ ਇਸ ਰਾਮ-ਰੌਲੇ ਤੋਂ ਬੇ-ਖ਼ਬਰ ਸੁੱਖੀ ਸਾਂਦੀ ਆਪਣੇ ਘਰੇ ਟਿਕੀਆਂ ਰਹੀਆਂ। ਹੁਣ ਫਿਰ ਲਾਲਾ ਬਿਪਰ ਚੰਦ ਨੇ ਮੌਕਾ ਸੰਭਾਲਿਆ। ਉਸ ਨੇ ਸਾਰੀਆਂ ਡਾਕੀਆ-ਪ੍ਰੇਮਣਾਂ ਨੂੰ ਜਥੇਬੰਦ ਕੀਤਾ। ਕੁਟਲ ਨੀਤੀ ਨਾਲ ਉਨ੍ਹਾਂ ਦੇ ਖ਼ੂਬ ਕੰਨ੍ਹ ਭਰੇ। ਉਨ੍ਹਾਂ ਤੋਂ ਐਲਾਨ ਕਰਵਾਇਆ ਗਿਆ ਕਿ ਉਹ ਹੁਣ ਪਿੰਡ ਦੇ ਸਾਂਝੇ ਧਰਮ-ਅਸਥਾਨ ਦਾ ਬਾਈਕਾਟ ਕਰਕੇ, ਡਾਕੀਏ ਦੀ ਯਾਦ ਵਿਚ 'ਸ਼ਹੀਦੀ ਸਮਾਰਕ' ਬਣਵਾਉਣਗੀਆਂ। ਹੁਣ ਉਨ੍ਹਾਂ ਦੇ ਕਰਮ-ਧਰਮ, ਸੰਸਕਾਰ ਇਥੇ ਹੀ, ਵੱਖਰੇ ਤੌਰ ਤਰੀਕਿਆਂ ਨਾਲ ਨਿਭਾਏ ਜਾਇਆ ਕਰਨਗੇ। ਲਾਲਾ ਬਿਪਰ ਚੰਦ ਨੇ 'ਫ਼ਰਾਖ ਦਿਲੀ' ਵਿਖਾਉਂਦਿਆਂ, ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਡਾਕੀਏ ਦੇ ਫੁੱਲ ਹਰਿਦਵਾਰ ਗੰਗਾ ਜੀ ਪਾਉਣ ਤੋਂ ਲੈ ਕੇ ਗਰੁੜ ਪੁਰਾਣ ਦੇ ਪਾਠ ਦਾ ਸਾਰਾ ਖਰਚਾ ਉਹ ਹੀ ਚੁੱਕੇਗਾ। ਗੱਲ ਕੀ, ਬਿਪਰ ਚੰਦ ਦਾ ਜਾਦੂ ਚੱਲ ਗਿਆ, ਉਸ ਨੇ ਆਪਣੀਆਂ ਪੱਕੀਆਂ ਸਾਮੀਆਂ ਮੁੜ ਆਪਣੇ ਅਧੀਨ ਕਰ ਲਈਆਂ।

**ਅੰਤਿਕਾ:** ਬਾਬਾ ਗੁਰੂ ਨਾਨਕ ਜੀ ਨੇ ਆਪਣੇ ਜੀਵਨ-ਕਾਲ ਵਿਚ 'ਰੱਬ ਦੇ ਵਿਚੋਲੇ' ਬਣੇ ਹੋਏ 'ਕਾਜੀ-ਬ੍ਰਾਹਮਣ-ਜੋਗੀ' ਦੀ ਤਿੱਕੜੀ ਨੂੰ 'ਤੀਨੇ ਉਜਾੜੇ ਕਾ ਬੰਧੁ' ਆਖਦਿਆਂ ਇਨ੍ਹਾਂ ਨੂੰ ਵੰਗਾਰਿਆ ਕਿ 'ਛੋਡੀ ਲੇ ਪਖੰਡਾ!' ਉਨ੍ਹਾਂ ਤੋਂ ਬਾਅਦ ਗੁਰੂ ਸਾਹਿਬਾਨ ਵਲੋਂ ਸੰਗਤਾਂ ਨਾਲ ਰਾਬਤਾ ਕਾਇਮ ਰੱਖਣ ਲਈ 'ਮੰਜੀਆਂ' ਸਥਾਪਤ ਕੀਤੀਆਂ। ਫਿਰ ਇਕ ਸਮੇਂ 'ਮਸੰਦ-ਪ੍ਰਥਾ' ਸ਼ੁਰੂ ਕੀਤੀ ਗਈ। ਵਿਗੜੇ ਹੋਏ ਮਸੰਦਾਂ ਦੀਆਂ ਕਰਤੂਤਾਂ ਵੇਖ ਕੇ ਦਸਮ ਗੁਰੂ ਜੀ ਨੇ ਇਕ-ਅੱਧ ਨੂੰ ਛੱਡ ਬਾਕੀਆਂ ਨੂੰ ਤੇਲ ਪਾ ਪਾ ਸਾੜਿਆ।

ਡੂੰਘੀ ਤੇ ਲੰਬੀ ਸੋਚ ਵਿਚਾਰ ਕਰਕੇ, ਦਸਵੇਂ ਗੁਰੂ ਜੀ ਨੇ ਸਿੱਖ ਤੇ ਗੁਰੂ ਦੇ ਵਿਚਕਾਰਲੀ ਕਿਸੇ ਵੀ ਕਿਸਮ ਦੀ 'ਵਿਚੋਲਗਿਰੀ' ਨੂੰ ਸਦਾ ਸਦਾ ਵਾਸਤੇ ਰੱਦ ਕਰ ਦਿੱਤਾ। ਸੰਨ 1699 ਵਿਚ ਆਪ ਜੀ ਨੇ ਅਖੌਤੀ ਨੀਵੀਆਂ ਜਾਤੀਆਂ 'ਚੋਂ 'ਖਾਲਸਾ' ਸਾਜਿਆ।

ਮਨੁੱਖ ਦੀ ਇਸ ਇਨਕਲਾਬੀ ਬੰਦ-ਖਲਾਸੀ ਨੂੰ ਭਗਤ ਕਬੀਰ ਜੀ ਨੇ ਵੀ ਆਪਣੀ ਪਾਵਨ ਬਾਣੀ ਵਿਚ ਚਿਤਵਿਆ- 'ਕਹੁ ਕਬੀਰ ਜਨ ਭਏ ਖਾਲਸੇ...॥' ਇਕ ਵਾਰ ਨਹੀਂ, ਸੈਂਕੜੇ ਵਾਰ ਅਫਸੋਸ ਕਿ ਅੱਜ ਸਿੱਖੀ ਦੇ ਵਿਹੜਿਆਂ ਵਿਚ ਡਾਕੀਏ ਹੀ ਡਾਕੀਏ ਤੁਰੇ ਫਿਰਦੇ ਹਨ, ਜਿਨ੍ਹਾਂ ਸਾਡੀਆਂ ਅੱਖਾਂ ਵਿਚ ਅੰਧ ਵਿਸ਼ਵਾਸ ਦਾ ਨੀਲਾ-ਥੋਥਾ ਪਾਇਆ ਹੋਇਆ ਹੈ। ਉਹ ਚਾਹੁੰਦੇ ਨੇ ਕਿ ਗੁਰੂ ਸਾਹਿਬਾਨ ਤੇ ਹੋਰ ਰਹਿਬਰਾਂ ਦੀਆਂ ਮਨੁੱਖਤਾ ਦੇ ਨਾਂ ਲਿਖੀਆਂ ਚਿੱਠੀਆਂ (ਗੁਰਬਾਣੀ) ਅਸੀਂ ਲੋਕ ਸਿੱਧੇ ਹੀ ਨਾ ਪੜ੍ਹੀਏ, ਇਨ੍ਹਾਂ 'ਵਿਚੋਲਿਆਂ' ਦੇ ਮੁਖਾਰਬਿੰਦਾਂ ਤੋਂ ਸੁਣੀਏ! ਚਲੋ, ਜੇ ਐਸਾ ਕਰ ਵੀ ਲਿਆ ਕੋਈ ਹਰਜ ਨਹੀਂ, ਪਰ ਲੋਹੜਾ ਉਦੋਂ ਹੁੰਦਾ ਹੈ ਜਦੋਂ ਇਹ ਵਿਚੋਲੇ ਆਪਣਾ ਨਿੱਜੀ ਗੁਰੂ ਡੰਮ ਚਲਾਉਣ ਲੱਗ ਪੈਂਦੇ ਹਨ। ਗੁਰੂ ਬਾਬਾ ਜੀ ਨੇ ਕਦੇ ਜੋਗੀਆਂ-ਨਾਥਾਂ ਨੂੰ ਫਿਟਕਾਰ ਪਾਈ ਸੀ ਕਿ, 'ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂ ਕੇ ਘਰ ਮੰਗਣ ਜਾਈ?' ਭਗਵੇਂ ਭੇਸ ਬਣਾ ਬਣਾ ਕੇ ਬੜੇ ਤਿਆਗੀ ਬਣਦੇ ਹੋ, ਪਰ ਗ੍ਰਿਹਸਤੀਆਂ ਕੋਲੋਂ ਮੰਗਣ ਜਾਂਦਿਆਂ ਤੁਹਾਨੂੰ ਸੰਗ ਨਹੀਂ ਲੱਗਦੀ।

ਪਰ ਕੀਤਾ ਕੀ ਜਾਏ, ਇਸ ਸਾਰੇ ਰੌਲ ਘਚੋਲੇ ਵਿਚ ਬਿਪਰ-ਸ਼ਕਤੀ, ਦਿੱਖ ਅਤੇ ਅਦਿੱਖ ਰੂਪ ਵਿਚ ਆਪਣੀਆਂ ਗੁੱਝੀਆਂ ਚਾਲਾਂ ਚਲਾਈ ਜਾਂਦੀ ਹੈ, ਭੋਲੇ ਲੋਕ ਉਸ ਦਾ ਸ਼ਿਕਾਰ ਬਣੇ ਤੁਰੀ ਜਾਂਦੇ ਹਨ!

## ਮੈਂ ਉਸ ਕਵੀ ਨੂੰ ਪੁੱਛਾਂਗਾ

**ਗੁਰਭਜਨ ਗਿੱਲ**

*ਮੈਂ ਉਸ ਕਵੀ ਨੂੰ ਜ਼ਰੂਰ ਪੁੱਛਾਂਗਾ।*
*ਰਾਤ ਦੇ ਹਨ੍ਹੇਰੇ ਵਿਚ ਤੂੰ ਕਿੱਥੇ ਸੀ?*
*ਤੇ ਫਿਰ ਜਦੋਂ ਦਿਨ ਦੇ ਚਿੱਟੇ ਚਾਨਣੇ ਵਿਚ,*
*ਹਥਿਆਰ ਮਗਰੂਰ ਹੋਏ ਫਿਰ ਰਹੇ ਸਨ,*
*ਤੂੰ ਉਦੋਂ ਕਿੱਥੇ ਲੁੱਕ ਗਿਆ ਸੀ?*

*ਮੈਂ ਉਸਦੀਆਂ ਕਵਿਤਾਵਾਂ ਦੀ*
*ਤਲਾਸ਼ੀ ਲਵਾਂਗਾ।*
*ਤੇ ਲੱਭਾਂਗਾ ਉਨ੍ਹਾਂ ਸੁਪਨਿਆਂ ਦੇ ਅਸਥ।*
*ਜੋ ਉਸ ਦੇ ਨਾਲ ਹੀ,*
*ਬਨਾ ਸੜਿਆਂ ਸਵਾਹ ਹੋ ਗਏ।*

*ਮੈਂ ਉਸ ਕਵੀ ਦੀਆਂ ਕਿਤਾਬਾਂ 'ਚੋਂ ਲੱਭਾਂਗਾ।*
*ਕਿੱਥੇ ਗਈ ਉਸਦੀ*
*ਭਖ਼ਦੀ ਜੀਵਨ ਚੰਗਿਆੜੀ।*
*ਜੋ ਉਹ ਸਾਨੂੰ*
*ਸੁਪਨਿਆਂ ਦੇ ਭਾਅ ਵੇਚਦਾ ਰਿਹਾ।*
*ਸ਼ਬਦਾਂ ਓਹਲੇ ਲੁਕੇ ਸ਼ਾਇਰ ਨੂੰ,*
*ਜੇ ਮੈਂ ਨਾ ਵੀ ਪੁੱਛ ਸਕਿਆ,*
*ਤਾਂ ਵਕਤ ਜ਼ਰੂਰ ਪੁੱਛੇਗਾ।*

# ਮੇਰੀ ਜੀਵਨ ਗਾਥਾ ਦਾ ਆਖ਼ਰੀ ਕਾਂਡ

**ਜੀਵਨ-ਗਾਥਾ**

***ਪ੍ਰਿੰਸੀਪਲ ਸਰਵਣ ਸਿੰਘ ਦਾ ਨਾਂ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਖੇਡ ਅਤੇ ਸਾਹਿਤ ਜਗਤ ਦਾ ਬੱਚਾ ਬੱਚਾ ਉਨ੍ਹਾਂ ਦੇ ਨਾਂ ਤੋਂ ਜਾਣੂੰ ਹੈ। ਖੇਡਾਂ ਬਾਰੇ ਜਦੋਂ ਤੱਕ ਪ੍ਰਿੰਸੀਪਲ ਸਰਵਣ ਸਿੰਘ ਨੇ ਲਿਖਣਾ ਸ਼ੁਰੂ ਨਹੀਂ ਸੀ ਕੀਤਾ ਤਾਂ ਇਸ ਨੂੰ ਖੁਸ਼ਕ ਜਿਹਾ ਵਿਸ਼ਾ ਸਮਝਿਆ ਜਾਂਦਾ ਸੀ। ਪ੍ਰਿੰਸੀਪਲ ਸਰਵਣ ਸਿੰਘ ਨੇ ਖੇਡਾਂ ਬਾਰੇ ਲਿਖਤਾਂ ਨੂੰ ਖੇਡ ਸਾਹਿਤ ਦਾ ਨਾਂ ਦਿਵਾਇਆ ਹੈ। ਹਾਲ ਹੀ ਵਿਚ ਉਨ੍ਹਾਂ ਆਪਣੀ ਜੀਵਨ ਗਾਥਾ 'ਹਸੰਦਿਆਂ ਖੇਲੰਦਿਆਂ' ਇਕ ਪੁਸਤਕ ਦੇ ਰੂਪ ਵਿਚ ਛਾਪੀ ਹੈ, ਇਹ ਲੇਖ ਇਸੇ ਵਿਚੋਂ ਹੈ। -ਸੰਪਾਦਕ***

**ਪ੍ਰਿੰ. ਸਰਵਣ ਸਿੰਘ**

ਦੁਖ ਸੁਖ ਧੁਰੋਂ ਬੰਦੇ ਦੇ ਨਾਲ ਨੇ। ਕੋਈ ਨਹੀਂ ਹੋਵੇਗਾ ਜਿਸ ਨੂੰ ਇਨ੍ਹਾਂ ਦਾ ਅਨੁਭਵ ਨਾ ਹੋਵੇ। ਖੁਸ਼ੀ ਨਾ ਹੋਵੇ, ਗ਼ਮ ਨਾ ਹੋਵੇ। ਮਿਲਿਆ ਨਾ ਹੋਵੇ ਤੇ ਵਿਛੜਿਆ ਨਾ ਹੋਵੇ। ਮੇਲ ਵਿਛੋੜਿਆਂ ਦੀਆਂ ਕਹਾਣੀਆਂ ਨਾਲ ਸਾਹਿਤ ਦੇ ਖ਼ਜ਼ਾਨੇ ਭਰੇ ਪਏ ਨੇ। ਇਸ ਕਲਮਕਾਰ ਦੇ ਬਹੁਤ ਸਾਰੇ ਸੱਜਣ ਮਿੱਤਰ ਤੇ ਸਾਕ ਸੰਬੰਧੀ ਵਿਛੜ ਗਏ ਨੇ ਤੇ ਇਕ ਦਿਨ ਇਹਨੇ ਵੀ ਵਿਛੜ ਜਾਣਾ ਹੈ। ਮੈਂ ਤਾਂ ਵਿਛੜ ਜਾਵਾਂਗਾ ਪਰ ਮੇਰੀਆਂ ਲਿਖਤਾਂ ਫਿਰ ਵੀ ਹੋਣਗੀਆਂ ਜਿਨ੍ਹਾਂ ਵਿਚ ਦੀ ਮੈਂ ਆਪਣੀਆਂ ਬਾਤਾਂ ਪਾਉਂਦਾ ਰਹਾਂਗਾ। ਮੇਰੀ ਇਹ ਜੀਵਨ ਗਾਥਾ ਇਥੇ ਹੀ ਰਹਿ ਜਾਵੇਗੀ। ਲੇਖਕ ਇਸ ਗੱਲੋਂ ਚਿਰਜੀਵੀ ਹਨ। ਉਹ ਸਰੀਰਕ ਤੌਰ 'ਤੇ ਭਾਵੇਂ ਅਲੋਪ ਹੋ ਜਾਂਦੇ ਹਨ ਪਰ ਆਪਣੀਆਂ ਕਿਤਾਬਾਂ ਰਾਹੀਂ ਪਾਠਕਾਂ ਦੇ ਹਮੇਸ਼ਾ ਹੀ ਰੂਬਰੂ ਹੋਏ ਰਹਿੰਦੇ ਹਨ।

ਵੱਸਦੇ ਰਸਦੇ ਜਹਾਨ ਨੂੰ ਹਾਸ਼ਮ ਸ਼ਾਹ ਨੇ 'ਮੁਸਾਫ਼ਰਖਾਨਾ' ਕਿਹਾ ਹੈ:

ਇਕਸੇ ਤਾਰ ਬਹਾਰ ਨਾ ਰਹਿੰਦੀ,
ਨਹੀਂ ਇਕਸੇ ਤੋਰ ਜ਼ਮਾਨਾ
ਹਰ ਦਿਨ ਚਾਲ ਨਹੀਂ ਅਲਬੇਲੀ,
ਨਹੀਂ ਹਰ ਦਮ ਜ਼ੋਰ ਜਵਾਨਾ
ਰੋਵਣ ਸੋਗ ਹਮੇਸ਼ ਨਾ ਹੋਵੇ,
ਨਹੀਂ ਨਿੱਤ ਨਿੱਤ ਰਾਗ ਸੁਹਾਨਾ
ਹਾਸ਼ਮ ਬੈਠ ਗਈਆਂ ਲੱਖ ਡਾਰਾਂ,
ਇਹ ਜਗਤ ਮੁਸਾਫ਼ਰਖਾਨਾ।

ਮੁਸਾਫ਼ਰਾਂ ਦੀ ਇਸ ਸਰਾਂ ਵਿਚ ਕੋਈ ਆ ਰਿਹੈ ਤੇ ਕੋਈ ਜਾ ਰਿਹੈ। ਸਰਾਂ ਵਸ ਰਹੀ ਹੈ। ਕਰਨੈਲ ਸਿੰਘ ਪਾਰਸ ਹੋਰਾਂ ਦਾ ਇਕ ਰਿਕਾਰਡ ਬੜਾ ਚੱਲਿਆ ਸੀ-ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ। ਉਹਦੀ ਇਕ ਹੋਰ ਕਵੀਸ਼ਰੀ ਬੜੀ ਮਸ਼ਹੂਰ ਹੈ-ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇਕ ਆਵੇ ਇਕ ਜਾਵੇ। ਬਰੈਂਪਟਨ ਵਿਚ ਬੈਠਿਆਂ ਇਕ ਸ਼ਾਮ ਉਸ ਨੇ ਮੈਨੂੰ ਦੱਸਿਆ ਸੀ ਕਿ ਇਕ ਵਾਰ ਉਨ੍ਹਾਂ ਦਾ ਜਥਾ ਬਠਿੰਡੇ ਦੇ ਰੇਲਵੇ ਸਟੇਸ਼ਨ 'ਤੇ ਗੱਡੀ ਉਡੀਕ ਰਿਹਾ ਸੀ। ਗੱਡੀ ਆਈ ਤਾਂ ਕੁਝ ਸਵਾਰੀਆਂ ਉਤਰੀਆਂ ਤੇ ਕੁਝ ਚੜ੍ਹੀਆਂ। ਪਾਰਸ ਨੇ ਵੇਖਿਆ ਗੱਡੀ ਚੜ੍ਹਦਿਆਂ ਇਕ ਜਾਨੀ ਦੀ ਡੱਬ 'ਚੋਂ ਬੋਤਲ ਡਿੱਗ ਪਈ ਤੇ ਮਕਾਣ ਚੱਲੀ ਮਾਈ ਦਾ ਘੱਗਰਾ ਡਿੱਗ ਪਿਆ। ਉਸ ਨੇ ਛੰਦ ਜੋੜਿਆ:

ਜੱਗ ਜੰਕਸ਼ਨ ਰੇਲਾਂ ਦਾ
ਗੱਡੀ ਇਕ ਆਵੇ ਇਕ ਜਾਵੇ...
ਘਰ ਨੂੰਹ ਨੇ ਸਾਂਭ ਲਿਆ,
ਤੁਰ ਗਈ ਧੀ ਝਾੜ ਕੇ ਪੱਲੇ।
ਪੋਤੇ ਨੇ ਜਨਮ ਲਿਆ,
ਬਾਬਾ ਸਿਵਿਆਂ ਦੇ ਵੱਲ ਚੱਲੇ।
ਕਿਧਰੇ ਜ਼ੋਰ ਮਕਾਣਾਂ ਦਾ,
ਕਿਧਰੇ ਵਿਆਹ ਮੰਗਣੇ ਮੁਕਲਾਵੇ।
ਜੱਗ ਜੰਕਸ਼ਨ ਰੇਲਾਂ ਦਾ,
ਗੱਡੀ ਇਕ ਆਵੇ ਇਕ ਜਾਵੇ...।

ਬਚਪਨ ਵਿਚ ਮੈਂ ਸਾਧੂ ਦਇਆ ਸਿੰਘ ਆਰਿਫ਼ ਦਾ ਕਿੱਸਾ ਜ਼ਿੰਦਗੀ ਬਿਲਾਸ ਬੜੇ ਸ਼ੌਕ ਨਾਲ ਪੜ੍ਹਿਆ ਕਰਦਾ ਸਾਂ। ਡੰਗਰ ਚਾਰਦੇ ਪਾਲੀ ਮੁੰਡੇ ਜਦੋਂ ਟਾਹਲੀਆਂ ਤੇ ਬੋਹੜਾਂ ਦੀ ਛਾਵੇਂ ਬਹਿੰਦੇ ਜਾਂ ਅਸੀਂ ਰਾਤਾਂ ਨੂੰ 'ਕੱਠੇ ਪੜ੍ਹ ਰਹੇ ਹੁੰਦੇ ਤਾਂ ਕਿੱਸਿਆਂ ਦੇ ਬੈਂਤ, ਬੋਲੀਆਂ, ਕਬਿੱਤ ਤੇ ਕੋਰੜੇ ਛੰਦ ਸੁਣਾਉਣ ਲੱਗਦੇ। ਯਾਦ ਆਉਂਦੇ ਨੇ ਕੁਝ ਬੋਲ:

ਮੋਰ ਪੈਲ ਪਾਵੇ ਸੱਪ ਜਾਵੇ ਖੱਡ ਨੂੰ,
ਬਗਲਾ ਭਗਤ ਚੱਕ ਲਿਆਵੇ ਡੱਡ ਨੂੰ।
ਕੱਸੀ ਉਤੇ ਬੈਠ ਕੇ ਕਬਿੱਤ ਜੋੜਦਾ,
ਰੱਬ ਦੀਆਂ ਲਿਖੀਆਂ ਨੂੰ ਕੌਣ ਮੋੜਦਾ?

ਪਤਾ ਨਹੀਂ ਉਹ ਪਾਲੀ ਮੁੰਡੇ ਕਿਧਰ ਚਲੇ ਗਏ? ਤੇ ਮੇਰੇ ਨਾਲ ਪੜ੍ਹਨ ਵਾਲੇ ਜਮਾਤੀ ਵੀ ਨਹੀਂ ਰਹੇ। ਉਹ ਸਮੇਂ ਦੀ ਧੂੜ ਵਿਚ ਗੁਆਚ ਗਏ ਨੇ। ਮੇਰੇ ਨਾਲ ਮਾਲ ਚਾਰਨ ਵਾਲੇ ਪਾਲੀਆਂ ਦੀਆਂ ਹਾਕਾਂ ਦਾ ਜ਼ਮਾਨਾ ਲੱਦ ਗਿਆ ਹੈ। ਚਾਰ ਚੁਫੇਰੇ ਸੈੱਲ ਫੋਨਾਂ ਦੀਆਂ ਘੰਟੀਆਂ ਵੱਜਣ ਲੱਗ ਪਈਆਂ ਨੇ। ਵਕਤ ਬਹੁਤ ਬਦਲ ਗਿਆ ਹੈ। ਇਹਨੇ ਬਦਲਦੇ ਹੀ ਜਾਣਾ ਹੈ। ਜ਼ਿੰਦਗੀ ਬਿਲਾਸ ਦੀਆਂ ਕੁਝ ਭੁੱਲੀਆਂ ਵਿਸਰੀਆਂ ਸਤਰਾਂ ਯਾਦ ਆ ਰਹੀਆਂ ਨੇ:

ਉੱਨੀ ਸਾਲ ਵਿਚ ਊਤ ਨਾ ਸੋਚਿਆ ਤੈਂ
ਸਦਾ ਨਹੀਂ ਜੇ ਹੁਸਨ ਦੀ ਝੜੀ ਰਹਿਣੀ।
ਖਾ ਲੈ ਖਰਚ ਲੈ ਪੁੰਨ ਤੇ ਦਾਨ ਕਰ ਲੈ
ਦੌਲਤ ਵਿਚ ਜ਼ਮੀਨ ਦੇ ਪੜੀ ਰਹਿਣੀ।
ਕੋਈ ਰੋਜ਼ ਤੂੰ ਸੜਕ 'ਤੇ ਸੈਰ ਕਰ ਲੈ
ਬੱਘੀ ਵਿਚ ਤਬੇਲੇ ਦੇ ਖੜ੍ਹੀ ਰਹਿਣੀ।
ਆਖ਼ਰ ਉਮਰ ਦੀ ਡੋਰ ਨੇ ਟੁੱਟ ਜਾਣਾ
ਗੁੱਡੀ ਸਦਾ ਨਾ ਜੱਗ 'ਤੇ ਚੜ੍ਹੀ ਰਹਿਣੀ।

ਇਹ ਸੱਚ ਹੈ ਕਿ ਆਖ਼ਰ ਉਮਰ ਦੀ ਡੋਰ ਨੇ ਟੁੱਟ ਜਾਣਾ ਹੈ। ਪਰ ਇਹ ਵੀ ਸੱਚ ਹੈ ਕਿ ਜਦ ਤਕ ਡੋਰ ਹੈ ਤਦ ਤਕ ਗੁੱਡੀ ਚੜ੍ਹੀ ਰਹਿਣੀ ਹੈ। ਹੁਸਨ ਫਿਰ ਵੀ ਹੁਸਨ ਹੈ, ਬੇਸ਼ਕ ਇਹਨੇ ਸਦਾ ਨਹੀਂ ਰਹਿਣਾ। ਦੌਲਤ ਵਰਤਣ ਵਾਲੀ ਵਸਤੂ ਹੈ, ਵਰਤੀ ਗਈ ਤਾਂ ਵਰਤੀ ਗਈ, ਨਹੀਂ ਜ਼ਮੀਨ ਵਿਚ ਤਾਂ ਪਈ ਹੀ ਰਹਿਣੀ ਹੈ। ਬੱਘੀਆਂ ਸੈਰ ਲਈ ਹਨ, ਨਹੀਂ ਤਬੇਲੇ ਵਿਚ ਤਾਂ ਖੜ੍ਹੀਆਂ ਹੀ ਹਨ। ਦਇਆ ਸਿੰਘ, ਸਾਧੂ ਹੋ ਕੇ ਵੀ ਕਹਿ ਰਿਹੈ-ਹੁਣ ਨੂੰ ਮਾਣ ਲੈ, ਇਹ ਮੁੜ ਕੇ ਨਹੀਂ ਮਿਲਣਾ। ਬੜਾ ਵੱਡਾ ਸਬਕ ਹੈ ਇਹ। ਜਿਹੜੇ ਹੁਣ ਨੂੰ ਨਹੀਂ ਮਾਣਦੇ ਤੇ ਹੁਣ ਦੀ ਥਾਂ ਕਦੇ ਭੂਤ ਕਾਲ ਵਿਚ ਤੇ ਕਦੇ ਭਵਿਖ ਵਿਚ ਗੁਆਚੇ ਰਹਿੰਦੇ ਹਨ ਉਨ੍ਹਾਂ ਲਈ ਸੋਚਣ ਦੀ ਘੜੀ ਹੈ। ਬਥੇਰੇ ਹਨ ਜਿਹੜੇ ਜੀਵਨ 'ਚ ਮਿਲ ਰਹੀਆਂ ਖੁਸ਼ੀਆਂ ਨੂੰ ਮਾਣਨ ਦੀ ਥਾਂ ਮੁਲਤਵੀ ਕਰਦੇ ਹੋਏ ਹੀ ਮਰ ਮੁੱਕ ਜਾਂਦੇ ਹਨ।

ਮਾਣਨ ਦਾ ਮਤਲਬ ਇਹ ਵੀ ਨਹੀਂ ਕਿ ਖਾਓ, ਪੀਓ ਤੇ ਐਸ਼ ਕਰੋ। ਸਤਰ ਧਿਆਨ ਮੰਗਦੀ ਹੈ-ਖਾ ਲੈ, ਖਰਚ ਲੈ, ਪੁੰਨ ਤੇ ਦਾਨ ਕਰ ਲੈ। ਹੋਰ ਵੀ ਸਪੱਸਟਤਾ ਨਾਲ ਕਿਹਾ ਜਾ ਸਕਦੈ, ਖਾਓ ਪੀਓ ਵੀ ਤੇ ਭਲੇ ਦੇ ਕੰਮ ਵੀ ਕਰੋ। ਘਾਲ ਖਾਏ ਕੁਛ ਹੱਥੋਂ ਦੇ ਦਾ ਉਪਦੇਸ਼ ਵੀ ਇਹੋ ਕਹਿੰਦੈ ਕਿ ਆਹਰੇ ਲੱਗੋ, ਹੁਣ ਨੂੰ ਮਾਣੋ ਤੇ ਵਾਧੂ ਨੂੰ ਲੋੜਵੰਦਾਂ ਵਿਚ ਵੰਡ ਲਓ। ਕਿਰਤ ਕਰੋ ਤੇ ਵੰਡ ਛਕੋ। ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਮੁਕਤੀ ਪ੍ਰਾਪਤ ਕਰੋ।

ਮਨੁੱਖ ਦੀ ਦੇਹ ਜ਼ਰੂਰ ਨਾਸ਼ਵਾਨ ਹੈ ਪਰ ਮਨੁੱਖ ਦਾ ਜੀਵਨ ਨਾਸ਼ਵਾਨ ਨਹੀਂ। ਮਨੁੱਖ ਦਾ ਜੀਵਨ ਵਿਚ ਵਿਸ਼ਵਾਸ ਬੱਝਿਆ ਰਹਿਣਾ ਚਾਹੀਦੈ। ਅਸਲ ਜੀਵਨ ਉਹੀ ਹੈ ਜਿਸ ਵਿਚ ਆਸ ਤੇ ਉਮੀਦ, ਉਤਸ਼ਾਹ ਤੇ ਉਮਾਹ ਕਾਇਮ ਰਹਿਣ ਅਤੇ ਚਾਵਾਂ ਤੇ ਖੇੜਿਆਂ ਨੂੰ ਸੋਕਾ ਨਾ ਆਵੇ। ਬੰਦਾ ਆਹਰੇ ਲੱਗਾ ਰਹੇ। ਸੰਘਰਸ਼ ਕਰਦਾ ਰਵ੍ਹੇ। ਉਹਦੇ ਰੁਝੇਵੇਂ ਨਾ ਮੁੱਕਣ। ਜੀਵਨ 'ਚ ਭਰੋਸੇ ਨੂੰ ਪੱਕਿਆਂ ਕਰਨਾ, ਜੀਵਨ ਨੂੰ ਹੋਰ ਜਿਊਣਜੋਗ ਬਣਾਉਣਾ ਤੇ ਹਰ ਮੁਸ਼ਕਲ ਵਿਚ ਜਿਊਣ ਦਾ ਜੇਰਾ ਤੇ ਵੱਲ ਸਿਖਾਉਣਾ ਲੇਖਕਾਂ ਦੀ ਲਿਖਤ ਦਾ ਮੁੱਖ ਮਨੋਰਥ ਹੋਣਾ ਚਾਹੀਦੈ। ਦੁਖ-ਦਰਦ, ਬਿਰਹਾ-ਵਿਛੋੜੇ, ਮੁਸ਼ਕਲਾਂ-ਦੁਸ਼ਵਾਰੀਆਂ ਤੇ ਗ਼ਮੀਆਂ-ਉਦਾਸੀਆਂ ਭਲਾ ਕੀਹਦੇ ਜੀਵਨ ਵਿਚ ਨਹੀਂ ਆਉਂਦੀਆਂ? ਕਈ ਇਨ੍ਹਾਂ ਅੱਗੇ ਢੇਰੀਆਂ ਢਾਹ ਬਹਿੰਦੇ ਨੇ ਤੇ ਕਈ ਦਿਲ ਗੁਰਦੇ ਨਾਲ ਸਾਹਮਣਾ ਕਰਦੇ ਨੇ ਤੇ ਇਨ੍ਹਾਂ ਤੋਂ ਪਾਰ ਵੀ ਹੋ ਜਾਂਦੇ ਨੇ। ਨਾ ਦੁਖ ਸਦੀਵੀ ਹੁੰਦੇ ਨੇ ਤੇ ਨਾ ਸੁਖ ਸਦੀਵੀ ਰਹਿੰਦੇ ਨੇ। ਦੁਖ ਸੁਖ ਨੂੰ ਸਮ ਕਰ ਜਾਣਨ ਵਾਲੇ ਹੀ ਵਧੇਰੇ ਸੌਖੇ ਰਹਿੰਦੇ ਨੇ। ਹਮੇਸ਼ਾ ਰੋਣੇ ਰੋਈ ਜਾਂਦਿਆਂ ਦੀਆਂ ਉਮਰਾਂ ਸੌਖੀਆਂ ਨਹੀਂ ਲੰਘਦੀਆਂ। ਜਿਹੜੇ ਮੁਸ਼ਕਲਾਂ ਵਿਚ ਵੀ ਹੱਸ ਖੇਡ ਸਕਦੇ ਨੇ, ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਮਰਾਂ ਕਦੋਂ ਬੀਤ ਜਾਂਦੀਆਂ ਨੇ! ਉਨ੍ਹਾਂ ਨੂੰ ਤਾਂ ਬੁਢਾਪੇ ਦੀ ਚਿੰਤਾ ਵੀ ਨਹੀਂ ਸਤਾਉਂਦੀ।

ਜੇ ਮੈਂ ਆਪਣੇ ਵੱਲ ਵੇਖਾਂ ਤਾਂ ਉਮਰ ਭੱਜੀ ਜਾ ਰਹੀ ਹੈ ਪਰ ਕੰਮ ਵੀ ਅਜੇ ਬਹੁਤ ਪਏ ਨੇ। ਕਿਸੇ ਨੇ ਐਵੇਂ ਨਹੀਂ ਕਿਹਾ-ਸਾਹ ਲੈ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ। ਕਵੀਸ਼ਰ ਕਰਨੈਲ ਸਿੰਘ ਪਾਰਸ ਇਕ ਦਿਨ ਕਹਿਣ ਲੱਗਾ, "ਜਦੋਂ ਮੌਤ ਆਏਗੀ ਤਾਂ ਮੈਂ ਉਹਦਾ ਮੁਸਕਰਾ ਕੇ ਸਵਾਗਤ ਕਰਾਂਗਾ। ਨਾਲ ਹੀ ਕਹਾਂਗਾ, ਮੈਨੂੰ ਰੇਡੀਓ ਤੋਂ ਆਉਂਦੀਆਂ ਖ਼ਬਰਾਂ ਸੁਣ ਲੈਣ ਦੇ, ਹੱਥ ਵਿਚਲਾ ਅਖ਼ਬਾਰ ਪੜ੍ਹ ਲੈਣ ਦੇ ਤੇ ਛੋਹੀ ਹੋਈ ਕਿਤਾਬ ਪੂਰੀ ਕਰ ਲੈਣ ਦੇ। ਫਿਰ ਲੈ ਜਾਈਂ ਜਿਥੇ ਲਿਜਾਣੈ, ਮੈਨੂੰ ਕੋਈ ਉਜਰ ਨਹੀਂ ਹੋਵੇਗਾ।"

ਮੈਨੂੰ ਕਿਸੇ ਨੇ ਸੁਆਲ ਪੁੱਛਿਆ ਸੀ, "ਬੁਢਾਪੇ ਬਾਰੇ ਕੀ ਸੋਚਦੇ ਓ?" ਮੇਰਾ ਜੁਆਬ ਸੀ, "ਬੁਢਾਪਾ ਮੌਤ ਵਲ ਵਧਦੀ ਅਵਸਥਾ ਦਾ ਨਾਂ ਹੈ। ਕਿਹਾ ਜਾਂਦੈ ਕਿ ਬੰਦਾ ਓਦੋਂ ਤਕ ਬੁੱਢਾ ਨਹੀਂ ਹੁੰਦਾ ਜਦੋਂ ਤਕ ਉਹ ਆਪਣੇ ਆਪ ਨੂੰ ਬੁੱਢਾ ਨਾ ਮੰਨਣ ਲੱਗ ਪਏ। ਮੈਂ ਆਪਣੇ ਆਪ ਨੂੰ ਅਜੇ ਬੁੱਢਾ ਨਹੀਂ ਮੰਨ ਰਿਹਾ ਤੇ ਆਹਰੇ ਲੱਗਾ ਹੋਇਆਂ। ਰਿਟਾਇਰ ਹੋਣ ਪਿੱਛੋਂ ਹਰ ਸਾਲ ਨਵੀਂ ਕਿਤਾਬ ਛਪਵਾ ਲੈਨਾਂ। ਖੇਡ ਮੇਲੇ ਵੇਖ ਰਿਹਾਂ ਤੇ ਨਿੱਕੇ ਮੋਟੇ ਕੰਮ ਕਰਦਾ ਅਖ਼ਬਾਰਾਂ ਰਸਾਲਿਆਂ ਨੂੰ ਆਰਟੀਕਲ ਭੇਜ ਰਿਹਾਂ। ਹੁਣ ਤਾਂ 'ਖੇਡ ਸੰਸਾਰ' ਨਾਂ ਦਾ ਸਚਿੱਤਰ ਮੈਗਜ਼ੀਨ ਵੀ ਸ਼ੁਰੂ ਕਰ ਲਿਐ ਜਿਸ ਦੇ ਪੰਜ ਅੰਕ ਨਿਕਲ ਚੁੱਕੇ ਨੇ। ਉਂਜ ਬੁਢਾਪੇ ਬਾਰੇ ਸੋਚਦਿਆਂ ਮੌਤ ਦਾ ਖਿਆਲ ਵੀ ਆ ਜਾਂਦੈ। ਮੈਂ ਏਨਾ ਬਹਾਦਰ ਨਹੀਂ ਕਿ ਮੌਤ ਤੋਂ ਨਾ ਡਰਾਂ। ਵੈਸੇ ਵੀ ਦੁਨੀਆਂ ਬੜੀ ਸੋਹਣੀ ਐਂ। ਸੱਚੀ ਗੱਲ ਤਾਂ ਇਹ ਐ ਕਿ ਦਿਲ ਨੀ ਜਾਣ ਨੂੰ ਕਰਦਾ ਰੰਗਲੀ ਦੁਨੀਆਂ ਤੋਂ। ਪਰ ਏਥੇ ਕੋਈ ਸਦਾ ਲਈ ਨਹੀਂ ਰਹਿ ਸਕਿਆ। ਇਹ ਕਾਇਆ ਇਕ ਦਿਨ ਫ਼ਨਾਂਹ ਹੋ ਜਾਣੀ ਐ। ਤਾਂ ਹੀ ਤਾਂ ਕਹੀਦੈ, ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ, ਤੈਂ ਉੱਡ ਜਾਣਾ ਓਏ ਬੱਦਲਾ ਧੂੰਦ ਦਿਆ...।"




***(ਪ੍ਰਿੰ. ਸਰਵਣ ਸਿੰਘ ਦੀ ਜੀਵਨ ਗਾਥਾ 'ਹਸੰਦਿਆਂ ਖੇਲੰਦਿਆਂ' ਪੁਸਤਕ ਰੂਪ ਵਿਚ ਛਪ ਗਈ ਹੈ ਜਿਸ ਦੇ ਤਸਵੀਰਾਂ ਸਮੇਤ 308 ਪੰਨੇ ਹਨ। ਪੁਸਤਕ ਦੀ ਪ੍ਰਾਪਤੀ ਲਈ ਲੇਖਕ ਦੇ ਫੋਨ 905-799-1661 ਜਾਂ ਪ੍ਰਕਾਸ਼ਕ ਦੇ ਫੋਨ 01191-161-2413613, 2404928 'ਤੇ ਸੰਪਰਕ ਕੀਤਾ ਜਾ ਸਕਦਾ ਹੈ।)***

ਜਦੋਂ ਮੈਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਹੁੰਦਾ ਹਾਂ ਤਾਂ ਸਵੇਰੇ ਉੱਠ ਕੇ ਅਖ਼ਬਾਰ ਲੈਣ ਚਲਾ ਜਾਂਦਾ ਹਾਂ। ਸਾਡੇ ਘਰ ਦੇ ਨੇੜੇ ਹੀ ਇਕ ਨਿੱਕੀ ਝੀਲ ਹੈ ਤੇ ਇਕ ਵੱਡੀ ਝੀਲ। ਨਿੱਕੀ ਝੀਲ ਦਾ ਚੱਕਰ ਛੇ ਸੌ ਮੀਟਰ ਦਾ ਹੈ ਤੇ ਪ੍ਰੋਫੈਸਰ ਲੇਕ ਨਾਂ ਦੀ ਵੱਡੀ ਝੀਲ ਦਾ ਗੇੜਾ ਤਿੰਨ ਕਿਲੋਮੀਟਰ ਤੋਂ ਉਤੇ ਹੈ। ਮੈਂ ਤਿੰਨ ਚਾਰ ਕਿਲੋਮੀਟਰ ਤੁਰ ਲੈਂਦਾ ਹਾਂ। ਪਾਣੀ ਵਿਚ ਬੱਤਖਾਂ ਤੈਰ ਰਹੀਆਂ ਹੁੰਦੀਆਂ ਹਨ ਤੇ ਉਪਰ ਕੂੰਜਾਂ ਉਡ ਰਹੀਆਂ ਹੁੰਦੀਆਂ ਹਨ। ਹਰੇ ਘਾਹ ਤੇ ਲਾਂਭ ਚਾਂਭ ਦੀ ਬਨਸਪਤੀ ਵਿਚ ਪੰਛੀ ਚਹਿਕ ਰਹੇ ਹੁੰਦੇ ਹਨ। ਸਵੇਰ ਦਾ ਸੋਨਰੰਗਾ ਸੂਰਜ ਉਗਮ ਰਿਹਾ ਹੁੰਦੈ ਤੇ ਉਹਦੀਆਂ ਸੁਨਹਿਰੀ ਕਿਰਨਾਂ ਝੀਲ ਦੀਆਂ ਛੱਲਾਂ 'ਚ ਤੈਰਨ ਲੱਗਦੀਆਂ ਹਨ। ਮੇਰੀ ਕਲਪਨਾ ਨੂੰ ਖੰਭ ਲੱਗ ਜਾਂਦੇ ਹਨ। ਮੈਂ ਨਵਾਂ ਕੁਝ ਲਿਖਣ ਬਾਰੇ ਚਿਤਵਣ ਲੱਗ ਪੈਂਦਾ ਹਾਂ। ਮੇਰੀ ਘੰਟੇ ਕੁ ਦੀ ਸੈਰ ਵੀ ਹੋ ਜਾਂਦੀ ਹੈ ਤੇ ਟੋਰਾਂਟੋ ਦੇ ਦੋ ਰੋਜ਼ਾਨਾ ਪੰਜਾਬੀ ਅਖ਼ਬਾਰ ਵੀ ਪੜ੍ਹੇ ਜਾਂਦੇ ਹਨ। ਮਾੜੀ ਮੋਟੀ ਕਸਰਤ ਵੀ ਕਰ ਲਈਦੀ ਹੈ।

ਦਿਨੇ ਮੈਂ ਵਧੇਰੇ ਕਰ ਕੇ ਕੰਪਿਊਟਰ ਨਾਲ ਜੁੜਿਆ ਰਹਿੰਦਾ ਹਾਂ ਤੇ ਲਾਇਬ੍ਰੇਰੀ ਵਲ ਜਾ ਆਈਦਾ ਹੈ। ਸ਼ਾਮ ਨੂੰ ਪੰਜਾਬੀ ਬਾਬਿਆਂ ਦੀ ਸੱਥ ਜੁੜਦੀ ਹੈ। ਪੜ੍ਹਨ ਲਿਖਣ ਤੇ ਖੇਡ ਮੇਲਿਆਂ ਤੋਂ ਵਿਹਲਾ ਹੋਵਾਂ ਤਾਂ ਮੈਂ ਸੱਥ ਦੀ ਹਾਜ਼ਰੀ ਜ਼ਰੂਰ ਭਰਦਾਂ। ਉਥੇ ਭਾਂਤ ਸੁਭਾਂਤੀਆਂ ਗੱਲਾਂ ਹੁੰਦੀਆਂ ਹਨ ਜਿਨ੍ਹਾਂ 'ਚੋਂ ਮੈਨੂੰ ਲਿਖਣ ਦਾ ਮਸਾਲਾ ਵੀ ਮਿਲਦਾ ਰਹਿੰਦੈ। ਵਿਦੇਸ਼ਾਂ 'ਚ ਗਿਆ ਹਰ ਬੰਦਾ ਆਪਣੇ ਆਪ 'ਚ ਇਕ ਕਹਾਣੀ ਹੈ ਤੇ ਕਈ ਪਰਿਵਾਰ ਤਾਂ ਪੂਰੇ ਦੇ ਪੂਰੇ ਨਾਵਲ ਹਨ। ਵਿਦੇਸ਼ਾਂ ਵਿਚ ਪਹੁੰਚਣ, ਰਹਿਣ ਤੇ ਜੜ੍ਹਾਂ ਲਾਉਣ ਲਈ ਉਨ੍ਹਾਂ ਨੇ ਜੋ ਜੋ ਪਾਪੜ ਵੇਲੇ ਤੇ ਸੰਘਰਸ਼ ਕੀਤਾ ਉਹ ਕਿਸੇ ਲੰਮੀ ਕਹਾਣੀ ਜਾਂ ਨਾਵਲ ਦਾ ਵਿਸ਼ਾ ਹੋ ਸਕਦੇ ਹਨ। ਬਾਬਿਆਂ ਦੀ ਪਰ੍ਹੇ 'ਚ ਬੈਠਾ ਮੈਂ ਮਹਿਸੂਸ ਕਰਦਾਂ ਜਿਵੇਂ ਪਿੰਡ ਦੀ ਸੱਥ 'ਚ ਬੈਠਾ ਹੋਵਾਂ।

ਅਸੀਂ ਆਮ ਕਰ ਕੇ ਅਪਰੈਲ ਦੇ ਮਹੀਨੇ ਕੈਨੇਡਾ ਜਾਂਦੇ ਹਾਂ ਤੇ ਨਵੰਬਰ-ਦਸੰਬਰ ਵਿਚ ਪੰਜਾਬ ਪਰਤ ਆਉਂਦੇ ਹਾਂ। ਜਦੋਂ ਮੈਂ ਚਕਰ ਹੋਵਾਂ ਤਾਂ ਮੇਰੀ ਸਵੇਰ ਦੀ ਸੈਰ ਕਦੇ ਮੱਲ੍ਹੇ ਤੇ ਕਦੇ ਲੋਪੋਂ ਦੀ ਸੜਕ ਉਤੇ ਹੁੰਦੀ ਹੈ। ਕਦੇ ਖੇਤਾਂ ਦੀਆਂ ਪਹੀਆਂ 'ਤੇ ਵੀ ਤੁਰ ਪੈਨਾਂ ਤੇ ਤ੍ਰੇਲ ਧੋਤੀਆਂ ਕਣਕਾਂ ਦੇ ਹਰੇ ਪੱਤਿਆਂ ਨਾਲ ਲਟਕਦੇ ਤ੍ਰੇਲ ਤੁਪਕੇ ਵੇਖਦਾਂ। ਉਨ੍ਹਾਂ ਤੁਪਕਿਆਂ ਵਿਚ ਚੜ੍ਹਦੇ ਸੂਰਜ ਦੀਆਂ ਕਿਰਨਾਂ ਨੇ ਅਨੇਕਾਂ ਰੰਗ ਭਰੇ ਹੁੰਦੇ ਨੇ। ਰੰਗਾਂ ਨੂੰ ਨਿਹਾਰਦਿਆਂ ਕੁਦਰਤ ਦੇ ਬਲਿਹਾਰੇ ਜਾਈਦੈ। ਥੋੜ੍ਹੀ ਥੋੜ੍ਹੀ ਵਿੱਥ ਉਤੇ ਬੰਬੀਆਂ ਦੀਆਂ ਧਾਰਾਂ ਚੱਲ ਰਹੀਆਂ ਹੁੰਦੀਐਂ, ਜਿਹੜੀਆਂ ਜੀਵਨ ਦਾ ਰਾਗ ਅਲਾਪਦੀਆਂ ਜਾਪਦੀਐਂ। ਕਦੇ ਇਨ੍ਹਾਂ ਹੀ ਖੇਤਾਂ ਵਿਚ ਮੈਂ ਡੰਗਰ ਚਾਰਦਾ ਰਿਹਾ ਸਾਂ, ਪੱਠੇ ਵੱਢਦਾ ਰਿਹਾ ਸਾਂ ਤੇ ਫਿਰ ਕਾਮਿਆਂ ਦੀ ਰੋਟੀ ਲੈ ਕੇ ਜਾਂਦਾ ਰਿਹਾ ਸਾਂ। ਇਨ੍ਹਾਂ ਖੇਤਾਂ ਵਿਚ ਹੀ ਮੇਰੇ ਬਾਪੂ ਤੇ ਬਾਬੇ ਹੋਰੀਂ ਜੋਤਰੇ ਲਾਉਂਦੇ ਪੂਰੇ ਹੋ ਗਏ ਤੇ ਮੈਂ ਵੀ ਵਕਤ ਆਏ ਤੋਂ ਤੁਰ ਜਾਣਾ ਹੈ।

ਮੈਂ ਆਪਣੀ ਪੁਸਤਕ 'ਫੇਰੀ ਵਤਨਾਂ ਦੀ' ਵਿਚ ਲਿਖਿਆ ਕਿ ਜਦੋਂ ਮੈਂ ਕੈਨੇਡਾ ਤੋਂ ਆਪਣੇ ਪਿੰਡ ਜਾ ਕੇ ਰਾਤ ਕੱਟਦਾ ਤਾਂ ਗੁਰਦਵਾਰੇ ਦਾ ਲਾਊਡ ਸਪੀਕਰ ਮੈਨੂੰ ਤੜਕੇ ਤਿੰਨ ਵਜੇ ਜਗਾ ਦਿੰਦਾ ਤੇ ਫਿਰ ਸੌਣ ਨਾ ਦਿੰਦਾ। ਲਾਊਡ ਸਪੀਕਰ ਦਾ ਭਜਾਇਆ ਮੈਂ ਕਈ ਕਈ ਦਿਨ ਪਿੰਡ ਨਹੀਂ ਸਾਂ ਵੜਦਾ। ਪਰ 2006 ਵਿਚ ਉੱਚੇ ਬੋਲ ਬੁਲਾਰੇ ਤੋਂ ਮੌਜ ਰਹੀ। ਇਹ ਸੁਧਾਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਲਿਆਂਦਾ ਸੀ। ਲਾਊਡ ਸਪੀਕਰ ਤੜਕੇ ਚਾਰ ਵਜੇ ਭਜਨ ਬੰਦਗੀ ਦਾ ਸੱਦਾ ਦੇਣ ਪਿਛੋਂ ਚੁੱਪ ਹੋ ਜਾਂਦਾ ਸੀ। ਮੈਂ ਜਾਗ ਕੇ ਪੜ੍ਹਨ ਲੱਗ ਪੈਂਦਾ ਸਾਂ। ਜੇ ਬਿਜਲੀ ਦਾ ਕੱਟ ਲੱਗਾ ਹੁੰਦਾ ਤਾਂ ਰਜਾਈ ਦੇ ਨਿੱਘ 'ਚ ਸੁਫ਼ਨੇ ਲਈ ਜਾਂਦਾ। ਕਿਸੇ ਦਿਨ ਮੈਂ ਪਹਿਲੀ ਬੱਸ ਮੁਕੰਦਪੁਰ ਨੂੰ ਜਾਣ ਲਈ ਤਿਆਰ ਹੋ ਬਹਿੰਦਾ। ਵਿਹੜੇ 'ਚ ਨਿਕਲਦਾ ਤਾਂ ਬਾਹਰ ਚਿੜੀਆਂ ਚੂਕਦੀਆਂ ਸੁਣਦਾ। ਪਹੁਫੁਟਾਲੇ ਦੀ ਲੋਅ ਵਿਚ ਬੱਸ ਅੱਡੇ ਵਲ ਜਾਂਦਿਆਂ ਵਾਰਸ ਦੀਆਂ ਤੁਕਾਂ ਯਾਦ ਆ ਜਾਂਦੀਆਂ:

ਚਿੜੀ ਚੂਕਦੀ ਨਾਲ ਉੱਠ ਤੁਰੇ ਪਾਂਧੀ,
ਪਈਆਂ ਦੁੱਧਾਂ ਦੇ ਵਿਚ ਮਧਾਣੀਆਂ ਨੀ।
ਹੋਈ ਸੁਬਹਾ ਸਾਦਿਕ ਜਦੋਂ ਆਣ ਰੌਸ਼ਨ,
ਤਦੋਂ ਲਾਲੀਆਂ ਆਣ ਚਿਚਲਾਣੀਆਂ ਨੀ।
ਲਈਆਂ ਕੱਢ ਹਰਨਾਲੀਆਂ ਹਾਲੀਆਂ ਨੇ,
ਸੈਆਂ ਭੂਈਂ ਨੂੰ ਜਿਨ੍ਹਾਂ ਨੇ ਲਾਣੀਆਂ ਨੀ।
ਘਰਬਾਰਨਾਂ ਚੁੱਕੀਆਂ ਝੋਤੀਆਂ ਨੀ,
ਜਿਨ੍ਹਾਂ ਤਉਣਾ ਗੁੰਨ੍ਹ ਪਕਾਣੀਆਂ ਨੀ।
ਕਾਰੋਬਾਰ ਵਿਚ ਹੋਇਆ ਜਹਾਨ ਸਾਰਾ,
ਚਰਖੇ ਕੱਤਦੀਆਂ ਉੱਠ ਸਵਾਣੀਆਂ ਨੀ...।

ਕਿਆ ਨਜ਼ਾਰਾ ਬੰਨ੍ਹਿਆ ਏ ਵਾਰਸ ਸ਼ਾਹ ਨੇ! ਪਰ ਪੰਜਾਬ ਦਾ ਮਾਹੌਲ ਹੁਣ ਬਹੁਤ ਬਦਲ ਗਿਆ ਹੈ। ਹੁਣ ਹਾਲੀਆਂ ਦੀਆਂ ਜੋਗਾਂ ਬੀਹੀਆਂ ਵਿਚ ਨਹੀਂ ਨਿਕਲਦੀਆਂ ਤੇ ਨਾ ਸਵਾਣੀਆਂ ਈ ਚਰਖੇ ਕੱਤਦੀਆਂ ਨੇ। ਜਦ ਮੈਂ ਬਾਹਰ ਨਿਕਲਦਾ ਤਾਂ ਸਿਆਲ ਦਾ ਸਵੇਰਾ ਹਾਲੇ ਉਂਘਲਾਅ ਰਿਹਾ ਹੁੰਦਾ। ਕਿਤੇ ਕਿਤੇ ਬਿਜਲੀ ਦੀਆਂ ਬੱਤੀਆਂ ਦਾ ਨਿਮ੍ਹਾ ਨਿਮ੍ਹਾ ਚਾਨਣ ਦਿਸਦਾ। ਬੱਸ ਅੱਡੇ ਵਿਚ ਪੰਜ ਸੱਤ ਸਵਾਰੀਆਂ ਲੋਈਆਂ ਤੇ ਕੰਬਲਾਂ ਦੀਆਂ ਬੁਕਲਾਂ ਮਾਰੀ ਖੜ੍ਹੀਆਂ ਹੁੰਦੀਆਂ। ਬੀਹੀਆਂ ਵਿਚ ਕੁੱਤੇ ਭੌਂਕਦੇ ਸੁਣਦੇ। ਮੈਂ ਮਨ ਵਿਚ ਆਪਣੇ ਪਿੰਡ ਦੇ ਸਵੇਰੇ ਦੀ ਬਰੈਂਪਟਨ ਦੇ ਸਵੇਰੇ ਨਾਲ ਤੁਲਨਾ ਕਰਦਾ ਜਿਥੇ ਕੋਈ ਕੁੱਤਾ ਤਾਂ ਨਾ ਭੌਂਕਦਾ ਪਰ ਸੜਕਾਂ ਦੀਆਂ ਸਾਰੀਆਂ ਲੇਨਾਂ ਕੰਮਾਂ ਕਾਰਾਂ 'ਤੇ ਚੱਲੇ ਕਾਮਿਆਂ ਦੀਆਂ ਕਾਰਾਂ ਨਾਲ ਭਰੀਆਂ ਜਾਂਦੀਆਂ। ਤੇਜ਼ ਦੌੜਦੀਆਂ ਕਾਰਾਂ ਦਾ ਸ਼ੁਕਾਟ ਪਿਆ ਹੁੰਦਾ। ਦੁਨੀਆਂ ਭੱਜੀ ਜਾਂਦੀ ਦਿਸਦੀ ਜਿਵੇਂ ਕਿਤੇ ਅੱਗ ਲੱਗੀ ਹੋਵੇ! ਏਨੇ ਨੂੰ ਨਿਹਾਲ ਸਿੰਘ ਵਾਲੇ ਤੋਂ ਚੰਡੀਗੜ੍ਹ ਨੂੰ ਚੱਲੀ ਬੱਸ ਦਾ ਹਾਰਨ ਵੱਜਦਾ ਤੇ ਪਤਾ ਲੱਗ ਜਾਂਦਾ ਕਿ ਬੱਸ, ਅੱਡੇ ਉਤੇ ਪਹੁੰਚ ਰਹੀ ਹੈ। ਧੁੰਦ ਵਿਚ ਜਗਦੀਆਂ ਉਹਦੀਆਂ ਪੀਲੀਆਂ ਬੱਤੀਆਂ ਮਧਮ ਜਿਹੀਆਂ ਨਜ਼ਰੀ ਪੈਂਦੀਆਂ।

ਠਰਿਆ ਹੋਇਆ ਮੈਂ ਬੱਸ 'ਚ ਬਹਿੰਦਾ ਤਾਂ ਨਿੱਘ ਆ ਜਾਂਦਾ। ਸਵੇਰਸਾਰ ਗੁਰਬਾਣੀ ਦੀ ਕੈਸਿਟ ਚੱਲ ਰਹੀ ਹੁੰਦੀ-ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ...। ਮੱਲ੍ਹਾ ਤੇ ਡੱਲਾ ਲੰਘਦਿਆਂ ਮੈਨੂੰ ਮੱਲ੍ਹੇ ਦਾ ਸਕੂਲ ਤੇ ਡੱਲੇ ਦੀ ਦੈੜ ਯਾਦ ਆਉਂਦੀ ਤੇ ਮੈਂ ਬਚਪਨ ਦੀਆਂ ਯਾਦਾਂ 'ਚ ਖੋ ਜਾਂਦਾ। ਨਹਿਰ ਦਾ ਪੁਲ ਤੇ ਕੌਂਕੇ ਲੰਘ ਕੇ ਬੱਸ ਜਰਨੈਲੀ ਸੜਕ 'ਤੇ ਚੜ੍ਹਦੀ ਤਾਂ ਵਾਰਾਂ ਦਾ ਗਾਇਨ ਸ਼ੁਰੂ ਹੋ ਜਾਂਦਾ-ਕਦੋਂ ਚੜ੍ਹੇਂਗਾ ਪੰਜਾਬ ਦਿਆ ਸੂਰਜਾ, ਦੁਨੀਆਂ 'ਤੇ ਫੇਰ ਮੁੜ ਕੇ...। ਜੋਸ਼ੀਲੀਆਂ ਵਾਰਾਂ ਸੁਣਦਿਆਂ ਮਨ ਉਮਾਹ ਤੇ ਉਤਸ਼ਾਹ ਨਾਲ ਭਰ ਜਾਂਦਾ ਤੇ ਸਾਰੰਗੀ ਦੀਆਂ ਧੁਨਾਂ ਲੂੰਅ ਕੰਡਿਆਈ ਜਾਂਦੀਆਂ। ਅੰਦਰੋਂ ਆਵਾਜ਼ ਆਉਂਦੀ-ਨਹੀਂ ਰੀਸਾਂ ਦੇਸ ਪੰਜਾਬ ਦੀਆਂ!

ਪੰਜਾਬ ਦੀ ਫੇਰੀ ਸਮੇਂ ਮੈਂ ਆਮ ਕਰ ਕੇ ਮੁਕੰਦਪੁਰ ਰਹਿੰਦਾ ਹਾਂ। ਉਥੇ ਸਾਡੇ ਪੁੱਤਰ ਨੇ ਆਪਣਾ ਘਰ ਉਸਾਰ ਲਿਆ ਹੈ ਕਿਉਂਕਿ ਉਨ੍ਹਾਂ ਨੇ ਲੰਮਾ ਸਮਾਂ ਉਥੇ ਹੀ ਨੌਕਰੀ ਕਰਨੀ ਹੈ। ਮੁਕੰਦਪੁਰ ਮੇਰਾ ਜੀਅ ਵੀ ਵੱਧ ਲੱਗਦੈ। ਉਥੇ ਲਾਇਬ੍ਰੇਰੀ ਹੈ, ਜਿਮਨੇਜ਼ੀਅਮ ਹੈ, ਖੇਡ ਮੈਦਾਨ ਹਨ ਤੇ ਪੜ੍ਹੇ-ਲਿਖੇ ਬੰਦਿਆਂ ਦੀ ਸੰਗਤ ਹੈ। ਸਰਪੰਚ ਸਾਧੂ ਸਿੰਘ, ਗੁਰਚਰਨ ਸਿੰਘ ਸ਼ੇਰਗਿੱਲ, ਡਾ. ਅਮਰਜੀਤ ਸਿੰਘ ਤੇ ਮਹਿੰਦਰ ਸਿੰਘ ਸ਼ੌਕਰ ਹੋਰਾਂ ਦਾ ਗੁਆਂਢ ਮੱਥਾ ਹੈ। ਆਏ ਗਿਆਂ ਨਾਲ ਮੇਲ ਮਿਲਾਪ ਹੁੰਦਾ ਰਹਿੰਦੈ। ਪ੍ਰੋਫੈਸਰਾਂ ਨਾਲ ਬਚਨ ਬਿਲਾਸ ਕਰਨ ਦਾ ਮੌਕਾ ਮਿਲ ਜਾਂਦੈ। ਉਥੇ ਮਹਿਫ਼ਲਾਂ ਲੱਗਦੀਆਂ ਤੇ ਗੋਸ਼ਟੀਆਂ ਹੁੰਦੀਆਂ ਹਨ। ਕਾਲਜ ਵਿਚ ਸਮਾਗਮ ਹੁੰਦੇ ਰਹਿੰਦੇ ਹਨ। ਕਬੱਡੀ ਦਾ ਕੁਮੈਂਟੇਟਰ ਮੱਖਣ ਸਿੰਘ ਮੈਨੂੰ ਖੇਡ ਮੇਲਿਆਂ 'ਚ ਲਈ ਫਿਰਦੈ। ਉਹ ਮੈਨੂੰ ਉਸਤਾਦਾਂ ਵਰਗਾ ਆਦਰ ਮਾਣ ਦਿੰਦੈ।

ਉਥੇ ਸੈਰ ਕਰਨ ਲਈ ਖੁੱਲ੍ਹੀਆਂ ਸੜਕਾਂ ਹਨ ਤੇ ਖਰੀਦਾਰੀ ਲਈ ਖੁੱਲ੍ਹਾ ਬਾਜ਼ਾਰ ਹੈ। ਮੁਕੰਦਪੁਰ ਵਿਚ ਹੁਣ ਸ਼ਹਿਰਾਂ ਵਰਗੀਆਂ ਹੀ ਸਹੂਲਤਾਂ ਹਨ। ਮੈਂ ਸੜਕ ਪੈ ਕੇ ਸਾਧੂ ਸਿੰਘ ਪਬਲਿਕ ਸਕੂਲ ਕੋਲੋਂ ਨਹਿਰ ਚੜ੍ਹ ਜਾਨਾਂ ਤੇ ਵਗਦੇ ਪਾਣੀ ਦੇ ਨਾਲ ਤੁਰ ਪੈਨਾਂ। ਨਹਿਰ ਦੇ ਇਕ ਪਾਸੇ ਮਲ੍ਹਿਆਂ ਨੂੰ ਬੇਰ ਲੱਗੇ ਹੁੰਦੇ ਨੇ ਜੋ ਮੈਂ ਤੋੜ ਤੋੜ ਖਾਂਦਾ ਜਾਨਾਂ ਤੇ ਬਚਪਨ ਚੇਤੇ ਕਰਦਾ ਜਾਨਾਂ। ਕਦੇ ਕਦੇ ਮੇਰੀ ਸੈਰ ਹਕੀਮਪੁਰ ਤੇ ਜਗਤਪੁਰ ਦੇ ਵਿਚਕਾਰ ਬਣੇ ਸਟੇਡੀਅਮ ਤਕ ਹੋ ਜਾਂਦੀ ਹੈ ਜਿਥੇ ਆਏ ਸਾਲ ਪੁਰੇਵਾਲ ਖੇਡ ਮੇਲਾ ਭਰਦੈ। ਪੁਰੇਵਾਲਾਂ ਭਰਾਵਾਂ ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਹੋਰਾਂ ਵਲ ਮੇਰੀ ਵਾਹਵਾ ਜਾਣੀ ਆਉਣੀ ਹੈ ਤੇ ਮੈਂ ਵੈਨਕੂਵਰ ਨੇੜੇ ਪਿੱਟਮੀਡੋਜ਼ ਦੇ ਪੁਰੇਵਾਲ ਫਾਰਮ ਹਾਊਸ ਵਿਚ ਵੀ ਜਾਂਦਾ ਰਹਿਨਾਂ। ਉਹ ਮੇਰੀ ਖੇਡ-ਲੇਖਣੀ ਦੇ ਕਦਰਦਾਨ ਹਨ ਤੇ ਹਰ ਖੇਡ ਮੇਲੇ 'ਚ ਮੇਰੀਆਂ ਖੇਡ-ਪੁਸਤਕਾਂ ਵੰਡਦੇ ਹਨ। ਖੇਡਾਂ ਤੇ ਖਿਡਾਰੀਆਂ ਬਾਰੇ ਲਿਖੀਆਂ ਮੇਰੀਆਂ ਪੁਸਤਕਾਂ ਵਧੇਰੇ ਕਰ ਕੇ ਖੇਡ ਮੇਲਿਆਂ ਵਿਚ

**(ਬਾਕੀ ਸਫਾ 26 'ਤੇ)**

# ਨਿਊ ਯਾਰਕ ਦੇ ਪੰਜਾਬੀ ਮੇਲੇ 'ਚ ਲਾਈ ਗਾਇਕਾਂ ਨੇ ਗੀਤਾਂ ਦੀ ਛਹਿਬਰ

**ਨਿਊ ਯਾਰਕ:** ਨਿਊ ਯਾਰਕ ਸਿਟੀ ਦੇ ਸਮੋਕੀ ਪਾਰਕ ਵਿਚ ਰਾਜਵੀਰ ਐਂਟਰਟੇਨਮੈਂਟ ਵਲੋਂ ਪਿਛਲੇ ਦਿਨੀਂ ਪੰਜਾਬੀ ਮੇਲਾ ਕਰਵਾਇਆ ਗਿਆ ਜਿਸ ਵਿਚ ਪੰਜਾਬ ਤੋਂ ਆਏ ਗਾਇਕ





ਪ੍ਰੀਤ ਹਰਪਾਲ, ਪਰਮਜੀਤ ਪੰਮਾ, ਭੁਪਿੰਦਰ ਭੂਪੀ, ਰਾਜ ਕੌਰ ਤੋਂ ਇਲਾਵਾ ਲਾਲ ਚੰਦ ਲਾਲਾ ਤੇ ਸੀਮਾ ਮੱਟੂ ਨੇ ਆਪਣੀ ਗਾਇਕੀ ਦੇ ਜੌਹਰ ਵਿਖਾਏ। ਮੇਲੇ ਦਾ ਆਗਾਜ਼ ਗਾਇਕ ਜੋੜੀ ਲਾਲ ਤੇ ਮੱਟੂ ਨੇ ਆਪਣੀ ਗਾਇਕੀ ਨਾਲ ਕੀਤਾ। ਉਪਰੰਤ ਵਾਲੇ ਗਾਇਕ ਪਰਮਜੀਤ ਪੰਮਾ ਨੇ 'ਗੱਡੀ ਐ ਸ਼ੌਕੀਨ ਜੱਟ ਦੀ', 'ਛੱਲਾ', ਮਿੱਟੀ ਦਾ ਬਾਵਾ' ਸਮੇਤ ਆਪਣੇ ਕਈ ਹਿੱਟ ਗੀਤ ਗਾ ਕੇ ਚੰਗਾ ਰੰਗ ਬੰਨਿਆ। ਧਾਰਮਿਕ ਗੀਤ ਤੋਂ ਆਗਾਜ਼ ਕਰਨ ਉਪਰੰਤ ਪ੍ਰੀਤ ਹਰਪਾਲ ਨੇ ਕਰੀਬ ਦੋ ਘੰਟੇ ਆਪਣੇ ਭੂਪੀ ਤੇ ਰਾਜ ਨੇ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ।

'ਜੁੱਤੀ ਝਾੜ ਕੇ ਚੜ੍ਹੀਂ ਮੁਟਿਆਰੇ' ਗੀਤ ਦੀ ਮਸ਼ਹੂਰੀ ਹਿੱਟ ਗੀਤਾਂ 'ਜੁੱਤੀ ਉਤੇ ਘੁੰਗਰੂ ਲਵਾ ਲਏ', 'ਜੱਟ ਦੀ ਜ਼ਮੀਨ', 'ਤੇਰੀਆਂ ਅਦਾਵਾਂ', 'ਕਿਹੜਾ ਸਾਡਾ ਨਾਂ ਨਹੀਂ ਜਾਣਦਾ' ਨਾਲ ਝੜੀ ਲਾਈ ਰੱਖੀ। 'ਮੈਂ ਚੱਲਿਆ ਪਰਦੇਸ ਨੀਂ ਮਾਏ' ਗੀਤ ਗਾ ਕੇ ਪ੍ਰੀਤ ਨੇ ਦਰਸ਼ਕਾਂ ਨੂੰ ਪੰਜਾਬ ਅਤੇ ਉਥੇ ਰਹਿੰਦੇ ਸਕੇ-ਸਬੰਧੀਆਂ ਦਾ ਚੇਤਾ ਕਰਵਾ ਦਿਤਾ। ਅਖੀਰ ਵਿਚ ਸਾਰੇ ਕਲਾਕਾਰਾਂ ਨੇ ਰਲ ਕੇ ਬੋਲੀਆਂ ਪਾਈਆਂ। ਗੀਤਕਾਰ ਦੀਪ ਮੰਗਲੀ ਨੇ ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਸਟੇਜ ਸੰਭਾਲੀ।

ਰਾਜਵੀਰ ਐਂਟਰਟੇਨਮੈਂਟ ਦੇ ਲਖਵੀਰ ਜੌਹਲ ਨੇ ਆਏ ਸਰੋਤਿਆਂ/ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜੀਵੇ ਪੰਜਾਬ ਐਂਟਰਟੇਨਮੈਂਟ ਦੇ ਜੱਸੀ ਬੰਗਾ ਅਤੇ ਗੀਤਕਾਰ ਸੱਤੀ ਖੋਖੇਵਾਲੀਆ ਦਾ ਉਚੇਚਾ ਸਨਮਾਨ ਕੀਤਾ ਗਿਆ। ਗਾਇਕ ਕਲਾਕਾਰਾਂ ਨੂੰ ਵੀ ਸਨਮਾਨ ਚਿੰਨ੍ਹ ਦਿੱਤੇ ਗਏ।

# 'ਵਰਡ ਪੰਜਾਬੀ ਸੈਂਟਰ' ਵਲੋਂ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਦਾ ਫੈਸਲਾ

**ਫਰਿਜ਼ਨੋ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 'ਵਰਡ ਪੰਜਾਬੀ ਸੈਂਟਰ' ਦੇ ਡਾਇਰੈਕਟਰ ਡਾਕਟਰ ਦੀਪਕ ਮਨਮੋਹਨ ਸਿੰਘ ਨੇ ਫਰਿਜ਼ਨੋ ਵਿਚ 18 ਜੂਨ ਨੂੰ ਹੋਈ ਇਕ ਮੀਟਿੰਗ ਵਿਚ 'ਵਰਡ ਪੰਜਾਬੀ ਸੈਂਟਰ' ਦੇ ਉਦੇਸ਼ਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਇਸ ਸੈਂਟਰ ਦੇ ਮੁੱਖ ਉਦੇਸ਼ਾਂ ਵਿਚ ਪੰਜਾਬੀ ਸਭਿਆਚਾਰ, ਭਾਸ਼ਾ ਅਤੇ ਸਾਹਿਤ ਦੀ ਬਿਹਤਰੀ ਦੇ ਨਾਲ ਨਾਲ ਹੋਰ ਗਿਆਨ ਦੇ ਖੇਤਰਾਂ ਨਾਲ ਵੀ ਪੰਜਾਬੀ ਸਭਿਆਚਾਰ ਦੀ ਸਾਂਝ ਪੁਆਉਣਾ ਹੈ। ਇਨ੍ਹਾਂ ਖੇਤਰਾਂ ਵਿਚ ਪੰਜਾਬੀ ਸੰਗੀਤ, ਲੋਕ ਗੀਤ, ਡਾਂਸ, ਲੋਕ ਭਲਾਈ, ਵਿਗਿਆਨ, ਖੇਤੀ ਉਦਯੋਗ ਅਤੇ ਡਾਕਟਰੀ ਪੇਸ਼ਾ ਆਦਿ ਸ਼ਾਮਿਲ ਹਨ।

ਮੀਟਿੰਗ ਵਿਚ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਮਹਿਸੂਸ ਕੀਤਾ ਗਿਆ ਕਿ 'ਵਰਡ ਪੰਜਾਬੀ ਸੈਂਟਰ' ਵਿਦੇਸ਼ੀ ਸਭਿਆਚਾਰ ਵਿਚ ਜੰਮੇ ਪਲੇ ਬੱਚਿਆਂ ਲਈ ਚਾਨਣ ਮੁਨਾਰਾ ਬਣ ਸਕਦਾ ਹੈ। ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਫਰਿਜ਼ਨੋ ਵਿਚ ਸਾਲ 2010 ਦੇ ਜੂਨ/ਜੁਲਾਈ ਮਹੀਨੇ ਵਿਚ ਇਕ ਵਿਸ਼ਵ ਪੱਧਰ ਦੀ ਕਾਨਫਰੰਸ ਕਰਾਈ ਜਾਵੇ ਜਿਸ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਹੋਰ ਖੇਤਰਾਂ ਜਿਵੇਂ ਮੈਡੀਸਨ, ਖੇਤੀਵਾੜੀ ਅਤੇ ਬਿਜਨਸ ਆਦਿ ਦੇ ਪੰਜਾਬੀ ਸਭਿਆਚਾਰ ਉਤੇ ਪਏ ਪ੍ਰਭਾਵਾਂ ਬਾਰੇ ਸੈਮੀਨਾਰ ਕਰਾਏ ਜਾਣ। ਇਸ ਕਾਨਫਰੰਸ ਲਈ ਭਾਰਤੀ ਮੂਲ ਦੇ ਪ੍ਰਸਿੱਧ ਮਾਹਰਾਂ ਨੂੰ ਸੱਦਿਆ ਜਾਵੇਗਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਵਿਸ਼ੇਸ਼ ਤੌਰ 'ਤੇ ਇਸ ਕਾਨਫਰੰਸ ਦੀ ਵਿਊਂਤਬੰਦੀ ਅਤੇ ਸਰਪ੍ਰਸਤੀ ਕਰ ਰਹੇ ਹਨ।

ਮੀਟਿੰਗ ਦੀ ਪ੍ਰਧਾਨਗੀ ਵਿਸ਼ਵ ਵਿਗਿਆਨੀ ਅਤੇ ਉਘੇ ਕਵੀ ਤੇ ਆਲੋਚਕ ਡਾ. ਗੁਰੂਮੇਲ ਸਿੰਘ ਸਿੱਧੂ ਨੇ ਕੀਤੀ। ਮੀਟਿੰਗ ਵਿਚ ਚਰਨਜੀਤ ਸਿੰਘ ਬਾਠ, ਡਾ. ਹਰਚੰਦ ਸਿੰਘ ਚੰਨ, ਡਾ. ਜਗਮੀਤ ਕੌਰ ਚੰਨ, ਡਾ. ਅਜੀਤ ਸਿੰਘ ਖਹਿਰਾ, ਸ਼੍ਰੀਮਤੀ ਤੇਜਿੰਦਰ ਕੌਰ, ਸੁਖਮਿੰਦਰ ਕੌਰ, ਡਾ. ਕੇ. ਐਸ. ਬੈਣੀਵਾਲ, ਡਾ. ਐਨ. ਐਸ. ਬਾਲਾ, ਡਾ. ਗੁਰਿੰਦਰ ਕੌਰ, ਡਾ. ਜਗਜੀਤ ਸਿੰਘ ਪੰਨੂੰ, ਪ੍ਰੋ. ਕੁਲਵਿੰਦਰ ਕੌਰ, ਨਿਰਮਲ ਸਿੰਘ ਗਿੱਲ, ਜਗਜੀਤ ਸੰਘੇੜਾ, ਕਰਮ ਸਿੰਘ ਮਾਨ ਅਤੇ ਕਈ ਹੋਰ ਪਤਵੰਤੇ ਸੱਜਣ ਸ਼ਾਮਿਲ ਸਨ।

## ਸਾਹਿਤਕ ਬੈਠਕ 28 ਜੂਨ ਨੂੰ

**ਸੈਕਰਾਮੈਂਟੋ:** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਯੂਬਾਸਿਟੀ/ਸੈਕਰਾਮੈਂਟੋ ਇਕਾਈ ਦੀ ਇਕ ਬੈਠਕ ਸ. ਮਨਜੀਤ ਸਿੰਘ ਦੇ ਗ੍ਰਿਹ 2637 ਬੌਬਸਨ ਡਰਾਈਵ, ਐਲਕ ਗਰੂਵ, ਸੈਕਰਾਮੈਂਟੋ ਵਿਖੇ 28 ਜੂਨ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਰੱਖੀ ਗਈ ਹੈ। ਇਸ ਬੈਠਕ ਵਿਚ ਪੰਜਾਬੀ ਯੂਨੀਵਰਸਟੀ ਨਾਲ ਸੰਬੰਧਿਤ ਪ੍ਰੋ. ਅਨੂਪ ਸਿੰਘ ਵਿਰਕ, ਡੀ.ਪੀ.ਆਈ. ਕਾਲਜਜ਼ (ਪੰਜਾਬ) ਦੇ ਡਿਪਟੀ ਡਾਇਰੈਕਟਰ ਸ. ਗੁਰਦੀਪ ਸਿੰਘ ਬਾਜਵਾ, ਗੁਰੂ ਨਾਨਕ ਦੇਵ ਯੂਨੀਵਰਸਟੀ ਨਾਲ ਸੰਬਧਿਤ ਡਾ. ਸੁਹਿੰਦਰਵੀਰ ਸਿੰਘ ਵਿਚਾਰ-ਚਰਚਾ ਕਰਨਗੇ।

ਬੈਠਿਕ ਵਿਚ ਸਾਹਿਤਕ ਚਰਚਾ ਤੋਂ ਇਲਾਵਾ ਕਹਾਣੀ ਤੇ ਕਵੀ ਦਰਬਾਰ ਵੀ ਹੋਵੇਗਾ। ਸਭਾ ਦੀ ਸਾਲਾਨਾ ਕਾਨਫਰੰਸ ਦੇ ਪ੍ਰਬੰਧਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਹੋਰ ਜਾਣਕਾਰੀ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਫੋਨ 530-933-2204 ਜਾਂ ਫੋਨ 916-690-2379 ਤੋਂ ਲਈ ਜਾ ਸਕਦੀ ਹੈ।




Attention Business Owners!!

Are You Worried About Your Business When You`re Not There?

Are Worries Keeping You Awake?

Watch Your Business AnyTime Any Place.

Promotion For July
Free Cash Register Interface With Purchase Of Our DVR System

NO PAYMENTS
For 3 Months
Financing & Lease Options For 12, 24, 36 Months Available.

ਵਾਜਬ ਕੀਮਤ, ਸਹੀ ਕੰਮ

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

DVR UNLIMITED
Call:1-800-780-0032 www.dvrunlimited.com



Welcome Shan Indian Cuisine & Sweets Welcome

LUNCH BUFFET
7.99 + TAX
11:00 am To 3:00 pm
Children under 7 years Half Price

7610 B-1 PACIFIC AVE
STOCKTON, CA. 95207
PH: (209) 957-4995
FAX: (209) 957-1443

DINNER SERVE
5:00 pm To 10:00 pm

CATERING AVAILABLE
SPECIAL DISCOUNT FOR RELIGIOUS FUNCTION

ਸਾਡੇ ਪਾਸ ਤਾਜ਼ਾ ਮਿਠਾਈਆਂ ਵੀ ਮਿਲਦੀਆਂ ਹਨ



several more verity available

We take orders on the phone
special discount for religious function and wedding

BANQUET HALL IS AVAILABLE
FOR WEDDING AND PRIVATE PARTY

OPEN 7 DAYS WEEK
11:00 AM TO 10:00 PM
www.shanindiancuisine.com

# ਅਰਥਚਾਰਾ ਥੱਲੇ ਥੱਲੇ, ਘਰਾਂ ਦੀ ਬੱਲੇ ਬੱਲੇ

**ਜੱਸੀ ਗਿੱਲ**

ਇਸ ਵੇਲੇ ਜਦੋਂ ਕਿ ਅਮਰੀਕੀ ਅਰਥਚਾਰਾ ਮੰਦੇ ਦੇ ਦੌਰ ਵਿਚੋਂ ਨਿਕਲਣ ਲਈ ਪੂਰੀ ਤਰ੍ਹਾਂ ਸੰਘਰਸ਼ਸ਼ੀਲ ਹੈ, ਅਮਰੀਕਾ ਦੇ ਕੁਝ ਇਲਾਕਿਆਂ ਵਿਚ ਘਰਾਂ ਦੀ ਮਾਰਕਿਟ ਵਿਚ ਥੋੜ੍ਹਾ ਥੋੜ੍ਹਾ ਮੋੜਾ ਪੈਂਦਾ ਨਜ਼ਰ ਆਉਂਦਾ ਹੈ। ਇਸ ਦੇ ਪਹਿਲੇ ਸੰਕੇਤ ਫੋਰਕਲੋਜ਼ਰ ਵਿਚ ਆਏ ਘਰਾਂ ਉਤੇ ਵੀਹ ਵੀਹ-ਤੀਹ ਤੀਹ ਆਫਰਾਂ ਆਉਣ ਤੋਂ ਮਿਲਦੇ ਹਨ। ਕੈਲੇਫੋਰਨੀਆ ਦੇ ਸੈਨ ਫਰਾਂਸਿਸਕੋ, ਬੇ-ਏਰੀਏ ਦੇ ਆਲੇ ਦੁਆਲੇ, ਸੈਂਟਰਲ ਵੈਲੀ, ਸੈਕਰਾਮੈਂਟੋ ਤੱਕ ਮਾਰਕਿਟ ਵਿਚ ਲੱਗੇ ਘਰਾਂ ਨਾਲੋਂ ਖਰੀਦਦਾਰਾਂ ਦੀ ਗਿਣਤੀ ਵੀਹ ਗੁਣਾਂ ਤੋਂ ਵੀ ਜ਼ਿਆਦਾ ਨਜ਼ਰ ਆਉਂਦੀ ਹੈ। ਸਾਰੇ ਖਰੀਦਦਾਰ ਇਕ ਦੂਜੇ ਤੋਂ ਉਪਰ ਦੀ ਹੋ ਕੇ ਆਫਰ ਦੇ ਰਹੇ ਹਨ। ਲੋਨ ਦੇਣ ਦੇ ਮਾਮਲੇ ਵਿਚ ਬੈਂਕਾਂ ਅਜੇ ਵੀ ਸੰਕੋਚ ਤੋਂ ਕੰਮ ਲੈ ਰਹੀਆਂ ਹਨ। ਇਸ ਦੇ ਬਾਵਜੂਦ ਘਰਾਂ ਦੀ ਵਿਕਰੀ ਵਿਚ ਕੋਈ ਅੜਚਣ ਮਹਿਸੂਸ ਨਹੀਂ ਕੀਤੀ ਜਾ ਰਹੀ ਕਿਉਂਕਿ ਪੰਜ ਲੱਖ ਤੱਕ ਦੇ ਘਰਾਂ ਉਤੇ 30 ਤੋਂ 50% ਤੱਕ ਆਫਰਾਂ ਕੈਸ਼ ਹੀ ਆ ਰਹੀਆਂ ਹਨ। ਪਿਛਲੇ ਤਿੰਨ ਸਾਲਾਂ ਵਿਚ ਇਹ ਪਹਿਲੀ ਵਾਰ ਹੈ ਜਦੋਂ ਘਰ ਲੈਣ ਵਾਲਿਆਂ ਦੇ ਨਾਲ ਨਾਲ ਇਨਵੈਸਟਰ ਵੀ ਵੱਡੀ ਗਿਣਤੀ ਵਿਚ ਸ਼ੇਅਰ ਮਾਰਕਿਟ ਵਿਚੋਂ ਪੈਸੇ ਕੱਢ ਕੇ ਘਰਾਂ ਦੀ ਮਾਰਕਿਟ ਵੱਲ ਮੋੜਾ ਪਾ ਰਹੇ ਹਨ।



ਇਸ ਸਮੇਂ ਕੰਜਿਊਮਰ ਸੈਂਟੀਮੈਂਟ ਯਾਨਿ ਖਪਤਕਾਰ ਦਾ ਭਰੋਸਾ ਵੀ ਕਾਫੀ ਵਧ ਚੁੱਕਾ ਹੈ। ਘਰਾਂ ਦੀ ਮਾਰਕਿਟ ਵਿਚ ਕੰਮ ਕਰਨ ਵਾਲੇ ਕੁਝ ਲੋਕ ਮਹਿਸੂਸ ਕਰਦੇ ਹਨ ਕਿ ਜੋ ਖਰੀਦਦਾਰ ਹਾਲੇ ਵੀ ਚੰਗੇ ਸਮੇਂ ਦੀ ਇੰਤਜ਼ਾਰ ਵਿਚ ਹਨ, ਉਹ ਪਹਿਲਾਂ ਹੀ ਕਾਫੀ ਪਿਛੇ ਰਹਿ ਚੁੱਕੇ ਹਨ। ਜੇ ਮੌਜੂਦਾ ਰੁਖ ਜਾਰੀ ਰਿਹਾ ਤਾਂ ਇਸ ਸਾਲ ਦੇ ਅਖੀਰ ਤੱਕ ਘਰਾਂ ਦੀ ਕੀਮਤ 10% ਤੱਕ ਆਸਾਨੀ ਨਾਲ ਵਧ ਸਕਦੀ ਹੈ, ਕਿਉਂਕਿ ਇਸ ਸਮੇਂ ਕੋਈ ਵੀ ਘਰ ਵੇਖਣ ਲਈ ਬਾਹਰ ਖੜ੍ਹੋ ਕੇ ਇੰਤਜ਼ਾਰ ਕਰਨੀ ਪੈਂਦੀ ਹੈ। ਇਸ ਤੋਂ ਪਹਿਲਾਂ 1988 ਵਿਚ ਅਜਿਹੇ ਹੀ ਹਾਲਾਤ ਬਣੇ ਸਨ ਜਦੋਂ ਹਾਂਗਕਾਂਗ ਤੋਂ ਵੱਡੀ ਗਿਣਤੀ ਵਿਚ ਇਨਵੈਸਟਰ ਆਏ ਸਨ। ਇਸ ਹਾਲਾਤ ਦੇ ਕੁਝ ਕਾਰਨ ਇਸ ਤਰ੍ਹਾਂ ਹਨ:

ਬੈਂਕਾਂ ਵਾਲੇ ਸਰਕਾਰੀ ਹੁਕਮਾਂ ਅਧੀਨ ਜ਼ਬਤ ਕੀਤੇ ਘਰ ਵੱਡੀ ਗਿਣਤੀ ਵਿਚ ਰਿਲੀਜ਼ ਨਹੀਂ ਕਰ ਸਕਦੇ। ਮਾਰਕੀਟ ਦਾ ਪਹਿਲਾ ਅਨੁਮਾਨ ਲਗਾ ਕੇ ਹੀ ਲੋੜ ਅਨੁਸਾਰ ਘਰ ਸੇਲ 'ਤੇ ਲਾਏ ਜਾਣਗੇ। ਘਰਾਂ ਨੂੰ ਰੋਕ ਕੇ ਰੱਖਣ ਦਾ ਸਾਰਾ ਖਰਚਾ ਸਟਿਮਲਸ ਪੈਕੇਜ ਯਾਨਿ ਆਰਥਿਕ ਹੁਲਾਰਾ ਪੈਕੇਜ ਵਿਚੋਂ ਬੈਂਕਾਂ ਨੂੰ ਦਿੱਤਾ ਜਾਏਗਾ। ਇਸ ਤਰ੍ਹਾਂ ਕਰਨ ਨਾਲ ਮਾਰਕੀਟ ਵਿਚ ਵਿਕਣ ਆਏ ਘਰਾਂ ਦੀ ਗਿਣਤੀ ਘੱਟ ਰਹੇਗੀ ਅਤੇ ਲੈਣ ਵਾਲੇ ਜ਼ਿਆਦਾ ਹੋਣਗੇ। ਸਪਲਾਈ ਨਾਲੋਂ ਮੰਗ ਵਧਣ ਕਰਕੇ ਮਾਰਕਿਟ ਹੌਲੀ ਹੌਲੀ ਵੇਚਣ ਵਾਲੇ ਦੇ ਹੱਕ ਵਿਚ ਚਲੀ ਜਾਏਗੀ ਜਿਸ ਨੂੰ ਸੈਲਰਜ਼ ਮਾਰਕਿਟ ਕਹਿੰਦੇ ਹਨ।

ਘਰਾਂ ਦੀ ਮੌਜੂਦਾ ਕੀਮਤ ਘਰ ਦੀ ਰੀਪਲੇਸਮੈਂਟ ਕੀਮਤ ਤੋਂ ਕਾਫੀ ਘੱਟ ਹੈ। ਇਸ ਦਾ ਭਾਵ ਇਹ ਹੈ ਕਿ ਬਣੇ ਬਣਾਏ ਘਰ ਦੀ ਥਾਂ ਜੇ ਉਸੇ ਤਰ੍ਹਾਂ ਦਾ ਘਰ ਬਣਾਇਆ ਜਾਵੇ ਤਾਂ ਉਸ ਦੀ ਲਾਗਤ ਘਰਾਂ ਦੀ ਮੌਜੂਦਾ ਕੀਮਤ ਤੋਂ ਵੱਧ ਹੋਵੇਗੀ।

ਮੋਡੀਫਿਕੇਸ਼ਨ ਅਧੀਨ ਬਹੁਤੇ ਘਰ ਬੈਂਕਾਂ ਨੂੰ ਨਹੀਂ ਜਾਣਗੇ ਕਿਉਂਕਿ ਵਿਆਜ ਦਰ 2 ਤੋਂ 5% ਹੋਣ ਕਰਕੇ ਕਿਸ਼ਤ ਕਾਫੀ ਘਟ ਜਾਂਦੀ ਹੈ।

ਪਹਿਲੀ ਵੇਰ ਘਰ ਲੈਣ ਵਾਲਿਆਂ ਨੂੰ 8 ਹਜ਼ਾਰ ਤੋਂ 18 ਹਜ਼ਾਰ ਤੱਕ ਟੈਕਸ ਰੀਬੇਟ ਦਾ ਮਿਲਣਾ ਵੀ ਕਾਫੀ ਲਾਹੇਵੰਦ ਹੈ। ਕੈਲੇਫੋਰਨੀਆ ਵਿਚ ਬੇਰੁਜ਼ਗਾਰੀ 11.5% ਤੱਕ ਪਹੁੰਚ ਗਈ ਹੈ ਅਤੇ ਵੱਡੀ ਗਿਣਤੀ ਵਿਚ ਲੋਕਾਂ ਦੀਆਂ ਨੌਕਰੀਆਂ ਜਾ ਰਹੀਆਂ ਹਨ। ਇਸ ਦੇ ਉਲਟ ਘਰਾਂ ਦੀ ਮਾਰਕਿਟ ਵਿਚ ਧੱਕਾ ਪਹਿਲਾਂ ਨਾਲੋਂ ਵੱਧ ਮਹਿਸੂਸ ਹੋ ਰਿਹਾ ਹੈ।

ਇਸੇ ਦੌਰਾਨ ਮੋਡੀਫਿਕੇਸ਼ਨ ਪ੍ਰਤੀ ਸਾਵਧਾਨ ਹੋਣ ਦੀ ਲੋੜ ਹੈ। ਕਈ ਲੋਕ ਮੋਡੀਫਿਕੇਸ਼ਨ ਦਾ ਝੂਠਾ ਲਾਰਾ ਦੇ ਕੇ ਲੋਕਾਂ ਕੋਲੋਂ ਪੈਸੇ ਬਟੋਰ ਕੇ ਗਾਇਬ ਹੋ ਚੁੱਕੇ ਹਨ। ਰੋਜ਼ਾਨਾ ਲੁੱਟੇ ਗਏ ਅਜਿਹੇ ਵਿਅਕਤੀਆਂ ਦੀਆਂ ਕਹਾਣੀਆਂ ਸੁਣਨ ਨੂੰ ਮਿਲ ਜਾਂਦੀਆਂ ਹਨ। ਸਭਨਾਂ ਨੂੰ ਸਲਾਹ ਹੈ ਕਿ ਮਾਰਕੀਟ ਨੂੰ ਨੇੜੇ ਹੋ ਕੇ ਵੇਖੋ ਅਤੇ ਸੋਚ ਵਿਚਾਰ ਕੇ ਕਦਮ ਚੁੱਕੋ। ਹੋਰ ਜਾਣਕਾਰੀ ਤੇ ਕਿਸੇ ਸਵਾਲ ਲਈ ਮੇਰੇ ਨਾਲ ਫੋਨ 510-304-9292 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਅਮਰੀਕੀ ਪੰਜਾਬੀ ਕਵਿਤਾ ਕਾਨਫਰੰਸ 11 ਜੁਲਾਈ ਨੂੰ

**ਹੇਵਰਡ, ਕੈਲੇਫੋਰਨੀਆ:** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਬੇ-ਏਰੀਆ ਇਕਾਈ ਵਲੋਂ ਅਮਰੀਕੀ ਪੰਜਾਬੀ ਕਵਿਤਾ ਕਾਨਫਰੰਸ 11 ਜੁਲਾਈ ਨੂੰ ਸਵੇਰੇ 9 ਵਜੇ ਤੋਂ ਸ਼ਾਮ 8 ਵਜੇ ਤੱਕ ਹਿੰਦੂ ਟੈਂਪਲ ਸਨੀਵੇਲ ਵਿਚ ਕਰਵਾਈ ਜਾ ਰਹੀ ਹੈ। ਇਹ ਕਾਨਫਰੰਸ ਪੰਜਾਬੀ ਸਾਹਿਤ ਸਭਾ ਦੀਆਂ ਸਾਰੀਆਂ ਇਕਾਈਆਂ ਦੇ ਸਹਿਯੋਗ ਨਾਲ ਸਵਰਗੀ ਭਾਈ ਵੀਰ ਸਿੰਘ ਅਤੇ ਪੰਜਾਬੀ ਸਾਹਿਤ ਸਭਾ ਦੇ ਵਿਛੜੇ ਸਾਹਿਤਕਾਰਾਂ ਗੁਰਦੇਵ ਸਿੰਘ ਚਿੱਟੀ, ਡਾ. ਜਮਾਲ ਹੁਸ਼ਿਆਰਪੁਰੀ, ਗਿਆਨੀ ਜੰਗ ਸਿੰਘ, ਹਰਬੰਸ ਸਿੰਘ ਸਚਦੇਵ ਅਤੇ ਮਾਸਟਰ ਕਰਨੈਲ ਸਿੰਘ ਨੂੰ ਸਮਰਪਿਤ ਹੋਵੇਗੀ।

ਕਾਨਫਰੰਸ ਦੌਰਾਨ ਸ਼ਰਧਾਂਜਲੀ ਸਮਾਰੋਹ ਉਪਰੰਤ ਕਹਾਣੀ ਸੈਸ਼ਨ, ਪੇਪਰ ਸੈਸ਼ਨ, ਪੁਸਤਕ ਸਮਾਰੋਹ ਅਤੇ ਕਵੀ ਦਰਬਾਰ ਵੀ ਹੋਵੇਗਾ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਤਾਰਾ ਸਿੰਘ ਸਾਗਰ ਫੋਨ 510-453-5779 ਜਾਂ ਸਕੱਤਰ ਨੀਲਮ ਸੈਣੀ ਫੋਨ 510-502-0551 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

*Visit us on the web:*
***punjabtimesusa.com***
***To Advertise with us call:***
***847-359-0746***

**Bob Lynn Edwards, Jr.**
**Attorney at Law**
Over 17 Years Handling Family Law Cases in Fremont, California, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.
Free Initial Consultation
Ph:510-770-0500
www.BobEdwards.com
3869 Peralta Boulevard, Fremont CA 94536-3712






New York NY July 25, 2009 Call-Tony:347-723-2533 Or Jay:917-681-4211
Fairfax VA July 31, 2009 Call- Jay:703-980-6203 Or Nisha:571-212-1855
Philadelphia PA August 1, 2009 Call- Jay:703-980-6203
Show In USA August 2009 Call- Satti:916-410-9741

# ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਤੇ 84 ਦੇ ਸ਼ਹੀਦਾਂ ਦੀ 25ਵੀਂ ਯਾਦ ਮਨਾਈ

## ਉੱਤਰੀ ਅਮਰੀਕਾ ਵਿਚ ਪਹਿਲੀ ਵਾਰੀ 66 ਆਖੰਡ ਜਾਪਾਂ ਦਾ ਭੋਗ ਇਕੋ ਸਮੇਂ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ 1984 ਦੇ ਘੱਲੂਘਾਰੇ ਦੀ 25ਵੀਂ ਵਰ੍ਹੇਗੰਢ ਮਨਾਉਂਦਿਆਂ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਯਾਦ ਵਿਚ ਉਸਾਰੇ ਹਾਲ ਵਿਚ 19 ਜੂਨ ਨੂੰ 10 ਸ੍ਰੀ ਅਖੰਡ ਪਾਠ ਸਾਹਿਬ, 52 ਸ੍ਰੀ ਸੁਖਮਨੀ ਸਾਹਿਬ ਜੀ ਦੇ ਅਖੰਡ ਪਾਠ ਅਤੇ 5 ਸ੍ਰੀ ਜਪੁਜੀ ਸਾਹਿਬ ਜੀ ਦੇ ਅਖੰਡ ਪਾਠ ਅਰੰਭ ਕੀਤੇ ਗਏ, ਜਿਨ੍ਹਾਂ ਦੇ ਭੋਗ ਐਤਵਾਰ ਸਵੇਰੇ 10.00 ਵਜੇ ਪਾਏ ਗਏ। ਇਸ ਵਿਚ ਗੁਰੂ ਦੇ 538 ਅਨਿਨ ਸੇਵਕਾਂ ਨੇ ਰੌਲਾਂ ਲਾ ਕੇ ਗੁਰੂ ਦੀ ਬਾਣੀ ਪੜ੍ਹੀ ਅਤੇ ਸੇਵਾ ਕੀਤੀ। ਰੌਲਾਂ ਲਾਉਣ ਵਾਲਿਆਂ ਵਿਚ 200 ਤੋਂ ਉਪਰ ਬੱਚੇ ਵੀ ਸ਼ਾਮਲ ਹਨ।

ਗੁਰਦੁਆਰਾ ਫਰੀਮਾਂਟ ਦੇ ਪ੍ਰਧਾਨ ਭਾਈ ਹਰਜੋਤ ਸਿੰਘ ਖਾਲਸਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਸ਼ਹੀਦਾਂ ਦੀ ਯਾਦ ਵਿਚ ਗੁਰਬਾਣੀ ਦਾ ਅਜਿਹਾ ਪ੍ਰਵਾਹ ਸ਼ਾਇਦ ਦੁਨੀਆਂ ਵਿਚ ਵਾਲੰਟਰੀ ਤੌਰ ਉਪਰ ਆਪਣੀ ਕਿਸਮ ਦਾ ਅਤੇ ਪਹਿਲੀ ਵਾਰ ਹੋਇਆ ਹੈ, ਲਗਾਤਾਰ ਤਿੰਨ ਦਿਨ ਸਮੂਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਅਤੇ ਸੈਂਕੜਿਆਂ ਦੀ ਤਾਦਾਦ ਵਿਚ ਗੁਰੂ ਘਰ ਦੇ ਨਿਸ਼ਕਾਮ ਸੇਵਕਾਂ ਨੇ ਹਾਜ਼ਰੀਆਂ ਭਰੀਆਂ। ਅਖੰਡ ਪਾਠ ਸਾਹਿਬ ਦੀ ਅਰੰਭਤਾ ਅਤੇ ਸੰਪੂਰਨਤਾ ਸਮੇਂ ਸਿੱਖ ਪੰਥ ਦੀ ਸਤਿਕਾਰਯੋਗ ਹਸਤੀ ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ ਨੇ ਅਰਦਾਸ ਕੀਤੀ।

ਤਿੰਨ ਦਿਨ ਹੀ ਅਥਾਹ ਲੰਗਰ ਲਗਾਏ ਗਏ। 100 ਤੋਂ ਉਪਰ ਨਿਸ਼ਕਾਮ ਸੇਵਕਾਂ ਨੇ ਲੰਗਰਾਂ ਵਿਚ ਹਮੇਸ਼ਾ ਦੀ ਤਰ੍ਹਾਂ ਸੇਵਾ ਕੀਤੀ। 15-20 ਨੌਜਵਾਨਾਂ ਨੇ ਪਾਰਕਿੰਗ ਵਿਚ ਸੇਵਾ ਕੀਤੀ, ਜਿਸ ਵਿਚ ਨੌਜਵਾਨਾਂ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ। ਕਿਸੇ ਵੀ ਗੁਰੂਘਰ ਦੇ ਸ਼ਰਧਾਲੂ ਨੂੰ ਕੋਈ ਦਿੱਕਤ ਨਹੀਂ ਆਈ। ਵੱਖ ਵੱਖ ਰੈਸਟੋਰੈਂਟ ਦੇ ਮਾਲਿਕ ਆਪ ਅਤੇ ਆਪਣੇ ਪਰਿਵਾਰ ਸਮੇਤ ਗੁਰੂ ਕੇ ਲੰਗਰਾਂ ਦੀ ਸ਼ਰਧਾ ਨਾਲ ਸੇਵਾ ਕਰ ਰਹੇ ਸਨ, ਜਿਸ ਵਿਚ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਜਾ ਰਹੇ ਸਨ। ਮਹਿਫਲ ਰੈਸਟੋਰੈਂਟ ਦੇ ਮਾਲਕ ਸਤਨਾਮ ਸਿੰਘ ਬੱਲ, ਇਟਾਲੀਅਨ ਰੈਸਟੋਰੈਂਟ ਦੇ ਮਾਲਕ ਭੁਪਿੰਦਰ ਸਿੰਘ, ਪ੍ਰਸਿੱਧ ਸ਼ੈਫ ਦੀਪਕ ਭਾਰਦਵਾਜ਼, ਸ. ਤੇਜਪਾਲ ਸਿੰਘ, ਬਾਬਾ ਬਿੱਕਰ ਸਿੰਘ, ਬਾਬਾ ਹਰਬੰਤ ਸਿੰਘ, ਬਾਬਾ ਸ਼ਿੰਦਾ ਸਿੰਘ, ਸੀਨੀਅਰ ਸੁਪਰੀਮ ਕੌਂਸਲਰ ਮੈਂਬਰ ਨਿਰਮਲ ਸਿੰਘ ਬਾਠ ਅਤੇ ਹੋਰ ਅਣਗਿਣਤ ਸੇਵਾਦਾਰ ਸੇਵਾ ਕਰ ਰਹੇ ਸਨ।

ਗੁਰੂ ਘਰ ਦੇ ਮੁੱਖ ਸੇਵਾਦਾਰ ਹਰਜੋਤ ਸਿੰਘ ਖਾਲਸਾ ਨੇ ਦੱਸਿਆ ਕਿ ਅੱਜ ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ, ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ, ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਕੇ ਸ਼ਰਧਾਂਜਲੀ ਦਿੱਤੀ ਹੈ।

# ਸਿੱਖ ਭਾਈਚਾਰੇ ਨੂੰ ਯੂਨੀਅਨ ਸਿਟੀ ਦੀ 50ਵੀਂ ਵਰ੍ਹੇਗੰਢ ਦੇ ਜਸ਼ਨਾਂ 'ਚ ਸ਼ਾਮਲ ਹੋਣ ਦੀ ਅਪੀਲ

**ਯੂਨੀਅਨ ਸਿਟੀ:** ਯੂਬਾ ਸਿਟੀ ਤੋਂ ਬਾਅਦ ਯੂਨੀਅਨ ਸਿਟੀ ਕੈਲੀਫੋਰਨੀਆ ਦਾ ਦੂਜਾ ਸ਼ਹਿਰ ਹੈ, ਜਿਸ ਵਿਚ ਪੰਜਾਬੀਆਂ, ਸਿੱਖਾਂ ਦੀ ਸੰਘਣੀ ਵਸੋਂ ਹੈ ਅਤੇ ਇਥੋਂ ਦੇ ਹਾਈ ਸਕੂਲ ਵਿਚ ਵੀ ਯੂਬਾ ਸਿਟੀ ਵਾਂਗ ਹੀ ਪੰਜਾਬੀ ਵਿਸ਼ਾ ਇਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾ ਰਿਹਾ ਹੈ।

ਇਹ ਸ਼ਹਿਰ 1959 ਵਿਚ ਹੋਂਦ ਵਿਚ ਆਇਆ, ਜਿਸ ਦੀ 50ਵੀਂ ਵਰ੍ਹੇਗੰਢ ਦੇ ਸਬੰਧ ਵਿਚ ਸ਼ਹਿਰ ਵਿਚ ਕਈ ਸਾਂਝੇ ਪ੍ਰੋਗਰਾਮ ਮਨਾਏ ਜਾ ਰਹੇ ਹਨ। ਇਸੇ ਲੜੀ ਤਹਿਤ ਹੀ ਆਉਂਦੇ ਸਨਿਚਰਵਾਰ 27 ਜੂਨ ਨੂੰ ਸ਼ਹਿਰ ਦੇ ਕੈਨੇਡੀ ਪਾਰਕ ਵਿਚ, ਜੋ ਕਿ ਲੋਗਨ ਹਾਈ ਸਕੂਲ ਦੇ ਨਾਲ ਅਤੇ ਯੂਨੀਅਨ ਸਿਟੀ ਬਾਰਟ ਸਟੇਸ਼ਨ ਦੇ ਕੋਲ ਡਕੋਟੋ ਰੋਡ 'ਤੇ ਸਥਿਤ ਹੈ, ਵਿਚ ਬਹੁਤ ਹੀ ਸ਼ਾਨਦਾਰ ਪ੍ਰੋਗਰਾਮ ਹੋਣ ਜਾ ਰਿਹਾ ਹੈ।

ਇਹ ਪ੍ਰੋਗਰਾਮ ਸਵੇਰੇ 10 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ 6 ਵਜੇ ਤੱਕ ਚੱਲੇਗਾ। ਇਸ ਵਿਚ ਵੱਖ-ਵੱਖ ਭਾਈਚਾਰਿਆਂ ਅਤੇ ਧਰਮਾਂ ਦੇ ਪਤਵੰਤੇ ਭਾਗ ਲੈਣਗੇ। ਇਸ ਦਾ ਦਾਖਲਾ ਮੁਫਤ ਹੈ। ਪ੍ਰੋਗਰਾਮ ਵਿਚ ਬੱਚਿਆਂ ਲਈ ਖੇਡਾਂ, ਖਾਣਾ ਅਤੇ ਜਾਣਕਾਰੀ ਬੂਥਾਂ ਦੇ ਨਾਲ-ਨਾਲ ਸਟੇਜ 'ਤੇ ਵੱਖ-ਵੱਖ ਧਰਮਾਂ ਵਲੋਂ ਆਪਣੇ ਪ੍ਰੋਗਰਾਮ ਵੀ ਪੇਸ਼ ਕੀਤੇ ਜਾਣਗੇ। ਇਸ ਵਿਚ ਸ਼ਹਿਰ ਦਾ ਮੇਅਰ, ਕੌਂਸਲ ਮੈਂਬਰ, ਵੱਖ-ਵੱਖ ਚਰਚਾਂ/ਗਿਰਜਾਘਰਾਂ/ਮੰਦਰਾਂ/ਮਸੀਤਾਂ ਦੇ ਮੁਖੀ ਵੀ ਸ਼ਾਮਲ ਹੋਣ ਜਾ ਰਹੇ ਹਨ। ਸਿੱਖ ਧਰਮ ਵਲੋਂ ਵੀ ਕੀਰਤਨ, ਸਪੀਚਾਂ ਅਤੇ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

ਗੁਰਦੁਆਰਾ ਫਰੀਮਾਂਟ ਦੀ ਸਾਬਕਾ ਮੀਤ ਪ੍ਰਧਾਨ ਬੀਬੀ ਸਰਬਜੀਤ ਕੌਰ ਚੀਮਾ ਨੇ ਸਿੱਖ ਭਾਈਚਾਰੇ ਨੂੰ ਇਸ ਸਮਾਗਮ ਵਿਚ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਅਜਿਹੇ ਪ੍ਰੋਗਰਾਮਾਂ ਰਾਹੀਂ ਅਸੀਂ ਆਪਣੇ ਵਿਰਸੇ, ਧਰਮ ਅਤੇ ਪਛਾਣ ਦੀ ਥਾਂ ਬਣਾ ਸਕਦੇ ਹਾਂ। ਉਨ੍ਹਾਂ ਸਭਨਾਂ ਨੂੰ ਕੇਸਰੀ ਦਸਤਾਰਾਂ ਸਜਾ ਕੇ ਇਸ ਪ੍ਰੋਗਰਾਮ ਵਿਚ ਆਉਣ ਲਈ ਵੀ ਕਿਹਾ। ਬਾਰਟ ਦੇ ਨਾਲ ਫਰੀ ਪਾਰਕਿੰਗ ਵੀ ਮੌਜੂਦ ਹੈ।

# ਸੁੱਚਾ ਸਿੰਘ ਲੰਗਾਹ ਵਲੋਂ ਅਟਾਰਨੀ ਜਸਪ੍ਰੀਤ ਸਿੰਘ ਦੀ ਪ੍ਰਸ਼ੰਸਾ

**ਨਿਊ ਯਾਰਕ:** ਅਮਰੀਕਾ ਦੇ ਦੌਰੇ ਉਤੇ ਆਏ ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਸੁੱਚਾ ਸਿੰਘ ਲੰਗਾਹ ਨੇ ਉਘੇ ਵਕੀਲ ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਇਸ ਗੱਲ ਉਤੇ ਤਸੱਲੀ ਪ੍ਰਗਟ ਕੀਤੀ ਕਿ ਜਸਪ੍ਰੀਤ ਸਿੰਘ ਨੇ ਪਿਛਲੇ 10 ਸਾਲਾਂ ਦੌਰਾਨ ਅਮਰੀਕਾ ਵਿਚ ਰਹਿੰਦੇ ਪੰਜਾਬੀਆਂ ਦੀ ਆਪਣੀ ਵਕਾਲਤ ਅਤੇ ਆਪਣੀਆਂ ਸਮਾਜਕ 'ਗੁਰੂ ਮਾਨਿਓ ਗ੍ਰੰਥ' ਨਾਟਕ ਖੇਡ ਕੇ ਅਤੇ ਹੁਣ ਇਸ ਨਾਟਕ ਉਤੇ ਫਿਲਮ ਦਾ ਪ੍ਰਾਜੈਕਟ ਅਰੰਭ ਕੇ ਸ੍ਰੀ ਜਸਪ੍ਰੀਤ ਸਿੰਘ ਨੇ ਆਪਣੀਆਂ ਸਾਹਿਤਕ ਰੁਚੀਆਂ ਦਾ ਵੀ ਇਜ਼ਹਾਰ ਕੀਤਾ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਇਸ ਦੌਰੇ ਦਾ ਮਨੋਰਥ ਪੰਜਾਬ ਦੇ ਕਿਸਾਨਾਂ ਲਈ ਕਣਕ ਅਤੇ ਝੋਨੇ ਤੋਂ ਇਲਾਵਾ ਨਿੰਬੂ ਜਾਤੀ ਦੇ ਬਾਗਾਂ ਦਾ ਰਾਹ ਖੋਲ੍ਹਣ ਵਾਸਤੇ ਆਧਾਰ ਤਿਆਰ ਕਰਨਾ ਹੈ।



ਸਰਗਰਮੀਆਂ ਨਾਲ ਭਰਪੂਰ ਸੇਵਾ ਕੀਤੀ ਹੈ। ਸ੍ਰੀ ਲੰਗਾਹ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਜਾਣ ਕੇ ਹੋਰ ਵੀ ਤਸੱਲੀ ਹੋਈ ਹੈ ਕਿ ਸ੍ਰੀ ਜਸਪ੍ਰੀਤ ਸਿੰਘ ਲੋੜਵੰਦਾਂ ਨੂੰ ਕਾਨੂੰਨੀ ਸਲਾਹ ਮੁਫਤ ਦਿੰਦੇ ਹਨ ਅਤੇ ਹੁਣ ਤੱਕ ਬਹੁਤ ਸਾਰੇ ਵਿਅਕਤੀਆਂ ਨੂੰ ਅਮਰੀਕਾ ਵਿਚ ਪੱਕਾ ਕਰਵਾ ਚੁੱਕੇ ਹਨ। ਉਨ੍ਹਾਂ ਆਖਿਆ ਕਿ ਪੰਜਾਬ ਤੋਂ ਨਵੇਂ ਆਏ ਲੋਕਾਂ ਨੂੰ ਸਹੀ ਕਾਨੂੰਨੀ ਸਲਾਹ ਅਤੇ ਮਦਦ ਦੀ ਲੋੜ ਹੁੰਦੀ ਹੈ। ਸ੍ਰੀ ਜਸਪ੍ਰੀਤ ਸਿੰਘ ਇਨ੍ਹਾਂ ਲੋੜਵੰਦ ਵਿਅਕਤੀਆਂ ਦੀ ਮਦਦ ਕਰਦੇ ਹਨ। ਉਨ੍ਹਾਂ ਆਖਿਆ ਕਿ ਇਹ ਵੀ ਚੰਗੀ ਗੱਲ ਹੈ ਕਿ ਸ੍ਰੀ ਜਸਪ੍ਰੀਤ ਸਿੰਘ ਦੇ ਦਫਤਰ ਨਿਊ ਯਾਰਕ ਤੋਂ ਇਲਾਵਾ ਕੈਲੇਫੋਰਨੀਆ ਵਿਚ ਵੀ ਹਨ।

ਇਥੇ ਸ੍ਰੀ ਜਸਪ੍ਰੀਤ ਸਿੰਘ ਦੇ ਦਫਤਰ ਵਿਚ ਕੁਝ ਚੋਣਵੇਂ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਪੰਜਾਬ ਤੋਂ ਆਏ ਮੰਤਰੀ ਨੇ ਆਖਿਆ ਕਿ ਪਹਿਲਾਂ ਸ਼ਾਮ ਦੇ ਸਮੇਂ ਮੰਤਰੀ ਦੇ ਸਨਮਾਨ ਵਿਚ ਰਾਤ ਦੇ ਖਾਣੇ ਦੀ ਦਾਅਵਤ ਮਹਿਫਲ ਰੈਸਟੋਰੈਂਟ ਵਿਚ ਕੀਤੀ ਗਈ।

ਇਸ ਮੌਕੇ ਹਾਜ਼ਰ ਸੱਜਣਾਂ ਵਿਚ ਸ. ਜਸਪ੍ਰੀਤ ਸਿੰਘ ਤੋਂ ਇਲਾਵਾ ਜਗੀਰ ਸਿੰਘ, ਅਸ਼ੋਕ ਕੁਮਾਰ, ਚਰਨਜੀਤ ਸਿੰਘ ਚੰਨੀ, ਹਾਕਮ ਸਿੰਘ ਗਰੇਵਾਲ, ਅਮਨਦੀਪ ਸਿੰਘ, ਭੁਪਿੰਦਰ ਬੋਪਾਰਾਏ, ਸਰਦੂਲ ਸਿੰਘ, ਸੁਖਦੇਵ ਸਿੰਘ, ਕੁਲਵੀਰ ਸਿੰਘ, ਗੁਰਭੇਜ ਸਿੰਘ ਵੜੈਚ, ਰਘਬੀਰ ਸਿੰਘ ਗਿਲਜ਼ੀਆਂ, ਨਰਿੰਦਰਪਾਲ ਸਿੰਘ ਬਰਾੜ, ਗੁਰਦੇਵ ਸਿੰਘ ਕੰਗ, ਬਲਦੇਵ ਸਿੰਘ ਗਰੇਵਾਲ, ਹਿੰਮਤ ਸਿੰਘ ਸਰਪੰਚ, ਰਘਵੀਰ ਸਿੰਘ ਸੁਭਾਨਪੁਰ, ਮਨਜੀਤ ਸਿੰਘ ਦਸੂਹਾ, ਹਰਵਿੰਦਰ ਸਿੰਘ ਰਿਆੜ, ਰਾਹੁਲ ਬਜਾਜ, ਕੁਲਵੰਤ ਸਿੰਘ ਸ਼ਾਹੀ, ਮੋਹਨ ਸਿੰਘ ਖੱਟੜਾ, ਹਰਦੀਪ ਸਿੰਘ ਅਮਨਟੈਲ ਅਤੇ ਅਮਰੀਕ ਸਿੰਘ ਸ਼ਾਮਲ ਸਨ।

# ਸਿੱਖ ਬਾਰੇ ਅਦਾਲਤ ਦਾ ਫੈਸਲਾ ਇਕ ਯਾਦਗਾਰੀ ਦਸਤਾਵੇਜ਼

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਗੁਰਲੀਨ ਕੌਰ ਵਗੈਰਾ ਬਨਾਮ ਪੰਜਾਬ ਸਰਕਾਰ ਕੇਸ ਨੰਬਰ ਸੀ.ਡਬਲਿਊ.ਪੀ. ਨੰਬਰ 14859/2008 ਨਾਂ ਦੇ ਮੁਕੱਦਮੇ ਵਿਚ 154 ਸਫਿਆਂ ਦਾ ਦਿੱਤਾ ਗਿਆ ਫੈਸਲਾ ਵਿਸ਼ਵ ਭਰ ਵਿਚ ਵੱਸਦੇ ਸਿੱਖਾਂ ਲਈ ਇਕ ਇਤਿਹਾਸਕ ਫੈਸਲਾ ਹੈ।

ਬਿਨਾ ਸ਼ੱਕ ਇਹ ਮਾਮਲਾ ਭਾਵੇਂ ਇਕ ਬੁਨਿਆਦੀ ਮਸਲਾ ਸੀ। ਸ਼ੁਰੂ ਤੋਂ ਹੀ ਇਸ ਨੂੰ ਬੜੀ ਬੇਧਿਆਨੀ ਨਾਲ ਲਿਆ ਗਿਆ ਅਤੇ ਇਹ ਮਾਮਲਾ ਵਿਸ਼ਵ ਭਰ ਵਿਚ ਹਰ ਸਿੱਖ ਘਰ ਅੰਦਰ ਵਿਚਾਰ ਚਰਚਾ ਦਾ ਇਕ ਅਹਿਮ ਮੁੱਦਾ ਬਣ ਗਿਆ ਸੀ। ਦਰਅਸਲ ਨਵੀਂ ਪੀੜ੍ਹੀ ਖੁੱਲ੍ਹੇ ਵਿਰੋਧ 'ਤੇ ਉਤਰ ਆਈ ਹੈ ਅਤੇ ਸਿੱਖ ਧਾਰਮਕ ਲੀਡਰਸ਼ਿਪ, ਜਥੇਦਾਰ, ਵਿਦਵਾਨ ਅਤੇ ਮਾਪੇ ਸਭਨਾਂ ਨੇ ਹੀ ਕਰੀਬ ਕਰੀਬ ਆਪਣੀ ਹਾਰ ਮੰਨ ਲਈ ਸੀ। ਸਾਡੇ ਆਪਣੇ ਬੱਚਿਆਂ ਵਿਚੋਂ ਹੀ ਇਕ ਬੀਬੀ ਗੁਰਲੀਨ ਕੌਰ ਇਸ ਮਾਮਲੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਲੈ ਗਈ ਅਤੇ ਇਸ ਮਾਮਲੇ ਦਾ ਇਕ ਪ੍ਰਤੀਕ ਬਣ ਗਈ। ਬੁਨਿਆਦੀ ਸਵਾਲ ਇਹ ਸੀ ਕਿ ਕੀ ਰੋਮਾਂ ਦੀ ਬੇਅਦਬੀ ਕਰਨ ਵਾਲਾ ਕੋਈ ਸ਼ਖਸ ਸਿੱਖ ਹੋਣ ਦਾ ਦਾਅਵਾ ਕਰ ਸਕਦਾ ਹੈ? ਗੁਰਲੀਨ ਨੂੰ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਸਿੱਖਾਂ ਲਈ ਰਾਖਵੇਂ ਕੋਟੇ ਵਿਚ ਦਾਖਲਾ ਦੇਣ ਤੋਂ ਇਸ ਬਿਨ੍ਹਾ ਉਤੇ ਨਾਂਹ ਕਰ ਦਿੱਤੀ ਗਈ ਸੀ ਕਿ ਉਹ ਆਪਣੇ ਭਰਵੱਟੇ ਬਣਾਉਂਦੀ ਹੈ। ਕੁਦਰਤੀ ਸੀ ਕਿ ਇਸ ਮਾਮਲੇ ਵਿਚ ਕਈ ਧਿਰਾਂ ਰਲ ਗਈਆਂ ਜਿਨ੍ਹਾਂ ਵਿਚੋਂ ਕੁਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ, ਇੰਟਰਨੈਸ਼ਨਲ ਸਹਿਜਧਾਰੀ ਐਸੋਸੀਏਸ਼ਨ ਅਤੇ ਭਾਂਤ-ਸੁਭਾਂਤੇ ਸੰਤ ਅਤੇ ਡੇਰੇਦਾਰ, ਕੁਝ ਸਿਆਸੀ ਪਾਰਟੀਆਂ ਵੀ ਸ਼ਾਮਲ ਸਨ।

ਇਸ ਮਾਮਲੇ ਦੀ ਅਹਿਮੀਅਤ ਦੀ ਜ਼ਰਾ ਕੁ ਕਲਪਨਾ ਕਰੋ। ਜੇ ਮੁਕੱਦਮੇ ਦਾ ਫੈਸਲਾ ਇਸ ਦੇ ਉਲਟ ਆਉਂਦਾ ਤਾਂ ਦੁਨੀਆਂ ਭਰ ਵਿਚ ਸਿੱਖ, ਜੋ ਕਿ ਆਪਣੇ ਕੇਸਾਂ ਅਤੇ ਦਸਤਾਰਾਂ ਲਈ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਕਈ ਹੋਰ ਦੇਸ਼ਾਂ ਵਿਚ ਮੁਕੱਦਮੇ ਲੜ ਰਹੇ ਹਨ ਜਾਂ ਸਕਿਉਰਿਟੀ ਨੇਮਾਂ, ਨੌਕਰੀਆਂ ਦੇ ਵਿਤਕਰੇ, ਨਫਰਤੀ ਹਿੰਸਾ ਅਤੇ ਇਥੋਂ ਤੱਕ ਕੇ ਫਰਾਂਸ ਵਿਚ ਸਕੂਲਾਂ ਵਿਚ ਬੱਚਿਆਂ ਲਈ ਦਸਤਾਰਾਂ ਦੀ ਲੜਾਈ ਲੜ ਰਹੇ ਹਨ, ਉਨ੍ਹਾਂ ਲਈ ਇਹ ਲੜਾਈ ਬੇਮਾਇਨੀ ਹੋ ਕੇ ਰਹਿ ਜਾਣੀ ਸੀ।

ਸਭ ਤੋਂ ਭੈੜੀ ਕਾਰਗੁਜ਼ਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਕੀਲਾਂ ਦੀ ਸੀ। ਹਾਈ ਕੋਰਟ ਦੇ ਮਾਣਯੋਗ ਜੱਜਾਂ ਨੂੰ ਤਾਂ ਇਹ ਭਾਰ ਵੀ ਪਾਉਣੀ ਪਈ ਕਿ ਇਹ ਵਕੀਲ ਤਿਆਰੀ ਕਰਕੇ ਹੀ ਨਹੀਂ ਸਨ ਆਏ। ਮਾਣਯੋਗ ਅਦਾਲਤ ਨੇ ਪੂਰੀ ਜ਼ਿੰਮੇਵਾਰੀ ਤੋਂ ਕੰਮ ਲੈਂਦਿਆਂ ਸਿੱਖ ਵਿਦਵਾਨਾਂ, ਗ੍ਰੰਥੀਆਂ ਅਤੇ ਪ੍ਰਚਾਰਕਾਂ ਨੂੰ ਸਲਾਹ ਲਈ ਬੁਲਾਇਆ। ਜੱਜਾਂ ਨੇ ਹੱਕ ਬਜਾਨਬ ਹੀ ਯੂਨੀਅਨ ਟੈਰੇਟਰੀ ਚੰਡੀਗੜ੍ਹ ਦੇ ਸੀਨੀਅਰ ਸਟੈਂਡਿੰਗ ਵਕੀਲ ਅਨੁਪਮ ਗੁਪਤਾ ਦੇ ਯੋਗਦਾਨ ਦੀ ਸਰਾਹਨਾ ਕੀਤੀ ਹੈ। ਸ੍ਰੀ ਗੁਪਤਾ ਨੇ ਅਣਥੱਕ ਮਿਹਨਤ ਕਰਕੇ ਮੈਕਾਲਿਫ ਤੋਂ ਲੈ ਕੇ ਮੈਕਲੋਡ ਤੱਕ ਇਤਿਹਾਸਕ ਪੁਸਤਕਾਂ ਦੀ ਖੋਜਬੀਨ ਕੀਤੀ, ਪੁਰਾਣੇ ਇਤਿਹਾਸਕ ਰਹਿਤਨਾਮਿਆਂ ਅਤੇ ਸ਼੍ਰੋਮਣੀ ਕਮੇਟੀ ਵਲੋਂ ਬਣਾਏ ਗਏ ਮੌਜੂਦਾ ਰਹਿਤਨਾਮੇ, ਪੰਜਾਬ ਗੁਰਦੁਆਰਾ ਕਾਨੂੰਨ ਅਤੇ ਇਸ ਵਿਚ ਹੋਈਆਂ ਸੋਧਾਂ, ਦਿੱਲੀ ਗੁਰਦੁਆਰਾ ਐਕਟ, ਸਿੱਖ ਅਰਦਾਸ ਇਥੋਂ ਤੱਕ ਕੇ ਖਾਸ ਹਵਾਲਿਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀ ਅਧਿਅਨ ਕੀਤਾ। ਇਸ ਤਰ੍ਹਾਂ ਦਾ ਬਹੁਪਸਾਰੀ ਅਧਿਅਨ ਕਰਨ ਲਈ ਹਾਈ ਕੋਰਟ ਦੀ ਤਾਰੀਫ ਕਰਨੀ ਬਣਦੀ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਹਰ ਤਰ੍ਹਾਂ ਦੇ ਲੋਕਾਂ ਵਲੋਂ ਸਿੱਧਾ ਅਤੇ ਅਸਿੱਧਾ ਦਬਾਓ ਪਾਇਆ ਜਾ ਰਿਹਾ ਸੀ। ਜੱਜਾਂ ਨੇ ਘੱਟੋ ਘੱਟ ਇਸ ਮੁੱਦੇ ਪਿਛੇ ਵਿਸ਼ਵ ਭਰ ਵਿਚ ਕੰਮ ਕਰਦੇ ਬੇਪਨਾਹ ਜਜ਼ਬਾਤ ਨੂੰ ਸਾਹਮਣੇ ਰੱਖਿਆ ਹੈ। ਇਸ ਮਾਮਲੇ ਵਿਚ ਮੁੱਦੇ ਬਹੁਤ ਸਾਰੇ ਬਣ ਗਏ ਸਨ ਅਤੇ ਅਦਾਲਤ ਨੇ ਨਾ ਸਿਰਫ ਭਾਰਤ ਵਿਚ ਹੀ ਵੱਖ ਵੱਖ ਅਦਾਲਤਾਂ ਵਿਚ ਦਿੱਤੇ ਗਏ ਫੈਸਲਿਆਂ ਨੂੰ ਸਾਹਮਣੇ ਰੱਖਿਆ ਸਗੋਂ ਕੋਸੋਵੋ ਅਤੇ ਫਿਲੀਪੀਨਜ਼ ਵਿਚ ਆਏ ਫੈਸਲਿਆਂ ਨੂੰ ਵੀ ਸਾਹਮਣੇ ਰੱਖਿਆ।

154 ਸਫਿਆਂ ਦਾ ਇਹ ਫੈਸਲਾ ਇਕ ਯਾਦਗਾਰੀ ਦਸਤਾਵੇਜ਼ ਹੈ। ਸਿੱਖਾਂ ਲਈ ਇਕ ਇਤਿਹਾਸਕ ਫੈਸਲਾ ਹੋਣ ਤੋਂ ਇਲਾਵਾ ਇਹ ਯਾਦਗਾਰੀ ਕਾਨੂੰਨੀ ਦਸਤਾਵੇਜ਼ ਵੀ ਹੈ ਜਿਸ ਤੋਂ ਭਾਰਤੀ ਨਿਆਂ ਪ੍ਰਣਾਲੀ ਦੇ ਉਚੇ ਮਿਆਰਾਂ ਦਾ ਸਬੂਤ ਮਿਲਦਾ ਹੈ।

ਕੀ ਇਹ ਬਦਕਿਸਮਤੀ ਦੀ ਗੱਲ ਨਹੀਂ ਕਿ ਸਿੱਖਾਂ ਅਤੇ ਉਨ੍ਹਾਂ ਦੇ ਅਖਬਾਰਾਂ ਨੇ ਇਸ ਇਤਿਹਾਸਕ ਫੈਸਲੇ ਦੇ ਦੂਰਪ੍ਰਭਾਵੀ ਨਤੀਜਿਆਂ ਨੂੰ ਪਛਾਣਿਆ ਹੀ ਨਹੀਂ? ਕਿਸੇ ਇਕ ਵੀ ਅਖਬਾਰ ਨੇ ਇਸ ਮਾਮਲੇ 'ਤੇ ਵਿਸ਼ੇਸ਼ ਅੰਕ ਨਹੀਂ ਕੱਢਿਆ ਅਤੇ ਨਾ ਹੀ ਪਹਿਲੇ ਪੰਨੇ ਉਤੇ ਮੋਟੀ ਸੁਰਖੀ ਨਾਲ ਇਹ ਖਬਰ ਹੀ ਛਾਪੀ। ਮੈਂ ਬੜੀ ਹੀ ਨਿਮਰਤਾ ਨਾਲ ਸਿੱਖਾਂ ਨੂੰ ਦੋ ਬੇਨਤੀਆਂ ਕਰਨੀਆਂ ਚਾਹਾਂਗਾ:

ਵਿਸ਼ਵ ਭਰ ਵਿਚ ਹਰ ਸਿੱਖ ਪਰਿਵਾਰ, ਹਰ ਸਿੱਖ ਗੁਰਦੁਆਰਾ/ਲਾਇਬਰੇਰੀ, ਸੰਸਥਾ ਇਸ ਇਤਿਹਾਸਕ ਦਸਤਾਵੇਜ਼ ਦੀ ਘੱਟੋ ਘੱਟ ਇਕ ਨਕਲ ਜਿਲਦ ਬਣਾ ਕੇ ਆਪਣੇ ਕੋਲ ਰੱਖੇ ਕਿਉਂਕਿ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸਹੀ ਜਵਾਬ ਦੇਣ ਵਿਚ ਬੁਰੀ ਤਰ੍ਹਾਂ ਅਸਫਲ ਰਹੇ ਹਾਂ, ਉਨ੍ਹਾਂ ਨੂੰ ਆਪਣੇ ਆਪ ਇਸ ਸਵਾਲ ਦਾ ਜਵਾਬ ਲੱਭਣ ਦਾ ਮੌਕਾ ਦਈਏ।

ਸਿੱਖਾਂ ਨੂੰ ਫੌਰੀ ਤੌਰ ਉਤੇ ਸਿੱਖਾਂ ਨੂੰ ਦਰਪੇਸ਼ ਅਜਿਹੇ ਅਹਿਮ ਅਤੇ ਜਟਿਲ ਮੁੱਦਿਆਂ ਪ੍ਰਤੀ ਸਹੀ ਪਹੁੰਚ ਅਪਨਾਉਣ ਲਈ ਬੁੱਧੀਜੀਵੀਆਂ ਦਾ ਇਕ ਥਿੰਕਟੈਂਕ ਬਣਾਉਣ ਦੀ ਲੋੜ ਹੈ ਜੋ ਕਿ ਦਸਤਾਵੇਜ਼ਾਂ ਦੀ ਪੂਰੀ ਪੁਣਛਾਣ ਕਰਕੇ, ਹਰ ਗੱਲ ਵਿਚਾਰ ਕੇ ਸਹੀ ਜਵਾਬ ਸਾਹਮਣੇ ਲਿਆਵੇ। ਦੁਨੀਆਂ ਬੜੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਬਦਕਿਸਮਤੀ ਇਹ ਹੈ ਕਿ ਅਸੀਂ ਅਕਾਦਮਿਕ ਵਸੀਲਿਆਂ ਉਤੇ ਬਹੁਤ ਘੱਟ ਖਰਚ ਕਰ ਰਹੇ ਹਾਂ ਅਤੇ ਆਪਣੇ ਭਵਿੱਖ ਉਤੇ ਤਾਂ ਉਕਾ ਹੀ ਨਹੀਂ। ਸਾਡੀ ਸਾਰੀ ਬੌਧਿਕ ਪੂੰਜੀ ਮੁੜ ਮੁੜ ਹੋਏ-ਬੀਤੇ ਉਤੇ ਵਿਚਾਰ ਕਰਨ ਉਤੇ ਖਰਚ ਹੋਈ ਜਾ ਰਹੀ ਹੈ।

*-ਜਸਵੀਰ ਸਿੰਘ ਸੇਠੀ, ਹਿਊਸਟਨ*






***ਇਸ ਫੈਸਲੇ ਦੀ ਨਕਲ ਪੰਜਾਬ ਟਾਈਮਜ਼ ਦੀ ਵੈਬ ਸਾਈਟ ਤੋਂ ਵੀ ਲਈ ਜਾ ਸਕਦੀ ਹੈ***

*www.punjabtimesusa.com*

# ਸ੍ਰੀ ਗੁਰੂ ਰਵੀਦਾਸ ਸਭਾ ਵਲੋਂ ਸੰਤ ਰਾਮਾ ਨੰਦ ਨੂੰ ਨਿੱਘੀਆਂ ਸ਼ਰਧਾਂਜਲੀਆਂ

**ਨਿਊਵਾਰਕ, ਕੈਲੇਫੋਰਨੀਆ:** ਸ੍ਰੀ ਗੁਰੂ ਰਵਿਦਾਸ ਸਭਾ ਵਲੋਂ ਲੰਘੇ ਐਤਵਾਰ ਨਿਊਵਾਰਕ ਪਵੇਲੀਅਨ ਨਿਊਵਾਰਕ ਵਿਚ ਸੱਚ ਖੰਡ ਬੱਲਾਂ ਵਾਲੇ ਸੰਤ ਰਾਮਾ ਨੰਦ ਜੀ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ ਜਿਸ ਵਿਚ ਨਾਰਥ ਕੈਲੀਫੋਰਨੀਆ ਦੀ ਸੰਗਤਾਂ ਨੇ ਭਾਗ ਲਿਆ ਅਤੇ ਆਪਣੇ ਧਾਰਮਿਕ ਆਗੂ ਨੂੰ ਭਾਵ-ਅਗਵਾਈ ਕਰੇਗੀ। ਬੁਲਾਰਿਆਂ ਨੇ ਸੰਤ ਰਾਮਾ ਨੰਦ ਦੇ ਕਤਲ ਬਾਰੇ ਕਿਹਾ ਕਿ ਇਹ ਸਾਰਾ ਕਾਰਾ ਮੰਨੂਵਾਦੀ ਸ਼ਕਤੀਆਂ ਦਾ ਹੀ ਹੈ।

ਸਮਾਗਮ ਵਿਚ ਬੁਲਾਰੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨੂੰ ਛੱਡਿਆ ਜਾਵੇ ਅਤੇ ਸੰਤਾਂ ਦੇ ਕਾਤਿਲਾਂ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਵੀ ਮੰਗ

ਭਿਨੀਆਂ ਸ਼ਰਧਾਂਜਲੀਆਂ ਦਿੱਤੀਆਂ। ਇਸ ਮੌਕੇ ਸ੍ਰੀ ਕੁਲਵਿੰਦਰ ਮਾਹੀ, ਡਾ ਹਰਮੇਸ਼, ਬਲਬੀਰ ਸਿੰਘ ਸ਼ੀਮਾਰ, ਰਾਮ ਮੂਰਤੀ, ਬਲਦੇਵ ਸੁੰਮਨ, ਕੇਵਲ ਬੋਲੀਨਾ, ਹੰਸ ਰਾਜ ਕਾਜਲਾ, ਬਲਬੀਰ ਬਿੰਦ ਅਤੇ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਦੇ ਪ੍ਰਧਾਨ ਚੰਦਰ ਮੋਹਨ ਨੇ ਸੰਤ ਰਾਮਾ ਨੰਦ ਜੀ ਦੇ ਜੀਵਨ ਉਤੇ ਚਾਨਣਾ ਪਾਇਆ। ਬੁਲਾਰਿਆਂ ਨੇ ਆਖਿਆ ਕਿ ਸੰਤ ਰਾਮਾਨੰਦ ਜੀ ਨੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਦੀ ਸੇਵਾ ਕੀਤੀ। ਉਨ੍ਹਾਂ ਕਿਹਾ ਕਿ ਸੰਤ ਰਾਮਾ ਨੰਦ ਜੀ ਸਾਰੀ ਦਲਿਤ ਕੌਮ ਨੂੰ ਇਕ ਨਵੀਂ ਸੇਧ ਅਤੇ ਸੋਚਦੇ ਗਏ ਹਨ ਅਤੇ ਇਹ ਸੋਚ ਹੀ ਸਾਰੀ ਕੌਮ ਦੀ ਕੀਤੀ ਗਈ ਹੈ। ਸਭਾ ਦੇ ਪ੍ਰਧਾਨ ਸ੍ਰੀ ਚੰਦਰ ਮੋਹਨ ਨੇ ਕੌਮ ਨੂੰ ਇੱਕਮੁਠ ਹੋਣ ਦਾ ਸੱਦਾ ਦਿਤਾ ਅਤੇ ਆਖਿਆ ਕਿ ਸ਼ਰਾਰਤੀ ਅਨਸਰ ਹੀ ਸਿੱਖੀ ਨੂੰ ਢਾਹ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਜਾਤ-ਪਾਤ ਦਾ ਮੂਲੋਂ ਹੀ ਵਿਰੋਧ ਹੈ। ਉਨ੍ਹਾਂ ਆਖਿਆ ਕਿ ਮੰਨੂਵਾਦੀ ਤਾਕਤਾਂ ਹੀ ਜਾਤ ਪਾਤ ਦਾ ਬਿਖੇੜਾ ਖੜ੍ਹਾ ਕੇ ਭਾਈਚਾਰਿਆਂ ਵਿਚ ਵੰਡੀਆਂ ਪੁਆ ਰਹੀਆਂ ਹਨ। ਸ੍ਰੀ ਚੰਦਰ ਮੋਹਨ ਨੇ ਜਾਤੀਵਾਦ ਦੀ ਲਾਹਨਤ ਨੂੰ ਦੂਰ ਕਰਕੇ ਆਪਣੀ ਸਦਭਾਵਨਾ ਨਾਲ ਰਹਿਣ ਦੀ ਅਪੀਲ ਵੀ ਕੀਤੀ। ਰਣਧੀਰ ਸਿੰਘ ਸੁਮਨ ਨੇ ਸਟੇਜ ਦੀ ਸੇਵਾ ਬਖੂਬੀ ਨਿਭਾਈ। ਗੁਰੂ ਦਾ ਅਟੁੱਟ ਲੰਗਰ ਵੀ ਵਰਤਿਆ।

# ਕੇਂਦਰ ਨੇ ਮਾਓਵਾਦੀਆਂ ਨੂੰ ਦਹਿਸ਼ਤਗਰਦ ਜਥੇਬੰਦੀਆਂ 'ਚ ਸ਼ਾਮਲ ਕੀਤਾ, ਮਾਰਕਸੀਆਂ ਨੂੰ ਵੀ ਅਜਿਹਾ ਕਰਨ ਦੀ ਸਲਾਹ


## ਮਾਓਵਾਦੀਆਂ ਨੂੰ ਦਹਿਸ਼ਤਗਰਦ ਐਲਾਨਣਾ ਠੀਕ ਨਹੀਂ –ਸੀ.ਪੀ.ਆਈ. ਤੇ ਸੀ.ਪੀ.ਐਮ.

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ :** ਵੱਖ-ਵੱਖ ਸੂਬਿਆਂ ਅੰਦਰ ਮਾਓਵਾਦੀਆਂ ਵਲੋਂ ਮਘਾਏ ਸੰਘਰਸ਼ ਨੂੰ ਅਧਾਰ ਬਣਾਉਦਿਆਂ ਕੇਂਦਰ ਸਰਕਾਰ ਨੇ ਸੀ ਪੀ ਆਈ (ਮਾਓਵਾਦੀ) ਪਾਰਟੀ ਨੂੰ ਗ਼ੈਰ-ਕਾਨੂੰਨੀ ਗਤੀਵਿਧੀ ਰੋਕੂ ਕਾਨੂੰਨ ਤਹਿਤ ਦਹਿਸ਼ਤਗਰਦ ਜਥੇਬੰਦੀ ਐਲਾਨ ਦਿੱਤਾ ਹੈ। ਗ੍ਰਹਿ ਵਿਭਾਗ ਦੇ ਸੂਤਰਾਂ ਅਨੁਸਾਰ ਇਹ ਫ਼ੈਸਲਾ ਇਕ ਉਚ ਪੱਧਰੀ ਮੀਟਿੰਗ 'ਚ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸੀ ਪੀ ਆਈ (ਮਾਓਵਾਦੀ) ਦੇਸ਼ ਦੇ ਮੁੱਖ ਨਕਸਲੀ ਗੁੱਟਾਂ ਦਾ ਸਮੂਹ ਹੈ। ਕੇਂਦਰ ਸਰਕਾਰ ਵਲੋਂ ਇਸ ਪਾਰਟੀ ਨੂੰ ਪਾਬੰਦੀਸ਼ੁਦਾ ਜਥੇਬੰਦੀਆਂ ਦੀ ਸੂਚੀ ਵਿਚ ਰੱਖਿਆ ਗਿਆ ਹੈ।

ਇਸ ਸੂਚੀ ਵਿਚ ਇਸ ਤੋਂ ਪਹਿਲਾਂ ਲਸ਼ਕਰ-ਏ -ਤੋਇਬਾ ਤੇ ਸਿਮੀ ਸਮੇਤ 34 ਹੋਰ ਜਥੇਬੰਦੀਆਂ ਸ਼ਾਮਲ ਹਨ। ਦੂਜੇ ਪਾਸੇ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਸੀ ਪੀ ਆਈ (ਐਮ), ਸੀ ਪੀ ਆਈ ਤੇ ਫਾਰਵਰਡ ਬਲਾਕ ਨੇ ਸਖ਼ਤ ਵਿਰੋਧ ਕੀਤਾ ਹੈ। ਸੀ ਪੀ ਆਈ (ਐਮ) ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਕਿਹਾ ਕਿ ਮਾਓਵਾਦੀਆਂ 'ਤੇ ਪਾਬੰਦੀ ਲਗਾਉਣ ਨਾਲ ਕੋਈ ਵੀ ਉਦੇਸ਼ ਹੱਲ ਨਹੀਂ ਹੋਵੇਗਾ, ਕਿਉਂਕਿ ਕੁਝ ਸੂਬਿਆਂ ਅੰਦਰ ਪਹਿਲਾਂ ਤੋਂ ਹੀ ਮਾਓਵਾਦੀਆਂ ਖ਼ਿਲਾਫ਼ ਪਾਬੰਦੀਆਂ ਲਗਾਉਣ ਦੇ ਬਾਵਜੂਦ ਇਸ ਮਸਲੇ ਦਾ ਕੋਈ ਸਾਰਥਕ ਨਤੀਜਾ ਨਹੀਂ ਨਿਕਲ ਸਕਿਆ।

ਕਾਮਰੇਡ ਕਾਰਤ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਜਥੇਬੰਦੀਆਂ ਨੂੰ ਪਾਬੰਦੀਸ਼ੁਦਾ ਕਰਨਾ ਸਹੀ ਨਹੀਂ ਹੈ, ਸਗੋਂ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਸਿਆਸੀ ਤੇ ਪ੍ਰਸ਼ਾਸਕੀ ਪੱਧਰ 'ਤੇ ਕਾਰਵਾਈ ਕਰਨੀ ਚਾਹੀਦੀ ਹੈ। ਕਾਮਰੇਡ ਕਾਰਤ ਨੇ ਕਿਹਾ ਕਿ ਇਸ ਮਸਲੇ ਦਾ ਸਿਆਸੀ ਹੱਲ ਲੱਭਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਅਸੀਂ ਉਪਰੋਕਤ ਜਥੇਬੰਦੀਆਂ ਨੂੰ ਆਮ ਜਨਤਾ ਤੋਂ ਦੂਰ ਨਹੀਂ ਕਰਦੇ, ਉਦੋਂ ਤੱਕ ਇਸ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਜਥੇਬੰਦੀਆਂ ਨੂੰ ਬਹੁਤੀ ਦੇਰ ਪੁਲਿਸ ਤੇ ਸੁਰੱਖਿਆ ਦਸਤਿਆਂ ਦੀ ਮਦਦ ਨਾਲ ਨਹੀਂ ਦਬਾਇਆ ਜਾ ਸਕਦਾ, ਇਸ ਲਈ ਸਿਆਸੀ ਪੱਧਰ 'ਤੇ ਕਾਰਵਾਈ ਦੀ ਜ਼ਰੂਰਤ ਹੈ। ਕਾਮਰੇਡ ਕਾਰਤ ਨੇ ਕਿਹਾ ਕਿ ਜੇਕਰ ਮਾਓਵਾਦੀਆਂ ਖ਼ਿਲਾਫ਼ ਪਾਬੰਦੀ ਲਗਾ ਵੀ ਦਿੱਤੀ ਜਾਂਦੀ ਹੈ ਤਾਂ ਵੀ ਉਹ ਕਿਸੇ ਹੋਰ ਨਾਂ ਤੋਂ ਕਾਰਵਾਈ ਜਾਰੀ ਰੱਖ ਸਕਦੇ ਹਨ। ਕਾਮਰੇਡ ਕਾਰਤ ਨੇ ਕਿਹਾ ਕਿ ਜੇਕਰ ਸਮੂਹ ਸਿਆਸੀ ਪਾਰਟੀਆਂ ਜਨਤਾ 'ਚ ਜਾ ਕੇ ਮਾਓਵਾਦੀਆਂ ਦੀਆਂ ਕਾਰਵਾਈਆਂ ਦਾ ਖੁਲਾਸਾ ਕਰਨ ਤਾਂ ਦੇਸ਼ ਅੰਦਰ ਇਸ ਲਹਿਰ ਨੂੰ ਨੱਥ ਪਾਈ ਜਾ ਸਕਦੀ ਹੈ। ਕਾਮਰੇਡ ਕਾਰਤ ਨੇ ਮੰਨਿਆ ਕਿ ਮਾਓਵਾਦੀ ਦੇਸ਼ ਅੰਦਰ ਹਿੰਸਾ ਫੈਲਾ ਰਹੇ ਹਨ ਅਤੇ ਉਨ੍ਹਾਂ ਨਾਲ ਪ੍ਰਸ਼ਾਸਨਿਕ ਤਰੀਕਿਆਂ ਰਾਹੀਂ ਨਜਿੱਠਣਾ ਚਾਹੀਦਾ ਹੈ। ਇਸੇ ਤਰ੍ਹਾਂ ਸੀ ਪੀ ਆਈ ਤੇ ਫਾਰਵਰਡ ਬਲਾਕ ਨੇ ਵੀ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੀ ਆਲੋਚਨਾ ਕੀਤੀ ਹੈ। ਦੂਜੇ ਪਾਸੇ ਭਾਜਪਾ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ।



*ਫੌਜੀ ਜਵਾਨ ਮਾਓਵਾਦੀਆਂ ਵਲੋਂ ਸੜਕਾਂ ਰੋਕਣ ਲਈ ਸੁੱਟੇ ਗਏ ਦਰਖ਼ਤਾਂ ਨੂੰ ਹਟਾਉਂਦੇ ਹੋਏ।*

**ਲਾਲਗੜ੍ਹ 'ਚ 22 ਪਿੰਡ ਮੁਕਤ ਕਰਵਾਏ :** ਸੁਰੱਖਿਆ ਬਲਾਂ ਨੇ ਲਾਲਗੜ੍ਹ ਦੇ 42 ਪਿੰਡਾਂ 'ਚੋਂ 22 ਨੂੰ ਮਾਓਵਾਦੀਆਂ ਤੋਂ ਮੁਕਤ ਕਰਵਾ ਲਿਆ ਹੈ। ਇਸੇ ਦੌਰਾਨ ਸੀ ਪੀ ਆਈ (ਐਮ) ਦੇ ਇੱਕ ਵਰਕਰ ਦੀ ਹੱਤਿਆ ਦੇ ਦੋਸ਼ 'ਚ ਇੱਕ ਮਾਓਵਾਦੀ ਆਗੂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਅਨੁਸਾਰ ਜ਼ਿਲ੍ਹਾ ਮੁੱਖ ਦਫ਼ਤਰ ਨੂੰ ਲਾਲਗੜ੍ਹ ਨਾਲ ਜੋੜਨ ਵਾਲੇ ਕੌਮੀ ਰਾਜ ਮਾਰਗ 'ਤੇ ਸੁਰੱਖਿਆ ਬਲਾਂ ਦਾ ਕੰਟਰੋਲ ਹੈ।

ਸੁਰੱਖਿਆ ਬਲਾਂ 'ਚ ਸੀ ਆਰ ਪੀ ਐਫ਼, ਬੀ ਐਸ ਐਫ਼, ਆਈ ਆਰ ਬੀ ਤੋਂ ਇਲਾਵਾ ਰਾਜ ਹਥਿਆਰਬੰਦ ਪੁਲਿਸ ਅਤੇ ਈਸਟਰਨ ਫ਼ਰੰਟੀਅਰ ਰਾਈਫ਼ਲ ਦੇ ਜਵਾਨ ਸ਼ਾਮਲ ਹਨ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਲਾਲਗੜ੍ਹ ਪੁਲਿਸ ਸਟੇਸ਼ਨ ਦੇ ਅਧੀਨ 42 ਪਿੰਡਾਂ 'ਚੋਂ ਜਿਹੜੇ 22 ਪਿੰਡ ਮੁਕਤ ਕਰਵਾਏ ਗਏ ਹਨ ਇਹ ਨਵੰਬਰ ਤੋਂ ਹੀ ਕੰਟਰੋਲ ਤੋਂ ਬਾਹਰ ਸਨ। ਉਨ੍ਹਾਂ ਦੱਸਿਆ ਕਿ ਸੜਕਾਂ ਦੀ ਤਲਾਸ਼ੀ ਜਾਰੀ ਹੈ ਅਤੇ ਲੋਕਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਸੁਰੱਖਿਆ ਬਲਾਂ ਨੇ 18 ਜੂਨ ਨੂੰ ਮਾਓਵਾਦੀਆਂ ਖਿਲਾਫ਼ ਮੁਹਿੰਮ ਆਰੰਭੀ ਸੀ। ਸੁਰੱਖਿਆ ਬਲਾਂ ਦੇ ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਗਸ਼ਤੀ ਦਲ ਨੇ ਪੱਛਮੀ ਮਿਦਨਾਪੁਰ ਜ਼ਿਲ੍ਹੇ ਦੇ ਲਾਲਗੜ੍ਹ ਪੁਲਿਸ ਸਟੇਸ਼ਨ ਤੋਂ ਸਿਰਫ਼ 500 ਮੀਟਰ ਦੀ ਦੂਰੀ 'ਤੇ ਤਾਰ ਅਤੇ ਹੋਰ ਸਾਮਾਨ ਬਰਾਮਦ ਕੀਤਾ ਜਿਨ੍ਹਾਂ ਦੀ ਵਰਤੋਂ ਬਾਰੂਦੀ ਸੁਰੰਗ ਦੇ ਧਮਾਕੇ 'ਚ ਕੀਤੀ ਜਾ ਸਕਦੀ ਸੀ। ਉਨ੍ਹਾਂ ਦੱਸਿਆ ਕਿ ਬਾਰੂਦੀ ਸੁਰੰਗਾਂ ਅਤੇ ਬੰਬਾਂ ਦੀ ਖੋਜ ਜਾਰੀ ਹੈ।

ਯਾਦ ਰਹੇ ਲੰਘੀ 17 ਜੂਨ ਨੂੰ ਕਬਾਇਲੀਆਂ ਨੇ ਸੀ.ਪੀ.ਐਮ ਦੇ ਲਾਲਗੜ੍ਹ ਤੇ ਬੇਲਾਟਿਕਰੀ ਦਫ਼ਤਰਾਂ ਨੂੰ ਅੱਗ ਲਾ ਦਿਤੀ ਸੀ ਤੇ ਲਾਲਗੜ੍ਹ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਪੁੱਟ ਦਿਤੀਆਂ ਸਨ ਤਾਂ ਜੋ ਕੇਂਦਰੀ ਸੁਰੱਖਿਆ ਦਸਤੇ ਉਥੇ ਨਾ ਪੁੱਜ ਸਕਣ। ਲਾਲਗੜ੍ਹ ਪੁਲਿਸ ਦੀ ਪਹੁੰਚ ਤੋਂ ਬਾਹਰ ਹੋ ਗਿਆ ਸੀ।

ਅਸਲ ਵਿਚ ਲਾਲਗੜ੍ਹ ਦਾ ਵਿਵਾਦ ਪਿਛਲੇ ਸਾਲ ਨਵੰਬਰ ਵਿਚ ਉਦੋਂ ਸ਼ੁਰੂ ਹੋਇਆ ਸੀ ਜਦੋਂ ਮੁੱਖ ਮੰਤਰੀ ਬੁੱਧਾਦੇਵ ਭੱਟਾਚਾਰੀਆਂ ਇਕ ਬਾਰੂਦੀ ਸੁਰੰਗ ਦੇ ਹਮਲੇ ਵਿਚ ਸਲਬੋਨੀ ਵਿਖੇ ਵਾਲ ਵਾਲ ਬਚ ਗਏ ਸਨ। ਉਸ ਤੋਂ ਬਾਅਦ ਪੁਲਿਸ ਨੇ ਸ਼ੱਕੀਆਂ ਨੂੰ ਫੜਨ ਲਈ ਕਬਾਇਲੀ ਪਿੰਡਾਂ ਵਿਚ ਛਾਪੇਮਾਰੀ ਕੀਤੀ ਸੀ ਜਿਸ ਤੋਂ ਕਬਾਇਲੀਆਂ ਵਿਚ ਰੋਸ ਫੈਲ ਗਿਆ ਸੀ। ਭਾਜਪਾ ਬੁਲਾਰੇ ਮੁਖਤਾਰ ਅਬਾਸ ਨਕਵੀ ਨੇ ਇਕ ਬਿਆਨ ਵਿਚ ਲਾਲਗੜ੍ਹ ਦੀ ਹਿੰਸਾ ਨੂੰ ਯੂ.ਪੀ.ਏ ਤੇ ਪਛਮੀ ਬੰਗਾਲ ਸਰਕਾਰ ਦੀ ਸਿਆਸੀ ਰੰਜ਼ਿਸ਼ ਕਰਾਰ ਦਿਤਾ।

ਲਾਲਗੜ੍ਹ ਵਿਚ ਹਿੰਸਾ ਫੈਲਦਿਆਂ ਹੀ ਕਾਂਗਰਸ ਨੇ ਮੰਗ ਰੱਖ ਦਿੱਤੀ ਕਿ ਪਛਮੀ ਬੰਗਾਲ ਦੇ ਕਬਾਇਲੀ ਇਲਾਕਿਆਂ ਵਿਚ ਹੋ ਰਹੀ ਹਿੰਸਾ ਨੂੰ ਰੋਕਣ ਵਿਚ ਨਾਕਾਮ ਰਹਿਣ ਕਾਰਨ ਰਾਜ ਸਰਕਾਰ ਨੂੰ ਚਲਦਾ ਕੀਤਾ ਜਾਵੇ। ਕਾਂਗਰਸ ਬੁਲਾਰੇ ਮਨੀਸ਼ ਤਿਵਾੜੀ ਨੇ ਕਿਹਾ ਕਿ ਜੇ ਰਾਜ ਸਰਕਾਰ ਸੰਵਿਧਾਨ ਅਨੁਸਾਰ ਕਾਨੂੰਨ ਲਾਗੂ ਕਰਨ ਵਿਚ ਅਸਫਲ ਰਹਿੰਦੀ ਹੈ ਤਾਂ ਇਸ ਨੂੰ ਗੱਦੀ 'ਤੇ ਬਣੇ ਰਹਿਣ ਦਾ ਹੱਕ ਨਹੀਂ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Thandi Insurance Brokerage

LIC#OBO9151

**Truck Insurance Specialist:**
Auto liability, physical damage, motor truck cargo, general liability and worker's comp.

**Coverage for:**
Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**
Personal auto, medical and homeowners insurance.
SR22, MCP-65, BMC91-X, Form-E, UIIA.

**Business Policies:**
Gas stations, repair shops, mini marts, stores, restaurants, and warehouses.

We proudly represent
GLOBAL HAWK INSURANCE CO.
RRG

ਅਸੀਂ ਤਕਰੀਬਨ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਕਰਦੇ ਆ ਰਹੇ ਹਾਂ



For a Free insurance Quote Please Call :
1-800-917-2639
3090 Independence drive Suite # 246 Livermore CA 94551

# ਹਰ ਗੱਲ ਨੂੰ ਨਸਲਵਾਦ ਦੀ ਪੁੱਠ ਚਾੜ੍ਹ ਕੇ ਪੇਸ਼ ਕਰਨਾ ਵੀ ਵਾਜਬ ਨਹੀਂ

–ਜਤਿੰਦਰ ਪਨੂੰ

ਮੈਂ ਉਹਨਾਂ ਮਾਪਿਆਂ ਵਿਚੋਂ ਇਕ ਹਾਂ, ਜਿਨ੍ਹਾਂ ਦੇ ਬੱਚੇ ਵਿਦੇਸ਼ਾਂ ਵਿਚ ਹਨ। ਜੇ ਕੋਈ ਇਹ ਕਹੇ ਕਿ ਉਸਨੂੰ ਵਿਦੇਸ਼ ਗਏ ਬੱਚਿਆਂ ਬਾਰੇ ਕੋਈ ਚਿੰਤਾ ਨਹੀਂ ਤਾਂ ਉਹਦੀ ਗੱਲ ਮੰਨ ਸਕਣੀ ਮੁਸ਼ਕਲ ਹੈ। ਬੱਚੇ ਤਾਂ ਪਿੰਡ ਵਿਚ ਰਹਿੰਦਿਆਂ ਖੇਤਾਂ ਤੱਕ ਜਾਣ, ਤਦ ਵੀ ਮਾਪੇ ਚਿੰਤਾ ਕਰਦੇ ਹਨ, ਉਨ੍ਹਾਂ ਦਾ ਪਰਦੇਸ ਜਾਣਾ ਚਿੰਤਾ ਤੋਂ ਪਰੇ ਕਿੱਦਾਂ ਹੋ ਸਕਦਾ ਹੈ? ਪਿਛਲੇ ਡੇਢ ਕੁ ਮਹੀਨੇ ਦੌਰਾਨ ਵਿਦੇਸ਼ਾਂ, ਖਾਸ ਕਰਕੇ ਆਸਟਰੇਲੀਆ, ਤੋਂ ਆਈਆਂ ਕੁਝ ਖ਼ਬਰਾਂ ਨੇ ਇਹੋ ਜਿਹੇ ਸਾਰੇ ਮਾਪਿਆਂ ਦੇ ਸਾਹ ਸੁਕਾਈ ਰੱਖੇ। ਹਰ ਨਵੀਂ ਸਵੇਰ ਨਵੀਂ ਖਬਰ ਲੈ ਕੇ ਆਉਂਦੀ ਸੀ ਤੇ ਹਰ ਸ਼ਾਮ ਨੂੰ ਟੈਲੀਵਿਜ਼ਨ ਕੋਈ ਨਾ ਕੋਈ 'ਬਰੇਕਿੰਗ ਨਿਊਜ਼' ਪੇਸ਼ ਕਰ ਦੇਂਦੇ ਸਨ, ਜਿਸ ਨਾਲ ਚਿੰਤਾ ਹੋਰ ਵਧਣ ਲਗਦੀ ਸੀ।

ਪੰਜਾਬ ਦੇ ਜਿਹੜੇ ਪੱਤਰਕਾਰਾਂ ਦਾ ਪਰਵਾਸੀ ਪੰਜਾਬੀਆਂ ਨਾਲ ਸਭ ਤੋਂ ਵਧ ਲਗਾਤਾਰ ਸੰਪਰਕ ਰਹਿੰਦਾ ਹੈ, ਮੈਂ ਉਹਨਾਂ ਥੋੜ੍ਹੇ ਜਿਹੇ ਲੋਕਾਂ ਵਿਚੋਂ ਹਾਂ। ਮੇਰਾ ਮੇਰੇ ਆਪਣੇ ਬੱਚਿਆਂ ਨਾਲ ਹੀ ਨਹੀਂ, ਅਨੇਕਾਂ ਇਹੋ ਜਿਹੇ ਬੱਚਿਆਂ ਨਾਲ ਵੀ ਸੰਪਰਕ ਬਣਦਾ ਹੈ, ਜਿਨ੍ਹਾਂ ਨੂੰ ਖ਼ੁਦ ਨੂੰ ਵੀ ਮੈਂ ਨਿੱਜੀ ਤੌਰ 'ਤੇ ਨਹੀਂ ਜਾਣਦਾ ਤੇ ਉਨ੍ਹਾਂ ਦੇ ਮਾਂ-ਬਾਪ ਨੂੰ ਵੀ। ਇਕ ਦੂਜੇ ਤੋਂ ਸੁਣ ਕੇ ਉਹ ਕਿਸੇ ਨਾ ਕਿਸੇ ਪਾਸੇ ਤੋਂ ਮੇਰਾ ਫੋਨ ਨੰਬਰ ਲੈ ਕੇ ਕਦੇ ਵਿਚਾਰ-ਵਟਾਂਦਰਾ ਕਰਦੇ ਹਨ, ਕਦੇ ਸਲਾਹ ਲੈਂਦੇ ਹਨ ਤੇ ਕਦੇ ਕੋਈ ਕੀਮਤੀ ਸੁਝਾਅ ਵੀ ਦੇ ਦੇਂਦੇ ਹਨ। ਜਿਨ੍ਹਾਂ ਸੱਜਣਾਂ ਨਾਲ ਮੇਰੀ ਸੋਚ ਅਤੇ ਪਹੁੰਚ ਦਾ ਮੀਲਾਂ ਦਾ ਪਾੜਾ ਹੈ, ਉਨ੍ਹਾਂ ਵਿਚੋਂ ਵੀ ਕਈ ਜਣੇ ਫੋਨ ਕਰ ਕੇ ਆਪਣੇ ਰਹਿਣ ਵਾਲੇ ਦੇਸ਼ ਦੇ ਹਾਲਾਤ ਬਾਰੇ ਗੱਲ ਕਰ ਲੈਂਦੇ ਹਨ ਤੇ ਬੜਾ ਕੁਝ ਮੈਨੂੰ ਜਾਣਕਾਰੀ ਵਿਚ ਵਾਧਾ ਕਰਨ ਵਾਲਾ ਮਿਲ ਜਾਂਦਾ ਹੈ।

ਤਾਜ਼ਾ ਘਟਨਾਵਾਂ ਦੇ ਦਿਨਾਂ ਵਿਚ ਵੀ ਬਹੁਤ ਕੁਝ ਵੱਖ-ਵੱਖ ਪਾਸਿਆਂ ਤੋਂ ਸੁਣਨ ਨੂੰ ਮਿਲਿਆ। ਕੁਝ ਬੱਚਿਆਂ ਦੇ ਆਸਟਰੇਲੀਆ ਤੋਂ ਇਹ ਫੋਨ ਆਏ ਕਿ ਉਹ ਖ਼ਤਰਾ ਮਹਿਸੂਸ ਕਰ ਰਹੇ ਹਨ, ਪਰ ਕੁਝ ਹੋਰਨਾਂ ਨੇ ਇਹ ਵੀ ਕਿਹਾ ਕਿ ਓਨਾ ਖ਼ਤਰਾ ਹੈ ਨਹੀਂ, ਜਿੰਨਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਤੋਂ ਬਲਰਾਜ ਸੰਘਾ ਤੇ ਆਸਟ੍ਰੇਲੀਅਨ ਕਾਲਜ ਆਫ਼ ਮੈਨੇਜਮੈਂਟ ਐਂਡ ਸਾਇੰਸ ਦੇ ਮੁਖੀ ਡਾਕਟਰ ਮਨਿੰਦਰ ਸਿੰਘ ਹੋਣ ਜਾਂ ਮੈਲਬੋਰਨ ਤੋਂ ਮੇਰੇ ਮਿੱਤਰ ਹਰਵਿੰਦਰ ਸਿੰਘ ਗਰਚਾ, ਉਨ੍ਹਾਂ ਸਭਨਾਂ ਨੇ ਇਸ ਗੱਲ ਉਤੇ ਦੁੱਖ ਪ੍ਰਗਟ ਕੀਤਾ ਕਿ ਭਾਰਤ ਦਾ ਮੀਡੀਆ ਤਾਂ ਆਸਟਰੇਲੀਆ ਵਿਚ ਨਸਲੀ ਦੰਗੇ ਕਰਵਾਉਣ ਦੀ ਨੀਤ ਹੀ ਬਣਾਈ ਬੈਠਾ ਜਾਪਦਾ ਹੈ। ਆਸਟ੍ਰੇਲੀਆ ਤੋਂ ਆਈਆਂ ਰਿਪੋਰਟਾਂ ਨੂੰ ਸਿੱਧੀਆਂ ਓਥੋਂ ਦੇ ਰਿਪੋਰਟਰ ਰਾਹੀਂ ਪੇਸ਼ ਕਰਵਾਉਣ ਦੀ ਬਜਾਏ ਦਿੱਲੀ ਬੈਠੇ ਪੱਤਰਕਾਰ ਦੇ ਮੂੰਹੋਂ ਇਹੋ ਜਿਹੀ ਅਜੀਬ ਸ਼ਬਦਾਵਲੀ ਨਾਲ ਪੇਸ਼ ਕਰਵਾਇਆ ਜਾਂਦਾ ਰਿਹਾ, ਜਿਹੜੀ ਹਾਲਾਤ ਨੂੰ ਸੁਧਾਰਨ ਦੀ ਬਜਾਏ ਅੱਗ ਉਤੇ ਤੇਲ ਪਾਉਣ ਵਾਲੀ ਹੁੰਦੀ ਸੀ।

ਇਹਨਾਂ ਦਿਨਾਂ ਵਿਚ ਭਾਰਤ ਵਿਚ ਕੁਝ ਥਾਵਾਂ 'ਤੇ ਰੋਸ ਮੁਜ਼ਾਹਰੇ ਵੀ ਕੀਤੇ ਗਏ। ਮੁਜ਼ਾਹਰਾ ਕਰਨ ਵਾਲੇ ਜ਼ਿਆਦਾਤਰ ਉਹ ਲੋਕ ਸਨ, ਜਿਨ੍ਹਾਂ ਦਾ ਕੋਈ ਦੂਰ-ਨੇੜੇ ਦਾ ਰਿਸ਼ਤੇਦਾਰ ਆਸਟਰੇਲੀਆ ਵਿਚ ਹੈ ਹੀ ਨਹੀਂ। ਉਹ ਮੀਡੀਏ ਵਾਲਿਆਂ ਨੂੰ ਸੱਦ ਕੇ ਕੈਮਰਿਆਂ ਸਾਹਮਣੇ ਸਿਰਫ ਟੌਹਰ ਬਣਾਉਣ ਖਾਤਰ ਆਸਟਰੇਲੀਅਨ ਝੰਡਾ ਸਾੜਦੇ ਸਨ, ਜਿਸਨੂੰ ਵੇਖ ਕੇ ਆਸਟਰੇਲੀਆ ਦੇ ਲੋਕਾਂ ਦੇ ਜਜ਼ਬਾਤ ਵੀ ਭੜਕਦੇ ਹੋਣਗੇ। ਮੱਧ ਪ੍ਰਦੇਸ਼ ਵਿਚ ਭਾਜਪਾ ਦੇ ਵਿਦਿਆਰਥੀ ਵਿੰਗ ਦੇ ਲੋਕਾਂ ਨੇ ਆਸਟਰੇਲੀਆ ਨਾਲ ਸੰਬੰਧਤ ਇਕ ਕੇਂਦਰ ਉਤੇ ਹਮਲਾ ਕਰਕੇ ਭੰਨ ਤੋੜ ਕੀਤੀ। ਜਿਨ੍ਹਾਂ ਲੋਕਾਂ ਦੀ ਪਛਾਣ ਹੋਈ ਤੇ ਕੇਸ ਦਰਜ ਹੋਏ, ਉਨ੍ਹਾਂ 'ਚੋਂ ਕਿਸੇ ਦਾ ਵੀ ਕੋਈ ਰਿਸ਼ਤੇਦਾਰ ਆਸਟਰੇਲੀਆ ਵਿਚ ਨਹੀਂ ਸੀ। ਮੁੰਬਈ ਵਿਚ ਵੀ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਆਸਟਰੇਲੀਅਨ ਕੌਂਸਲੇਟ ਮੂਹਰੇ ਬੜਾ ਉਕਸਾਊ ਮੁਜ਼ਾਹਰਾ ਕੀਤਾ, ਪਰ ਜਦੋਂ ਓਸੇ ਸ਼ਹਿਰ ਅੰਦਰ ਸਾਡੇ ਆਪਣੇ ਦੇਸ਼ ਦੇ ਉੱਤਰ ਭਾਰਤੀ ਲੋਕਾਂ ਨੂੰ ਸ਼ਿਵ ਸੈਨਾ ਵਾਲਿਆਂ ਨੇ ਕੁੱਟਿਆ ਤੇ ਉਨ੍ਹਾਂ ਦੇ ਘਰ ਤੇ ਦੁਕਾਨਾਂ ਭੰਨੇ-ਤੋੜੇ ਸਨ, ਓਦੋਂ ਭਾਰਤੀ ਜਨਤਾ ਪਾਰਟੀ ਵਾਲਿਆਂ ਦਾ ਮੁਜ਼ਾਹਰਾ ਕਰਨਾ




*ਇਹਨਾਂ ਦਿਨਾਂ ਵਿਚ ਭਾਰਤ ਵਿਚ ਕੁਝ ਥਾਵਾਂ 'ਤੇ ਰੋਸ ਮੁਜ਼ਾਹਰੇ ਵੀ ਕੀਤੇ ਗਏ। ਮੁਜ਼ਾਹਰਾ ਕਰਨ ਵਾਲੇ ਜ਼ਿਆਦਾਤਰ ਉਹ ਲੋਕ ਸਨ, ਜਿਨ੍ਹਾਂ ਦਾ ਕੋਈ ਦੂਰ-ਨੇੜੇ ਦਾ ਰਿਸ਼ਤੇਦਾਰ ਆਸਟਰੇਲੀਆ ਵਿਚ ਹੈ ਹੀ ਨਹੀਂ। ਉਹ ਮੀਡੀਆ ਵਾਲਿਆਂ ਨੂੰ ਸੱਦ ਕੇ ਕੈਮਰਿਆਂ ਸਾਹਮਣੇ ਸਿਰਫ ਟੌਹਰ ਬਣਾਉਣ ਖਾਤਰ ਆਸਟਰੇਲੀਅਨ ਝੰਡਾ ਸਾੜਦੇ ਸਨ, ਜਿਸ ਨੂੰ ਵੇਖ ਕੇ ਆਸਟਰੇਲੀਆ ਦੇ ਲੋਕਾਂ ਦੇ ਜਜ਼ਬਾਤ ਵੀ ਭੜਕਦੇ ਹੋਣਗੇ। ਮੱਧ ਪ੍ਰਦੇਸ਼ ਵਿਚ ਭਾਜਪਾ ਦੇ ਵਿਦਿਆਰਥੀ ਵਿੰਗ ਦੇ ਲੋਕਾਂ ਨੇ ਆਸਟਰੇਲੀਆ ਨਾਲ ਸੰਬੰਧਤ ਇਕ ਕੇਂਦਰ ਉਤੇ ਹਮਲਾ ਕਰਕੇ ਭੰਨ ਤੋੜ ਕੀਤੀ। ਜਿਨ੍ਹਾਂ ਲੋਕਾਂ ਦੀ ਪਛਾਣ ਹੋਈ ਤੇ ਕੇਸ ਦਰਜ ਹੋਏ, ਉਨ੍ਹਾਂ 'ਚੋਂ ਕਿਸੇ ਦਾ ਵੀ ਕੋਈ ਰਿਸ਼ਤੇਦਾਰ ਆਸਟਰੇਲੀਆ ਵਿਚ ਨਹੀਂ ਸੀ। ਮੁੰਬਈ ਵਿਚ ਵੀ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਆਸਟਰੇਲੀਅਨ ਕੌਂਸਲੇਟ ਮੂਹਰੇ ਬੜਾ ਉਕਸਾਊ ਮੁਜ਼ਾਹਰਾ ਕੀਤਾ, ਪਰ ਜਦੋਂ ਓਸੇ ਸ਼ਹਿਰ ਅੰਦਰ ਸਾਡੇ ਆਪਣੇ ਦੇਸ਼ ਦੇ ਉੱਤਰ ਭਾਰਤੀ ਲੋਕਾਂ ਨੂੰ ਸ਼ਿਵ ਸੈਨਾ ਵਾਲਿਆਂ ਨੇ ਕੁੱਟਿਆ ਤੇ ਉਨ੍ਹਾਂ ਦੇ ਘਰ ਤੇ ਦੁਕਾਨਾਂ ਭੰਨੇ-ਤੋੜੇ ਸਨ, ਓਦੋਂ ਭਾਰਤੀ ਜਨਤਾ ਪਾਰਟੀ ਵਾਲਿਆਂ ਦਾ ਮੁਜ਼ਾਹਰਾ ਕਰਨਾ ਕਿਧਰੇ ਰਿਹਾ, ਕੋਈ ਰੋਸ ਦਾ ਬਿਆਨ ਤੱਕ ਨਹੀਂ ਸੀ ਦਿੱਤਾ। ਕਾਂਗਰਸੀ ਵੀ ਓਦੋਂ ਚੁੱਪ ਰਹੇ ਸਨ, ਹਾਲਾਂਕਿ ਓਥੇ ਕਾਂਗਰਸ ਦੀ ਸਰਕਾਰ ਸੀ ਤੇ ਅਮਨ-ਕਾਨੂੰਨ ਕਾਇਮ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਸੀ।*

ਕਿਧਰੇ ਰਿਹਾ, ਕੋਈ ਰੋਸ ਦਾ ਬਿਆਨ ਤੱਕ ਨਹੀਂ ਸੀ ਦਿੱਤਾ। ਕਾਂਗਰਸੀ ਵੀ ਓਦੋਂ ਚੁੱਪ ਰਹੇ ਸਨ, ਹਾਲਾਂਕਿ ਓਥੇ ਕਾਂਗਰਸ ਦੀ ਸਰਕਾਰ ਸੀ ਤੇ ਅਮਨ-ਕਾਨੂੰਨ ਕਾਇਮ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਸੀ।

ਮੈਂ ਇਹ ਬਿਲਕੁਲ ਨਹੀਂ ਕਹਾਂਗਾ ਕਿ ਨਸਲਵਾਦ ਦਾ ਵਿਰੋਧ ਨਹੀਂ ਕਰਨਾ ਚਾਹੀਦਾ ਤੇ ਇਹ ਵੀ ਨਹੀਂ ਕਹਾਂਗਾ ਕਿ ਆਸਟਰੇਲੀਆ ਅੰਦਰ ਨਸਲਵਾਦ ਦੀ ਕੋਈ ਘਟਨਾ ਹੀ ਨਹੀਂ ਹੋ ਸਕਦੀ। ਜਦੋਂ ਸਿਡਨੀ ਵਿਚ ਉਲੰਪਿਕਸ ਹੋਈਆਂ ਸਨ, ਉਦੋਂ ਉਥੋਂ ਦੀ ਮੂਲ ਵਾਸੀ ਭਾਈਚਾਰੇ ਦੀ ਅਥਲੀਟ ਕੈਥੀ ਨੂੰ ਮਸ਼ਾਲ ਲੈਕੇ ਦੌੜਨ ਦੇ ਹੱਕ ਤੋਂ ਵਾਂਝੇ ਕੀਤੇ ਜਾਣ ਦਾ ਮੁੱਦਾ ਨਸਲਵਾਦ ਦਾ ਰੰਗ ਲੈ ਗਿਆ ਸੀ ਤੇ ਆਸਟਰੇਲੀਆ ਦੀ ਉਲੰਪਿਕ ਕਮੇਟੀ ਨੂੰ ਕੈਥੀ ਦੇ ਹੱਕ ਵਿਚ ਫੈਸਲਾ ਕਰਨਾ ਪਿਆ ਸੀ। ਅੱਗੋਂ ਕੈਥੀ ਨੇ ਇਸ ਚੋਣ ਪਿੱਛੋਂ ਮਸ਼ਾਲ ਲੈ ਕੇ ਦੌੜਨ ਦਾ ਮਾਣ ਹੀ ਨਹੀਂ ਸੀ ਪ੍ਰਾਪਤ ਕੀਤਾ, ਮੁਕਾਬਲੇ ਦੀ ਦੌੜ ਵਿਚ ਵੀ ਇੰਜ ਹਨੇਰੀ ਬਣ ਕੇ ਸੋਨ ਤਮਗਾ ਜਿੱਤਿਆ ਸੀ, ਜਿਵੇਂ ਆਪਣੇ ਹੱਕ ਵਿਚ ਹੋਏ ਫ਼ੈਸਲੇ ਨੂੰ ਜਾਇਜ਼ ਠਹਿਰਾਉਣ ਦਾ ਇਰਾਦਾ ਧਾਰ ਕੇ ਆਈ ਹੋਵੇ। ਉਹ ਘਟਨਾ ਕਾਫ਼ੀ ਪੁਰਾਣੀ ਹੈ, ਪਰ ਉਸਤੋਂ ਪਿੱਛੋਂ ਵੀ ਕਦੇ-ਕਦੇ ਇਹੋ ਜਿਹਾ ਪ੍ਰਗਟਾਵਾ ਹੋ ਜਾਂਦਾ ਰਿਹਾ ਹੈ।

ਹਾਂ, ਕਦੇ-ਕਦੇ ਹੀ ਇਸ ਰੋਗ ਦਾ ਕੀੜਾ ਆਪਣੀ ਹੋਂਦ ਵਿਖਾਉਂਦਾ ਹੈ, ਪਰ ਨਸਲਵਾਦੀ ਸੋਚ ਵਾਲਿਆਂ ਦੀ ਗਿਣਤੀ ਏਨੀ ਨਿਗੂਣੀ ਹੈ ਕਿ ਇਸਨੂੰ ਆਸਟਰੇਲੀਅਨ ਸਾਊ ਲੋਕਾਂ ਦੀ ਵਿਸ਼ਾਲ ਸਮੁੱਚੀ ਗਿਣਤੀ ਮੂਹਰੇ ਅਣਗੌਲਿਆ ਕਰਨਾ ਠੀਕ ਲੱਗਦਾ ਹੈ। ਤਾਜ਼ਾ ਘਟਨਾਵਾਂ ਮਗਰੋਂ ਇਕ ਇੰਟਰਨੈਟ ਫ਼ੇਸਬੁੱਕ ਉਤੇ ਛਿਆਹਠ ਹਜ਼ਾਰ ਲੋਕਾਂ ਨੇ ਨਸਲਵਾਦੀ ਵਿਚਾਰ ਦਿੱਤੇ, ਪਰ ਆਸਟਰੇਲੀਆ ਦੀ ਸਵਾ ਦੋ ਕਰੋੜ ਦੀ ਆਬਾਦੀ ਵਿਚ ਇਹ ਮਸਾਂ ਦਾਲ ਦੇ ਭਰੇ ਪਤੀਲੇ ਵਿਚ ਇਕ ਦੋ ਕੋਕੜੂਆਂ ਤੋਂ ਵਧ ਨਹੀਂ ਜਾਪਦੇ। ਉਂਜ ਵੀ ਇਹ ਕੀੜਾ ਬਹੁਤਾ ਕਰਕੇ ਨਿਖੱਟੂ ਸਿਰਾਂ ਵਿਚ ਹੀ ਸਰਕਦਾ ਹੈ। ਜਿਹੜੇ ਲੋਕ ਕਿਰਤ ਕਰਕੇ ਖਾਣ ਵਾਲੇ ਹਨ, ਉਨ੍ਹਾਂ ਨੂੰ ਤਾਂ ਇਹਨਾਂ ਗੱਲਾਂ ਲਈ ਸੋਚਣ ਦਾ ਵਕਤ ਵੀ ਨਹੀਂ ਮਿਲਦਾ। ਤੇ ਇਹ ਕੀੜਾ ਹੈ ਕਿੱਥੇ ਨਹੀਂ? ਮੈਂ ਜਿੰਨੇ ਕੁ ਦੇਸ਼ਾਂ ਅੰਦਰ ਗਿਆ ਹਾਂ, ਕਿਸੇ ਨਾ ਕਿਸੇ ਰੂਪ ਵਿਚ ਇਸਦੀ ਹੋਂਦ ਦਾ ਅਹਿਸਾਸ ਹੋ ਜਾਂਦਾ ਰਿਹਾ ਹੈ। ਲੰਡਨ ਦੀ ਸਾਊਥਾਲ ਆਬਾਦੀ ਵਿਚ ਦੋ ਗੋਰੇ ਬੱਚੇ ਮੈਨੂੰ 'ਬਲੱਡੀ ਪਾਕੀ (ਹਰਾਮਜ਼ਾਦਾ ਪਾਕਿਸਤਾਨੀ) ਕਹਿ ਕੇ ਦੌੜ ਗਏ ਸਨ। ਓਥੇ ਭਾਰਤੀ ਤੇ ਪਾਕਿਸਤਾਨੀ ਦਾ ਫ਼ਰਕ ਨਹੀਂ ਰੱਖਿਆ ਜਾਂਦਾ। ਉਨ੍ਹਾਂ ਦੋ ਗੋਰੇ ਬੱਚਿਆਂ ਦੇ ਇੰਜ ਕਹਿਣ ਦਾ ਭਾਵ ਇਹ ਹਰਗਿਜ਼ ਨਹੀਂ ਨਿਕਲਦਾ ਕਿ ਲੰਡਨ ਦੇ ਸਾਰੇ ਗੋਰੇ ਲੋਕ ਨਸਲਵਾਦੀ ਹਨ। ਮੈਂ ਇੰਗਲੈਂਡ ਵਿਚ ਕਈ ਗੋਰਿਆਂ ਨੂੰ ਮਿਲਿਆ ਹਾਂ, ਕੁਝਨਾਂ ਨਾਲ ਦੋਸਤੀ ਦਾ ਦਾਅਵਾ ਵੀ ਕਰ ਸਕਦਾ ਹਾਂ। ਉਹ ਸਾਰੇ ਮਿੱਤਰ-ਭਾਵੀ ਹਨ, ਕਦੇ ਕੋਈ ਬਦਤਮੀਜ਼ੀ ਕਿਸੇ ਨੇ ਨਹੀਂ ਕੀਤੀ। ਕੈਨੇਡਾ, ਸਵਿਟਜਰਲੈਂਡ ਦੇ ਦੌਰੇ ਦੌਰਾਨ ਵੀ ਕਦੇ ਇਕ ਵੀ ਏਦਾਂ ਦੀ ਘਟਨਾ ਨਹੀਂ ਵਾਪਰੀ, ਸਗੋਂ ਉਹ ਲੋਕ ਹਰ ਮੌਕੇ ਮਦਦ ਲਈ ਹੱਸ ਕੇ ਹੱਥ ਵਧਾਉਂਦੇ ਰਹੇ ਹਨ।

ਅਸੀਂ ਦੂਜਿਆਂ ਬਾਰੇ ਝੱਟ ਗੱਲ ਕਰ ਦੇਂਦੇ ਹਾਂ, ਪਰ ਆਪਣੇ ਵਿਹਾਰ ਬਾਰੇ ਕਦੇ ਸੋਚਦੇ ਹੀ ਨਹੀਂ। ਸਾਡੇ ਜਿਹੜੇ ਭਾਈਬੰਦ ਗੋਰਿਆਂ ਉੱਤੇ ਨਸਲਵਾਦ ਦੀ ਉਂਗਲ ਉਠਾਉਣ ਵਿਚ ਪਲ ਨਹੀਂ ਲਾਉਂਦੇ, ਆਪ ਉਹ ਉਨ੍ਹਾਂ ਹੀ ਦੇਸ਼ਾਂ ਅੰਦਰਲੇ ਕਾਲੇ ਲੋਕਾਂ ਉੱਤੇ ਭੱਦੀ ਟਿਪਣੀ ਕਰਨ ਵਿਚ ਸਭ ਹੱਦਾਂ ਪਾਰ ਕਰ ਜਾਂਦੇ ਹਨ। ਕਈ ਵਾਰੀ ਤਾਂ ਉਹ ਆਪਣੇ ਦੇਸ਼ ਤੋਂ ਆਏ ਭਾਈਬੰਦਾਂ 'ਚੋਂ ਵੀ ਕਿਸੇ-ਕਿਸੇ ਨੂੰ ਹਕਾਰਤ ਭਰੇ ਸ਼ਬਦਾਂ ਦਾ ਪਾਤਰ ਬਣਾ ਦੇਂਦੇ ਹਨ ਤੇ ਖ਼ੁਦ ਨੂੰ ਗੋਰਿਆਂ ਤੋਂ ਵੱਡਾ ਗੋਰਾ ਸਮਝਣ ਲਗ ਪੈਂਦੇ ਹਨ।

ਇਹੋ ਨਹੀਂ, ਕਈ ਵਾਰੀ ਸਾਡੇ ਲੋਕ ਖ਼ੁਦ ਵੀ ਏਦਾਂ ਦੀ ਹਰਕਤ ਕਰਦੇ ਹਨ ਕਿ ਓਥੋਂ ਦੇ ਲੋਕ ਉਸਨੂੰ ਹੀ ਨਹੀਂ, ਉਸਦੇ ਪਿਛਲੇ ਸਮਾਜ ਨੂੰ ਵੀ ਮਾੜਾ ਸਮਝ ਲੈਣ। ਤੇ ਇਸ ਵਿਚ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ, ਇਹ ਸਮਾਜਕ ਵਰਤਾਰਾ ਹੈ ਕਿ ਨੂੰਹ ਦਾ ਨੁਕਸ ਕੱਢਣ ਵੇਲੇ ਇਹ ਕਹਿਣ ਵਿਚ ਝਿਜਕ ਨਹੀਂ ਹੁੰਦੀ ਕਿ "ਇਹ ਆਈ ਆਖ਼ਰ ਕਿਹੜੇ ਟੱਬਰ 'ਚੋਂ ਹੈ!" ਜਿੱਦਾਂ ਨੂੰਹ ਦਾ ਬਣਦਾ ਜਾਂ ਨਾ ਬਣਦਾ ਨੁਕਸ ਵੀ ਪੇਕਿਆਂ ਦੀ ਬਦਖੋਈ ਕਰਵਾ ਦੇਂਦਾ ਹੈ, ਸਾਡੇ ਲੋਕਾਂ 'ਚੋਂ ਕਿਸੇ ਇਕ ਦੀ ਬਦਤਮੀਜ਼ੀ ਵੀ ਪਿਛਲੇ ਸਾਰੇ ਸਮਾਜ ਦੀ ਨਿੰਦਾ ਕਰਵਾ ਸਕਦੀ ਹੈ।

ਇਹ ਸਾਰੀ ਗੱਲ ਮੈਂ ਇਸ ਕਰਕੇ ਕਹੀ ਹੈ ਕਿ ਆਸਟਰੇਲੀਆ ਤੇ ਨਿਊਜ਼ੀਲੈਂਡ ਦੇ ਦੌਰਿਆਂ ਦੌਰਾਨ ਮੈਨੂੰ ਓਥੇ ਵਸਦੇ ਪੰਜਾਬੀਆਂ ਨੇ ਵੀ ਕਿਹਾ ਸੀ ਕਿ ਨਵੇਂ ਆ ਰਹੇ ਬੱਚੇ ਹੱਦਾਂ ਵਿਚ ਨਹੀਂ ਰਹਿੰਦੇ। ਰੇਲ ਗੱਡੀ ਵਿਚ ਚੜ੍ਹਨਾ ਹੋਵੇ ਤਾਂ ਇੱਕੋ ਡੱਬੇ ਦੇ ਅਗਲੇ-ਪਿਛਲੇ ਦਰਵਾਜ਼ੇ 'ਚੋਂ ਅੰਦਰ ਵੜ ਕੇ ਇੱਕ ਦੂਜੇ ਨੂੰ ਭੈਣ ਦੀ ਗਾਲ੍ਹ ਕੱਢ ਕੇ ਕਹਿੰਦੇ ਹਨ ਕਿ ਸਾਡੇ ਕੋਲ ਆ ਜਾਹ। ਇਹ ਪੁਰਾਣੇ ਪੰਜਾਬੀਆਂ ਨੂੰ ਵੀ ਬੁਰਾ ਲੱਗਦਾ ਹੈ। ਕੋਈ ਅਠਾਈ ਕੁ ਸਾਲ ਪਹਿਲਾਂ ਤਾਮਿਲਨਾਡੂ ਵਿਚੋਂ ਰੇਲ ਗੱਡੀ ਲੰਘਦੇ ਸਮੇਂ ਮੇਰੇ ਨਾਲ ਬੈਠੇ ਤਾਸ਼ ਖੇਡਦੇ ਪੰਜਾਬੀ ਮੁੰਡਿਆਂ 'ਚੋਂ ਇੱਕ ਨੇ ਗੰਦੀ ਗਾਲ੍ਹ ਕੱਢ ਦਿੱਤੀ। ਦੂਜੇ ਨੇ ਰੋਕਿਆ ਤਾਂ ਪਹਿਲੇ ਨੇ ਕਿਹਾ ਸੀ, "ਏਥੇ ਕੌਣ ਕੰਜਰ ਸਾਡੀ ਬੋਲੀ ਸਮਝਣ ਲੱਗਾ ਹੈ?" ਥੋੜ੍ਹਾ ਹਟਵਾਂ ਬੈਠੇ ਇੱਕ ਟੋਪੀ ਵਾਲੇ ਨੇ ਉੱਠ ਕੇ ਕਿਹਾ ਸੀ, "ਹੋਰ ਜੋ ਮਰਜ਼ੀ ਕਰੀ ਜਾਓ, ਪਰ ਮੈਨੂੰ ਕੰਜਰ ਤਾ ਨਾਂ ਕਹੋ, ਮੈਂ ਤੁਹਾਡੀ ਬੋਲੀ ਜਾਣਦਾ ਹਾਂ, ਮੈਂ ਪੰਜਾਬ ਵਿਚ ਨੌਕਰੀ ਕਰ ਕੇ ਆਇਆ ਹਾਂ।"

ਹੁਣੇ ਲੰਘੀ ਫ਼ਰਵਰੀ ਦੌਰਾਨ ਸਿਡਨੀ ਵਿਚ ਮੈਨੂੰ ਖੜਕ ਸਿੰਘ ਬਾਜਵਾ ਦਾ ਕਾਫ਼ੀ ਵੱਡਾ ਆਸਟੈਕ ਕਾਲਜ ਵੇਖਣ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਨੇ ਵੀ ਆ ਰਹੇ ਨਵੇਂ ਪੰਜਾਬੀ ਬੱਚਿਆਂ ਦੇ ਮੰਦੇ ਵਿਹਾਰ ਦੀਆਂ ਕੁਝ ਕਹਾਣੀਆਂ ਦੱਸੀਆਂ। ਇਕ ਗੱਲ ਉਨ੍ਹਾਂ ਨੇ ਇਹ ਵੀ ਦੱਸੀ ਕਿ ਲਿਫ਼ਟ ਵਿਚ ਇਕ ਗੋਰੀ ਔਰਤ ਨੂੰ ਇਕੱਲੀ ਵੇਖ ਕੇ ਕੁਝ ਪੰਜਾਬੀ ਮੁੰਡੇ ਚਾਂਭਲ ਕੇ ਉਹਦੇ ਬਾਰੇ ਘਟੀਆ ਗੱਲਾਂ ਕਰਦੇ ਰਹੇ। ਲਿਫ਼ਟ ਜਦੋਂ ਉੱਪਰ ਜਾ ਕੇ ਰੁਕੀ, ਉਸ ਬੀਬੀ ਨੇ ਦੋ ਮੁੰਡਿਆਂ ਨੂੰ ਗਲਾਵੇਂ ਤੋਂ ਫੜ ਕੇ ਪੰਜਾਬੀ ਵਿਚ ਕਿਹਾ, "ਮੈਂ ਦਿੱਲੀ ਵਿਚ ਆਸਟਰੇਲੀਅਨ ਹਾਈ ਕਮਿਸ਼ਨ ਵਿਚ ਨੌਕਰੀ ਕਰਦੇ ਸਮੇਂ ਪੰਜਾਬੀ ਪਰਵਾਰਾਂ ਨਾਲ ਮਿਲਦੀ ਰਹੀ ਹਾਂ ਤੇ ਤੁਹਾਡੀਆਂ ਸਭ ਗੱਲਾਂ ਮੈਂ ਸੁਣ ਲਈਆਂ ਹਨ।" ਦੋਵਾਂ ਨੂੰ ਜਦੋਂ ਪਤਾ ਲੱਗਾ ਕਿ ਹੁਣ ਭਾਰਤ ਨੂੰ ਵਾਪਸ ਭੇਜੇ ਜਾਣ ਦੀ ਨੌਬਤ ਆ ਸਕਦੀ ਹੈ, ਉਸ ਬੀਬੀ ਦੇ ਪੈਰ ਫੜ ਕੇ ਬੈਠ ਗਏ।

ਪਿਛਲੇ ਸਾਲ ਗ੍ਰਿਫਿਥ ਸ਼ਹਿਰ ਵਿਚ ਆਸਟਰੇਲੀਅਨ ਪੰਜਾਬੀ ਖੇਡਾਂ ਮੌਕੇ ਇਕ ਪੰਜਾਬੀ ਬਜ਼ੁਰਗ ਨੇ ਇਹ ਕਿੱਸਾ ਸੁਣਾ ਦਿੱਤਾ ਕਿ ਉਹ ਤੇ ਉਸ ਦੀ ਪਤਨੀ ਬਜ਼ਾਰ ਗਏ ਸਨ। ਪੈਦਲ ਤੁਰਦੇ ਥੱਕ ਕੇ ਰਸਤੇ ਵਿਚ ਇਕ ਪਾਰਕ ਵਿਚ ਥੋੜ੍ਹੀ ਦੇਰ ਬੈਠ ਗਏ। ਬਜ਼ੁਰਗ ਦੇ ਵਾਲ ਚਿੱਟੇ, ਪਰ ਉਸਦੀ ਪਤਨੀ ਨੇ ਕਾਲੇ ਕਰ ਰੱਖੇ ਸਨ। ਕੋਲੋਂ ਲੰਘਦੇ ਪੰਜਾਬੀ ਮੁੰਡੇ ਆਪੋ ਵਿਚ ਭੱਦੇ ਸ਼ਬਦ ਵਰਤ ਰਹੇ ਸਨ, ਬਾਪੂ ਨੇ ਟੋਕ ਦਿੱਤੇ। ਮੁੰਡਿਆਂ ਨੇ ਘੂਰ ਕੇ ਵੇਖਿਆ ਤੇ ਜਾਂਦੇ-ਜਾਂਦੇ ਇਹ ਕਹਿ ਗਏ, "ਇਹ ਕਿੱਥੋਂ ਠੂੰਗਾ ਮਾਰ ਕੇ ਲੈ ਆਂਦੀ ਊ ਅੰਕਲ?"

ਬਿਨਾਂ ਸ਼ੱਕ ਓਥੇ ਗਏ ਸਾਰੇ ਦੇ ਸਾਰੇ ਬੱਚੇ ਏਸੇ ਤਰ੍ਹਾਂ ਦੇ ਨਹੀਂ, ਬਹੁਤ ਸਾਊ ਤੇ ਕੰਮ ਨਾਲ ਕੰਮ ਰੱਖਣ ਵਾਲੇ ਵਧ ਹਨ ਤੇ ਜਲੂਸ ਕਢਾਉਣ ਵਾਲੇ ਘੱਟ, ਪਰ ਗੋਰੇ ਵੀ ਕਿਹੜੇ ਸਾਰੇ ਦੇ ਸਾਰੇ ਨਸਲਵਾਦੀ ਹਨ? ਜਦੋਂ ਅਸੀਂ ਉਨ੍ਹਾਂ ਦੀ ਵਿਸ਼ਾਲ ਬਹੁ-ਗਿਣਤੀ ਵਿਚੋਂ ਚੋਣਵੇਂ ਮਾੜੇ ਤੱਤਾਂ ਦੀ ਏਨੀ ਚਰਚਾ ਕਰਦੇ ਹਾਂ ਤਾਂ ਸਾਡਿਆਂ ਬਹੁਤਿਆ 'ਚੋਂ ਥੋੜ੍ਹੇ ਜਿਹੇ ਮਾੜਿਆਂ ਦੀ ਚਰਚਾ ਕਿਵੇਂ ਨਾ ਹੋਵੇਗੀ? ਸਮਾਜ ਤਾਂ ਸਮਾਜ ਹੈ, ਉਹ ਆਪਣੇ ਅੰਦਰਲੇ ਚੋਣਵੇਂ ਮਾੜੇ ਤੱਤਾਂ ਦੀ ਚਿੰਤਾ ਹੀ ਕਰਦਾ ਹੈ, ਲੱਖਾਂ ਜਾਂ ਕਰੋੜਾਂ ਸਾਊਆਂ ਦੀ ਚਰਚਾ ਕਰਨੀ ਲੋੜ ਤੋਂ ਬਾਹਰੀ ਸਮਝੀ ਜਾਂਦੀ ਹੈ। ਰੋਜ਼ ਪੰਜਾਬ ਵਿਚ ਲੱਖਾਂ ਮੋਟਰਾਂ ਗੱਡੀਆਂ ਚਲਦੀਆਂ ਹਨ ਤੇ ਠੀਕ-ਠਾਕ ਆਪੋ ਆਪਣੇ ਟਿਕਾਣੇ ਉੱਤੇ ਪਹੁੰਚ ਜਾਂਦੀਆਂ ਹਨ, ਪਰ ਚਰਚਾ ਵਿਚ ਸਿਰਫ਼ ਉਹੋ ਗੱਡੀ ਆਉਂਦੀ ਹੈ, ਜਿਹੜੀ ਕਿਸੇ ਹਾਦਸੇ ਦਾ ਕਾਰਨ ਬਣ ਜਾਵੇ।

ਸਾਡੇ ਸਾਹਮਣੇ ਵੱਡਾ ਮੁੱਦਾ ਬਣਾ ਕੇ ਉਹ ਹਿੰਸਕ ਘਟਨਾਵਾਂ ਪੂਰੇ ਜ਼ੋਰ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ, ਜਿਹੜੀਆਂ ਸਾਡੇ ਲੋਕਾਂ ਵਿਰੁਧ ਸੇਧਿਤ ਹੁੰਦੀਆਂ ਹਨ, ਪਰ ਤਸਵੀਰ ਦਾ ਇੱਕ ਦੂਜਾ ਪਾਸਾ ਵੀ ਹੈ। ਪੰਜਾਬ ਦਾ ਇੱਕ ਮੁੰਡਾ ਮਨਿੰਦਰ ਕੋਹਲੀ ਇੰਗਲੈਂਡ ਦੇ ਸ਼ਹਿਰ ਸਾਊਥੈਂਪਟਨ ਅੰਦਰ ਇੱਕ ਨਾਬਾਲਗ ਬੱਚੀ ਨਾਲ ਬਲਾਤਕਾਰ ਕਰ ਕੇ ਫਿਰ ਉਸਨੂੰ ਜਾਨੋ ਮਾਰਨ ਪਿੱਛੋਂ ਭਾਰਤ ਦੌੜ ਆਇਆ ਸੀ। ਉਥੋਂ ਦੇ ਸਮਾਜ ਨੇ ਇਸ ਨੂੰ ਸਾਡੇ ਭਾਈਚਾਰੇ ਦੇ ਵਿਰੁਧ ਨਹੀਂ ਸੀ ਵਰਤਿਆ, ਸਗੋਂ ਪੁਲਸ ਨੇ ਤਫ਼ਤੀਸ਼ ਕਰਕੇ ਰਹਿਣ ਦਿੱਤਾ ਸੀ।

ਲੰਮਾ ਸਮਾਂ ਮਗਰੋਂ ਉਹ ਭਾਰਤ ਦੇ ਇੱਕ ਉੱਤਰ ਪੂਰਬੀ ਸੂਬੇ ਵਿਚ ਦੂਜਾ ਵਿਆਹ ਕਰਵਾ ਕੇ ਰਹਿੰਦਾ ਫੜਿਆ ਗਿਆ, ਹਾਲਾਂਕਿ ਉਸਦਾ ਵਿਆਹ ਪਹਿਲਾਂ ਵੀ ਹੋਇਆ ਸੀ ਤੇ ਉਹ ਪਤਨੀ ਅਤੇ ਬੱਚੇ ਇੰਗਲੈਂਡ ਵਿਚ ਸਨ।

ਜਦੋਂ ਉਸਦੀ ਇੰਗਲੈਂਡ ਦੀ ਪੁਲਸ ਦੇ ਹੱਥ ਹਵਾਲਗੀ ਦੀ ਗੱਲ ਚੱਲੀ, ਓਦੋਂ ਇਕ ਦਲੀਲ ਇਹ ਦਿੱਤੀ ਜਾਣ ਲੱਗੀ ਕਿ ਮਨਿੰਦਰ ਕੋਹਲੀ ਵਿਰੁਧ ਬਰਤਾਨਵੀ ਪੁਲਸ ਨਸਲਵਾਦੀ ਪਹੁੰਚ ਅਪਣਾ ਸਕਦੀ ਹੈ। ਮੁਲਾਜ਼ਮ ਨਾਲ ਲਿਹਾਜ ਦੀ ਮੰਗ ਕਰਦਿਆਂ ਏਥੇ ਨਸਲਵਾਦ ਦੀ ਉਹ ਦਲੀਲ ਕੱਢ ਲਈ ਗਈ, ਜਿਹੜੀ ਬਰਤਾਨਵੀ ਪੁਲਸ ਜਾਂ ਲੋਕਾਂ ਨੇ ਨਹੀਂ ਵਰਤੀ ਸੀ।

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

# ਪਾਕਿਸਤਾਨ ਦੇ ਪ੍ਰਮਾਣੂ ਹਥਿਆਰ ਸੁਰੱਖਿਅਤ ਲਗਦੇ ਨੇ ਓਬਾਮਾ ਨੂੰ

**ਵਾਸ਼ਿੰਗਟਨ :** ਇਕ ਪਾਸੇ ਸਾਰੀ ਦੁਨੀਆ ਪਾਕਿਸਤਾਨ ਨੂੰ ਅੱਤਵਾਦੀ ਸਟੇਟ ਐਲਾਨਣ ਦਾ ਰੌਲਾ ਪਾ ਰਹੀ ਹੈ ਅਤੇ ਕਹਿ ਰਹੀ ਹੈ ਕਿ ਇਸ ਦੇਸ਼ ਦੇ ਪ੍ਰਮਾਣੂ ਹਥਿਆਰਾਂ ਦੀ ਸੁਰੱਖਿਆ ਦਾ ਜ਼ਿੰਮਾ ਕੌਮਾਂਤਰੀ ਭਾਈਚਾਰੇ ਨੂੰ ਦੇਣਾ ਚਾਹੀਦਾ ਹੈ, ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਕ ਦਿਲਚਸਪ ਸਟੈਂਡ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਪਾਕਿਸਤਾਨ ਦੇ ਪ੍ਰਮਾਣੂ ਹਥਿਆਰ ਮੂਲੋਂ ਸੁਰੱਖਿਅਤ ਜਾਪਦੇ ਹਨ। ਇਨ੍ਹਾਂ ਦੇ ਤਾਲਿਬਾਨ ਅੱਤਵਾਦੀਆਂ ਦੇ ਹੱਥ ਆਉਣ ਦਾ ਕੋਈ ਖ਼ਤਰਾ ਨਹੀਂ ਹੈ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਬੀਤੀ 20 ਜੂਨ ਨੂੰ ਵਿਸ਼ਵਾਸ ਪ੍ਰਗਟ ਕੀਤਾ ਕਿ ਪਾਕਿਸਤਾਨ ਦੇ ਪਰਮਾਣੂ ਹਥਿਆਰ ਸੁਰੱਖਿਅਤ ਹਨ, ਜਿਸ ਬਾਰੇ ਹਾਲ ਦੇ ਦਿਨਾਂ 'ਚ ਬਹੁਤ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਹਨ। ਓਬਾਮਾ ਨੇ ਪਾਕਿਸਤਾਨ ਦੇ 'ਡਾਨ' ਟੈਲੀਵਿਜ਼ਨ ਚੈਨਲ ਨਾਲ ਇਕ ਇੰਟਰਵਿਊ 'ਚ ਕਿਹਾ ਕਿ ਮੈਨੂੰ ਵਿਸ਼ਵਾਸ ਹੈ ਕਿ ਪਾਕਿਸਤਾਨੀ ਸਰਕਾਰ ਨੇ ਅਪਣੇ ਪਰਮਾਣੂ ਹਥਿਆਰਾਂ ਨੂੰ ਸੁਰੱਖਿਅਤ ਕੀਤਾ ਹੈ।

ਓਬਾਮਾ ਤੋਂ ਜਦੋਂ ਪੁਛਿਆ ਗਿਆ ਕੀ ਤੁਸੀਂ ਸਚਮੁਚ ਇਸ ਖ਼ਦਸ਼ੇ ਨੂੰ ਦੇਖਦੇ ਹੋ ਕਿ ਇਕ ਦਿਨ ਤਾਲਿਬਾਨ ਉਨ੍ਹਾਂ ਹਥਿਆਰਾਂ 'ਤੇ ਕਬਜ਼ਾ ਕਰ ਸਕਦਾ ਹੈ ਅਤੇ ਜੇ ਤੁਹਾਨੂੰ ਲਗਦਾ ਹੈ ਕਿ ਅਜਿਹਾ ਹੋ ਰਿਹਾ ਹੈ ਤਾਂ ਕੀ ਤੁਸੀਂ ਤਾਲਿਬਾਨ ਤੋਂ ਪਹਿਲਾਂ ਉਨ੍ਹਾਂ ਹਥਿਆਰਾਂ ਨੂੰ ਜ਼ਬਤ ਕਰਨ ਦੀ ਕੋਸ਼ਿਸ਼ ਕਰੋਗੇ? ਇਸ 'ਤੇ ਓਬਾਮਾ ਨੇ ਕਿਹਾ "ਮੈਂ ਅਜਿਹੀਆਂ ਕਾਲਪਨਿਕ ਗੱਲਾਂ 'ਚ ਸ਼ਾਮਲ ਨਹੀਂ ਹੁੰਦਾ।"

ਓਬਾਮਾ ਨੇ ਹਾਲਾਂਕਿ ਕਿਹਾ ਕਿ ਉਹ ਖੇਤਰ 'ਚ ਵਧਦੇ ਕੱਟੜਪੰਥ ਤੋਂ ਚਿੰਤਤ ਹੈ। ਉਨ੍ਹਾਂ ਕਿਹਾ ਕਿ ਮੇਰੀ ਚਿੰਤਾ ਇਹ ਯਕੀਨੀ ਕਰਨ ਦੀ ਹੈ ਕਿ ਤਾਲਿਬਾਨ ਅਤੇ ਹੋਰ ਕੱਟੜਪੰਥੀ ਸੰਗਠਨਾਂ ਦੀਆਂ ਦੱਖਣੀ ਏਸ਼ੀਆ ਅਫ਼ਗ਼ਾਨਿਸਤਾਨ ਅਤੇ ਪਛਮੀ ਏਸ਼ੀਆ 'ਚ ਜੜ੍ਹਾਂ ਨਾਲ ਜਮਣ। ਅਮਰੀਕੀ ਰਾਸ਼ਟਰਪਤੀ ਨੇ ਅਤਿਵਾਦ ਦਾ ਕੈਂਸਰ ਜੜ੍ਹਾਂ ਨਾ ਜਮਾਉਣ ਲਈ ਵਿਸ਼ਵ ਪਧਰੀ ਸਹਿਯੋਗ ਦੀ ਜ਼ਰੂਰਤ 'ਤੇ ਜ਼ੋਰ ਦਿਤਾ ਹੈ।

ਓਬਾਮਾ ਨੇ ਕਿਹਾ ਕਿ ਅਸੀਂ ਇਹ ਨਿਸ਼ਚਿਤ ਕਰਨ ਲਈ ਹਰ ਕਿਸੇ ਦੀ ਸਾਂਝੀਦਾਰੀ ਚਾਹੁੰਦੇ ਹਾਂ ਕਿ ਇਹ ਕੈਂਸਰ ਨਾ ਵਧੇ। ਉਨ੍ਹਾਂ ਨੇ ਕਿਹਾ ਕਿ ਕਾਹਿਰਾ 'ਚ ਅਪਣੇ ਭਾਸ਼ਣ 'ਚ ਮੈਂ ਜੋ ਚੀਜ਼ਾਂ ਕਹੀਆਂ ਉਨ੍ਹਾਂ 'ਚੋਂ ਇਕ ਇਹ ਹੈ ਕਿ ਇਸਲਾਮ ਦੀ ਸਹਿਣਸ਼ੀਲਤਾ ਅਤੇ ਇਸ ਦੀ ਸ਼ਾਂਤੀਪੂਰਨ ਹੋਂਦ ਵਿਗੜਦੀ ਜਾ ਰਹੀ ਹੈ। ਓਬਾਮਾ ਨੇ ਉਮੀਦ ਪ੍ਰਗਟਾਈ ਕਿ ਅਮਰੀਕਾ ਨੂੰ ਅਫ਼ਗ਼ਾਨਿਸਤਾਨ 'ਚ ਹੋਰ ਫ਼ੌਜੀ ਭੇਜਣੇ ਹੋਣਗੇ ਕਿਉਂਕਿ ਸਥਾਨਕ ਸਰਕਾਰ ਯਕੀਨੀ ਕਰ ਸਕਦੀ ਹੈ ਕਿ ਦੇਸ਼ ਅਤਿਵਾਦੀਆਂ ਲਈ ਸੁਰੱਖਿਅਤ ਪਨਾਹਗਾਹ ਨਾ ਬਣੇ। ਉਨ੍ਹਾਂ ਕਿਹਾ "ਹੁਣ ਉਦਾਹਰਣ ਲਈ ਅਸੀਂ ਅਜਿਹੇ ਹਾਲਾਤ ਨਹੀਂ ਚਾਹੁੰਦੇ ਜਿਸ 'ਚ ਸਾਨੂੰ ਅਫ਼ਗ਼ਾਨਿਸਤਾਨ 'ਚ ਫ਼ੌਜੀ ਭੇਜਣੇ ਪੈਣ। ਅਸੀਂ ਪਸੰਦ ਕਰਾਂਗੇ ਕਿ ਅਫ਼ਗ਼ਾਨ ਸਰਕਾਰ ਸੁਰੱਖਿਅਤ ਅਤੇ ਸਥਿਰ ਰਹੇ ਤਾਂਕਿ ਇਹ ਯਕੀਨੀ ਕਰ ਸਕੇ ਕਿ ਇਹ ਅਲ ਕਾਇਦਾ ਵਰਗੇ ਸੰਗਠਨਾਂ ਲਈ ਸੁਰੱਖਿਅਤ ਪਨਾਹਗਾਹ ਨਾ ਬਣ ਸਕੇ। ਓਬਾਮਾ ਨੇ ਕਿਹਾ ਕਿ ਅਸੀਂ ਅਫ਼ਗ਼ਾਨਿਸਤਾਨ ਜਾਂ ਪਾਕਿਸਤਾਨ ਵਰਗੇ ਦੇਸ਼ਾਂ ਦਾ ਸਾਂਝੇਦਾਰ ਬਣਨਾ ਬਹੁਤ ਪਸੰਦ ਕਰਾਂਗੇ ਅਤੇ ਵਪਾਰਕ ਅਤੇ ਸਾਰੇ ਦੇਸ਼ਾਂ 'ਚ ਵਿਕਾਸ ਵਰਗੇ ਸਾਂਝੇ ਹਿੱਤਾਂ ਦੇ ਮੁੱਦਿਆਂ 'ਤੇ ਕੰਮ ਕਰਨਾ ਚਾਹਾਂਗੇ।"



ਬਰਾਕ ਓਬਾਮਾ

ਉਨ੍ਹਾਂ ਨੇ ਉਨ੍ਹਾਂ ਲੋਕਾਂ ਵਿਰੁਧ ਖੜਾ ਹੋਣ ਦੀ ਵਾਸ਼ਿੰਗਟਨ ਦੀ ਵਚਨਬੱਧਤਾ 'ਤੇ ਜ਼ੋਰ ਦਿਤਾ ਜਿਨ੍ਹਾਂ ਨੇ ਧਰਮ ਨੂੰ ਤੋੜਿਆ ਮਰੋੜਿਆ ਹੈ ਅਤੇ ਵਿਸ਼ਵ ਭਰ 'ਚ ਕਹਿਰ ਢਾਹੁਣ ਦੀ ਕੋਸ਼ਿਸ਼ ਕਰ ਰਹੇ ਹਨ। ਓਬਾਮਾ ਨੇ ਕਿਹਾ "ਇਹ ਕਹਿਣਾ ਬਹੁਤ ਮੁਸ਼ਕਲ ਹੈ ਜੇ ਤੁਹਾਡੇ ਕੋਲ ਅਜਿਹੇ ਲੋਕ ਹਨ ਜਿਨ੍ਹਾਂ ਨੇ ਮਹਾਨ ਧਰਮ ਨੂੰ ਤੋੜਿਆ ਮਰੋੜਿਆ ਹੈ ਅਤੇ ਹੁਣ ਉਹ ਨਾ ਸਿਰਫ਼ ਪਛਮੀ ਮੁਲਕਾਂ, ਬਲਕਿ ਆਮ ਤੌਰ 'ਤੇ ਪਾਕਿਸਤਾਨ ਵਰਗੀਆਂ ਥਾਵਾਂ 'ਤੇ ਸਾਥੀ ਮੁਸਲਮਾਨਾਂ ਵਿਰੁਧ ਕਹਿਰ ਢਾਹੁਣ ਦੀ ਕੋਸ਼ਿਸ਼ ਕਰ ਰਹੇ ਹਨ । ਇਹ ਅਜਿਹਾ ਕੁਝ ਹੈ ਜਿਸ ਵਿਰੁਧ ਅਸੀਂ ਹਮੇਸ਼ਾ ਖੜੇ ਹੋਵਾਂਗੇ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਕਿਸੇ ਵੀ ਤਰ੍ਹਾਂ ਦੀ ਅਮਰੀਕੀ ਫ਼ੌਜੀ ਸਹਾਇਤਾ ਨੂੰ ਕੱਟੜਪੰਥ ਵਿਰੁਧ ਹੀ ਵਰਤਿਆ ਜਾਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਸੰਸਦ ਮੈਂਬਰਾਂ ਦੀ ਉਸ ਚਿੰਤਾ ਦਾ ਸਮਰਥਨ ਕੀਤਾ ਜਿਸ 'ਚ ਕਿਹਾ ਗਿਆ ਸੀ ਕਿ ਪਾਕਿਸਤਾਨ ਅਮਰੀਕਾ ਤੋਂ ਮਿਲਣ ਵਾਲੀ ਤਾਜ਼ਾ ਵਿੱਤੀ ਮਦਦ ਦੀ ਵਰਤੋਂ ਭਾਰਤ ਵਿਰੁਧ ਫ਼ੌਜ ਇਕੱਠੀ ਕਰਨ 'ਚ ਕਰ ਸਕਦਾ ਹੈ ਅਤੇ ਅਜਿਹਾ ਨਹੀਂ ਹੋਣ ਦੇਣਾ ਚਾਹੀਦਾ।

ਓਬਾਮਾ ਨੇ ਕਿਹਾ ਕਿ ਅਸੀਂ ਪਹਿਲਾਂ ਤੋਂ ਹੀ ਪਾਕਿਸਤਾਨ ਫ਼ੌਜ ਦਾ ਸਮਰਥਨ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਨਿਸ਼ਚਿਤ ਕਰਨਾ ਮਹੱਤਵਪੂਰਨ ਹੈ ਕਿ ਫ਼ੌਜੀ ਸਮਰਥਨ ਕੱਟੜਪੰਥੀਆਂ ਅਤੇ ਸਾਡੇ ਸਾਂਝੇ ਦੁਸ਼ਮਣਾਂ 'ਤੇ ਕੇਂਦ੍ਰਿਤ ਹੋਵੇ। ਇਨ੍ਹਾਂ ਸੰਸਦ ਮੈਂਬਰਾਂ ਦੀ ਇੱਛਾ ਹੈ ਕਿ ਪਾਕਿਸਤਾਨ ਨੂੰ ਦਿਤੀ ਜਾਣ ਵਾਲੀ ਕਿਸੇ ਨਵੀਂ ਫ਼ੌਜ ਸਹਾਇਤਾ ਤੋਂ ਪਹਿਲਾਂ ਸਖ਼ਤ ਸ਼ਰਤਾਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਪਹਿਲਾਂ ਕਈ ਅਮਰੀਕੀ ਸੰਸਦ ਮੈਂਬਰਾਂ ਨੇ ਚਿੰਤਾ ਪ੍ਰਗਟਾਈ ਸੀ ਕਿ ਪਾਕਿਸਤਾਨ ਨੇ ਅਮਰੀਕੀ ਵਿੱਤ ਦੀ ਵਰਤੋਂ ਅਸ਼ਾਂਤ ਕਬਾਇਲੀ ਖੇਤਰ 'ਚ ਕੱਟੜਪੰਥ ਨਾਲ ਸੰਘਰਸ਼ ਕਰਨ ਦੀ ਬਜਾਏ ਫ਼ੌਜ ਇਕੱਠੀ ਕਰਨ 'ਚ ਕੀਤੀ ਹੈ।

ਓਬਾਮਾ ਨੇ ਪਾਕਿਸਤਾਨ ਨੂੰ ਉਸ ਦੇ ਸਾਧਨਾਂ ਨੂੰ ਮਜ਼ਬੂਤ ਕਰਨ 'ਚ ਮਦਦ ਦੀ ਜ਼ਰੂਰਤ 'ਤੇ ਜ਼ੋਰ ਦਿਤਾ ਜਿਸ ਨਾਲ ਦੇਸ਼ ਦੇ ਵਿਕਾਸ 'ਚ ਸਹਾਇਤਾ ਮਿਲੇਗੀ। ਉਨ੍ਹਾਂ ਕਿਹਾ ਕਿ ਮੇਰਾ ਵਿਚਾਰ ਹੈ ਕਿ ਸਾਨੂੰ ਉਨ੍ਹਾਂ ਨੂੰ ਸਾਧਨ ਮੁਹਈਆ ਕਰਾਉਣ 'ਚ ਪਾਕਿਸਤਾਨ ਦੀ ਮਦਦ ਕਰਨੀ ਹੋਵੇਗੀ ਜਿਸ ਨਾਲ ਵਿਕਾਸ 'ਚ ਸਹਾਇਤਾ ਮਿਲੇਗੀ। ਉਨ੍ਹਾਂ ਦੇ ਪ੍ਰਸ਼ਾਸਨ ਨੇ ਪਾਕਿਸਤਾਨ ਦੀ ਗ਼ੈਰ ਫ਼ੌਜੀ ਸਹਾਇਤਾ ਅਗਲੇ ਪੰਜ ਸਾਲਾਂ ਲਈ 1.5 ਅਰਬ ਅਮਰੀਕੀ ਡਾਲਰ ਪ੍ਰਤੀ ਸਾਲ ਕਰ ਦਿਤੀ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਅੱਜ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੀ ਪਾਕਿਸਤਾਨ 'ਚ ਅਮਰੀਕੀ ਫ਼ੌਜੀਆਂ ਨੂੰ ਭੇਜਣ ਦੀ ਯੋਜਨਾ ਨਹੀਂ ਹੈ। ਉਨ੍ਹਾਂ ਦਾ ਇਹ ਬਿਆਨ ਇਸ ਗੱਲ ਦੀਆਂ ਵਧਦੀਆਂ ਅਟਕਲਾਂ ਦੌਰਾਨ ਆਇਆ ਹੈ ਜਿਸ 'ਚ ਕਿਹਾ ਜਾ ਰਿਹਾ ਹੈ ਕਿ ਅਮਰੀਕਾ ਪਾਕਿਸਤਾਨ ਦੀ ਮਦਦ ਕਰਨ ਦੀ ਤਿਆਰੀ ਕਰ ਸਕਦਾ ਹੈ ਕਿਉਂਕਿ ਉਸ ਦੀ ਫ਼ੌਜ ਨੇ ਅਸ਼ਾਂਤ ਕਬਾਇਲੀ ਖੇਤਰਾਂ 'ਚ ਤਾਲਿਬਾਨ ਅਤਿਵਾਦੀਆਂ ਵਿਰੁਧ ਅਪਣੀ ਮੁਹਿੰਮ ਤੇਜ਼ ਕਰ ਦਿਤੀ ਹੈ। ਇਸੇ ਦੌਰਾਨ ਈਰਾਨ 'ਚ ਚਲ ਰਹੇ ਵਿਰੋਧ ਪ੍ਰਦਰਸ਼ਨਾਂ 'ਤੇ ਸਖ਼ਤ ਨੀਤੀ ਅਪਣਾਉਣ ਲਈ ਵਧਦੇ ਦਬਾਅ ਕਾਰਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਈਰਾਨੀ ਪ੍ਰਸ਼ਾਸਨ ਦੇ ਬਿਆਨ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਵਾਸ਼ਿੰਗਟਨ ਉਨ੍ਹਾਂ ਲੋਕਾਂ ਦੇ ਨਾਲ ਹੈ ਜੋ ਨਿਆਂ ਦੀ ਮੰਗ ਕਰ ਰਹੇ ਹਨ। ਓਬਾਮਾ ਨੇ ਸੀ.ਬੀ.ਐਸ. ਨਿਊਜ਼ ਨੂੰ ਕਿਹਾ ਕਿ ਅਸੀਂ ਉਨ੍ਹਾਂ ਲੋਕਾਂ ਦੇ ਨਾਲ ਹਾਂ ਜੋ ਸ਼ਾਂਤੀਪੂਰਨ ਤਰੀਕੇ ਨਾਲ ਨਿਆਂ ਦੀ ਮੰਗ ਕਰ ਰਹੇ ਹਨ।

ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕਾ ਈਰਾਨ ਦੀ ਖ਼ੁਦਮੁਖਤਿਆਰੀ ਦਾ ਸਨਮਾਨ ਕਰਦਾ ਹੈ ਅਤੇ ਅਸੀਂ ਇਸ ਤੱਥ ਦਾ ਸਨਮਾਨ ਕਰਦੇ ਹਾਂ ਕਿ ਈਰਾਨੀ ਜਨਤਾ ਨੂੰ ਇਹ ਫ਼ੈਸਲੇ ਕਰਨੇ ਹੋਣਗੇ। ਓਬਾਮਾ ਨੇ ਕਿਹਾ ਕਿ ਸ਼ਾਂਤੀਪੂਰਨ ਤਰੀਕੇ ਨਾਲ ਅਪਣੀ ਗੱਲ ਰੱਖਣ ਦੀ ਚਾਹਤ ਰੱਖਣ ਦੀ ਵਾਲੀ ਜਨਤਾ ਨਾਲ ਨਜਿੱਠਣ 'ਚ ਉਹ ਕਿਸ ਤਰ੍ਹਾਂ ਦਾ ਰਵਈਆ ਅਪਣਾਉਂਦੇ ਹਨ, ਉਹ ਅੰਤਰਰਾਸ਼ਟਰੀ ਭਾਈਚਾਰੇ ਨੂੰ ਸਪੱਸ਼ਟ ਸੰਕੇਤ ਦੇਵੇਗਾ ਕਿ ਈਰਾਨ ਕੀ ਹੈ ਅਤੇ ਕੀ ਨਹੀਂ ਹੈ।

## ਪਿਤਾ ਵਿਹੂਣੇ ਬਹੁਤੇ ਬੱਚੇ ਜੇਲ੍ਹਾਂ 'ਚ ਪਹੁੰਚ ਜਾਂਦੇ

**ਵਾਸ਼ਿੰਗਟਨ :** ਇਸ ਦੌਰਾਨ ਫਾਦਰਸ ਡੇ 'ਤੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਪਿਤਾ ਤੋਂ ਬਿਨਾਂ ਉਨ੍ਹਾਂ ਦੇ ਜੀਵਨ 'ਚ ਖਾਲੀਪਨ ਰਿਹਾ ਹੈ। ਫ਼ਾਦਰਜ਼ ਡੇ ਤੋਂ ਦੋ ਦਿਨ ਪਹਿਲਾਂ ਓਬਾਮਾ ਨੇ ਅਮਰੀਕਾ ਦੇ ਪਿਤਾਵਾਂ ਨੂੰ ਅਪਣੇ ਬੱਚਿਆਂ ਪ੍ਰਤੀ ਜ਼ੁੰਮੇਵਾਰੀ ਪੂਰਾ ਕਰਨ ਲਈ ਕਿਹਾ।

ਪਿਤਾ ਦੀਆਂ ਜ਼ੁੰਮੇਵਾਰੀਆਂ ਬਾਰੇ ਓਬਾਮਾ ਦੇ ਬਿਆਨ ਨੂੰ ਵਾਈਟ ਹਾਊਸ ਨੇ ਰਾਸ਼ਟਰੀ ਸੰਵਾਦ ਦਸਿਆ ਜੋ ਖ਼ਾਸ ਤੌਰ 'ਤੇ ਘੱਟ ਗਿਣਤੀ ਨੌਜਵਾਨਾਂ ਅਤੇ ਪੁਰਸ਼ਾਂ ਲਈ ਦਿਤਾ ਗਿਆ ਸੀ। ਉਨ੍ਹਾਂ ਨੇ ਸਵੀਕਾਰ ਕੀਤਾ ਕਿ ਇਕ ਸਮੇਂ ਉਹ ਅਪਣੇ ਪਿਤਾ ਤੋਂ ਬਿਨਾਂ ਖ਼ੁਦ ਨੂੰ ਅਧੂਰਾ ਮਹਿਸੂਸ ਕਰਦੇ ਸਨ। ਓਬਾਮਾ ਨੇ ਵਾਈਟ ਹਾਊਸ 'ਚ ਇਕ ਮੀਟਿੰਗ 'ਚ ਕਿਹਾ "ਜੋ ਬੱਚੇ ਪਿਤਾ ਤੋਂ ਬਿਨਾਂ ਵੱਡੇ ਹੁੰਦੇ ਹਨ ਉਨ੍ਹਾਂ ਦੇ ਸਮੇਂ ਤੋਂ ਪਹਿਲਾਂ ਸਕੂਲ ਛੱਡਣ ਤੇ ਜ਼ਿੰਦਗੀ ਜੇਲ੍ਹ 'ਚ ਗੁਜ਼ਾਰਨ ਦੀ ਸੰਭਾਵਨਾ ਜ਼ਿਆਦਾ ਰਹਿੰਦੀ ਹੈ।"


**Wanted Owner Operators**

**ਓਨਰ ਅਪਰੇਟਰਾਂ ਦੀ ਤੁਰੰਤ ਲੋੜ ਹੈ**



- √ ਅਮਰੀਕਾ ਵਿਚ ਹਰ ਸਟੇਟ ਤੋਂ ਹਰ ਸਟੇਟ ਲਈ ਰੀਫਰ ਅਤੇ ਡਰਾਈ ਲੋਡ ਉਪਲਬਧ।
- √ ਅਸਲੀ ਡਿਲੀਵਰੀ ਪੇਪਰ ਮਿਲਣ ਤੋਂ ਬਾਅਦ ਬਿਨਾ ਦੇਰੀ ਪੈਸਿਆਂ ਦਾ ਭੁਗਤਾਨ।
- √ ਟੀਮ ਨੂੰ ਤਰਜ਼ੀਹ।
- √ ਡਿਸਪੈਚ 24 ਘੰਟੇ ਉਪਲਬਧ।

ਵਧੀਆ ਪੈਸੇ ਬਣਾਉਣ ਲਈ ਅੱਜ ਹੀ ਕਾਲ ਕਰੋ

ਯੂਨੀਅਨ ਟਰੱਕਿੰਗ, ਇੰਕ
PO Box # 797
Union City, CA 94587
Ph:510-324-2700
Fax:510-324-1432

UNION TRUCKING, INC.

ਸੁੱਖ ਸੰਧੂ ਸੈਲ:510-673-4537
ਹਰਜੋਗ ਪੂਨੀਆ ਸੈਲ:510-714-6039
sukhjinder82@hotmail.com



**G.M. Lawrence Insurance Brokerage** License# 0D79587

ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ

LIABILITY
GENERAL LIABILITY
PHYSICAL DAMAGE
CARGO
BONDS

ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?

*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ

New Ventures Are Welcome

ਦਲਜੀਤ ਸਿੰਘ ਖਹਿਰਾ
Ph: 209-474-2771
Fax: 209-474-0215
7746 Lorraine Ave.#214
Stockton CA-95210

SPECIALIZES IN BOTH LOCAL & LONG HAUL
- -Flexible down payments
- -Excellent customer service
- -Committed to each individual client's needs
- -Experienced, knowledgeable & professional staff



ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ



**ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖ਼ੁਸ਼ਖ਼ਬਰੀ !**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

License plates
IFTA *Fuel tax return
DOT, ICC-MMC
Single state registration services
*New Mexico & Kentucky permit



*Rajinder Singh*

ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ

**Now in Strockton, the Hub of the Trucking Industry**

Financing Available For Buying Trucks




Cell: (510) 557-6988
Ph: 209-982-9996,
Fax:209-982-9997
13465 Basalt Ct, Lathrop CA 95330

# ਭਾਜਪਾ ਕਾਰਜਕਾਰਨੀ ਵਲੋਂ ਹਿੰਦੂਤਵ ਨਾਲ ਜੁੜੇ ਰਹਿਣ ਦੇ ਸੰਕੇਤ

**ਨਵੀਂ ਦਿੱਲੀ :** ਲੋਕ ਸਭਾ ਚੋਣਾਂ ਵਿਚ ਹਾਰ ਜਾਣ ਤੋਂ ਪਿੱਛੋਂ ਪਹਿਲੀ ਵਾਰੀ ਸੱਦੀ ਗਈ ਕੌਮੀ ਕਾਰਜਕਾਰਨੀ ਦੀ ਬੈਠਕ ਵਿਚ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੇ ਬੇਸ਼ੱਕ ਕਿਸੇ ਹੱਦ ਤੱਕ ਹਾਰ ਦੇ ਕਾਰਨਾਂ ਦਾ ਲੇਖਾ-ਜੋਖਾ ਕਰਨ ਦੀ ਮਸ਼ਕ ਕੀਤੀ ਹੈ ਅਤੇ ਪਾਰਟੀ ਨੂੰ ਮੁੜ ਤਾਕਤਵਰ ਬਣਾਉਣ ਦਾ ਫਿਕਰ ਕੀਤਾ ਹੈ, ਇਸ ਦੇ ਬਾਵਜੂਦ ਇਹ ਕਹਿਣਾ ਮੁਸ਼ਕਲ ਹੈ ਕਿ ਪਾਰਟੀ ਨੇ ਭਵਿੱਖ ਲਈ ਕੋਈ ਦਿਸ਼ਾ ਲੱਭ ਲਈ ਹੈ। ਕੇਂਦਰੀ ਸੱਤਾ ਉੱਪਰ ਕਾਬਜ਼ ਹੋਣ ਦੀ ਪੱਕੀ ਉਮੀਦ ਲਗਾਈ ਬੈਠੀ ਭਾਜਪਾ ਆਪਣੇ ਇਸ ਟੀਚੇ ਨੂੰ ਹਾਸਲ ਕਰਨ ਵਿਚ ਨਾਕਾਮ ਰਹਿ ਗਈ ਸੀ ਤੇ ਨਤੀਜੇ ਆਉਂਦਿਆਂ ਹੀ ਇਨ੍ਹਾਂ ਚੋਣਾਂ ਵਿਚ ਭਾਜਪਾ ਦੀ ਹਾਰ ਲਈ ਜ਼ਿੰਮੇਵਾਰੀ ਤੇ ਜਵਾਬਦੇਹੀ ਦਾ ਸਵਾਲ ਵੀ ਉੱਠ ਖਲੋਤਾ ਸੀ। ਇਸ ਵਾਰ ਚੋਣ ਮੁਹਿੰਮ ਦੀ ਜ਼ਿੰਮੇਵਾਰੀ ਪਾਰਟੀ ਦੇ ਸੀਨੀਅਰ ਨੇਤਾ ਅਰੁਣ ਜੇਤਲੀ ਦੀ ਸੀ, ਜਿਨ੍ਹਾਂ ਨੂੰ ਬਾਅਦ ਵਿਚ ਰਾਜ ਸਭਾ ਅੰਦਰ ਵਿਰੋਧੀ ਧਿਰ ਦਾ ਨੇਤਾ ਬਣਾ ਦਿੱਤੇ ਜਾਣ ਨਾਲ ਜ਼ਿੰਮੇਵਾਰੀ, ਜਵਾਬਦੇਹੀ ਤੇ ਕਾਰਗੁਜ਼ਾਰੀ ਬਦਲੇ ਦਿੱਤੇ ਜਾ ਰਹੇ 'ਇਨਾਮਾਂ' ਦਾ ਮੁੱਦਾ ਵੀ ਉਠਾ ਦਿੱਤਾ ਗਿਆ ਸੀ।

ਪਾਰਟੀ ਦੇ ਸੀਨੀਅਰ ਨੇਤਾ ਜਸਵੰਤ ਸਿੰਘ ਨੇ ਪਿਛਲੇਰੇ ਹਫਤੇ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਮੈਂਬਰਾਂ ਵਿਚ ਬਾਕਾਇਦਾ ਇਕ ਪੱਤਰ ਵੰਡ ਕੇ ਆਪਣਾ ਇਤਰਾਜ਼ ਸਾਹਮਣੇ ਲਿਆ ਰੱਖਿਆ ਸੀ। ਇਸੇ ਤਰ੍ਹਾਂ ਸ੍ਰੀ ਅਰੁਣ ਸ਼ੋਰੀ ਨੇ ਵੀ ਪਾਰਟੀ ਪ੍ਰਧਾਨ ਨੂੰ ਲਿਖੇ ਆਪਣੇ ਇਕ ਪੱਤਰ ਰਾਹੀਂ ਇਥੋਂ ਤੱਕ ਆਖ ਦਿੱਤਾ ਸੀ ਕਿ ਪਾਰਟੀ ਹੁਣ 'ਸਾਜ਼ਿਸ਼ਕਾਰਾਂ' ਦੇ ਹੱਥਾਂ ਵਿਚ ਚਲੀ ਗਈ ਹੈ। ਲੰਘੇ ਸ਼ਨਿਚਰਵਾਰ ਨੂੰ ਪਾਰਟੀ ਦੀ ਮੀਤ ਪ੍ਰਧਾਨਗੀ ਅਤੇ ਪਾਰਟੀ ਦੇ ਬਾਕੀ ਅਹੁਦਿਆਂ ਤੋਂ ਅਸਤੀਫਾ ਦੇ ਕੇ ਸੀਨੀਅਰ ਨੇਤਾ ਸ੍ਰੀ ਯਸ਼ਵੰਤ ਸਿਨਹਾ ਨੇ ਇਕ ਤਰ੍ਹਾਂ ਨਾਲ ਭੂਚਾਲ ਲਿਆ ਦਿੱਤਾ ਸੀ ਤੇ ਸਮਝਿਆ ਜਾਣ ਲੱਗ ਪਿਆ ਸੀ ਕਿ ਕੌਮੀ ਕਾਰਜਕਾਰਨੀ ਦੀ ਮੀਟਿੰਗ ਦਾ ਏਜੰਡਾ ਪਾਰਟੀ ਅੰਦਰ ਉੱਠੀਆਂ ਵਿਦਰੋਹੀ ਸੁਰਾਂ ਕਾਰਨ ਤੈਅ ਹੋ ਹੀ ਗਿਆ ਹੈ।

ਭਾਜਪਾ ਨੇ ਇਨ੍ਹਾਂ ਚੋਣਾਂ ਦੌਰਾਨ ਲੋਕ ਸਭਾ ਵਿਚ 116 ਸੀਟਾਂ ਹਾਸਲ ਕੀਤੀਆਂ ਹਨ। ਕਾਰਜਕਾਰਨੀ ਮੀਟਿੰਗ ਵਿਚ ਪਾਸ ਕੀਤੇ ਗਏ ਇਕ ਪ੍ਰਸਤਾਵ ਰਾਹੀਂ ਏਨੀ ਕੁ ਪ੍ਰਾਪਤੀ ਬਾਰੇ ਕਿਹਾ ਗਿਆ ਹੈ ਕਿ ਇਹ ਨਤੀਜੇ ਪਾਰਟੀ ਦੀ ਉਮੀਦ ਮੁਤਾਬਕ ਨਹੀਂ ਰਹੇ ਤੇ ਨਾਲ ਹੀ ਜਨਤਾ ਦੇ ਇਸ ਰੂਪ ਵਿਚ ਦਿੱਤੇ ਗਏ ਫਤਵੇ ਨੂੰ ਸਵੀਕਾਰ ਕੀਤਾ ਗਿਆ ਹੈ। ਜਿਥੋਂ ਤੱਕ ਪਾਰਟੀ ਦੀ ਇਸ ਹਾਰ ਲਈ ਜਵਾਬਦੇਹੀ ਨਿਸ਼ਚਿਤ ਕਰਨ ਦਾ ਸਵਾਲ ਸੀ, ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਹੈ



ਐਲ.ਕੇ. ਅਡਵਾਨੀ

ਕਿ ਜਿਵੇਂ ਪਾਰਟੀ ਦੀ ਜਿੱਤ ਨੂੰ ਸਮੁੱਚੀ ਪਾਰਟੀ ਦੀ ਸਮੂਹਿਕ ਜਿੱਤ ਸਮਝਿਆ ਜਾਂਦਾ ਹੈ, ਇਸੇ ਤਰ੍ਹਾਂ ਹਾਰ ਨੂੰ ਵੀ ਉਸੇ ਪ੍ਰਸੰਗ ਵਿਚ ਲਿਆ ਜਾਣਾ ਚਾਹੀਦਾ ਹੈ।

ਲੋਕ ਸਭਾ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਭਾਜਪਾ ਵਿਚ ਛਿੜਿਆ ਅੰਦਰੂਨੀ ਕਲੇਸ਼ ਬੀਤੀ 20 ਜੂਨ ਨੂੰ ਭਾਜਪਾ ਦੀ ਕੌਮੀ ਕਾਰਜਕਾਰਨੀ ਮੀਟਿੰਗ ਵਿਚ ਉਸ ਸਮੇਂ ਸਾਹਮਣੇ ਆਇਆ, ਜਦੋਂ ਖੁੱਲ੍ਹੀ ਬਹਿਸ ਦੇ ਡਰਾਮੇ ਦੌਰਾਨ ਮੁਸਲਿਮ ਆਗੂ ਸ਼ਾਹ ਨਵਾਜ਼ ਹੁਸੈਨ ਅਤੇ ਮੁਖਤਿਆਰ ਅੱਬਾਸ ਨਕਵੀ ਦੀ ਮੇਨਕਾ ਗਾਂਧੀ ਨਾਲ ਤੂੰ-ਤੂੰ-ਮੈਂ-ਮੈਂ ਹੋ ਗਈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਿਸ ਸਮੇਂ ਸ਼ਾਹ ਨਵਾਜ਼ ਹੁਸੈਨ ਪਾਰਟੀ ਦੇ ਅੰਦਰੂਨੀ ਮਾਮਲਿਆਂ ਨੂੰ ਮੀਡੀਆ ਨੂੰ ਲੀਕ ਕਰਨ 'ਤੇ ਨਾਰਾਜ਼ਗੀ ਜਤਾ ਰਹੇ ਸਨ, ਉਸ ਸਮੇਂ ਮੇਨਕਾ ਗਾਂਧੀ ਨੇ ਦੋਸ਼ ਲਗਾਇਆ ਕਿ ਹੁਸੈਨ ਹੀ ਹਮੇਸ਼ਾ ਪਾਰਟੀ ਦੇ ਅੰਦਰੂਨੀ ਮਾਮਲਿਆਂ ਨੂੰ ਮੀਡੀਆ ਵਿਚ ਬੋਲਦੇ ਆਏ ਹਨ। ਅਚਾਨਕ ਮੁਖਤਿਆਰ ਨਕਵੀ ਬਹਿਸ ਦੌਰਾਨ ਹੀ ਹੁਸੈਨ ਦੇ ਬਚਾਅ ਵਿਚ ਖੜ੍ਹੇ ਹੋ ਗਏ ਅਤੇ ਉਨ੍ਹਾਂ ਨੇ ਮੇਨਕਾ ਗਾਂਧੀ ਨੂੰ ਟੋਕਦਿਆਂ ਕਿਹਾ ਕਿ ਉਹ ਬਹੁਤ ਬੋਲ ਚੁੱਕੇ ਹਨ। ਇਸ ਬਹਿਸਬਾਜ਼ੀ ਨੂੰ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨੇ ਖਤਮ ਕਰਨ ਦਾ ਯਤਨ ਕੀਤਾ। ਜ਼ਿਕਰਯੋਗ ਹੈ ਕਿ ਦੋਵੇਂ ਮੁਸਲਿਮ ਆਗੂਆਂ ਦੀ ਮੇਨਕਾ ਗਾਂਧੀ ਨਾਲ ਉਸ ਸਮੇਂ ਤੋਂ ਨਹੀਂ ਬਣ ਰਹੀ ਜਦੋਂ ਉਨ੍ਹਾਂ ਦੇ ਪੁੱਤਰ ਨੇ ਪੀਲੀਭੀਤ ਵਿਚ ਮੁਸਲਮਾਨਾਂ ਖਿਲਾਫ਼ ਭੜਕਾਊ ਭਾਸ਼ਣ ਦਿੱਤਾ ਸੀ। ਇਨ੍ਹਾਂ ਦੋਵੇਂ ਆਗੂਆਂ ਨੇ ਇਹ ਵੀ ਦਾਅਵਾ ਕੀਤਾ ਕਿ ਵਰੁਣ ਗਾਂਧੀ ਦੇ ਭੜਕਾਊ ਭਾਸ਼ਣ ਦੀ ਪਾਰਟੀ ਨੂੰ ਭਾਰੀ ਕੀਮਤ ਚੁਕਾਉਣੀ ਪਈ, ਜਿਸ ਦਾ ਅਸਰ ਪਾਰਟੀ ਦੀ ਛਵੀ ਅਤੇ ਪ੍ਰਦਰਸ਼ਨ 'ਤੇ ਪਿਆ।ਉਨ੍ਹਾਂ ਕਿਹਾ ਕਿ ਉਤਰ ਪ੍ਰਦੇਸ਼ ਵਿਚ ਇਸ ਭੜਕਾਊ ਭਾਸ਼ਣ ਕਾਰਨ ਭਾਜਪਾ ਨੂੰ ਅੱਧੀਆਂ ਸੀਟਾਂ ਦਾ ਨੁਕਸਾਨ ਉਠਾਉਣਾ ਪਿਆ।

ਜ਼ਿਕਰਯੋਗ ਹੈ ਕਿ ਮੇਨਕਾ ਗਾਂਧੀ ਨੇ ਆਪਣੇ ਪੁੱਤਰ ਵਰੁਣ ਗਾਂਧੀ ਦਾ ਬਚਾਅ ਕਰਦਿਆਂ ਤਰਕ ਦਿੱਤਾ ਸੀ ਕਿ ਮੁਸਲਮਾਨ ਭਾਜਪਾ ਦਾ ਵੋਟ ਬੈਂਕ ਨਹੀਂ ਹਨ। ਇਸ ਲਈ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਹਾਰ ਲਈ ਜੋ ਲੋਕ ਵਰੁਣ ਗਾਂਧੀ ਦੇ ਕਥਿਤ ਮੁਸਲਿਮ ਵਿਰੋਧੀ ਭਾਸ਼ਣ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ, ਉਹ ਗਲਤ ਹੈ। ਦੱਸਣਾ ਬਣਦਾ ਹੈ ਕਿ ਮੱਧਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਬਿਹਾਰ ਦੇ ਉਪ ਮੁੱਖ ਮੰਤਰੀ ਸ਼ਿਵ ਕੁਮਾਰ ਮੋਦੀ, ਭਾਜਪਾ ਦੇ ਸੀਨੀਅਰ ਆਗੂ ਗੋਪੀ ਨਾਥ ਮੁੰਡੇ ਨੇ ਵੀ ਮੇਨਕਾ ਗਾਂਧੀ ਦੇ ਇਸ ਤਰਕ ਨਾਲ ਅਸਹਿਮਤੀ ਜਤਾਈ ਕਿ ਮੁਸਲਮਾਨ ਭਾਜਪਾ



ਰਾਜਨਾਥ ਸਿੰਘ

ਨੂੰ ਵੋਟ ਨਹੀਂ ਦਿੰਦੇ। ਇਨ੍ਹਾਂ ਆਗੂਆਂ ਨੇ ਇਹ ਵੀ ਕਿਹਾ ਕਿ ਭਾਜਪਾ ਲਈ ਇਹ ਖ਼ਤਰਨਾਕ ਸਿੱਧ ਹੋਵੇਗਾ ਕਿ ਕਿਸੇ ਖਾਸ ਭਾਈਚਾਰੇ ਨੇ ਭਾਜਪਾ ਨੂੰ ਵੋਟ ਨਹੀਂ ਦਿੱਤੀ।

ਇਸ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਤੋਂ 'ਸਬਕ' ਲੈਂਦੇ ਹੋਏ ਕਿਹਾ ਕਿ ਕੇਂਦਰੀ ਸੰਗਠਨ ਸਮੇਤ ਸਾਰੇ ਪੱਧਰਾਂ 'ਤੇ ਵੱਡੇ ਸੁਧਾਰ ਦੀ ਲੋੜ ਹੈ ਅਤੇ ਸਾਰੇ ਪੱਧਰਾਂ 'ਤੇ ਨੌਜਵਾਨਾਂ ਨੂੰ ਅੱਗੇ ਲਿਆਉਣਾ ਵੀ ਜ਼ਰੂਰੀ ਹੈ। ਕਾਰਜਕਾਰਨੀ ਦੀ ਪਹਿਲੀ ਮੀਟਿੰਗ ਨੂੰ ਸੰਬੋਧਨ ਵਿਚ ਸ੍ਰੀ ਅਡਵਾਨੀ ਨੇ ਕਿਹਾ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਹਿੰਦੂਤਵ ਨੂੰ ਨਹੀਂ ਛੱਡਿਆ ਜਾ ਸਕਦਾ। ਉਨ੍ਹਾਂ ਇਹ ਵੀ ਕਿਹਾ ਕਿ ਹਿੰਦੂਤਵ ਦੀ ਗਲਤ ਪਰਿਭਾਸ਼ਾ ਅਤੇ ਇਸ ਦੀ ਮੁਸਲਿਮ ਵਿਰੋਧੀ ਵਿਆਖਿਆ ਖ਼ਤਰਨਾਕ ਸਿੱਧ ਹੋਵੇਗੀ।


ਉਨ੍ਹਾਂ ਨਾਲ ਹੀ ਐਲਾਨ ਕੀਤਾ ਕਿ ਚੋਣਾਂ 'ਚ ਹੋਈ ਹਾਰ ਦਾ ਜਾਇਜ਼ਾ ਲੈਣ ਲਈ ਉਹ ਦੇਸ਼ ਦੇ ਵੱਖ-ਵੱਖ ਖੇਤਰਾਂ ਦਾ ਦੌਰਾ ਕਰਕੇ ਜਨਤਾ ਨਾਲ ਫਿਰ ਤੋਂ ਰਿਸ਼ਤਾ ਕਾਇਮ ਕਰਨਗੇ। ਇਹ ਦੁੱਖ ਦੀ ਗੱਲ ਹੈ ਕਿ ਪਾਰਟੀ ਅੰਦਰ ਰੇਲ ਗੱਡੀ ਦੇ ਡੱਬਿਆਂ ਵਾਂਗ ਮਾਨਸਿਕਤਾ ਵਿਕਸਤ ਹੋ ਗਈ ਹੈ, ਜਿਸ ਨਾਲ ਜਿਹੜੇ ਲੋਕ ਅਗਵਾਈ ਕਰਨ ਦੀ ਹਾਲਤ ਵਿਚ ਹਨ ਉਹ ਡੱਬੇ ਦੇ ਬਾਹਰ ਖੜ੍ਹੇ ਪ੍ਰਤਿਭਾਵਾਨ ਅਤੇ ਯੋਗ ਵਰਕਰਾਂ ਨੂੰ ਅੰਦਰ ਨਹੀਂ ਆਉਣ ਦਿੰਦੇ।

**ਇਸੇ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਰਾਜਨਾਥ ਸਿੰਘ ਨੇ** ਲੋਕ ਸਭਾ ਚੋਣਾਂ 'ਚ ਹੋਈ ਹਾਰ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦੇ ਹੋਏ ਕਿਹਾ ਕਿ ਉਹ ਚੋਣਾਂ 'ਚ ਹਿੰਦੂਤਵ ਦਾ ਮੁੱਦਾ ਉਠਾਉਣ ਲਈ ਸ਼ਰਮਿੰਦਾ ਨਹੀਂ ਹਨ। ਚੋਣਾਂ 'ਚ ਹਾਰ ਦੀ ਜਵਾਬਦੇਹੀ ਤੈਅ ਕਰਨ ਦੇ ਲਈ ਸੱਦੀ ਗਈ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ 'ਚ ਰਾਜਨਾਥ ਸਿੰਘ ਨੇ ਕਿਹਾ ਕਿ ਭਾਜਪਾ 'ਚ ਜਿੱਤ ਤੇ ਹਾਰ ਦੀ ਜ਼ਿੰਮੇਵਾਰੀ ਸਮੂਹਿਕ ਹੁੰਦੀ ਹੈ, ਪਰ ਜੇਕਰ ਕੁਝ ਲੋਕ ਸੋਚਦੇ ਹਨ ਕਿ ਕਿਸੇ ਇਕ ਵਿਅਕਤੀ ਨੂੰ ਇਸ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਤਾਂ ਉਹ ਪਾਰਟੀ ਪ੍ਰਧਾਨ ਦੇ ਨਾਤੇ ਇਸ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਦੇ ਹਨ।

ਬਦਲਦੇ ਸਮੇਂ ਦੇ ਅਨੁਸਾਰ ਪਾਰਟੀ ਦੀ ਹਿੰਦੂਤਵ ਵਿਚਾਰਧਾਰਾ ਛੱਡਣ ਦੇ ਸੁਝਾਵਾਂ 'ਤੇ ਸਖ਼ਤ ਰੁਖ ਅਪਨਾਉਂਦੇ ਹੋਏ ਭਾਜਪਾ ਮੁਖੀ ਨੇ ਕਿਹਾ ਕਿ ਆਪਣਾ ਮੂਲ ਚਰਿੱਤਰ ਜਾਂ ਵਿਚਾਰਧਾਰਾ ਨੂੰ ਬਦਲਣਾ ਕਿਸੇ ਵੀ ਪਾਰਟੀ ਲਈ ਖ਼ਤਰਨਾਕ ਰਿਹਾ ਹੈ। ਇਸ ਕਰਕੇ ਅਜਿਹਾ ਕੋਈ ਵੀ ਵਿਚਾਰ ਸਾਡੇ ਲਈ ਭਵਿੱਖ 'ਚ ਖ਼ਤਰਨਾਕ ਸਿੱਧ ਹੋਵੇਗਾ। ਚੋਣਾਂ 'ਚ ਹਿੰਦੂਤਵ ਦੇ ਮੁੱਦੇ ਨੂੰ ਸਹੀ ਠਹਿਰਾਉਂਦੇ ਹੋਏ ਸ੍ਰੀ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਪਾਰਟੀ ਨੇ ਜਿਨ੍ਹਾਂ ਗੱਲਾਂ ਦਾ ਵਿਰੋਧ ਕੀਤਾ ਉਹ ਸਾਡਾ ਰਾਸ਼ਟਰੀ ਫਰਜ਼ ਸੀ ਅਤੇ ਉਹ ਇਸ ਦੇ ਲਈ ਸ਼ਰਮਿੰਦਾ ਨਹੀਂ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਰਾਸ਼ਟਰਵਾਦੀ ਰਾਖਵੇਂਕਰਨ ਦਾ ਸਮਰਥਨ ਮਜ਼ਹਬ ਦੇ ਆਧਾਰ 'ਤੇ ਕਿਵੇਂ ਕਰ ਸਕਦਾ ਹੈ ਅਤੇ ਸੰਪਰਦਾਇ ਦੇ ਆਧਾਰ 'ਤੇ ਬਜਟ ਵਿਚ ਕੀਤੀਆਂ ਤਜਵੀਜ਼ਾਂ ਨੂੰ ਕਿਵੇਂ ਸਹੀ ਠਹਿਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਕੁਝ ਲੋਕਾਂ ਨੇ ਸਾਨੂੰ ਸਲਾਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ ਕਿ ਭਾਜਪਾ ਲਗਾਤਾਰ ਦੋ ਵਾਰ ਚੋਣ ਹਾਰ ਚੁੱਕੀ ਹੈ ਇਸ ਲਈ ਹਿੰਦੂਤਵ ਦਾ ਮੁੱਦਾ ਛੱਡ ਦੇਣਾ ਚਾਹੀਦਾ ਹੈ। ਪਰ ਸਾਨੂੰ ਇਹ ਮਨਜ਼ੂਰ ਨਹੀਂ।ਇਥੇ ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਜਸਵੰਤ ਸਿਨਹਾ ਨੇ ਅਰੁਣ ਜੇਤਲੀ ਨੂੰ ਰਾਜ ਸਭਾ ਵਿਚ ਪਾਰਟੀ ਬੁਲਾਰਾ ਬਣਾਉਣ 'ਤੇ ਅਸਤੀਫਾ ਦੇ ਦਿੱਤਾ ਸੀ ਅਤੇ ਬਾਅਦ ਵਿਚ ਜੇਤਲੀ ਨੇ ਵੀ ਰਾਜ ਸਭਾ ਵਿਚੋਂ ਮੁੱਖ ਵਿਰੋਧੀ ਪਾਰਟੀ ਦੇ ਬੁਲਾਰੇ ਵਜੋਂ ਅਸਤੀਫਾ ਦੇ ਦਿੱਤਾ।

## ਸੀਡੀ 'ਚ ਆਵਾਜ਼ ਵਰੁਣ ਦੀ ਹੀ : ਜਾਂਚ ਰਿਪੋਰਟ

**ਪੀਲੀਭੀਤ :** ਹੈਦਰਾਬਾਦ ਦੇ ਫੋਰੈਂਸਿਕ ਲੈਬ ਦੀ ਜਾਂਚ ਰਿਪੋਰਟ ਵਿਚ ਇਹ ਸਾਬਤ ਹੋ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਲੋਕ ਸਭਾ ਮੈਂਬਰ ਵਰੁਣ ਗਾਂਧੀ ਦੀ ਭੜਕਾਊ ਭਾਸ਼ਣ ਦੀ ਸੀਡੀ ਅਸਲੀ ਹੈ ਅਤੇ ਉਸ ਵਿਚ ਆਵਾਜ਼ ਵੀ ਵਰੁਣ ਗਾਂਧੀ ਦੀ ਹੀ ਹੈ। ਵਰੁਣ ਗਾਂਧੀ ਦੇ



ਖਿਲਾਫ ਭੜਕਾਊ ਭਾਸ਼ਣ ਦੇ ਮਾਮਲੇ ਵਿਚ ਦਰਜ ਮਾਮਲੇ ਦੇ ਜਾਂਚ ਕਰਤਾ ਦਿਓਰੀਆ ਥਾਣਾ ਮੁਖੀ ਮਣੀ ਰਾਮ ਰਾਓ ਨੇ ਭੜਕਾਊ ਭਾਸ਼ਣ ਵਾਲੀ ਸੀਡੀ ਦੇ ਸਬੰਧ ਵਿਚ ਆਪਣੀ ਰਿਪੋਰਟ ਜ਼ਿਲ੍ਹਾ ਅਧਿਕਾਰੀ ਨੂੰ ਭੇਜ ਦਿੱਤੀ ਹੈ।

ਸ੍ਰੀ ਰਾਓ ਨੇ ਦੱਸਿਆ ਕਿ ਫੋਰੈਂਸਿਕ ਜਾਂਚ ਦੌਰਾਨ ਸੀਡੀ ਵਿਚ ਆਵਾਜ਼ ਵਰੁਣ ਗਾਂਧੀ ਦੀ ਹੀ ਪਾਈ ਗਈ ਹੈ। ਦੱਸਣਾ ਬਣਦਾ ਹੈ ਕਿ ਵਰੁਣ ਗਾਂਧੀ ਨੇ ਆਪਣੀ ਸਫ਼ਾਈ ਵਿਚ ਕਿਹਾ ਸੀ ਕਿ ਸੀਡੀ ਵਿਚ ਉਨ੍ਹਾਂ ਦੀ ਆਵਾਜ਼ ਨਹੀਂ ਹੈ, ਉਸ ਤੋਂ ਬਾਅਦ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਸੀਡੀ ਜਾਂਚ ਲਈ ਹੈਦਰਾਬਾਦ ਦੇ ਫੋਰੈਂਸਿਕ ਲੈਬ ਨੂੰ ਭੇਜੀ ਸੀ।

# ਪੱਛਮੀ ਬੰਗਾਲ 'ਚ ਇੰਜ ਦਾ ਰਿਹਾ ਮਾਰਕਸਵਾਦੀਆਂ ਦਾ ਇਤਿਹਾਸ

**-ਡਾ. ਅਜੀਤ ਪਾਲ ਸਿੰਘ**

ਪੱਛਮੀ ਬੰਗਾਲ ਅੰਦਰ ਮਾਕਪਾ ਦੀ ਅਗਵਾਈ ਵਾਲਾ ਖੱਬਾ ਮੋਰਚਾ 1977 'ਚ ਬਹੁਤ ਚੰਗੇ ਬਹੁਮਤ ਨਾਲ ਸੱਤਾ ਵਿਚ ਆਇਆ ਸੀ। ਹਾਲਾਂਕਿ ਉਦੋਂ ਤਕ ਇਹ ਸਮਝੌਤਾਵਾਦੀ ਰਾਹ 'ਤੇ ਪੂਰੀ ਤਰ੍ਹਾਂ ਗਰਕ ਚੁਕਿਆ ਸੀ।


ਪਰ ਉਸ ਸਮੇਂ ਸੂਬੇ ਦੇ ਲੋਕਾਂ ਮੂਹਰੇ ਉਹ ਇਕ ਸਮਰਥ ਬਦਲ ਵਜੋਂ ਮੌਜੂਦ ਸੀ। ਉਸ ਸਮੇਂ ਕਾਂਗਰਸ ਸਰਕਾਰ ਭਾਕਪਾ (ਮ.ਲ) ਦੇ ਵਰਕਰਾਂ ਦੇ ਬੇਰਹਿਮ ਕਤਲ ਕਰ ਰਹੀ ਸੀ। ਮਾਰਕਸਵਾਦੀ ਲੈਨਿਨਵਾਦੀ ਤਾਕਤਾਂ ਕਈ ਟੁਕੜਿਆਂ ਵਿਚ ਵੰਡੀਆਂ ਜਾ ਚੁੱਕੀਆਂ ਸਨ। ਪਿਛਲੇ 30 ਸਾਲਾਂ ਦੌਰਾਨ ਮਾਰਕਸਵਾਦੀ ਲੈਨਿਨਵਾਦੀ ਤਾਕਤਾਂ ਨੂੰ ਅਜਿਹੇ ਕਈ ਮੌਕੇ ਮਿਲੇ ਸਨ ਜਦ ਉਹ ਮਾਕਪਾ ਤੇ ਖੱਬੇ ਮੋਰਚੇ ਖਿਲਾਫ ਵਿਚਾਰਕ ਸੰਘਰਸ਼ ਚਲਾ ਕੇ ਉਸਦਾ ਪਰਦਾਫਾਸ਼ ਕਰ ਸਕਦੇ ਸਨ।

ਖੱਬੇ ਮੋਰਚੇ ਵਲੋਂ ਅਮਲ 'ਚ ਲਿਆਂਦੀਆਂ ਜਾ ਰਹੀਆਂ ਹਾਕਮ ਜਮਾਤ ਦੀਆਂ ਨੀਤੀਆਂ ਖਿਲਾਫ ਰਾਜਸੀ ਤੌਰ 'ਤੇ ਲੜ ਸਕਦੇ ਸਨ ਅਤੇ ਇਹਨਾਂ ਪਰਦਾਫਾਸ਼ ਮੁਹਿੰਮਾਂ ਅਤੇ ਸੰਘਰਸ਼ ਰਾਹੀਂ ਪਾਰਟੀ ਅਤੇ ਜਮਾਤੀ ਜਨਤਕ ਜਥੇਬੰਦੀਆਂ ਦੀ ਉਸਾਰੀ ਕਰ ਸਕਦੇ ਸਨ। ਪਰ ਹੋਰ ਰਾਜਾਂ ਦੇ ਮੁਕਾਬਲੇ ਪੱਛਮੀ ਬੰਗਾਲ 'ਚ ਅਜੇ ਵੀ ਵੱਡੀ ਗਿਣਤੀ 'ਚ ਇਨਕਲਾਬੀ ਖੱਬੀਆਂ ਤਾਕਤਾਂ ਦੀ ਮੌਜੂਦਗੀ ਦੇ ਬਾਵਜੂਦ ਉਹ ਅਜੇਹਾ ਨਹੀਂ ਕਰ ਸਕੇ ਅਤੇ ਹੁਣ ਤਕ ਵੱਡੀ ਛਾਲ ਨਹੀਂ ਲਾ ਸਕੇ ਹਨ। ਅਜਿਹਾ ਕਿਉਂ ਹੈ?


ਕੇਰਲਾ 'ਚ ਵੀ ਕਰੀਬ ਕਰੀਬ ਅਜੇਹੀ ਹਾਲਤ ਸੀ। ਉਥੇ ਵੀ ਦਸ ਸਾਲਾਂ ਤੋਂ ਖੱਬੀਆਂ ਕਮਿਊਨਿਸਟ ਤਾਕਤਾਂ ਖਿੰਡੀਆਂ ਰਹੀਆਂ ਪਰ ਫਿਰ ਵੀ ਸਮਝੌਤਾ ਹੀਣ ਸੰਘਰਸ਼ ਕਰਦੀਆਂ ਰਹੀਆਂ। ਕੇਰਲਾ 'ਚ ਇਕ ਵਾਰ ਮਾਕਪਾ ਦੀ ਅਗਵਾਈ ਵਾਲੇ ਖੱਬੇ ਲੋਕਰਾਜੀ ਮੋਰਚੇ ਦੀ ਸਰਕਾਰ ਸੱਤਾ 'ਚ ਰਹਿੰਦੀ ਹੈ ਅਤੇ ਅਗਲੀਆਂ ਚੋਣਾਂ 'ਚ ਕਾਂਗਰਸ ਦੀ ਅਗਵਾਈ ਵਾਲਾ ਯੂ.ਡੀ.ਐਫ ਹਕੂਮਤ ਸੰਭਾਲਦਾ ਹੈ। ਇਹ ਸਿਲਸਿਲਾ ਲੰਮੇ ਸਮੇਂ ਤੋਂ ਚਲ ਰਿਹਾ ਹੈ। ਐਲ.ਡੀ.ਐਫ ਜਦੋਂ ਵੀ ਆਉਂਦਾ ਹੈ ਯੂ.ਡੀ.ਐਫ ਵਾਲੀਆਂ ਨੀਤੀਆਂ ਲਾਗੂ ਕਰਦਾ ਹੈ। ਐਲ ਡੀ ਐਫ ਤੇ ਯੂ ਡੀ ਐਫ ਦੀਆਂ ਨੀਤੀਆਂ ਦਾ ਲਗਾਤਾਰ ਵਿਰੋਧ ਹੁੰਦਾ ਰਿਹਾ ਹੈ।

1972 ਦੀਆਂ ਚੋਣਾਂ 'ਚ ਭਾਰੀ ਧਾਂਦਲੀ ਕਰਕੇ ਮਾਕਪਾ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਨੂੰ ਸੱਤਾ ਤੋਂ ਬੇਦਖਲ ਕਰ ਦਿੱਤਾ ਗਿਆ ਤੇ ਕਾਂਗਰਸ ਨੇ ਸਰਕਾਰ ਬਣਾਈ। ਕਾਂਗਰਸ ਦੀ ਤਾਨਾਸ਼ਾਹੀ ਹਕੂਮਤ ਖਿਲਾਫ ਲੋਕਾਂ ਦੇ ਰੋਹ 'ਤੇ ਕਾਠੀ ਪਾ ਕੇ 1977 'ਚ ਮਾਕਪਾ ਦੀ ਅਗਵਾਈ ਵਾਲਾ ਖੱਬਾ ਮੋਰਚਾ ਹਕੂਮਤ ਵਿਚ ਆਇਆ।

ਪਰ ਸੱਤਾ 'ਚ ਆਉਣ ਤੋਂ ਤੁਰੰਤ ਪਿਛੋਂ ਮਾਕਪਾ ਨੇ ਉਹਨਾਂ ਪੁਲਸ ਅਫਸਰਾਂ ਤੇ ਨੌਕਰਸ਼ਾਹੀ ਖਿਲਾਫ ਕੋਈ ਕਦਮ ਚੁਕਣ ਤੋਂ ਸਾਫ ਇਨਕਾਰ ਕਰ ਦਿੱਤਾ ਜਿਹਨਾਂ ਨੇ ਤਾਨਾਸ਼ਾਹੀ ਹਕੂਮਤ ਚਲਾਈ ਸੀ ਅਤੇ ਕਮਿਊਨਿਸਟ ਇਨਕਲਾਬੀਆਂ ਤੇ ਆਮ ਜਨਤਾ ਨੂੰ ਗੈਰਮਨੁੱਖੀ ਤਸੀਹੇ ਦਿੱਤੇ ਸਨ, ਜੇਲ੍ਹਾਂ 'ਚ ਬੰਦ ਕੀਤਾ ਸੀ



ਬੁੱਧਾਦੇਵ ਭਟਾਚਾਰੀਆ



ਜਯੋਤੀ ਬਸੂ

ਅਤੇ ਕਤਲ ਕੀਤੇ ਸਨ। ਕਮਿਊਨਿਸਟ ਇਨਕਲਾਬੀ ਤਾਕਤਾਂ ਵੀ ਸ਼ਕਤੀਸ਼ਾਲੀ ਅੰਦੋਲਨ ਵਿਕਸਤ ਨਾ ਕਰ ਸਕੀਆਂ ਜਿਸ ਨਾਲ ਮਾਕਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਇਹਨਾਂ ਅਪਰਾਧੀਆਂ ਖਿਲਾਫ ਕਾਰਵਾਈ ਕਰਨ ਤੇ ਬੇਹਤਰ ਜਨਵਾਦੀ ਅਧਿਕਾਰ ਯਕੀਨੀ ਬਣਾਉਣ ਲਈ ਮਜਬੂਰ ਕੀਤਾ ਜਾ ਸਕੇ।

ਇਸ ਤਰ੍ਹਾਂ ਜਦ ਖੱਬੇ ਮੋਰਚੇ ਨੇ ਜ਼ਮੀਨ ਹਲਵਾਹਕ ਕੀ ਦਾ ਨਾਅਰਾ ਤਿਆਗ ਦਿੱਤਾ ਅਤੇ 'ਅਪ੍ਰੇਸ਼ਨ ਬਰਗਾਕਾਰ' ਦੇ ਨਾਂ ਉੱਪਰ ਭੂਮੀ ਸੁਧਾਰ ਦਾ ਰਾਹ ਅਪਣਾਇਆ ਤਦ ਵੀ ਇਨਕਲਾਬੀ ਤਾਕਤਾਂ ਭੂਮੀ ਸੁਧਾਰ ਲਈ ਗਰੀਬ-ਬੇਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਇਕ ਜੁਟ ਕਰਕੇ ਸੰਘਰਸ਼ ਨਹੀਂ ਛੇੜ ਸਕੀਆਂ।

1991 'ਚ ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ। ਪੱਛਮੀ ਬੰਗਾਲ ਦੀ ਖੱਬੇ ਮੋਰਚੇ ਦੀ ਸਰਕਾਰ ਨੇ ਸ਼ੁਰੂ ਸ਼ੁਰੂ 'ਚ ਤਾਂ ਉਦਾਰੀਕਰਨ ਤੇ ਨਿਜੀਕਰਨ ਦਾ ਵਿਰੋਧ ਕਰਨ ਅਤੇ ਇਕ ਵਿਕਲਪਿਕ ਵਿਕਾਸ ਦੀ ਗੱਲ ਕੀਤੀ। ਪਰ ਜਲਦੀ ਹੀ ਇਹਨਾਂ ਸਾਰੇ ਵਿਖਾਵਿਆਂ ਨੂੰ ਛੱਡ ਦਿੱਤਾ ਗਿਆ। ਉਹ ਵੀ ਹਾਕਮ ਜਮਾਤ ਦੀਆਂ ਨਵਉਦਾਰ ਨੀਤੀਆਂ ਨੂੰ ਲਾਗੂ ਕਰਨ ਲੱਗੇ।

ਮਾਕਪਾ ਦਲਾਲ ਹਾਕਮ ਜਮਾਤ ਦੀਆਂ ਨੀਤੀਆਂ ਲਾਗੂ ਕਰਦੀ ਰਹੀ ਪਰ ਇਥੇ ਵੀ ਇਕ ਵਾਰ ਫਿਰ ਕਮਿਊਨਿਸਟ ਇਨਕਲਾਬੀ ਤਾਕਤਾਂ ਮਾਕਪਾ ਦੇ ਇਸ ਸਮਾਜਕ ਜਨਵਾਦੀ ਪਤਨ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕਰਨ 'ਚ ਕਾਮਯਾਬ ਨਹੀਂ ਹੋ ਸਕੀਆਂ।

ਇਸ ਨਾਲ ਮਾਕਪਾ ਤੇ ਖੱਬੇ ਮੋਰਚੇ ਨੂੰ ਲੰਮੇ ਸਮੇਂ ਤੱਕ ਟਿਕੇ ਰਹਿਣ 'ਚ ਮਦਦ ਮਿਲੀ ਕਿਉਂਕਿ ਉਹਨਾਂ ਸਾਹਮਣੇ ਕੋਈ ਕਾਰਗਰ ਚੁਣੌਤੀ ਨਹੀਂ ਰਹੀ।

ਜਦ ਬੁਧਾਦੇਵ ਭੱਟਾਚਾਰੀਆਂ ਦੀ ਸਰਕਾਰ ਨੇ ਵਿਸ਼ੇਸ਼ ਆਰਥਕ ਖੇਤਰ (ਸੇਜ) ਬਣਾਉਣ ਤੇ ਉਦਯੋਗੀਕਰਨ ਦਾ ਫੈਸਲਾ ਲਿਆ ਅਤੇ ਇਸ ਲਈ ਹਜ਼ਾਰਾਂ ਕਿਸਾਨ ਤੇ ਖੇਤ ਮਜ਼ਦੂਰ ਪਰਿਵਾਰਾਂ ਨੂੰ ਉਜਾੜਨ ਦੀ ਮੁਹਿੰਮ ਸ਼ੁਰੂ ਕੀਤੀ ਤਾਂ ਸਿੰਗੂਰ ਤੇ ਨੰਦੀਗ੍ਰਾਮ 'ਚ ਲੋਕ ਸੰਘਰਸ਼ ਭਖ ਗਿਆ।

ਕਮਿਊਨਿਸਟ ਇਨਕਲਾਬੀਆਂ ਨੂੰ ਇਕ ਵਾਰੀ ਫਿਰ ਮੌਕਾ ਮਿਲਿਆ ਕਿ ਲੋਕਾਂ ਨੂੰ ਲਾਮਬੰਦ ਕਰਨ ਤੇ ਇਹਨਾਂ ਸੰਘਰਸ਼ਾਂ ਦੀ ਅਗਵਾਈ ਕਰਕੇ ਇਨਕਲਾਬੀ ਜਨ ਦਿਸ਼ਾ ਸਥਾਪਤ ਕਰਨ। ਤ੍ਰਿਣਮੂਲ ਕਾਂਗਰਸ ਨੇ ਅੰਦੋਲਨ ਦੀ ਅਗਵਾਈ ਕਰਕੇ ਆਪਣਾ ਮਜ਼ਬੂਤ ਅਧਾਰ ਬਣਾ ਲਿਆ ਤੇ ਹੁਣ ਕਾਂਗਰਸ ਨਾਲ ਗਠਜੋੜ ਕਰਕੇ ਸਰਕਾਰ 'ਚ ਸ਼ਾਮਲ ਹੋ ਗਈ ਹੈ। ਪਰ ਕਮਿਊਨਿਸਟ ਇਨਕਲਾਬੀ ਤਾਕਤਾਂ ਅਜੇ ਵੀ ਕਈ ਭਟਕਾਣਾਂ ਦਾ ਸ਼ਿਕਾਰ ਹਨ। ਵੱਖ-ਵੱਖ ਪਾਰਟੀਆਂ ਦਾ ਜਮਾਤੀ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ।

ਕਾਂਗਰਸ ਤੇ ਭਾਜਪਾ ਦਲਾਲ ਹਾਕਮ ਜਮਾਤ ਦੀਆਂ ਮੁੱਖ ਰਾਜਸੀ ਪਾਰਟੀਆਂ ਹਨ। ਇਹਨਾਂ ਦਾ ਜੋ ਵੀ ਗਠਜੋੜ ਸੱਤਾ 'ਚ ਆਵੇ ਤਾਂ ਉਹ ਮੌਜੂਦਾ ਲੋਕ ਵਿਰੋਧੀ, ਕੌਮ ਵਿਰੋਧੀ, ਦੇਸ਼ ਧਰੋਹੀ ਨੀਤੀਆਂ ਲਾਗੂ ਕਰੇਗਾ। 'ਖੱਬਾ ਮੋਰਚਾ' ਜਾਂ 'ਤੀਜਾ ਮੋਰਚਾ' 'ਚ ਸ਼ਾਮਲ ਪਾਰਟੀਆਂ ਵੀ ਸਾਮਰਾਜੀ ਵਿਸ਼ਵੀਕਰਨ ਦੀਆਂ ਵਿਰੋਧੀ ਨਹੀਂ ਹਨ। ਇਸ ਲਈ ਹਾਕਮਾਂ ਜਮਾਤ ਦੇ ਵਿਰੋਧ ਦੇ ਨਾਲ-ਨਾਲ ਹਰ ਤਰਾਂ ਦੇ ਮੌਕਾਪ੍ਰਸਤਾਂ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ।

# ਮਨੋਰੰਜਨ ਕਾਲੀਆ ਤੇ ਮੱਕੜ ਨੇ ਪਾਈਆਂ ਜੱਫੀਆਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਧਾਇਕ ਸਰਬਜੀਤ ਸਿੰਘ ਮੱਕੜ ਅਤੇ ਭਾਜਪਾ ਦੇ ਮੰਤਰੀ ਮਨੋਰੰਜਨ ਕਾਲੀਆ ਦੀਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁੜ ਜੱਫੀਆਂ ਪੁਆ ਦਿਤੀਆਂ ਅਤੇ ਸ. ਮੱਕੜ ਅਤੇ ਸ੍ਰੀ ਕਾਲੀਆ ਦਾ ਮੁੱਦਾ ਖ਼ਤਮ ਹੋ ਗਿਆ। ਪਹਿਲਾਂ ਵਾਂਗ ਹੀ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਮਿਲ ਜੁਲ ਕੇ ਕੰਮ ਕਰਦਾ ਰਹੇਗਾ। ਭਾਜਪਾ ਸੂਤਰਾਂ ਅਨੁਸਾਰ ਲੰਘੀ 23 ਜੂਨ ਨੂੰ ਸਵੇਰੇ ਪ੍ਰਕਾਸ਼ ਸਿੰਘ ਬਾਦਲ, ਬਲਵਿੰਦਰ ਸਿੰਘ ਭੂੰਦੜ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸਰਬਜੀਤ ਸਿੰਘ ਮੱਕੜ ਮੁੱਖ ਮੰਤਰੀ ਦੇ ਨਾਲ ਲਗਦੀ ਕਾਲੀਆ ਦੀ ਕੋਠੀ ਗਏ ਅਤੇ ਸ. ਮੱਕੜ ਨੇ ਮੁਆਫ਼ੀ ਮੰਗ ਕੇ ਮਾਮਲਾ ਖ਼ਤਮ ਕਰ ਦਿਤਾ। ਸ. ਮੱਕੜ ਨੇ ਸ੍ਰੀ ਕਾਲੀਆ ਨੂੰ ਕਿਹਾ ਕਿ ਉਨ੍ਹਾਂ ਨੇ ਸ੍ਰੀ ਕਾਲੀਆ ਨੂੰ ਗਾਲ ਨਹੀਂ ਕੱਢੀ। ਅਸਲ ਵਿਚ ਉਨ੍ਹਾਂ ਦਾ ਸੁਭਾਅ ਹੈ ਕਿ ਗੱਲ ਕਰਦਿਆਂ ਉਹ ਵਿਚ ਗਾਲ ਵੀ ਕਢ ਜਾਂਦੇ ਹਨ । ਇਹ ਉਨ੍ਹਾਂ ਦਾ ਤਕੀਆ ਕਲਾਮ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਾਲੀਆ ਜੀ ਨੂੰ ਗਾਲ ਨਹੀਂ ਸੀ ਕੱਢੀ ਪਰ ਜੇ ਸ੍ਰੀ ਕਾਲੀਆ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਉਹ ਮੁਆਫ਼ੀ ਮੰਗਦੇ ਹਨ। ਨਾਲ ਹੀ ਸ. ਮੱਕੜ ਨੇ ਕਿਹਾ ਕਿ ਸ੍ਰੀ ਕਾਲੀਆ ਨੇ ਜੋ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਹੈ, ਉਸ ਦਾ ਵੀ ਉਨ੍ਹਾਂ ਨੂੰ ਗਿਲਾ ਹੈ। ਕਾਲੀਆ ਨੇ ਇਸ ਨੂੰ ਕਬੂਲ ਕੀਤਾ ਹੈ ਜਾਂ ਨਹੀਂ, ਇਸ ਬਾਰੇ ਸਹੀ ਗੱਲ ਸਾਹਮਣੇ ਨਹੀਂ ਆਈ। ਭਾਜਪਾ ਸੂਤਰਾਂ ਦਾ ਕਹਿਣਾ ਹੈ ਕਿ ਸ. ਮੱਕੜ ਨੇ ਬਿਨਾਂ ਸ਼ਰਤ ਮੁਆਫ਼ੀ ਮੰਗੀ ਹੈ। ਇਹ ਵੀ ਦਸਿਆ ਗਿਆ ਕਿ 22 ਜੂਨ ਦੀ ਸ਼ਾਮ ਨੂੰ ਮੁੱਖ ਮੰਤਰੀ ਦੇ ਨਿਵਾਸ 'ਤੇ ਅਕਾਲੀ ਦਲ ਦੀ ਕੋਰ ਕਮੇਟੀ ਦੀ ਜਦ ਮੀਟਿੰਗ ਹੋਈ ਤਾਂ ਕਮੇਟੀ ਦੇ ਮੈਂਬਰਾਂ ਨੇ ਵੀ ਸ. ਮੱਕੜ ਨੂੰ ਝਾੜ ਪਾਈ। ਮੁੱਖ ਮੰਤਰੀ ਨੇ ਵੀ ਇਸ ਦਾ ਬੁਰਾ ਮਨਾਇਆ ਅਤੇ ਸ. ਮੱਕੜ ਨੂੰ ਕਿਹਾ ਕਿ ਉਹ ਇਸ ਦੀ ਮੁਆਫ਼ੀ ਮੰਗਣ। ਇਸ ਤੋਂ ਬਾਅਦ ਭਾਜਪਾ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ, ਸੀਨੀਅਰ ਨੇਤਾ ਬਲਰਾਮਜੀ ਦਾਸ ਟੰਡਨ ਅਤੇ ਸਾਬਕਾ ਮੰਤਰੀ ਮਦਨ ਮੋਹਨ ਮਿੱਤਲ ਨੂੰ ਮੁੱਖ ਮੰਤਰੀ ਨੇ ਰਾਤ 10 ਵਜੇ ਅਪਣੇ ਨਿਵਾਸ 'ਤੇ ਸੱਦਿਆ ਅਤੇ ਆਪਸੀ ਗੱਲਬਾਤ ਹੋਈ। ਮੀਟਿੰਗ ਵਿਚ ਕਾਲੀਆ ਸ਼ਾਮਲ ਨਹੀਂ ਸਨ। ਬਲਰਾਮਜੀ ਦਾਸ ਟੰਡਨ ਦਾ ਵੀ ਕਹਿਣਾ ਹੈ ਕਿ ਸ. ਮੱਕੜ ਵਲੋਂ ਅਪਣੀ ਗ਼ਲਤੀ ਮੰਨਣ ਅਤੇ ਮੁਆਫ਼ੀ ਮੰਗਣ ਨਾਲ ਇਹ ਮਾਮਲਾ ਖ਼ਤਮ ਹੋ ਗਿਆ। ਉਧਰ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਨੇ ਮੁੱਖ ਮੰਤਰੀ ਦੀ ਤਰਫ਼ੋਂ ਜਾਰੀ ਬਿਆਨ ਵਿਚ ਕਿਹਾ ਕਿ ਕਾਲੀਆ ਦੀ ਕੋਠੀ ਵਿਚ ਹੋਈ ਨਾਸ਼ਤਾ ਮੀਟਿੰਗ ਵਿਚ ਇਹ ਮਾਮਲਾ ਦੋਹਾਂ ਦੀ ਸੰਤੁਸ਼ਟਤਾ ਅਨੁਸਾਰ ਹੱਲ ਹੋ ਗਿਆ।

## ਉੱਤਰਖੰਡ ਦੇ ਮੁੱਖ ਮੰਤਰੀ ਵਲੋਂ ਅਸਤੀਫਾ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਵਿੱਚ ਹੋਈ ਹਾਰ ਤੋਂ ਬਾਅਦ ਭਾਜਪਾ ਵਿਚ ਚੱਲ ਰਹੇ ਅੰਦਰੂਨੀ ਕਲੇਸ਼ ਦੀ ਬਲੀ, ਉਤਰਾਖੰਡ ਦੇ ਮੁੱਖ ਮੰਤਰੀ ਭੁਵਨਚੰਦਰ ਖੰਡੂਰੀ ਨੂੰ ਅਸਤੀਫ਼ਾ ਦੇ ਕੇ ਚੜ੍ਹਨਾ ਪਿਆ। ਜ਼ਿਕਰਯੋਗ ਹੈ ਕਿ ਉਤਰਾਖੰਡ ਵਿਚ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦਾ ਸਫਾਇਆ ਹੋਣ ਤੋਂ ਬਾਅਦ ਉਥੋਂ ਦੇ ਕੁਝ ਵਿਧਾਇਕ ਮੁੱਖ ਮੰਤਰੀ 'ਤੇ ਹਾਰ ਦੀ ਜ਼ਿੰਮੇਵਾਰੀ ਲੈਣ ਲਈ ਦਬਾਅ ਬਣਾ ਰਹੇ ਸਨ ਅਤੇ ਉਨ੍ਹਾਂ ਤੋਂ ਅਸਤੀਫ਼ੇ ਦੀ ਵੀ ਮੰਗ ਕਰ ਰਹੇ ਸਨ। ਸਿਆਸੀ ਮਾਹਿਰਾਂ ਅਨੁਸਾਰ ਭਾਜਪਾਈ ਮੁੱਖ ਮੰਤਰੀ ਦੇ ਇਸ ਅਸਤੀਫ਼ੇ ਨੂੰ ਭਾਜਪਾਈ ਕਲੇਸ਼ ਦੀ ਸ਼ੁਰੂਆਤ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਜੇ ਛੋਟੀਆਂ-ਛੋਟੀਆਂ ਮੱਛੀਆਂ ਹੀ ਫੜੀਆਂ ਗਈਆਂ ਹਨ ਜਦੋਂ ਕਿ ਵੱਡੇ-ਵੱਡੇ ਮਗਰਮੱਛ ਬਾਅਦ 'ਚ ਹੀ ਲਪੇਟੇ 'ਚ ਆਉਣਗੇ।

ਪਾਰਟੀ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੇ ਗ੍ਰਹਿ ਵਿਖੇ ਇੱਕ ਮੀਟਿੰਗ ਵਿਚ ਉਨ੍ਹਾਂ ਨੂੰ ਬਦਲਣ ਦਾ ਫੈਸਲਾ ਹੋਣ ਤੋਂ ਬਾਅਦ ਸ੍ਰੀ ਖੰਡੂਰੀ ਨੇ ਆਪਣਾ ਅਸਤੀਫ਼ਾ ਪਾਰਟੀ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਨੂੰ ਸੌਂਪਿਆ।ਦੱਸਣਾ ਬਣਦਾ ਹੈ ਕਿ ਇਸ ਦੇ ਸੰਦਰਭ ਵਿਚ ਬੁੱਧਵਾਰ ਨੂੰ ਭਾਜਪਾ ਦੇ ਵਿਧਾਇਕ ਦਲ ਦੀ ਮੀਟਿੰਗ ਬੁਲਾਈ ਗਈ ਹੈ, ਜਿਸ ਵਿਚ ਸ੍ਰੀ ਖੰਡੂਰੀ ਦੀ ਥਾਂ ਲੈਣ ਵਾਲੇ ਨਵੇਂ ਮੁੱਖ ਮੰਤਰੀ ਦਾ ਨਾਂ ਤੈਅ ਕੀਤਾ ਜਾਵੇਗਾ। ਭਰੋਸੇਯੋਗ ਸੂਤਰਾਂ ਅਨੁਸਾਰ ਸ੍ਰੀ ਖੰਡੂਰੀ ਦੇ ਮੰਤਰੀ ਮੰਡਲ ਵਿਚ ਸੈਰ ਸਪਾਟਾ ਅਤੇ ਸੰਸਦੀ ਕਾਰਜ ਮੰਤਰੀ ਪ੍ਰਕਾਸ਼ ਪੰਤ ਅਤੇ ਸਿਹਤ ਮੰਤਰੀ ਰਮੇਸ਼ ਪੋਖਰਿਆਲ ਦੇ ਨਾਂ ਇਸ ਅਹੁਦੇ ਲਈ ਵਿਚਾਰੇ ਜਾ ਸਕਦੇ ਹਨ। ਰਾਜਨਾਥ ਸਿੰਘ ਨੇ ਕਿਹਾ ਕਿ ਸ੍ਰੀ ਖੰਡੂਰੀ ਨੇ ਪੰਜ ਲੋਕ ਸਭਾ ਸੀਟਾਂ 'ਤੇ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਮਨਜ਼ੂਰ ਕਰ ਲਿਆ ਗਿਆ ਹੈ। ਸ੍ਰੀ ਖੰਡੂਰੀ ਨੇ ਮਾਰਚ 2007 ਵਿੱਚ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਭਾਵੇਂ ਉਨ੍ਹਾਂ ਦੀ ਪਾਰਟੀ ਨੂੰ ਵਿਧਾਨ ਸਭਾ ਚੋਣਾਂ 'ਚ ਜਿੱਤ ਮਿਲੀ ਸੀ ਪਰ ਅਸਲ ਬਹੁਮਤ ਇੱਕ ਉਪ ਚੋਣ ਜਿੱਤਣ ਤੋਂ ਬਾਅਦ ਹੀ ਪਾਰਟੀ ਨੇ ਪ੍ਰਾਪਤ ਕੀਤਾ ਸੀ। ਸ੍ਰੀ ਖੰਡੂਰੀ ਨੇ ਆਪਣਾ ਅਸਤੀਫ਼ਾ ਰਾਜਪਾਲ ਨੂੰ ਭੇਜ ਦਿੱਤਾ ਹੈ। ਸ੍ਰੀ ਖੰਡੂਰੀ ਨੂੰ ਬਦਲਣ ਦਾ ਫੈਸਲਾ ਪਾਰਟੀ ਆਗੂ ਭਗਤ ਰਾਮ ਕੋਸ਼ਿਆਰੀ ਵੱਲੋਂ ਬਗਾਵਤ ਦਾ ਝੰਡਾ ਚੁੱਕਣ ਤੋਂ ਬਾਅਦ ਲਿਆ ਗਿਆ।

## ਪਰਮਿੰਦਰ ਸਿੰਘ ਔਜਲਾ ਨੂੰ ਸਦਮਾ

ਸੈਕਰਾਮੈਂਟ:ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਮਾਜ ਸੇਵੀ ਪਰਮਿੰਦਰ ਸਿੰਘ ਔਜਲਾ ਨੂੰ ਉਸ ਸਮੇਂ ਗੰਭੀਰ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਮਾ ਜੀ ਜੋਰਾਵਰ ਸਿੰਘ ਆਪਣੇ ਪਿੰਡ ਮਿੱਠਾਪੁਰ ਜ਼ਿਲਾ ਜਲੰਧਰ ਵਿਖੇ ਸਦੀਵੀਂ ਵਿਛੋੜਾ ਦੇ ਗਏ ਹਨ। ਉਹ ਆਪਣੇ ਪਿਛੇ ਪਤਨੀ ਸੰਪੂਰਨ ਕੌਰ ਤੋਂ ਇਲਾਵਾ ਬੇਟਾ ਰਵਿੰਦਰ ਸਿੰਘ, ਜੋ ਅਕਾਲੀ ਦਲ ਜਲੰਧਰ ਦਾ ਮੀਤ ਪ੍ਰਧਾਨ ਹੈ, ਤਿੰਨ ਬੇਟੀਆਂ ਅਤੇ ਪੋਤਰੇ-ਦੋਹਤਰੇ ਛੱਡ ਗਏ ਹਨ। 20 ਜੂਨ ਨੂੰ ਉਨ੍ਹਾਂ ਦੇ ਸਸਕਾਰ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਸਮੇਤ ਵੱਡੀ ਗਿਣਤੀ ਵਿਚ ਪਤਵੰਤੇ ਸੱਜਣ ਹਾਜ਼ਰ ਸਨ।

ਉਨ੍ਹਾਂ ਨਮਿਤ ਅੰਤਿਮ ਅਰਦਾਸ ਪਿੰਡ ਮਿੱਠਾਪੁਰ ਵਿਚ 28 ਜੂਨ ਨੂੰ ਹੋਵੇਗੀ। ਹੋਰ ਜਾਣਕਾਰੀ ਲਈ ਸ੍ਰੀ ਔਜਲਾ ਨਾਲ ਫੋਨ 916-410-0711 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## *ਸਿਮਰਜੀਤ ਬੈਂਸ ਨੇ ਆਤਮ ਸਮਰਪਣ ਕੀਤਾ*

**ਲੁਧਿਆਣਾ :** ਤਹਿਸੀਲਦਾਰ ਮੇਜਰ ਗੁਰਜਿੰਦਰ ਸਿੰਘ ਬੈਨੀਪਾਲ 'ਤੇ ਹਮਲਾ ਕਰਨ ਦੇ ਮਾਮਲੇ 'ਚ ਕੰਵਲਜੀਤ ਸਿੰਘ ਕੜਵਲ ਦੀ ਗ੍ਰਿਫਤਾਰੀ ਪਿਛੋਂ ਲੰਘੀ 23 ਜੂਨ ਨੂੰ ਅਕਾਲੀ ਕੌਂਸਲਰ ਸਿਮਰਜੀਤ ਸਿੰਘ ਬੈਂਸ ਨੇ ਵੀ ਥਾਣਾ ਸਦਰ ਵਿਖੇ ਆਤਮ ਸਮਰਪਣ ਕੀਤਾ।

ਤਹਿਸੀਲਦਾਰ ਦੇ ਬਿਆਨਾਂ ਮੁਤਾਬਕ ਪੂਰੀ ਘਟਨਾ ਦਾ ਮਾਸਟਰ ਮਾਈਂਡ ਬੈਂਸ ਸੀ। ਕੜਵਲ ਤੇ ਸਾਥੀਆਂ ਦੀ ਗ੍ਰਿਫਤਾਰੀ ਪਿਛੋਂ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਵਲੋ ਸਾਰੀ ਘਟਨਾ ਦੀ 'ਉਪਜ' ਬੈਂਸ ਨੂੰ ਦਸਦਿਆਂ ਅਣਮਿੱਥੇ ਸਮੇਂ ਦੀ ਹੜਤਾਲ ਤੇ ਧਰਨੇ ਪ੍ਰਦਰਸ਼ਨਾਂ ਦੀ ਲਹਿਰ ਚਲਾਈ ਗਈ ਸੀ ਅਤੇ ਐਫ਼.ਆਈ.ਆਰ. ਵਿਚ ਆਉਣ ਪਿਛੋਂ ਉਦੋਂ ਤੋਂ ਹੀ ਬੈਂਸ ਰੂਪੋਸ਼ ਹੋ ਗਿਆ ਸੀ। ਤਹਿਸੀਲਦਾਰ 'ਤੇ ਹੋਏ ਹਮਲੇ ਪਿਛੋਂ ਮੁਲਾਜ਼ਮਾਂ ਦਾ ਰੋਹ ਵਧਦਾ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੇ ਬੈਨੀਪਾਲ ਦੇ ਹੱਕ 'ਚ ਨਿਤਰਨ ਆਈ ਸੀ।

## *ਚੰਗੀ ਨੀਂਦ ਲਓ, ਦੇਰ ਨਾਲ ਆਏਗਾ ਬੁਢਾਪਾ*

**ਰਾਏਪੁਰ :** ਵਿਗਿਆਨੀਆਂ ਦਾ ਮੰਨਣਾ ਹੈ ਕਿ ਸ਼ਹਿਰੀ ਇਲਾਕਿਆਂ ਵਿਚ ਰਾਤ ਵਿਚ ਬਿਜਲੀ ਦੀ ਸਹਿਜ ਉਪਲਬਧਤਾ ਅਤੇ ਤੇਜ਼ ਰੋਸ਼ਨੀ ਵਿਚ ਰਹਿਣ ਨਾਲ ਲੋਕਾਂ ਦੀ ਨੀਂਦ 'ਤੇ ਪ੍ਰਤੀਕੂਲ ਪ੍ਰਭਾਵ ਪੈ ਰਿਹਾ ਹੈ। ਇਸ ਨਾਲ ਚੰਗੀ ਨੀਂਦ ਨਾ ਲੈ ਸਕਣ ਦੇ ਚੱਲਦਿਆਂ ਕਈ ਲੋਕਾਂ ਵਿਚ ਸਮੇਂ ਤੋਂ ਪਹਿਲਾਂ ਬੁਢਾਪੇ ਦੇ ਚਿੰਨ੍ਹ ਦੇਖੇ ਜਾ ਰਹੇ ਹਨ। ਇਸ 'ਤੇ ਰੋਕ ਲਗਾਉਣ ਲਈ ਜਲਦੀ ਹੀ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦੇ ਘਰਾਂ ਵਿਚ ਜ਼ਰੂਰੀ ਰੋਸ਼ਨੀ ਦੀ ਮਾਤਰਾ ਬਾਰੇ ਖੋਜ ਕੀਤੀ ਜਾਵੇਗੀ।

ਭਾਰਤ ਵਿਚ ਇਸ ਵਿਸ਼ੇ 'ਤੇ ਛੱਤੀਸਗੜ੍ਹ ਦੇ ਰਾਏਪੁਰ ਸਥਿਤ ਪੰਡਤ ਰਵੀਸ਼ੰਕਰ ਸ਼ੁਕਲਾ ਵਿਸ਼ਵਵਿਦਿਆਲਾ ਦੇ ਪ੍ਰੋਫੈਸਰ ਇਸ ਦੇ ਪ੍ਰਤੀ ਖੋਜ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਤੇਜ਼ ਰੋਸ਼ਨੀ ਕਾਰਨ ਸ਼ਰੀਰ ਦੀ ਜੈਵਿਕ ਘੜੀ (ਬਾਈਓਲਾਜੀਕਲ ਕਲਾਕ) ਪ੍ਰਭਾਵਤ ਹੁੰਦੀ ਹੈ। ਇਸ ਨਾਲ ਚੰਗੀ ਨੀਂਦ ਨਾ ਮਿਲਣ ਨਾਲ ਸਰੀਰ ਵਿਚ ਮੇਲਾਟੋਨਿਨ ਹਾਰਮੋਨ ਦਾ ਨਿਰਮਾਣ ਘੱਟ ਹੋ ਜਾਂਦਾ ਹੈ।




# ਬੋਲੀ ਚਾਰ ਕੁ ਦਿਨਾਂ ਦੇ ਵਿਚ ਕੁਕੜੂ-ਘੜੂੰ


ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025


*ਇਕ ਦਿਨ ਇਕ ਸੱਜਣ ਦਾ ਫੋਨ ਆਇਆ। ਮਜ਼ਾਕੀਆ ਲਹਿਜੇ 'ਚ ਪੁੱਛਣ ਲੱਗਾ, 'ਆਪਣੇ ਲੇਖ ਨਾਲ ਜਿਹੜੀਆਂ ਉਪਰ ਚਾਰ ਕੁ ਲਾਇਨਾਂ ਲਿਖਦੇ ਹੋ, ਸੁਆਦ ਆ ਜਾਂਦੈ ਪੜ੍ਹ ਕੇ। ਮੈਂ ਵਿਆਹ ਨ੍ਹੀਂ ਕਰਵਾਇਆ ਤੇ ਤੁਹਾਨੂੰ ਸਵਾਲ ਇਹ ਹੈ ਕਿ ਛੜੇ ਹੋਣ ਦਾ ਕੀ ਫਾਇਦਾ?' ਹੱਸਦਿਆਂ ਮੈਂ ਕਿਹਾ 'ਮੈਂ ਤਾਂ ਛੜਾ ਨ੍ਹੀਂ ਮੈਨੂੰ ਬਹੁਤਾ ਪਤਾ ਨ੍ਹੀਂ, ਪਰ ਇਕ ਲਾਭ ਜ਼ਰੂਰ ਹੈ ਛੜੇ ਹੋਣ ਦਾ ਕਿ ਸੌਣ ਵਾਲੇ ਮੰਜੇ 'ਤੇ ਦੋਹੀਂ ਪਾਸੀਂ ਆਸਾਨੀ ਨਾਲ ਉਤਰਿਆ ਜਾ ਸਕਦੈ।' ਤੇ ਉਹ ਹੱਸਦਿਆਂ ਫੋਨ ਕੱਟ ਗਿਆ। ਸੋਚਦਾ ਸਾਂ ਇਹ ਤਾਂ ਛੜੇ ਦੀ ਗੱਲ ਕਰਦਾ ਸੀ, ਜੇ ਕੋਈ ਇਹ ਪੁੱਛੇ ਕਿ ਦੂਜਾ ਵਿਆਹ ਕਰਵਾਉਣ ਦਾ ਕੀ ਲਾਭ ਹੈ? ਇਹਦਾ ਜੁਆਬ ਚਾਂਦ ਮੁਹੰਮਦ ਤੇ ਫਿਜ਼ਾ ਤੋਂ ਚੰਗਾ ਕੋਈ ਨਹੀਂ ਦੇ ਸਕਦਾ? ਦਿੱਲੀ ਦੀ ਆਬੋ ਹਵਾ ਵਿਚ ਗਾਲਿਬ ਮਹਿਕਦੈ ਤੇ ਉੱਪ ਮੁੱਖ ਮੰਤਰੀ ਦੀ ਗੱਦੀ ਛੱਡ ਕੇ ਇਕ ਹੋਰ ਫਿਜ਼ਾ 'ਚ ਮਹਿਕਦੇ ਚਾਂਦ ਬਾਰੇ ਤਾਂ ਗਾਲਿਬ ਨੂੰ ਨਹੀਂ ਪਤਾ ਸੀ, ਪਰ ਗੱਲ ਢੁੱਕਦੀ ਪੂਰੀ ਐ ਕਿ 'ਇਸ਼ਕ ਨੇ ਹਮੇਂ ਨਿਕੰਮਾ ਬਨਾ ਦੀਆ ਹੈ ਗਾਲਿਬ, ਵਰਨਾ ਆਦਮੀ ਤੋਂ ਹਮ ਭੀ ਬੜੇ ਕਾਮ ਕੇ ਥੇ।' ਅਸਲ ਵਿਚ ਕਿਸੇ ਨੂੰ ਕੋਠੇ 'ਤੇ ਵਾਲ ਸਕਾਉਂਦੀ ਨੂੰ ਇਸ਼ਕ ਭੂਤਨਾ ਚੰਬੜ ਜਾਂਦੈ ਤੇ ਕਿਸੇ ਨੂੰ ਕਾਨੂੰਨ ਦੀ ਵਿਆਖਿਆ ਕਰਦਿਆਂ ਵੀ। ਪਤਾ ਨ੍ਹੀਂ ਕਿਹੜੀ ਉਮਰ ਵਿਚ ਕੌਣ ਕਹਿਣ ਲੱਗ ਪਵੇ 'ਤੇਰੀ ਆਈ ਮੈਂ ਮਰਜਾਂ।' ਪਿਆਰ ਅਜਿਹੀ ਖੇਡ ਹੈ, ਜਿਸ ਵਿਚ ਤਰਦੇ ਵੀ ਦੋਵੇਂ ਜਣੇ ਹਨ ਤੇ ਡੁਬਦੇ ਵੀ ਦੋਵੇਂ ਹਨ। ਫਿਜ਼ਾ ਚਾਂਦ ਦੇ ਵਿਛੋੜੇ ਵਿਚ ਰੋਈ ਬੜਾ, ਮਣ ਮਣ ਪੱਕੇ ਹੰਝੂ ਸੁੱਟੇ, ਕਿਉਂਕਿ ਰੋਣ ਨਾਲ ਪਿਆਰ ਦੀਆਂ ਸੱਟਾਂ ਛੇਤੀ ਠੀਕ ਹੋ ਜਾਂਦੀਆਂ ਹਨ। ਪਿਆਰ ਦੇ ਮਸਲੇ 'ਚ ਨਾ ਤਾਂ ਕਿਸੇ ਨੂੰ ਨਸੀਹਤ ਦਿੱਤੀ ਜਾਂਦੀ ਹੈ ਤੇ ਨਾ ਦਲੀਲ। ਕਿਉਂਕਿ ਪ੍ਰੇਮੀਆਂ ਨੇ ਦਿਲ ਦੀ ਬਹੀ 'ਤੇ ਇਕਰਾਰ ਦੇ 'ਗੂੰਠੇ ਲਾਏ ਹੁੰਦੇ ਨੇ। ਪਰ ਜਿਹੜਾ ਪਿਆਰ ਘਰ ਨੂੰ ਉਜਾੜੇ, ਸਮਾਜ ਨੂੰ ਸ਼ਰਮਸਾਰ ਕਰੇ, ਉਹਦੇ ਥੋੜ੍ਹੇ ਬਹੁਤੇ ਪੱਛ ਉਤਾਰਨੇ ਹੀ ਚਾਹੀਦੇ ਹਨ। ਕਿਉਂਕਿ ਜੰਗਲ ਵਿਚ ਜਾਨਵਰਾਂ ਨੂੰ ਦੌੜਨ ਦੀ ਟਰੇਨਿੰਗ ਸ਼ੇਰ ਨੇ ਹੀ ਦੇਣੀ ਹੁੰਦੀ ਹੈ।*

ਮੰਨ ਲੈਣਾ ਪਵੇਗਾ ਕਿ ਸੋਹਣੀਆਂ ਜਾਂ ਸੁੰਦਰ ਇਸਤਰੀਆਂ ਬਿਮਾਰ ਵੀ ਨਖ਼ਰੇ ਨਾਲ ਹੁੰਦੀਆਂ ਨੇ। ਕਿਉਂਕਿ ਹੁਸਨ ਦਾ ਕੰਮ ਸਿਰਫ ਜਲਵੇ ਵਿਖਾਉਣਾ ਹੁੰਦਾ ਹੈ। ਪ੍ਰੇਮ ਵਿਆਹ ਵਧੇਰੇ ਕਰਕੇ ਇਸ ਲਈ ਤਿੜਕਦੇ ਹਨ ਕਿ ਦੋ ਉਮੀਦਵਾਰ ਬਰਾਬਰ ਦਾ ਮੁਕਾਬਲਾ ਕਰਨ ਦੇ ਯੋਗ ਹੁੰਦੇ ਹਨ। ਵਾਰਿਸ਼ ਸ਼ਾਹ ਨੇ ਬਾਹਠ ਸਾਲ ਦੀ ਉਮਰ ਵਿਚ ਹੀਰ ਲਿਖੀ ਤੇ ਉਸ ਨੇ ਨਾ ਇਸ ਉਮਰ ਤੋਂ ਪਹਿਲਾਂ ਤੇ ਨਾ ਬਾਅਦ ਵਿਚ ਸਾਹਿਤ ਦੀ ਕੋਈ ਰਚਨਾ ਕੀਤੀ। ਇਕੋ ਰਚਨਾ ਨਾਲ ਏਨਾ ਅਮਰ ਹੋ ਗਿਆ ਕਿ ਰਾਂਝੇ ਦੀ ਹੀਰ, ਵਾਰਿਸ ਦੀ ਹੀਰ ਬਣ ਗਈ। ਪਰ ਅੱਜ ਦੇ ਯੁੱਗ ਵਿਚ ਹੀਰਾਂ ਤੇ ਰਾਂਝਿਆਂ ਨੇ ਨਵੇਂ ਕਿੱਸੇ ਤੇ ਨਵੇਂ ਇਸ਼ਕ ਦੇ ਨਿਵੇਕਲੇ ਇਤਿਹਾਸ ਲਿਖ ਦਿੱਤੇ ਹਨ। ਅੱਜ ਦੀ ਹੀਰ ਰਾਂਝੇ 'ਤੇ ਬਲਾਤਕਾਰ ਦੇ ਪਰਚੇ ਦਰਜ ਕਰਵਾਉਣ ਵਿਚ ਵੀ ਝਿਜਕ ਨਹੀਂ ਮਹਿਸੂਸ ਕਰਦੀ।

ਪਿਆਰ ਕਿਸੇ ਵੀ ਉਮਰ ਵਿਚ ਹੋ ਸਕਦਾ ਹੈ। ਇਸ਼ਕ ਕਿਸੇ ਵੀ ਵੇਲੇ ਸਿਰ ਨੂੰ ਚੜ੍ਹ ਸਕਦਾ ਹੈ, ਪਰ ਇਹ ਹੈ ਬੜਾ ਢੀਠ ਬੰਦਿਆਂ ਦਾ ਕੰਮ। ਢੀਠ ਬੰਦੇ 'ਤੇ ਲਹਿੰਦੀ-ਚੜ੍ਹੀ ਦਾ ਬਹੁਤਾ ਅਸਰ ਨਹੀਂ ਹੁੰਦਾ। ਇਨ੍ਹਾਂ ਦੀ ਬਾਤ ਪਾਉਣ ਤੋਂ ਪਹਿਲਾਂ ਢੀਠ ਤੇ ਬੇਸ਼ਰਮੀ ਦੀ ਇਕ ਵੰਨਗੀ ਦੀ ਘੁੰਡ ਚੁਕਾਈ ਕਰਦੇ ਹਾਂ। ਕੁਲਦੀਪ ਮਾਣਕ ਅਕਸਰ ਬਠਿੰਡੇ ਜ਼ਿਲ੍ਹੇ ਦੀ ਇਕ ਘਟਨਾ ਆਪਣੇ ਪਿਤਰੀ ਅੰਦਾਜ਼ ਵਿਚ ਮਜ਼ਾਕੀਆ ਢੰਗ ਨਾਲ ਸੁਣਾਉਂਦਾ ਹੁੰਦੈ। ਭਾਨ ਸਿੰਹੁ ਨਾਂ ਦਾ ਇਕ ਬੰਦਾ ਆਪਣੀ ਤੀਵੀਂ ਭਾਨੀ 'ਤੇ ਹਰ ਗੱਲ ਵਿਚ ਖਾਹ-ਮਖਾਹ ਰੋਅਬ ਪਾਈ ਰੱਖਦਾ ਸੀ। ਰੋਟੀ ਲਿਆ ਦੇ ਨਹੀਂ ਤਾਂ...., ਪੈਸੇ ਫੜ੍ਹਾ ਦੇ ਨਹੀਂ ਤਾਂ...., ਪਾਣੀ ਗਰਮ ਕਰਦੇ ਨਹੀਂ ਤਾਂ....। ਵਿਚਾਰੀ ਨਹੀਂ ਤਾਂ.....ਵਾਲੀ ਗੱਲ ਤੋਂ ਬਹੁਤੀ ਪ੍ਰੇਸ਼ਾਨ ਸੀ। ਇਕ ਦਿਨ ਭਾਨ ਸਿੰਹੁ ਤਲਵੰਡੀ ਸਾਬੋ ਮੇਲਾ ਵੇਖਣ ਚਲੇ ਗਿਆ। ਪਿਛੋਂ ਭਾਨੀ ਨੂੰ ਜੁਗਤ ਸੁਝ ਗਈ। ਉਹਨੇ ਪਾਏ ਮਰਦਾਂ ਵਾਲੇ ਕੱਪੜੇ, ਸਿਰ 'ਤੇ ਬੰਨ੍ਹਿਆ ਪਰਨੇ ਦਾ ਮੜ੍ਹਾਸਾ, ਖੇਸੀ ਦੀ ਮਾਰੀ ਬੁੱਕਲ ਤੇ ਪਸ਼ੂਆਂ ਦਾ ਗੋਹਾ ਹਟਾਉਣ ਵਾਲਾ ਫੌੜਾ ਚੱਕ ਰਾਹ 'ਚ ਕਾਨਿਆਂ ਦੇ ਓਹਲੇ ਲੁਕ ਕੇ ਬੈਠ ਗਈ। ਉਧਰ ਆਥਣੇ ਭਾਨ ਸਿੰਹੁ ਵੀ ਮੇਲੇ ਤੋਂ ਘੁੱਟ ਲਾ ਕੇ ਮਿਰਜ਼ਾ ਗਾਉਂਦਾ ਆਵੇ। ਕਾਨਿਆਂ 'ਚੋਂ ਨਿਕਲ ਕੇ ਪਿਛੋਂ ਮਾਰਿਆ ਭਾਨ ਸਿੰਹੁ ਦੇ ਫੌੜ੍ਹਾ ਮੌਰਾਂ 'ਚ ਤੇ ਪੈ ਗਈ ਟੁੱਟ ਕੇ...

'ਕੌਣ ਐਂ ਤੂੰ?'

ਦੋਵੇਂ ਹੱਥ ਜੋੜ ਕੇ ਲੱਗਾ ਤਰਲੇ ਕਰਨ, 'ਮੈਂ...ਮੈਂ ਸੇਵਾ ਸਿੰਹੁ ਦਾ ਵੱਡਾ ਮੁੰਡਾ ਆਂ ਭਾਨ ਸਿੰਹੁ।'

'ਕਿਥੋਂ ਆਇਆਂ ਐਸ ਵੇਲੇ?'

'ਮੇਲਾ ਵੇਖ ਕੇ ਆਇਆਂ।'

'ਕੁੜੀਆਂ ਛੇੜਦਾ ਸੀ, ਬਣਾਉਨਾ ਤੈਨੂੰ ਬੰਦਾ।'

'ਵੱਡੇ ਮਹਾਰਾਜ ਦੀ ਸਹੁੰ। ਮੈਂ ਤਾਂ ਕਦੇ ਆਪਣੀ ਘਰਵਾਲੀ ਨੂੰ ਨ੍ਹੀਂ ਛੇੜਿਆ।'

ਤੇ ਭਾਨੀ ਨੇ ਇਕ ਫੌੜ੍ਹਾ ਹੋਰ ਜੜ 'ਤਾ, ਆਖਣ ਲੱਗੀ, 'ਲਾਹ ਦੇ ਲੀੜੇ ਸਾਰੇ।'

ਤੇੜ ਕੱਲਾ ਕਛਿਹਰਾ ਰਹਿ ਗਿਆ ਤੇ ਭਾਨੀ ਉਹਦੇ ਕੱਪੜੇ ਕੱਛ 'ਚ ਦੇ ਕੇ ਤੁਰਨ ਲੱਗੀ ਬੋਲੀ, 'ਪੂਰੀ ਡੂਢ ਸੌ ਬੈਠਕ ਕੱਢ ਕੇ ਤੁਰੀਂ ਵਰਨਾ ਦੇਖੀਂ ਕੀ ਹਾਲ ਕਰੂੰ।'

'ਮੁਆਫ ਕਰ ਦਿਓ ਜਨਾਬ ਮੈਂ ਤਾਂ ਦੋ ਸੌ ਕੱਢ ਕੇ ਤੁਰਾਂਗਾ।'

ਤੇ ਭਾਨੀ ਕਾਹਲੇ ਕਦਮੀਂ ਘਰ ਪਹੁੰਚੀ, ਲੀੜੇ ਬਦਲੇ ਤੇ ਭਾਨ ਸਿੰਹੁ ਦੇ ਕੱਪੜੇ ਪੀੜ੍ਹੀ ਹੇਠ ਦੇ ਕੇ ਰੋਟੀ-ਟੁੱਕ ਕਰਨ ਲੱਗ ਪਈ।

ਤੇ ਜਦੋਂ ਨੰਗ-ਧੜੰਗਾ ਭਾਨ ਸਿੰਹੁ ਘਰੇ ਵੜਿਆ ਤਾਂ ਭਾਨੀ ਨੇ ਕਰ ਤਾ ਡਰਾਮਾ ਸ਼ੁਰੂ। ਲੱਗੀ ਪਿੱਟਣ, 'ਹਾਏ ਮੈਂ ਮਰ ਗਈ ਤੇਰਾ ਮੇਲੇ ਤੇ ਗਏ ਦਾ ਇਹ ਹਾਲ ਕੀਹਨੇ ਕਰਤਾ?'

'ਭਾਨੀ ਲੜਾਈ ਹੋ ਪਈ ਮੇਲੇ 'ਤੇ। ਸਾਲੇ ਤਿੰਨ ਚਾਰ ਜਣੇ ਤੇ ਮੈਂ 'ਕੱਲਾ।' ਮੈਂ ਲਾਹ ਕੇ ਲੀੜੇ ਅਹੁ ਮਾਰੇ। ਸਾਰੇ ਛੱਲੀਆਂ ਵਾਂਗ ਕੁੱਟਤੇ।'

'ਹਾਅ ਲਾਸਾਂ ਮੌਰਾਂ 'ਚ ਕਾਹਦੀਆਂ ਪਈਆਂ?'

'ਚਹੁੰ ਨੂੰ ਤਾਂ ਮੈਂ ਨੇੜੇ ਨੀ ਲੱਗਣ ਦਿੱਤਾ। ਇਕ ਸਾਲਾ ਪਤਾ ਨ੍ਹੀਂ ਪਿਛਿਓਂ ਕਦੋਂ ਮਾਰ ਕੇ ਭੱਜ ਗਿਆ ਮੌਰਾਂ 'ਚ। ਛਿਲਣਾ ਮੈਂ ਬੜਾ ਸੀ ਜੇ ਆ ਜਾਂਦਾ ਅੜਿੱਕੇ।'

ਤੇ ਭਾਨੀ ਨੇ ਜਦੋਂ ਪੀੜ੍ਹੀ ਹੇਠੋਂ ਭਾਨ ਸਿੰਹੁ ਦਾ ਕੁੜਤਾ-ਪਜਾਮਾ ਉਹਦੇ ਹੱਥ ਧਰਿਆ ਤਾਂ ਬੇਸ਼ਰਮ, ਢੀਠ, ਬੁੱਲਾਂ 'ਚ ਖਚਰੀ ਹਾਸੀ ਹੱਸਦਿਆਂ ਕਹਿਣ ਲੱਗਾ, 'ਬੱਲੇ ਭਾਨੀਏ ਮੈਂ ਤੈਨੂੰ ਸਿਆਣ ਤਾਂ ਲਿਆ ਸੀ, ਪਰ ਮੈਂ ਤੇਰੀ ਇੱਜ਼ਤ ਦਾ ਮਾਰਾ ਨੀ ਬੋਲਿਆ, ਪਈ ਕਾਹਨੂੰ ਪਰਦਾ ਚੱਕਣੈ, ਨਹੀਂ ਤਾਂ ਮੈਂ ਭਲਾ ਕਿਸੇ ਨੂੰ ਨੇੜੇ ਲੱਗਣ ਦੇਣਾ ਸੀ।'

ਤੇ ਹੁਣ ਚਾਰ ਪੰਜ ਮਹੀਨੇ ਬੁੱਕ-ਬੁੱਕ ਅੱਥਰੂ ਵਹਾਉਣ ਵਾਲੀ ਫਿਜ਼ਾ, ਬਿਸ਼ਨੋਈਆਂ ਦੇ ਮੁੰਡੇ ਚਾਂਦ ਮੁਹੰਮਦ 'ਤੇ ਬਲਾਤਕਾਰ ਦਾ ਪਰਚਾ ਦਰਜ ਕਰਵਾ ਕੇ ਤੇ ਉਹ ਵੀ ਇਸ਼ਕ ਦਾ ਤੇਈਆ ਜਦੋਂ ਫਿਰ ਉਤਰ ਕੇ ਚੜ੍ਹਿਆ ਤਾਂ ਖੇੜਿਆਂ ਦੇ ਅਲਖ ਜਗਾ ਦਿੱਤੀ। ਜਿਵੇਂ ਫਿਜ਼ਾ ਬਾਰੀ ਓਹਲੇ ਦੁੱਧ ਰਿੜਕਦੀ ਹੋਵੇ ਤੇ ਉਹ ਭੂਆ ਦਾ ਪੁੱਤ ਲੱਸੀ ਪੀਣ ਗਿਆ ਹੋਵੇ। ਪੜ੍ਹਨ-ਸੁਣਨ ਆਲੇ ਨੂੰ ਸੰਗ ਆਉਂਦੀ ਹੈ ਤੇ ਉਹ ਕਹੀ ਜਾਂਦੈ, 'ਮੈਂ ਚਾਹ ਛੱਡ ਸਕਦਾਂ, ਗਲਾਸੀ ਛੱਡ ਸਕਦਾਂ, ਪਰ ਫਿਜ਼ਾ ਨੂੰ ਨਹੀਂ।' ਕੋਈ ਪੁੱਛਣ ਵਾਲਾ ਹੋਵੇ ਕਿ ਭਲਿਆਮਾਣਸਾ ਤਿੰਨ ਚਾਰ ਮਹੀਨੇ ਕਿਹੜੇ ਕਾਲੇ ਪਾਣੀਆਂ ਨੂੰ ਚਲੇ ਗਿਆ ਸੀ।' ਧਰਮ ਦੇ ਵਾਰਿਸ ਕਹੀ ਜਾਂਦੇ ਨੇ ਚਾਂਦ ਫਿਜ਼ਾ ਨਾਲ ਰਹਿ ਸਕਦੈ, ਉਹ ਵੀ ਆਂਹਦੀ ਆ ਕਿ ਮਾਂ ਦੀ ਆਗਿਆ ਨਾਲ ਰਹਿ ਸਕਦਾ ਤੇ ਰੱਬ ਹੀ ਜਾਣੇ ਮਾਜਰਾ ਕੀ ਹੈ? ਇਕ ਸ਼ੇਅਰ ਦੀਆਂ ਸਤਰਾਂ ਤੁਹਾਡੇ ਨਾਲ ਸਾਂਝੀਆਂ ਕਰਦਾ ਹਾਂ ਕਿ-

ਜਿਹੜਾ ਓਪਰੀ ਸੇਜ 'ਤੇ ਸੌਣ ਲੱਗ ਪਏ,  
ਕਿੱਥੇ ਬਚਦੇ ਨੇ ਉਹਦੇ ਅਸੂਲ ਮੀਆਂ।  
ਢੱਠੇ ਖੂਹ ਵਿਚ ਸੁੱਟੋ ਪਰਿਵਾਰ ਸਾਰਾ,  
ਧਰਮ ਬਦਲੋ ਤੇ ਕਹੋ ਕਬੂਲ ਮੀਆਂ।  
ਫੋਨ ਉਤੇ ਹੀ ਤਿੰਨ ਕੁ ਵਾਰ ਕਹਿ ਕੇ,  
ਲਾਗੂ ਕਰੋ ਤਲਾਕ ਦੇ ਰੂਲ ਮੀਆਂ  
ਫਾਲ੍ਹਾਂ ਕਿੰਨੀਆਂ ਵੀ ਭਾਵੇਂ ਸਮਾਜ ਠੋਕੇ  
ਢਿੱਲੀ ਫੇਰ ਵੀ ਇਸ਼ਕ ਦੀ ਚੂਲ੍ਹ ਮੀਆਂ

ਇਕ ਬੰਦੇ ਦੀ ਗੱਲ ਮੈਨੂੰ ਬੜੀ ਸਿਆਣੀ ਲੱਗੀ ਕਿ ਜੇ ਮੁਫ਼ਤ ਦਾ ਸਿੜੀ ਸਿਆਪਾ ਗਲ ਪਾਉਣਾ ਹੋਵੇ ਤਾਂ ਧਰਮ ਦੀ ਗੱਲ ਛੇੜ ਲਓ। ਅਸਲ ਵਿਚ ਮੌਤ ਦੇ ਡਰ ਕਾਰਨ ਧਰਮ ਵਧਿਆ-ਫੁੱਲਿਆ ਹੈ। ਧਰਮ ਹੀ ਚੁਰਾਸੀ ਲੱਖ ਜੂਨ ਦਾ ਰੌਲਾ ਪਾ ਕੇ ਡਰਾਈ ਜਾਂਦੈ, ਤੇਤੀ ਕਰੋੜ ਦੇਵੀ-ਦੇਵਤਿਆਂ ਦਾ ਦੇਸ਼, ਪਰ ਏਨੀ ਗਿਣਤੀ ਵਿਚ ਇਹ ਰਹਿੰਦੇ ਕਿਥੇ ਨੇ? ਕਿਸੇ ਨੂੰ ਪਤਾ ਨ੍ਹੀ? ਸਵਰਗ ਤੇ ਨਰਕ ਦੇ ਡਰ ਨੇ ਧਰਮ ਵਿਚ ਠੇਕੇਦਾਰ ਪੈਦਾ ਕਰ ਦਿੱਤੇ ਨੇ।

ਅਸਲ ਵਿਚ ਜੇ ਧਰਮ ਦੂਜੇ ਵਿਆਹ ਦੀ ਇਜਾਜ਼ਤ ਦੇਂਦਾ ਹੈ ਤੇ ਪਹਿਲੀ ਬੀਵੀ ਤੇ ਬੱਚਿਆਂ ਦੀ ਸਮਾਜਿਕ ਹਿਫਾਜ਼ਤ ਦੀ ਗਰੰਟੀ ਕਿਉਂ ਨ੍ਹੀਂ ਦੇਂਦਾ। ਧਰਮ ਨੂੰ ਆਪਣੇ ਸੁਆਰਥ ਤੇ ਨਿੱਜੀ ਲਾਭ ਲਈ ਵਰਤਣਾ ਕਿਥੋਂ ਤੱਕ ਉਚਿਤ ਹੈ। ਚਾਂਦ ਮੁਹੰਮਦ ਤਾਂ ਰੱਜੇ-ਪੁੱਜੇ ਪਰਿਵਾਰ 'ਚੋਂ ਹੈ, ਉਹਦਾ ਟੱਬਰ ਟੀਰ ਤਾਂ ਰੋਟੀ ਖਾ ਲਊ, ਪਰ ਧਰਮ ਬਦਲ ਕੇ ਦੂਜਾ ਵਿਆਹ ਕਰਵਾਉਣ ਵਾਲੇ ਇਕ ਸਖਸ਼ ਦੀਆਂ ਰੁਲਦੀਆਂ ਧੀਆਂ ਤੇ ਪਤਨੀ ਨੂੰ ਮੈਂ ਜਾਣਦਾ ਹਾਂ।

ਗੱਲ ਇਉਂ ਹੈ ਕਿ ਪੱਤਰਕਾਰੀ ਕਰਦੇ ਇਕ ਸਖਸ਼ ਨੇ ਕੇਂਦਰੀ ਮਹਿਕਮੇ ਵਿਚ ਅਫਸਰ ਰੈਂਕ ਵਿਚ ਇਕ ਨੌਕਰੀ ਕਰਦੀ ਕੁੜੀ ਨੂੰ ਫ਼ਿਲਮਾਂ ਦੇ ਝਾਂਸੇ 'ਚ ਉਖੇੜ ਲਿਆ। ਧਰਮ ਬਦਲਿਆ ਤੇ ਤਿੱਤਰ ਹੋ ਗਿਆ। ਉਸ ਭੱਦਰ-ਪੁਰਸ਼ ਦਾ ਬੁੱਢਾ ਬਾਪ ਇਕ ਵਾਰ ਮੈਨੂੰ ਮਿਲਿਆ ਤਾਂ ਭਾਵੁਕ ਹੋ ਕੇ ਗੁੱਸੇ 'ਚ ਬੋਲਿਆ, 'ਪਤੰਦਰ ਸਾਲਾ ਕਿਤੇ ਟੱਕਰਿਆ ਤਾਂ ਆਖੀਂ 'ਕੋਠੇ ਜਿੱਡੀਆਂ ਦੋ ਧੀਆਂ ਛੱਡ ਕੇ ਕਿਸੇ ਹੋਰ ਨਾਲ ਗੁਲਛਰੇ ਉਡਾਉਂਦੈਂ, ਮੈਨੂੰ ਕਿਤੇ ਮਿਲ ਪਏ ਤਾਂ ਨੀਵੇਂ ਥਾਂ ਬਿਠਾ ਕੇ ਜੁੱਤੀਆਂ ਨਾਲ ਸਿਰ ਪੋਲਾ ਕਰਦਿਆਂ। ਸਹੁਰੀ ਦਿਆ ਤੂੰ ਤਾਂ ਧਰਮ ਬਦਲ ਲਿਐ, ਇਹ ਧੀਆਂ ਅਤੇ ਨੂੰਹ ਕੀਹਦੇ ਗਲ ਲੱਗ ਕੇ ਰੋਣ।'

ਇਕ ਅਰਬ ਮੁਲਕ ਵਿਚ ਮੈਂ ਚਾਰ ਕੁ ਮਹੀਨੇ ਰਿਹਾ ਹਾਂ। ਮੈਨੂੰ ਜਾਣਨ ਵਾਲੇ ਇਕ ਮੁੰਡੇ ਨੇ ਜਿਹੜੀ ਕਹਾਣੀ ਦੱਸੀ, ਉਹ ਹੈ ਬੜੀ ਅਜੀਬ। ਉਹਨੂੰ ਇਕ ਦਿਨ ਮਾਲਕ ਨੇ ਕਿਹਾ, 'ਜਾਹ ਮੇਰੇ ਘਰ ਜਾ ਤੇ ਬਾਗ-ਬਗੀਚਾ ਠੀਕ ਕਰ ਆ। ਵਿਚਾਰਾ ਚਲੇ ਗਿਆ। ਘਰ ਗਿਆ ਤਾਂ ਤੀਵੀਂ 'ਕੱਲੀ ਅਰਧ-ਨਗਨ ਬਸਤਰ। ਏਨੀ ਸੁਨੱਖੀ ਕਿ ਪਾਣੀ ਵੀ ਗਲੇ ਦੀਆਂ ਨਾੜਾਂ 'ਚੋਂ ਲੰਘਦਾ ਦਿੱਸੇ। ਉਹਦੀਆਂ ਹਰਕਤਾਂ ਕਾਮ ਉਕਸਾਊ ਸਨ। ਮੁੰਡਾ ਡਰ ਨਾਲ ਕੰਬਣ ਲੱਗ ਪਿਆ, ਕਿਉਂਕਿ ਸਜ਼ਾ ਸਿਰ ਵੱਢਣ ਦੀ ਹੈ। ਭਲੀਮਾਣਸ ਨੇ ਪਾ ਤੀਆਂ ਗਲ ਬਾਹਾਂ ਉਹਦੇ। ਉਹ ਰੋਣ ਹਾਕਾ ਹੋ ਕੇ ਜਾਨ ਬਖਸ਼ਣ ਦੇ ਤਰਲੇ ਕਰਨ ਲੱਗਾ ਤੇ ਉਹ ਇਸ਼ਕ 'ਚ ਸੁਦੈਣ ਹੋਈ ਕਹਿਣ ਲੱਗੀ, 'ਜੇ ਮੈਂ ਹੁਣ ਵੀ ਆਖ ਦਿਆਂ ਕਿ ਇਹਨੇ ਮੇਰੀ ਇੱਜ਼ਤ ਨੂੰ ਹੱਥ ਪਾਇਆ ਤਾਂ ਹੱਥ ਪੈਰ ਫਿਰ ਵੀ ਵੱਢੇ ਜਾਣੇ ਨੇ।'

ਤੇ ਉਹੀ 'ਡਰਦੀ ਰੱਬ ਰੱਬ ਕਰਦੀ' ਵਾਲੀ ਗੱਲ ਹੋਈ। ਇਸ਼ਕ ਦੀ ਪੀਂਘ ਚੜ੍ਹ ਗਈ ਅਸਮਾਨੀ ਤੇ ਉਹਨੇ ਪਤੀ ਨੂੰ ਕਹਿ ਕੇ ਪੱਕੇ ਤੌਰ 'ਤੇ ਹੀ ਉਹਨੂੰ ਘਰੇ ਰੱਖ ਲਿਆ। ਪੈਸੇ 'ਚ ਮਾਲਾ-ਮਾਲ ਕਰਤਾ। ਅੱਖ ਬਚਾ ਕੇ, ਜਾਨ ਛੁਡਾ ਕੇ ਉਹ ਦੋ ਕੁ ਸਾਲ ਪਿੱਛੋਂ ਬੱਚ ਤਾਂ ਆਇਆ, ਪਰ ਪੱਚੀ ਤੀਹ ਲੱਖ ਰੁਪਏ ਨੂੰ ਮਾਂਜੀ ਲਾ ਆਇਆ। ਕਾਰਨ ਕੀ ਸੀ। ਉਸ ਜੁਆਨ ਜਹਾਨ ਗੱਭਰੂ ਦੇ ਦੱਸਣ ਅਨੁਸਾਰ, ਮਾਲਕ ਦੀਆਂ ਨੌਂ ਤੀਵੀਆਂ ਸਨ ਤੇ ਇਹਦੇ ਕੋਲ ਤਾਂ ਉਹ ਜਨਮ ਦਿਨ ਵਾਲੇ ਦਿਨ ਹੀ ਆਉਂਦਾ ਸੀ। ਭਾਵੇਂ ਇਹ ਪੰਜਾਬੀ ਮੁੰਡਾ ਮਜ਼ਾਕੀਆ ਲਹਿਜੇ ਵਿਚ, ਇਹ ਕਹਿ ਦੇਂਦਾ ਕਿ 'ਨਾਲੇ ਪੁੰਨ ਨਾਲ ਫਲੀਆਂ।' ਪਰ ਦੋ ਸਾਲ ਜਾਨ ਜ਼ਰੂਰ ਕੁੜਿਕੀ 'ਚ ਫਸੀ ਰਹੀ।

ਭਾਵੇਂ ਫਿਜ਼ਾ ਕਹਿੰਦੀ ਹੋਵੇਗੀ, 'ਨਿਗਾਹੇਂ ਔਰ ਭੀ ਹੈਂ, ਇਸ਼ਾਰੇ ਔਰ ਭੀ ਹੋਂਗੇ, ਹਮਾਰੇ ਤੁਮ ਹੀ ਹੋ, ਤੁਮਾਰੇ ਔਰ ਭੀ ਹੋਂਗੇ'...ਪਰ ਚਾਂਦ ਘਰ ਪਰਤ ਆਇਆ ਹੈ, ਮੁਆਫ ਕਰਨ ਵਾਲੇ ਸਾਰੇ ਡਰਾਮੇ ਨੇ। ਕਿਉਂਕਿ ਇਸ਼ਕ ਅੰਨ੍ਹਿਆ ਕਰੇ ਸੁਜਾਖਿਆਂ ਨੂੰ...ਜਾਂ ਆਸ਼ਕ ਭਾਣੇ ਜੱਗ ਅੰਨ੍ਹਾ....' ਗੱਲਾਂ ਐਵੇਂ ਨਹੀਂ ਬਣੀਆਂ।

ਪੰਜਾਬੀ ਗਾਇਕੀ ਤੇ ਗਾਇਕਾਂ ਨਾਲ ਵੀ ਮੇਰਾ ਬੜਾ ਤੇਹ-ਮੋਹ ਰਿਹੈ। ਹਾਲ ਹੀ ਵਿਚ ਵਾਪਰੀਆਂ ਦੋ ਕੁ ਘਟਨਾਵਾਂ ਨੇ ਤੁਹਾਡੇ ਵਾਂਗ ਮੈਨੂੰ ਵੀ ਹੈਰਾਨ ਤੇ ਪ੍ਰੇਸ਼ਾਨ ਕੀਤਾ ਹੈ। ਇਨ੍ਹਾਂ 'ਚੋਂ ਇਕ ਗੱਲ ਚਾਂਦ ਮੁਹੰਮਦ ਤੇ ਫਿਜ਼ਾ ਨਾਲ ਇਸ ਕਰਕੇ ਮਿਲਦੀ ਹੈ ਕਿ ਗਾਇਕਾ ਬੀਬੀ ਨੇ ਵੀ ਗਾਇਕ 'ਤੇ ਵਿਆਹ ਦੇ ਲਾਲਚ ਵਿਚ ਬਲਾਤਕਾਰ ਦਾ ਦੋਸ਼ ਲਗਾ ਕੇ ਕਾਨੂੰਨ ਦੀ ਉਹੀ ਧਾਰਾ ਲੁਆ ਦਿੱਤੀ ਹੈ।

ਇਹਦਾ ਜਿਕਰ ਕਰਨ ਤੋਂ ਪਹਿਲਾਂ ਥੋੜ੍ਹੀ ਜਿਹੀ ਪਿੱਠ ਭੂਮੀ 'ਤੇ ਚਲਦੇ ਹਾਂ। ਜਦੋਂ ਦਾ ਗਾਇਕੀ ਵਿਚ ਨੱਚਣ-ਟੱਪਣ ਵਾਲੀਆਂ ਕੁੜੀਆਂ ਨੇ ਪ੍ਰਵੇਸ਼ ਕੀਤਾ ਹੈ, ਉਦੋਂ ਦਾ ਸੱਚੀ ਹੀ 'ਕੰਜਰਖਾਨਾ' ਕੁਝ ਜ਼ਿਆਦਾ ਖੁੱਲ੍ਹ ਗਿਆ ਹੈ। ਚਾਰ ਕੁ ਸਾਲ ਪਹਿਲਾਂ ਇੰਗਲੈਂਡ 'ਚ ਇਕ ਪ੍ਰਮੋਟਰ ਮੈਨੂੰ ਕਹਿਣ ਲੱਗਾ, 'ਇਨ੍ਹਾਂ ਦਾ ਵੀ ਕੁਝ ਕਰੋ?' ਮੈਂ ਪੁੱਛਿਆ 'ਕਿਨ੍ਹਾਂ ਦਾ?'

'ਇਕ ਕਾਮੇਡੀ ਕਲਾਕਾਰ ਵਿਆਹਿਆ ਵਰ੍ਹਿਆ ਹੈ, ਸੌਂਦਾ ਇਕੋ ਕਮਰੇ 'ਚ ਆਪਣੀ ਸਾਥੀ ਕਲਾਕਾਰ ਨਾਲ, ਇਕ ਹੋਰ ਗਾਉਣ ਵਾਲਾ ਨੱਚਣ ਵਾਲੀ ਨਾਲ ਤੇ ਇਕ ਹਿੱਟ ਗਾਇਕ ਹਿੱਟ ਗਾਇਕਾ ਨਾਲ।' ਇਨ੍ਹਾਂ ਨੇ ਤਾਂ ਸ਼ਰਮ ਹਿਆ ਦੀ ਲੋਈ ਲਾਹੀ ਹੀ ਨਹੀਂ, ਪਾੜ੍ਹ ਹੀ ਸੁੱਟੀ ਹੈ।' ਤੇ ਫਿਰ ਰੰਗ ਉਘੜਨ ਲੱਗ ਪਏ ਹਨ।

'ਛਣ ਛਣ ਹੋ ਜਾਏ' ਵਾਲੇ ਭੁਪਿੰਦਰ ਗਿੱਲ ਤੇ ਨੀਲਮ ਦੀ ਟੁੱਟ ਗਈ ਹੈ। ਜਿਸ ਗੱਲ ਦਾ ਬਹੁਤਿਆਂ ਨੂੰ ਪਤਾ ਨ੍ਹੀਂ ਸੀ, ਹੁਣ ਪਰਦਾ ਚੁੱਕਿਆ ਗਿਆ ਹੈ ਕਿ ਨੌਂ ਸਾਲ ਗਾਉਂਦੇ ਵੀ ਇਕੱਠੇ ਰਹੇ ਤੇ ਆਮ ਜ਼ਿੰਦਗੀ 'ਚ ਵੀ ਗਾਉਂਦੇ 'ਕੱਠੇ ਰਹੇ! ਆਨੰਦਪੁਰ ਸਾਹਿਬ ਦੀ ਬੀਬੀ ਗਾਇਕਾ ਰੋਪੜ ਦੇ ਹੀ ਕਾਹਨਪੁਰ ਖੂਹੀ ਸਕੂਲ ਵਿਚ ਪੰਜਾਬੀ ਅਧਿਆਪਕਾ ਹੈ। ਭੁਪਿੰਦਰ ਨੇ ਵਿਆਹ ਹੋਰ ਕਰਵਾ ਲਿਐ, ਨੀਲਮ ਨੇ ਵਰਗਲਾ ਕੇ ਬਲਾਤਕਾਰ ਦਾ ਪਰਚਾ ਦਰਜ ਕਰਵਾ ਦਿੱਤੈ, ਉਹ ਦੋਸ਼ ਨੀਲਮ 'ਤੇ ਚਰਿੱਤਰਹੀਣਤਾ ਦੇ ਲਾ ਰਿਹੈ। ਸੱਚਾਈ ਕੀ ਹੈ ਇਹ ਤਾਂ ਦੋਵੇਂ ਜਾਣਦੇ ਹੋਣਗੇ। ਪਰ ਕਿਹੜਾ ਮੂੰਹ ਲੈ ਕੇ ਬੀਬੀ ਬੱਚਿਆਂ ਨੂੰ ਪੜ੍ਹਾਏਗੀ, ਕਿਸ ਸਿੱਖਿਆ ਦੀ ਗੱਲ ਕਰੇਗੀ? ਥੋੜਾ ਜਿਹਾ ਇਕਾਗਰ ਚਿੱਤ ਹੋ ਕੇ ਕਿਆਸ ਕਰਕੇ ਵੇਖੋ, ਚਾਂਦ ਮੁਹੰਮਦ ਜਾਂ ਫਿਜ਼ਾ ਹੋਵੇ, ਨੀਲਮ ਹੋਵੇ ਜਾਂ ਭੁਪਿੰਦਰ ਗਿੱਲ, ਇਹ ਜਦੋਂ ਮਾਂ-ਬਾਪ, ਭੈਣ-ਭਰਾ ਤੇ ਬੱਚਿਆਂ ਦੇ ਸਾਹਮਣੇ ਹੋਣਗੇ ਤਾਂ ਕਿਹੜਾ ਮੂੰਹ ਲੈ ਕੇ ਜਾਣਗੇ? ਜਾਂ ਭਾਨ ਸਿੰਹੁ ਵਾਂਗ.....ਹੋ ਜਾਣਗੇ। ਗਲਤੀਆਂ 'ਤੇ ਮਿੱਟੀ ਪਾਉਣੀ ਚਾਹੀਦੀ ਐ ਜਾਂ ਮਿੱਟੀ ਆਪ ਹੀ ਪੁੱਟਣੀ ਚੰਗੀ ਹੈ।

ਸੁਨੱਖਾ ਮੁੰਡਾ ਰਵਿੰਦਰ ਗਰੇਵਾਲ ਮਿੱਠਾ ਮਿੱਠਾ ਗਾਉਂਦਾ ਚੰਗਾ ਲਗਦਾ ਸੀ, 'ਐਵੇਂ ਰੌਲਾ ਪੈ ਗਿਆ' ਦੀ ਦੁਹਾਈ ਦੇਂਦਾ ਆਪ ਰੌਲੇ 'ਚ ਫਸ ਗਿਆ। ਮੈਂ ਤੇ ਜੱਸੋਵਾਲ ਨੇ ਹੱਥਾਂ 'ਚ ਖਿਡਾਇਆ। ਬੜੀਆਂ ਮਹਿਫਲਾਂ ਤੇ ਮੇਲਿਆਂ 'ਤੇ ਲੈ ਕੇ ਗਏ। ਹਾਲੇ ਕੱਲ੍ਹ ਦੀ ਗੱਲ ਹੈ ਕਿ ਉਹਦੇ ਵਿਆਹ ਦੀ ਖ਼ਬਰ ਉਹਦੇ ਗੀਤ ਤੇ ਅਧਾਰਾਤ ਹੀ 'ਅਜੀਤ' 'ਚ ਛਪੀ ਸੀ। 'ਗੁਲਾਬੀ ਪੱਗ ਬੰਨ੍ਹ ਮਿੱਤਰਾ' ਵਾਲਾ ਗਾਇਕ ਅੱਜ ਗੁਲਾਬੀ ਪੱਗ 'ਚ ਬੰਨ੍ਹਿਆ ਜਾਵੇਗਾ। ਵੇਖਦਿਆਂ ਵੇਖਦਿਆਂ ਉਹ ਦੋ ਬੱਚੀਆਂ ਦਾ ਬਾਪ ਵੀ ਬਣ ਗਿਐ। ਪਤਨੀ ਨੇ ਪ੍ਰੈਸ ਕਾਨਫਰੰਸਾਂ ਵਿਚ ਉਹਦੇ ਹੋਰਾਂ ਨਾਲ ਕਹਿ ਕੇ ਇਲਜ਼ਾਮ ਲਾਏ ਹਨ। 'ਧੀਆਂ ਜੰਮਣ' ਦੇ ਸਰਾਪ ਕਾਰਨ ਕੁੱਖ 'ਚ ਘਸੁੰਨ ਮਾਰਿਆ ਹੈ। ਲੋਕ ਕਹਿੰਦੇ ਨੇ ਐਵੇਂ ਖੰਭਾਂ ਦੀਆਂ ਡਾਰਾਂ ਬਣ ਜਾਂਦੀਆਂ ਨੇ, ਪਰ ਸੁਰਜੀਤ ਪਾਤਰ ਇਹ ਆਖਦੈ ਕਿ 'ਕੋਈ ਤੇ ਖੰਭ ਹੁੰਦੈ ਬਣਦੀ ਹੈ ਜਿਸ 'ਤੇ ਡਾਰ। ਐਵੇਂ 'ਤੇ ਕੰਧਾਂ ਵੀ ਕਿਸੇ ਦੀ ਚੁਗਲੀ ਨਹੀਂ ਕਰਦੀਆਂ।' ਰਵਿੰਦਰ ਗਰੇਵਾਲ, ਨੀਲਮ-ਭੁਪਿੰਦਰ ਦੇ ਮਾਮਲੇ 'ਚ ਦਾਲ 'ਚ ਕਾਲਾ ਨ੍ਹੀਂ ਦਾਲ ਕਾਲੀ ਹੋ ਗਈ ਲੱਗਦੀ ਐ। ਮੈਡੀਕਲ ਸਾਇੰਸ 'ਚ ਇਹ ਗੱਲ ਮੰਨੀ ਗਈ ਹੈ ਕਿ ਕੁੜੀ ਜਾਂ ਮੁੰਡੇ ਦਾ ਜੰਮਣ ਔਰਤ ਦੇ ਵੱਸ 'ਚ ਨਹੀਂ, ਮਰਦ ਦੇ ਵੱਸ 'ਚ ਹੈ। ਪਰ ਰਾਗ ਹੋਰ ਹੀ ਹੈ, ਸਾਜ਼ ਹੋਰ ਵੱਜੀ ਜਾ ਰਿਹੈ।

ਮੈਂ ਇਕ ਬੁੱਢੀ ਹੋਈ ਗਾਇਕਾ ਨੂੰ ਪੁੱਛਿਆ, 'ਤੇਰਾ ਹੁਣ ਆ ਕੇ ਗਲਾ ਕਿਉਂ ਖਰਾਬ ਹੋ ਗਿਐ?' ਜੁਆਬ ਦੇਖੋ 'ਭਾਜੀ ਹੋਰਾਂ ਦੀ ਮਿਹਰਬਾਨੀ ਨਾਲ।' ਅੱਗੇ ਬੋਲੀ, 'ਨਰਸਾਂ ਕੋਲੋਂ ਨਾਜਾਇਜ਼ ਅਸਲਾ ਬਹੁਤ ਨਸ਼ਟ ਕਰਵਾਇਆ।' ਸੰਗੀਤ ਤਾਂ ਆਪਣੇ ਆਪ 'ਚ ਪੂਜਾ ਹੈ ਤੇ ਇਹ ਘਟਨਾਵਾਂ ਅਤਿ ਨਿੰਦਣਯੋਗ ਹਨ।

ਧਰਮ ਨੂੰ ਇਸ਼ਕ ਦੀ ਨਵੀਂ ਖੇਡ ਖੇਡਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਆਰ-ਪਰਿਵਾਰ ਤੇ ਬੀਵੀ ਬੱਚਿਆਂ ਨੂੰ ਕਿਹੜੇ ਯਤੀਮਖਾਨੇ ਭੇਜਿਆ ਜਾਵੇ, ਇਹ ਵੀ ਦੱਸਣਾ ਪਵੇਗਾ। ਕਿਉਂਕਿ ਇਸ਼ਕ ਵਿਚ ਨਕਲੀ ਰੰਗਾਂ ਨਾਲ ਹੋਲੀ ਖੇਡਣ ਵਾਲਿਆਂ ਦਾ ਜਦੋਂ ਚਾਅ ਲੱਥਦੈ ਤਾਂ ਚਾਰ ਕੁ ਦਿਨਾਂ 'ਚ ਹੀ ਕੁਕੜੂ-ਘੜੂੰ ਹੋ ਜਾਂਦੀ ਐ ਤੇ ਇਹ ਤੇਈਆ ਫਿਰ ਡੇਂਗੂ ਵਾਂਗ ਖਤਰਨਾਕ ਬਣ ਜਾਂਦੈਂ।

---

## ਜੀਵਨ ਗਾਥਾ

(ਸਫਾ 17 ਦੀ ਬਾਕੀ)

ਲੱਗਦੀਆਂ ਹਨ।

ਪਿੰਡ 'ਚ ਰਹਿੰਦੇ ਦਾ ਮੇਰਾ ਸੋਸ਼ਲ ਸਰਕਲ ਨਿੱਕਾ ਜਿਹਾ ਸੀ। ਤੁਰਦਿਆਂ ਫਿਰਦਿਆਂ ਇਹ ਕਾਫੀ ਵੱਡਾ ਹੋ ਗਿਆ ਹੈ। ਮੇਲ ਜੋਲ ਵਾਲੇ ਬੰਦਿਆਂ ਦੇ ਨਾਂ ਹੀ ਲਿਖਾਂ ਤਾਂ ਕਈ ਸਫ਼ੇ ਭਰ ਜਾਣਗੇ। ਇਕ ਸਮੂਹ ਖਿਡਾਰੀਆਂ ਤੇ ਖੇਡਾਂ ਨਾਲ ਜੁੜੇ ਬੰਦਿਆਂ ਦਾ ਹੈ। ਇਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਦੂਜਾ ਲਿਖਾਰੀਆਂ ਤੇ ਕਲਾਕਾਰਾਂ ਦਾ ਹੈ। ਅਖ਼ਬਾਰਾਂ ਦੇ ਸੰਪਾਦਕ ਤੇ ਪੱਤਰਕਾਰ ਹਨ, ਵੱਖ ਵੱਖ ਖੇਤਰਾਂ ਦੇ ਵਿਸ਼ੇਸ਼ ਵਿਅਕਤੀ ਹਨ ਅਤੇ ਰਿਸ਼ਤੇਦਾਰ ਤੇ ਦੋਸਤ ਮਿੱਤਰ ਹਨ। ਮੇਰੇ ਨਾਲ ਪੜ੍ਹਨ ਪੜ੍ਹਾਉਣ ਵਾਲੇ ਤੇ ਖੇਡਣ ਵਾਲੇ ਹਨ ਜਿਹੜੇ ਚੇਤੇ ਚੋਂ ਵਿਸਰਦੇ ਜਾ ਰਹੇ ਹਨ। ਕੀਹਦਾ ਜ਼ਿਕਰ ਕਰਾਂ ਤੇ ਕੀਹਦਾ ਨਾ ਕਰਾਂ?

ਅਮਰਦੀਪ ਕਾਲਜ ਦਾ ਪ੍ਰਿੰਸੀਪਲ ਹੋਣ ਕਰਕੇ ਦੇਸ਼ ਵਿਦੇਸ਼ ਦੇ ਸੌ ਤੋਂ ਵੱਧ ਜੀਵਨ ਮੈਂਬਰਾਂ ਨਾਲ ਮੇਰੀ ਜਾਣ ਪਛਾਣ ਹੈ। ਉਨ੍ਹਾਂ ਬਾਰੇ ਮੈਂ ਇਕ ਪੁਸਤਕ ਲਿਖੀ ਹੈ-ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦੇ ਦਾਨਵੀਰ। ਦੇਸ਼ ਵਿਦੇਸ਼ ਘੁੰਮਦਿਆਂ ਮੈਂ ਅਨੇਕਾਂ ਦੋਸਤਾਂ ਦੇ ਘਰਾਂ ਵਿਚ ਰਿਹਾ ਹਾਂ। ਅਨੇਕਾਂ ਸੱਜਣਾਂ ਦੀ ਪ੍ਰਾਹੁਣਚਾਰੀ ਮਾਣੀ ਹੈ। ਮੈਂ ਖ਼ੁਸ਼ਕਿਸਮਤ ਹਾਂ ਕਿ ਦੁਨੀਆਂ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇ ਜਿਥੇ ਮੈਨੂੰ ਆਪਣਾ ਕੋਈ ਵਿਦਿਆਰਥੀ ਨਾ ਮਿਲਿਆ ਹੋਵੇ। ਪਾਠਕਾਂ ਦੇ ਫੋਨ ਆਉਂਦੇ ਹਨ ਤੇ ਕਿਸੇ ਕਿਸੇ ਦੀ ਚਿੱਠੀ ਵੀ ਆ ਜਾਂਦੀ ਹੈ। ਬੜਾ ਪਿਆਰ ਕਰਦੇ ਹਨ ਪੰਜਾਬੀ ਪਿਆਰੇ। ਬੜਾ ਮਾਣ ਸਤਿਕਾਰ ਮਿਲਿਆ ਹੈ ਮੈਨੂੰ। ਮੈਂ ਸਾਰਿਆਂ ਦਾ ਰਿਣੀ ਹਾਂ ਤੇ ਉਨ੍ਹਾਂ ਦਾ ਦਿਲੀ ਧੰਨਵਾਦ ਕਰਦਾ ਹਾਂ। ਇਹ ਗਾਥਾ ਭਾਵੇਂ ਏਥੇ ਹੀ ਮੁਕਾ ਰਿਹਾਂ ਪਰ ਮੇਰੀ ਕਲਮ ਅਜੇ ਚਲਦੀ ਹੈ ਤੇ ਉਮੀਦ ਹੈ ਆਖ਼ਰੀ ਦਮ ਤਕ ਚਲਦੀ ਰਹੇਗੀ।

# ਪ੍ਰਿੰਸੀਪਲ ਪ੍ਰੀਤਮ ਸਿੰਘ ਦੀ ਸਲਾਹ ਸਦਾ ਲਾਹੇਵੰਦ ਰਹੀ

**ਸਫ਼ਰ ਜ਼ਿੰਦਗੀ ਦਾ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਇਹ ਸਭ ਮਾਣ ਮੈਨੂੰ ਏਸੇ ਕਾਰਨ ਮਿਲਿਆ ਸੀ ਕਿ ਮੈਂ ਇਹ ਸਾਰਾ ਕੁਝ ਪ੍ਰਿੰ. ਪ੍ਰੀਤਮ ਸਿੰਘ ਦੀ ਕਰੜੀ ਨਿਗਰਾਨੀ ਹੇਠ ਕੀਤਾ ਸੀ।

ਅਗਲੇ ਤੋਂ ਅਗਲੇਰੇ ਵਰ੍ਹਿਆਂ ਵਿਚ ਕੇਂਦਰੀ ਲੇਖਕ ਸਭਾ ਵਿਚ ਕੰਮ ਕਰਦਿਆਂ ਅਕਸਰ ਹੀ ਉਨ੍ਹਾਂ ਨਾਲ ਮੁਲਾਕਾਤ ਹੁੰਦੀ ਰਹੀ। ਜਦੋਂ ਪ੍ਰਿੰ. ਪ੍ਰੀਤਮ ਸਿੰਘ (1977-83) ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਰਹੇ ਤਾਂ ਉਨ੍ਹਾਂ ਦੇ ਨਾਲ ਡਾ. ਰਘਬੀਰ ਸਿੰਘ ਜਨਰਲ ਸਕੱਤਰ ਸਨ। ਉਹ ਇਕ ਵਾਰ ਕਹਿਣ ਲੱਗੇ ਕਿ ਪ੍ਰਿੰਸੀਪਲ ਸਾਹਿਬ ਨਾਲ ਕੰਮ ਕਰਦਿਆਂ ਮੈਨੂੰ ਕਈ ਅਲੋਕਾਰ ਗੱਲਾਂ ਦਾ ਪਤਾ ਲੱਗਾ ਹੈ। ਉਹ ਆਪਣੀਆਂ ਲਿਖਤਾਂ ਲਿਖਦਿਆਂ ਜਾਂ ਉਤਾਰਾ ਕਰਦਿਆਂ ਕਦੇ ਕਾਗਜ਼ ਦਾ ਇੱਕ ਟੁਕੜਾ ਵੀ ਜਾਇਆ ਨਹੀਂ ਕਰਦੇ ਸਨ। ਉਹ ਡਾਕ ਵਿਚ ਆਈ ਹਰ ਚਿੱਠੀ ਦੇ ਪੁੱਠੇ ਪਾਸੇ, ਆਪਣੇ ਕਈ ਕੀਮਤੀ ਲੇਖ ਜਾਂ ਖੋਜ-ਪੱਤਰ ਲਿਖ ਲੈਂਦੇ ਸਨ ਤੇ ਮਗਰੋਂ ਇਨ੍ਹਾਂ ਪੁਰਜ਼ਿਆਂ ਨੂੰ ਟਾਈਪ ਕਰਵਾ ਲੈਂਦੇ ਹੁੰਦੇ ਸਨ। ਅਜਿਹੀ ਸਥਿਤੀ ਤਾਂ ਖ਼ੁਦ ਮੈਨੂੰ ਜੇਲ੍ਹ 'ਚ ਨਜ਼ਰਬੰਦ ਹੋਏ ਨੂੰ ਨਹੀਂ ਸੀ ਆਈ।

ਮੇਰੀ ਬੜੀ ਰੀਝ ਹੁੰਦੀ ਸੀ ਕਿ ਮੈਂ ਆਪਣਾ ਕੀਤਾ ਕੋਈ ਸਾਹਿਤਕ ਕੰਮ ਉਨ੍ਹਾਂ ਨੂੰ ਭੇਜ ਕੇ ਰਾਏ ਲਵਾਂ ਜਾਂ ਜੇ ਸੰਭਵ ਹੋਵੇ ਤਾਂ ਥਾਪੜਾ ਲਵਾਂ। ਪਰ ਇੱਕ ਝਿਜਕ ਜਿਹੀ ਵੀ ਹੁੰਦੀ ਸੀ ਕਿ ਕੀ ਪਤਾ ਮੇਰੀ ਲਿਖੀ ਰਚਨਾ ਉਨ੍ਹਾਂ ਨੂੰ ਪਸੰਦ ਵੀ ਆਵੇਗੀ ਜਾਂ ਨਹੀਂ। ਇਸ ਲਈ ਮੈਂ ਆਪਣੀ ਰੀਝ ਨੂੰ ਦਬਾ ਛੱਡਦਾ ਸੀ ਜਾਂ ਚੁੱਪ ਕਰ ਰਹਿੰਦਾ ਸੀ।

ਪੰਜਾਬ ਸੰਕਟ ਦੇ ਅੰਤਲੇ ਵਰ੍ਹਿਆਂ ਵਿਚ ਮੈਂ ਸ਼ਾਹ ਮੁਹੰਮਦ ਦੀ ਕਾਵਿ-ਸ਼ੈਲੀ ਤੋਂ ਪ੍ਰਭਾਵਤ ਹੋ ਕੇ ਬੈਂਤ ਛੰਦ ਵਿਚ 'ਜੰਗਨਾਮਾ ਪੰਜਾਬ' ਲਿਖਿਆ। ਜਿਸ ਦੇ ਸ਼ੁਰੂ ਵਿਚ 80 ਬੰਦ ਸਨ। ਛਪਣ ਉਤੇ ਹੋਰਨਾਂ ਕਈ ਲੇਖਕਾਂ ਦੇ ਨਾਲ-ਨਾਲ ਮੈਂ ਇਕ ਕਾਪੀ ਉਨ੍ਹਾਂ ਨੂੰ ਵੀ ਭੇਜੀ। ਇਸਦੇ ਉਤਰ ਵਜੋਂ ਉਨ੍ਹਾਂ ਨੇ ਜੰਗਨਾਮੇ ਬਾਰੇ ਦੋ ਸਫ਼ਿਆਂ ਦੀ ਲੰਮੀ ਚਿੱਠੀ ਲਿਖ ਕੇ ਭੇਜੀ। ਉਂਝ ਤਾਂ ਸਾਰੀ ਚਿੱਠੀ ਹੀ ਹਵਾਲੇ ਵਜੋਂ ਤੇ ਉਨ੍ਹਾਂ ਦੀ ਲਿਖਤ ਦੇ ਪ੍ਰਮਾਣ ਵਜੋਂ ਛਪਣ-ਯੋਗ ਹੈ, ਪਰ ਥਾਂ ਦੀ ਘਾਟ ਕਾਰਨ ਕੁਝ ਹਿੱਸੇ ਹੀ ਏਥੇ ਪੇਸ਼ ਕਰਦਾ ਹਾਂ:

''ਕੱਲ੍ਹ ਦਾ ਅੱਧਾ ਦਿਨ ਮੈਂ ਤੁਹਾਡੀ ਭੇਜੀ ਪੁਸਤਕ ''ਜੰਗਨਾਮਾ ਪੰਜਾਬ'' ਦਾ ਸੁਆਦ ਲੈਣ ਵਿਚ ਲਾਇਆ। ਤੁਸੀਂ ਸਚਮੁੱਚ ਹੀ ਬੜੀ ਟੁੰਬਣ ਵਾਲੀ ਚੀਜ਼ ਰਚੀ ਹੈ।''

ਨਾਲ ਹੀ ਉਨ੍ਹਾਂ ਨੇ ਆਪਣੇ ਬੜੇ ਠੋਸ ਤੇ ਸਾਰਥਕ ਸੁਝਾਅ ਦਿੰਦਿਆਂ ਲਿਖਿਆ:

''ਮੇਰਾ ਸੁਝਾਅ ਹੈ ਕਿ ਤੁਸੀਂ ਇਸ ਰਚਨਾ ਨੂੰ ਜਿਵੇਂ ਵੀ ਇਹ ਹੈ, ਉਸੇ ਤਰ੍ਹਾਂ ਰਹਿਣ ਦਿਓ। ਪਰ ਇਸ ਛੰਦ ਵਿਚ ਸ਼ਾਹ ਮੁਹੰਮਦ ਵਾਲੀ ਕਲਮ ਨਾਲ ਚਾਰ ਤੁਕੀਏ ਬੰਦ ਦੀ ਥਾਂ, ਅੱਠ ਤੁਕੀਏ ਬੰਦ ਜਾਂ ਛੋਟੇ ਵੱਡੇ ਬੰਦਾਂ ਵਾਲੀ ਇਕ ਹੋਰ ਵਡੇਰੀ ਰਚਨਾ ਤਿਆਰ ਕਰੋ। ਸ਼ਾਹ ਮੁਹੰਮਦ ਦਾ ਕੈਨਵਸ ਤੁਹਾਡੇ ਨਾਲੋਂ ਵੱਡਾ ਹੈ। ਤੁਸੀਂ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਨਹੀਂ, ਇੱਕ ਤਰ੍ਹਾਂ ਦਿੱਲੀ ਤੇ ਪੰਜਾਬ ਦੀ ਲੜਾਈ ਦਾ ਬਿਆਨ ਕਰਨਾ ਹੈ। ਸਿਆਸੀ ਗੁੰਝਲਾਂ ਤੇ ਸਾਜ਼ਿਸ਼ਾਂ ਤੇ ਪਰਸਪਰ ਭੇਦਾਂ ਵਾਲੇ ਸਿਆਸੀ ਦਲਾਂ ਦੇ ਵੱਖ-ਵੱਖ ਰੋਲ, ਉਨ੍ਹਾਂ ਦੇ ਦਾਅਵਿਆਂ ਤੇ ਪ੍ਰਾਪਤੀਆਂ ਨੂੰ ਤੋਲ ਕੇ ਅੰਤਲੀ ਤ੍ਰਾਸਦੀ ਵਲ ਵੇਖਣਾ ਹੈ। ਇਸ ਲਈ ਤੁਹਾਡਾ ਕੈਨਵਸ, ਸ਼ਾਹ ਮੁਹੰਮਦ ਤੋਂ ਵੱਡਾ ਭਾਵੇਂ ਹੋਵੇ, ਛੋਟਾ ਨਹੀਂ ਹੋਣਾ ਚਾਹੀਦਾ। ਤੁਸੀਂ ਆਪਣੀ ਪਾਰਟੀ ਤੋਂ ਉਪਰਲੇ ਮੰਚ ਉਤੇ ਖੜ੍ਹੇ ਹੋ ਕੇ ਜੰਗ ਨੂੰ ਵੇਖਣਾ, ਸਮਝਣਾ ਤੇ ਬਿਆਨਣਾ ਹੈ-ਨਿਰਪੱਖ, ਨਿਰਦਲੀਆ ਤੇ ਹਮਦਰਦ। ਇੱਕੋ ਵੇਲੇ ਨਿਰਪੱਖਤਾ ਤੇ ਹਮਦਰਦੀ ਦਾ ਜੋ ਸੁਮੇਲ ਸ਼ਾਹ ਮੁਹੰਮਦ ਪੇਸ਼ ਕਰ ਸਕਿਆ ਹੈ, ਉਹ ਲਾਮਿਸਾਲ ਹੈ। ਤੁਸੀਂ ਉਸਨੂੰ ਆਪਣਾ ਆਦਰਸ਼ ਬਣਾ ਕੇ ਜਦੋਂ ਆਪਣਾ ਨਵਾਂ ਕਿੱਸਾ ਲਿਖੋਗੇ ਤਾਂ ਮੈਨੂੰ ਲੱਗਦਾ ਹੈ ਕਿ ਤੁਹਾਡਾ ਵੱਡੇ ਕੈਨਵਸ ਉਤੇ ਪੇਸ਼ ਕੀਤਾ ਚਿੱਤਰ ਤੁਹਾਡੇ ਹਾਣ ਦਾ ਹੋ ਨਿਬੜੇਗਾ। ਤੁਹਾਡੀ ਕਲਮ ਨੂੰ ਆਪਣੇ ਜੌਹਰ ਵਿਖਾਉਣ ਲਈ 'ਜੰਗਨਾਮਾ ਪੰਜਾਬ' ਨਾਲੋਂ ਵਡੇਰੇ ਮੈਦਾਨ ਦੀ ਲੋੜ ਹੈ।

ਤੁਹਾਡਾ ਪ੍ਰਸ਼ੰਸਕ
(ਪ੍ਰੀਤਮ ਸਿੰਘ ਪ੍ਰੋ.)''

ਸ਼ਾਇਦ ਇਸੇ ਹੀ ਚਿੱਠੀ ਦਾ ਅਚੇਤ ਜਾਂ ਸੁਚੇਤ ਪ੍ਰਭਾਵ ਸੀ ਕਿ 'ਜੰਗਨਾਮਾ ਪੰਜਾਬ' ਦੀ ਦੂਸਰੀ ਐਡੀਸ਼ਨ ਵਿਚ ਕਾਵਿ-ਬੰਦ 80 ਦੀ ਥਾਂ 256 ਹੋ ਗਏ ਸਨ ਅਤੇ ਇਹ ਵਧੇਰੇ ਵਿਸਤਰਿਤ,

**ਹਰਭਜਨ ਸਿੰਘ ਹੁੰਦਲ**

ਠੋਸ ਤੇ ਪ੍ਰਭਾਵਸ਼ਾਲੀ ਹੋ ਗਿਆ ਸੀ। ਹੁਣ ਤੀਕ ਉਸ ਦੀਆਂ ਕੈਨੇਡਾ, ਅਮਰੀਕਾ ਤੇ ਪਾਕਿਸਤਾਨ ਵਿਚ ਚਾਰ ਪੰਜ ਐਡੀਸ਼ਨਾਂ ਉਰਦੂ ਤੇ ਪੰਜਾਬੀ ਵਿਚ ਛਪ ਚੁੱਕੀਆਂ ਹਨ ਤੇ ਵਾਰ-ਵਾਰ ਇਹ ਅਖ਼ਬਾਰਾਂ, ਰਸਾਲਿਆਂ ਵਿਚ ਕਿਸ਼ਤਵਾਰ ਛਪ ਰਿਹਾ ਹੈ। 1997 ਦੇ ਸਾਲ ਵਿਚ ਪੰਜਾਬ ਵਿਚ ਅਕਾਲੀ ਸਰਕਾਰ ਬਣੀ। ਜਥੇਦਾਰ ਤੋਤਾ ਸਿੰਘ ਸਿੱਖਿਆ ਮੰਤਰੀ ਸੀ। ਉਨ੍ਹਾਂ ਨੇ ਪੰਜਾਬ ਵਿਚ ਸਾਰੇ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਕਰਾਰ ਦੇ ਦਿੱਤੀ ਜਿਸ ਦੀ ਵਿਰੋਧਤਾ ਲਈ ਪ੍ਰਿੰ. ਪ੍ਰੀਤਮ ਸਿੰਘ ਨੇ ਕਈ ਲੇਖ ਲਿਖੇ, ਮੈਂ ਵੀ ਵਿਅੰਗਨਾਮਾ ਕਾਵਿ-ਸੰਗ੍ਰਹਿ ਦੇ ਕੁਝ ਹਿੱਸੇ ਅਖ਼ਬਾਰਾਂ ਵਿਚ ਛਪਵਾਏ, ਜਿਨ੍ਹਾਂ ਵਿਚ ਸ਼ਾਹ ਮੁਹੰਮਦ ਦੇ ਮੁਹਾਵਰੇ ਵਿਚ ਤਿੱਖਾ ਰਾਜਸੀ ਵਿਅੰਗ ਸੀ:

ਤੋਤਾ ਸਿੰਘ ਨੇ ਆਖਿਆ ''ਖਾਲਸਾ ਜੀ
ਤੁਸਾਂ ਲਾਜ ਅੰਗਰੇਜ਼ੀ ਦੀ ਰੱਖਣੀ ਜੀ
ਜਦੋਂ ਮਿਲੇ ਕੜਾਹ, ਤਾਂ ਰੱਜ ਖਾਈਏ
ਰੇਤ ਟਿੱਬਿਆਂ ਦੀ ਕਾਹਤੋਂ ਫੱਕਣੀ ਜੀ।
ਬੋਲੀ ਗੋਰਿਆਂ ਦੀ, ਗੰਨੇ ਵਾਂਗ ਮਿੱਠੀ,
ਜ਼ਹਿਰ ਗੁਰਮੁਖੀ ਦੀ ਕਾਹਤੋਂ ਚੱਖਣੀ ਜੀ।
ਜਿਹੜੇ ਪੜ੍ਹਨ ਅੰਗਰੇਜ਼ੀ,
ਬਣ ਜਾਣ ਅਫ਼ਸਰ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।''

ਪ੍ਰਿੰਸੀਪਲ ਸਾਹਿਬ ਨੇ ਆਪਣੇ 20-12-97 ਦੇ ਖ਼ਤ ਵਿਚ ਮੈਨੂੰ ਲਿਖਿਆ:

''ਤੋਤਾ ਸਿੰਘ ਹੁਰਾਂ ਦੇ ਨਾਂ ਲਿਖੀ ਹੋਈ ਨਜ਼ਮ ਨਿਰ੍ਹਾ ਬੰਬ ਸੀ। ਪੜ੍ਹ ਕੇ ਬੜਾ ਸੁਆਦ ਆਇਆ। ਆਸ ਤਾਂ ਇਹੀ ਹੈ ਕਿ ਹੁਣ ਪੰਜਾਬ ਸਰਕਾਰ ਪਹਿਲੀ ਤੋਂ ਅੰਗਰੇਜ਼ੀ ਚਾਲੂ ਕਰਨ ਵਾਲੇ ਪਾਗਲਪਨ ਦਾ ਬੁਖ਼ਾਰ ਲਾਹ ਲਵੇਗੀ। ਤੁਸੀਂ ਸ਼ਾਹ ਮੁਹੰਮਦੀ ਚੋਲਾ ਹੁਣ ਛੱਡਿਓ ਨਾ। ਇਹ ਵਧੀਆ ਸਲੋਤਰ ਦਾ ਕੰਮ ਕਰਦਾ ਹੈ। (ਪ੍ਰੀਤਮ ਸਿੰਘ)''

ਹੌਲੀ-ਹੌਲੀ ਪਾਠਕਾਂ ਦੀ ਮਿਲੀ ਪ੍ਰਵਾਨਗੀ ਸਦਕਾ ਮੈਂ ਵਿਅੰਗਨਾਮੇ ਦੇ ਹੋਰ ਕਾਂਡ ਲਿਖੇ, ਜੋ 'ਦੇਸ਼ ਸੇਵਕ' ਤੇ 'ਨਵਾਂ-ਜ਼ਮਾਨਾ' ਵਿਚ ਛਪੇ। ਇਨ੍ਹਾਂ ਕਾਂਡਾਂ ਵਿਚ ਮੈਂ ਅਕਾਲੀ ਸਰਕਾਰ ਦੀਆਂ ਨੀਤੀਆਂ ਤੇ ਕਾਰਵਾਈਆਂ ਨੂੰ ਤਿੱਖੇ-ਤੇਜ਼ ਵਿਅੰਗ ਦਾ ਨਿਸ਼ਾਨਾ ਬਣਾਇਆ। ਪ੍ਰਿੰਸੀਪਲ ਸਾਹਿਬ ਦਾ ਇਕ ਹੋਰ ਖ਼ਤ ਆਇਆ। ਉਨ੍ਹਾਂ ਲਿਖਿਆ:

''ਪਿਆਰੇ ਹੁੰਦਲ, ਤੁਸੀਂ ਸ਼ਾਹ ਮੁਹੰਮਦੀ ਤਨਜ਼ ਵਾਲਾ ਹਥਿਆਰ ਤਿੱਖਾ ਕਰੀ ਜਾਓ। ਇਹ ਬੜਾ ਕਾਰਗਰ ਹੈ। ਪੰਜਾਬ ਹੀ ਨਹੀਂ ਸਾਰੇ ਦੇਸ਼ ਦੀ ਰਾਜਨੀਤੀ ਨੂੰ ਲਪੇਟ ਵਿਚ ਲਵੋ। ਬੜੀ ਵਧੀਆ ਕਿਤਾਬ ਬਣ ਜਾਵੇਗੀ। (ਮਿਤੀ 7-1-98 ਪ੍ਰਿੰ. ਪ੍ਰੀਤਮ ਸਿੰਘ ਪਟਿਆਲਾ)''



ਪ੍ਰਿੰ. ਪ੍ਰੀਤਮ ਸਿੰਘ

ਇਸ ਰਾਜਨੀਤਕ ਭਾਂਤ ਦੇ ਵਿਅੰਗ ਰਾਹੀਂ ਮੈਂ ਜੋ ਆਪਣੇ ਗੁਰੂ-ਅਧਿਆਪਕ ਦਾ ਕੁਝ ਧਿਆਨ ਖਿੱਚ ਸਕਿਆ ਸੀ ਤਾਂ ਮੈਨੂੰ ਡਾਢੀ ਮਾਨਸਿਕ ਤਸੱਲੀ ਹੋਈ। ਮੈਂ ਉਨ੍ਹਾਂ ਦੇ ਦੱਸੇ ਸੁਝਾਅ ਅਨੁਸਾਰ ਇਸ ਵਿਅੰਗ-ਯੁੱਧ ਨੂੰ ਤਾਂ ਭਾਵੇਂ ਰਾਸ਼ਟਰੀ-ਪੱਧਰ ਤੇ ਫੈਲਾਅ ਨਾ ਸਕਿਆ, ਪਰ ਮੇਰੇ ਲਈ ਇਹ ਮਿਲੀ ਪ੍ਰਵਾਨਗੀ ਕੋਈ ਘੱਟ ਨਹੀਂ ਸੀ। ਆਖਰੀ ਸਾਲਾਂ ਵਿਚ ਉਨ੍ਹਾਂ ਦੀ ਨਜ਼ਰ ਏਨੀ ਕਮਜ਼ੋਰ ਹੋ ਗਈ ਕਿ ਆਇਆ ਅਦਬ ਲਗਾਤਾਰ ਪੜ੍ਹਨਾ ਮੁਸ਼ਕਿਲ ਹੋ ਗਿਆ ਸੀ। ਉਹ ਆਪਣੇ ਸਟੈਨੋ ਦੀ ਸਹਾਇਤਾ ਨਾਲ ਜਾਂ ਖ਼ੁਦ ਸ਼ੀਸ਼ੇ ਨਾਲ ਚਿਰਾਗ਼ ਤ੍ਰੈ-ਮਾਸਿਕ ਦੀਆਂ ਸੰਪਾਦਕੀ ਟਿੱਪਣੀਆਂ ਪੜ੍ਹਦੇ ਤੇ ਆਪਣਾ ਪ੍ਰਤੀਕਰਮ ਲਿਖ ਕੇ ਭੇਜਦੇ। ਉਨ੍ਹਾਂ ਦੀ ਲਗਨ ਤੇ ਆਪਣੀ ਰਾਏ ਭੇਜਣ ਦਾ ਉੱਦਮ ਹੈਰਾਨੀਜਨਕ ਤਾਂ ਸੀ ਹੀ, ਮੇਰੇ ਵਰਗਿਆਂ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਵੀ ਸੀ। ਮੈਨੂੰ ਵਾਰ-ਵਾਰ ਉਰਦੂ ਦਾ ਸ਼ਿਅਰ ਯਾਦ ਆਉਂਦਾ-

ਜਿਸ ਹਾਲ ਮੇਂ ਜੀਨਾ ਮੁਸ਼ਕਿਲ ਹੈ,
ਉਸ ਹਾਲ ਮੇਂ ਜੀਨਾ ਲਾਜ਼ਿਮ ਹੈ।

ਪ੍ਰਿੰਸੀਪਲ ਸਾਹਿਬ ਆਪਣੇ 28-2-99 ਦੇ ਇਕ ਖ਼ਤ ਵਿਚ ਚਿਰਾਗ਼ ਬਾਰੇ ਲਿਖਦੇ ਹਨ:

''ਹਰ ਚਿਰਾਗ਼ ਪਿਛਲੇ ਅੰਕ ਨਾਲੋਂ ਅੱਗੇ ਲੰਘਿਆ ਹੁੰਦਾ ਹੈ। ਮੈਂ ਅੱਖਾਂ ਦੀ ਮਜਬੂਰੀ ਕਰਕੇ ਸਾਰਾ ਪਰਚਾ ਤਾਂ ਪੜ੍ਹ ਨਹੀਂ ਸਕਦਾ, ਪਰ ਤੁਹਾਡੀਆਂ ਟਿੱਪਣੀਆਂ ਤੇ ਇੱਕ ਦੋ ਵਿਚਾਰਧਾਰਕ ਮਜ਼ਮੂਨ ਨਜ਼ਰ ਹੇਠੋਂ ਲੰਘਾ ਲੈਂਦਾ ਹਾਂ। ਤੁਹਾਡੀ ਮਿਹਨਤ ਤੇ ਵਿਚਾਰਧਾਰਾ ਉੱਤੇ ਦਿੱਤਾ ਪਹਿਰਾ ਸਲਾਹੁਣਯੋਗ ਹੈ।

ਹਿਤੈਸ਼ੀ, ਪ੍ਰੀਤਮ ਸਿੰਘ''

ਉਨ੍ਹਾਂ ਦੀ ਇੱਕ ਸਿਫ਼ਤ ਮੈਂ ਹੋਰ ਨੋਟ ਕੀਤੀ ਹੈ ਕਿ ਉਹ ਰਸਮੀ ਜਿਹੇ ਖ਼ਤ ਕਦੇ ਨਹੀਂ ਲਿਖਦੇ ਸਨ। ਹਰ ਖ਼ਤ ਵਿਚ ਕੋਈ ਨਵਾਂ ਸੁਝਾਅ, ਕੋਈ ਨਵਾਂ ਟੀਚਾ, ਕੋਈ ਨਵੀਂ ਚੋਟੀ ਸਰ ਕਰਨ ਦੀ ਪ੍ਰੇਰਨਾ ਦੇਣਾ, ਜਿਵੇਂ ਉਨ੍ਹਾਂ ਦਾ ਅਚੇਤ ਹੀ ਪੱਕਾ ਸੁਭਾਅ ਬਣ ਚੁੱਕਾ ਸੀ। ਵਿਸ਼ਵ ਦੇ ਮਹਾਨ ਕਵੀਆਂ ਦੇ ਕੀਤੇ ਮੇਰੇ ਪੰਜਾਬੀ ਅਨੁਵਾਦਾਂ ਬਾਰੇ ਸੋਚਦਿਆਂ, ਉਨ੍ਹਾਂ ਮੇਰੇ ਲਈ ਇਕ ਬਿਲਕੁਲ ਹੀ ਨਵਾਂ ਦਿੱਸਹੱਦਾ ਉਜਾਗਰ ਕਰਨ ਦੀ ਕੋਸ਼ਿਸ਼ ਕਰਦਿਆਂ, ਆਪਣੇ 27-5-05 ਦੇ ਇੱਕ ਖ਼ਤ ਵਿਚ ਲਿਖਿਆ:

ਪਿਆਰੇ ਹੁੰਦਲ ਜੀ,

ਤੁਸੀਂ ਦੁਨੀਆਂ ਦੇ ਚੋਟੀ ਦੇ ਜੁਝਾਰੂ ਕਵੀਆਂ ਨਾਲ ਪੰਜਾਬੀ ਪਾਠਕਾਂ ਦੀਆਂ ਮੁਲਾਕਾਤਾਂ ਕਰਾ ਕੇ ਬੜਾ ਚੰਗਾ ਕੰਮ ਕਰ ਰਹੇ ਹੋ। ਜਿਹੜੀਆਂ ਖਿੜਕੀਆਂ ਸਾਡੇ ਆਮ ਪਾਠਕਾਂ ਲਈ ਬੰਦ ਸਨ, ਤੁਸੀਂ ਉਨ੍ਹਾਂ ਵਿਚੋਂ ਕੁਝ ਖੋਲ੍ਹ ਦਿੱਤੀਆਂ ਹਨ ਤੇ ਰਹਿੰਦੀਆਂ ਨੂੰ ਖੋਲ੍ਹਣ ਦਾ ਭਰੋਸਾ ਦੇ ਰਹੇ ਹੋ। ਧੰਨਵਾਦ। ਪਰ ਮੈਂ ਤੁਹਾਨੂੰ ਇਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਇਕ ਪਿੰਡ ਵਿਚ ਬੈਠੇ ਸਾਰੀ ਦੁਨੀਆਂ ਨੂੰ ਗਾਹ ਰਹੇ ਹੋ। ਪਰ ਕੀ ਕਿਸੇ ਨਾਲ ਕੋਈ ਅਜਿਹਾ ਸੰਪਰਕ ਵੀ ਜੋੜਿਆ ਹੈ, ਜਿਸ ਨਾਲ ਪੰਜਾਬੀ ਕਵਿਤਾ ਦੇ ਨਮੂਨੇ ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ, ਮਹਿਮੂਦ ਦਰਵੇਸ਼, ਬਰਤੋਲਤ ਬ੍ਰੈਖ਼ਤ ਤੇ ਲੋਰਕਾ ਦੇ ਦੇਸ਼ ਵਾਸੀਆਂ ਤੱਕ ਪਹੁੰਚ ਸਕਣ। ਸਾਰੀ ਉੱਤਮ ਪੰਜਾਬੀ ਕਵਿਤਾ ਨਾ ਸਹੀ, ਉਸ ਦੀਆਂ ਚੋਣਵੀਆਂ ਕ੍ਰਾਂਤੀਸ਼ੀਲ, ਕਵਿਤਾਵਾਂ ਦੇ ਨਮੂਨੇ ਪਹੁੰਚ ਜਾਣ। ਇਹ ਵਪਾਰ ਦੁਵੱਲਾ ਹੋ ਸਕੇ ਤਾਂ ਤੁਹਾਡੀ ਬੜੀ ਜੈ-ਜੈਕਾਰ ਹੋਵੇਗੀ।

-ਤੁਹਾਡਾ ਵੀਰ ਪ੍ਰੀਤਮ ਸਿੰਘ''

ਸ. ਪ੍ਰੀਤਮ ਸਿੰਘ ਜਿੱਥੇ ਮੇਰੇ ਉਤੇ ਏਨੇ ਦਿਆਲੂ ਤੇ ਮਿਹਰਬਾਨ ਰਹੇ ਨੇ, ਉਥੇ 2007 ਵਿਚ ਮੇਰੇ ਨਾਲ ਕੁਝ ਨਾਰਾਜ਼ ਹੋ ਗਏ। ਵਿਸ਼ਵ ਸੰਮੇਲਨ ਦੇ ਮਤਿਆਂ ਅਤੇ ਸਮੁੱਚੀ ਕਾਰਵਾਈ ਬਾਰੇ ਅਸਾਂ ਸੰਪਾਦਕੀ ਮੰਡਲ ਵਾਲਿਆਂ ਕਾਨਫਰੰਸ ਉਤੇ ਜੋ ਟਿੱਪਣੀ ਕੀਤੀ ਉਹ ਪ੍ਰਬੰਧਕਾਂ ਦੀ ਮੰਦ-ਭਾਵਨਾ ਬਾਰੇ ਨਹੀਂ ਸੀ। ਸਗੋਂ ਕਾਨਫਰੰਸ ਦੀ ਸਮੁੱਚੀ ਪਹੁੰਚ ਵਿਚਲੇ ਸੰਭਾਵਤ ਖ਼ਤਰਿਆਂ ਤੇ ਖ਼ਦਸ਼ਿਆਂ ਬਾਰੇ ਸੀ। ਪ੍ਰਿੰਸੀਪਲ ਸਾਹਿਬ ਨੇ ਇਸ ਕਾਨਫਰੰਸ ਵਿਚ ਕੁੰਜੀਵਤ ਭਾਸ਼ਣ ਦਿੱਤਾ ਸੀ। ਜਿਸ ਬਾਰੇ ਕਿ ਸਭਨਾਂ ਨੇ ਪ੍ਰਸ਼ੰਸਾ ਕੀਤੀ ਸੀ। ਉਨ੍ਹਾਂ ਨੇ ਆਪਣਾ ਰੋਸ ਪ੍ਰਗਟ ਕਰਦਿਆਂ ਲਿਖਿਆ ਸੀ:

ਪਿਆਰੇ ਹੁੰਦਲ ਜੀ,

ਮੈਨੂੰ ਮੇਰੇ ਸਟੈਨੋ ਨੇ ਅਪ੍ਰੈਲ-ਜੂਨ 2007 ਦੇ ਚਿਰਾਗ਼ ਦੀ ਕੁਝ ਸਮੱਗਰੀ ਪੜ੍ਹ ਕੇ ਸੁਣਾਈ ਹੈ। ਕਾਨਫਰੰਸ ਦੇ ਪ੍ਰਬੰਧਕਾਂ ਨੇ ਜਿਸ ਭਾਵਨਾ ਨਾਲ ਪੰਜਾਬੀ ਕੌਮ ਦੀ ਉਸਾਰੀ ਨੂੰ ਮੁੱਖ ਰੱਖ ਕੇ ਕਾਫ਼ੀ ਖਰਚਾ ਕੀਤਾ ਹੈ, ਮੇਰੇ ਖ਼ਿਆਲ ਵਿਚ ਤੁਸੀਂ ਉਸਦੇ ਅਰਥਾਂ ਨਾਲ ਅਨਰਥ ਕੀਤਾ ਹੈ...। ਜੇ ਮੈਂ ਪ੍ਰਬੰਧਕਾਂ ਦੇ ਕਿਸੇ ਗੁਪਤ ਏਜੰਡੇ ਨੂੰ ਨਹੀਂ ਸਮਝ ਸਕਿਆ ਤਾਂ ਮੈਨੂੰ ਆਪਣੀ ਰਾਏ ਬਦਲਣੀ ਪਵੇਗੀ। ਪਰ ਜੇ ਤੁਸੀਂ ਉਨ੍ਹਾਂ ਦੇ ਏਜੰਡੇ ਨੂੰ ਸੱਚੋ ਸੱਚੀ ਇਹ ਅਰਥ ਪੇਸ਼ ਕਰਨ ਲਈ ਮਜ਼ਬੂਰ ਕਰ ਰਹੇ ਹੋ, ਜੋ ਉਨ੍ਹਾਂ ਦੇ ਚਿੱਤ-ਚੇਤੇ ਵੀ ਨਹੀਂ ਸੀ, ਤਾਂ ਤੁਹਾਨੂੰ ਆਪਣੀ ਰਾਏ ਉਤੇ ਮੁੜ ਵਿਚਾਰ ਕਰਨ ਨੂੰ ਆਪਣੀ ਹੇਠੀ ਨਹੀਂ ਸਮਝਣਾ ਚਾਹੀਦਾ।''

ਪ੍ਰਿੰਸੀਪਲ ਪ੍ਰੀਤਮ ਸਿੰਘ ਹੋਰਾਂ ਨਾਲ ਆਪਣੇ 50 ਸਾਲਾਂ ਤੋਂ ਵਧ ਦੇ ਜੁੜੇ ਸੰਪਰਕ ਦੇ ਅੰਤ ਉੱਤੇ ਮੈਨੂੰ ਪ੍ਰਤੀਤ ਹੋ ਰਿਹਾ ਸੀ ਕਿ ਉਹ ਮੇਰੀ ਅਯੋਗਤਾ ਤੇ ਸੀਮਤ ਸਾਹਿਤਕ ਸਮਝ ਨੂੰ ਅਣਡਿੱਠਾ ਕਰਕੇ, ਮੇਰੇ ਉਤੇ ਕੁਝ ਜ਼ਿੰਮੇਵਾਰੀ ਸੁੱਟਣ ਲੱਗ ਪਏ ਸਨ ਤੇ ਮੈਂ ਆਪਣੇ ਆਪ ਨੂੰ ਬੜਾ ਭਾਗਸ਼ਾਲੀ ਸਮਝ ਰਿਹਾ ਸਾਂ।

ਪਿਛਲੇ ਸਾਲ ਉਨ੍ਹਾਂ ਨੇ ਮੈਨੂੰ ਫੋਨ ਉੱਤੇ ਕਿਹਾ ਕਿ ਮੇਰਾ ਕੋਈ ਪ੍ਰਸ਼ੰਸਕ ਅਥਵਾ ਸ਼ਰਧਾਲੂ ਸ਼ਰਧਾ ਵੱਸ ਮੇਰੀਆਂ ਵੱਖ-ਵੱਖ ਪੁਸਤਕਾਂ ਉਤੇ ਵੱਖ-ਵੱਖ ਵਿਦਵਾਨਾਂ ਤੋਂ ਇੱਕ-ਇੱਕ ਖੋਜ-ਪੱਤਰ ਅਥਵਾ ਲੇਖ ਲਿਖਵਾ ਕੇ ਕੋਈ ਪੁਸਤਕ ਛਪਵਾ ਰਿਹਾ ਹੈ। ਤੇ ਤੁਸੀਂ ਉਸ ਕਾਰਜ ਲਈ ਮੇਰੀ ਪਸ਼ਤੋ ਤੋਂ ਅਨੁਵਾਦ ਕੀਤੀ 'ਖੁਸ਼ਹਾਲ ਖਾਂ ਪਟਕ' ਦੀ ਕਵਿਤਾ ਬਾਰੇ ਇੱਕ ਲੇਖ ਲਿਖ ਕੇ ਭੇਜ ਦੇਣਾ ਹੈ। ਮੇਰੇ ਲਈ ਇਸ ਜ਼ਿੰਮੇਵਾਰੀ ਨੂੰ ਚਾਈਂ-ਚਾਈਂ ਨਿਭਾਉਣ ਤੋਂ ਵੱਡੀ ਖ਼ੁਸ਼ੀ ਭਲਾ ਹੋਰ ਕੀ ਹੋ ਸਕਦੀ ਸੀ। ਹਫ਼ਤੇ ਦੇ ਵਿਚ ਮੈਂ ਉਹ ਲੇਖ ਲਿਖ ਕੇ ਉਨ੍ਹਾਂ ਨੂੰ ਭੇਜ ਦਿੱਤਾ। ਇੰਝ ਹੀ ਇਸ ਸਾਲ ਦੇ ਸ਼ੁਰੂ ਵਿਚ ਮੈਨੂੰ ਡਾਕ ਰਾਹੀਂ ਉਨ੍ਹਾਂ ਦੀ ਸਵੈ-ਜੀਵਨੀ, ''ਕੱਚੀਆਂ-ਪੱਕੀਆਂ ਦੇ ਭਾਅ'' ਦੀ ਕਾਪੀ ਪ੍ਰਾਪਤ ਹੋਈ। ਪੁੱਛਣ ਉੱਤੇ ਕਹਿਣ ਲੱਗੇ, ''ਇਹ ਤੈਨੂੰ ਚਿਰਾਗ਼ ਲਈ ਰੀਵਿਊ ਕਰਨ ਲਈ ਭਿਜਵਾਈ ਹੈ। ਆਪਣੀ ਨਿਰਪੱਖ ਰਾਏ ਲਿਖੀਂ।'' ਮੈਂ ਭਾਵੇਂ ਆਪਣੇ ਕਿਸੇ ਨਿੱਜੀ ਸਾਹਿਤਕ ਕਾਰਜ ਵਿਚ ਬੁਰੀ ਤਰ੍ਹਾਂ ਖੁੱਭਿਆ ਹੋਇਆ ਸੀ ਫਿਰ ਵੀ ਆਪਣੀ ਸੰਖੇਪ ਟਿੱਪਣੀ ਲਿਖਣਾ ਮੇਰੇ ਲਈ ਕਿੰਨੀ ਮਾਣ ਵਾਲੀ ਗੱਲ ਸੀ।

ਉਨ੍ਹਾਂ ਦੇ ਸਪੁੱਤਰ ਸ. ਜੈਰੂਪ ਸਿੰਘ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀ.ਸੀ. ਬਣਨ ਉੱਤੇ ਮੈਂ ਵਧਾਈ ਭੇਜੀ ਤਾਂ ਆਖਣ ਲੱਗੇ, ''ਮੈਂ ਉਸਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸਬੰਧਤ ਮਸਲਿਆਂ ਬਾਰੇ ਤਾਂ ਲਿਖ ਤੇ ਆਖ ਸਕਦਾ ਹਾਂ, ਪਰ ਕਿਸੇ ਵਿਅਕਤੀ ਬਾਰੇ ਨਿੱਜੀ ਸਿਫ਼ਾਰਿਸ਼ ਨਹੀਂ ਕਰਾਂਗਾ।''

ਪ੍ਰਿੰਸੀਪਲ ਪ੍ਰੀਤਮ ਸਿੰਘ ਵਰਗੇ, ਸਾਹਿਤ ਨੂੰ ਸਮਰਪਿਤ ਵਿਦਵਾਨ, ਖੋਜੀ, ਸੁਹਿਰਦ ਤੇ ਤਰਕਸ਼ੀਲ ਚਿੰਤਕ ਮਾਰੂਥਲ ਵਿਚਲੇ ਬਿਰਖਾਂ ਵਰਗੇ ਹੁੰਦੇ ਹਨ, ਜਿਨ੍ਹਾਂ ਦੀ ਸੰਘਣੀ ਤੇ ਠੰਢੀ ਛਾਂ ਕਿਸੇ ਭਾਗਾਂ ਵਾਲੇ ਨੂੰ ਨਸੀਬ ਹੁੰਦੀ ਹੈ। ਮੈਂ ਉਨ੍ਹਾਂ ਕੋਲੋਂ ਖੋਜ ਤੇ ਆਲੋਚਨਾ ਦਾ ਪਹਿਲਾ ਪਾਠ ਪੜ੍ਹਿਆ ਸੀ ਤੇ ਅੱਜ ਉਨ੍ਹਾਂ ਦਾ ਸ਼ਾਗਿਰਦ ਅਖਵਾਏ ਜਾਣ ਵਿਚ ਮੈਨੂੰ ਫ਼ਖਰ ਅਨੁਭਵ ਹੋ ਰਿਹਾ ਹੈ।

(ਸਮਾਪਤ)

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਆਖਰੀ ਸਮੇਂ ਉਦਾਸ ਸਨ ਭਾਈ ਸਮੁੰਦ ਸਿੰਘ

**ਹਰਜਾਪ ਸਿੰਘ ਔਜਲਾ**

ਭਾਈ ਸਮੁੰਦ ਸਿੰਘ ਨੇ ਆਪਣੀ ਜ਼ਿੰਦਗੀ ਵਿਚ ਕਦੇ ਵੀ ਸੰਗੀਤ ਦਾ ਰਿਆਜ਼ ਨਹੀਂ ਸੀ ਤਿਆਗਿਆ। ਬਾਅਦ ਵਿਚ ਉਹ ਆਪਣੇ ਸੰਗੀਤ ਪ੍ਰੋਗਰਾਮਾਂ ਵਿਚ ਬਹੁਤ ਜ਼ਿਆਦਾ ਰੁਝ ਗਏ ਸਨ ਅਤੇ ਇਸ ਦੌਰਾਨ ਉਨ੍ਹਾਂ ਨੇ ਆਪਣੇ ਪ੍ਰੋਗਰਾਮਾਂ ਨੂੰ ਹੀ ਰਿਆਜ਼ ਦਾ ਮਾਧਿਅਮ ਬਣਾ ਲਿਆ ਸੀ। ਬਹੁਤ ਸਾਰੇ ਸੰਗੀਤਕਾਰ ਜਿਉਂ ਜਿਉਂ ਬਜ਼ੁਰਗ ਹੁੰਦੇ ਹਨ ਤਾਂ ਉਨ੍ਹਾਂ ਦੀ ਆਵਾਜ਼ ਦੀ ਗੁਣਵਤਾ ਘੱਟਦੀ ਚੱਲੀ ਜਾਂਦੀ ਹੈ, ਪਰ ਭਾਈ ਸਮੁੰਦ ਸਿੰਘ ਨਾਲ ਅਜਿਹਾ ਨਹੀਂ ਸੀ ਵਾਪਰਿਆ। ਸਗੋਂ ਇਸ ਦੇ ਉਲਟ ਹਰ ਗੁਜ਼ਰਦੇ ਵਰ੍ਹੇ ਨਾਲ ਉਨ੍ਹਾਂ ਦੀ ਆਵਾਜ਼ ਹੋਰ ਜ਼ਿਆਦਾ ਪ੍ਰਪੱਕ ਅਤੇ ਖ਼ੂਬਸੂਰਤ ਹੁੰਦੀ ਚੱਲੀ ਗਈ ਸੀ। ਮੈਂ ਉਨ੍ਹਾਂ ਦੀ ਮੌਤ ਤੋਂ ਪਹਿਲਾਂ ਉਨ੍ਹਾਂ ਨੂੰ ਇਕ ਭੋਗ ਸਮਾਗਮ ਵਿਚ ਕੀਰਤਨ ਕਰਦਿਆਂ ਸੁਣਿਆ ਸੀ। ਮੈਂ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਆਵਾਜ਼ ਪਹਿਲਾਂ ਨਾਲੋਂ ਵੀ ਵਧੇਰੇ ਅਮੀਰ ਅਤੇ ਰਸਦਾਇਕ ਹੋ ਗਈ। ਪੰਜਾਬੀ ਫਿਲਮ 'ਨਾਨਕ ਨਾਮ ਜਹਾਜ਼ ਹੈ' 1969 ਵਿਚ ਬਣੀ। ਇਸ ਫਿਲਮ ਦੇ ਮਿਊਜ਼ਿਕ ਨੂੰ ਰਾਸ਼ਟਰਪਤੀ ਐਵਾਰਡ ਮਿਲਿਆ ਸੀ।

ਹਾਲਾਂਕਿ ਮੁਹੰਮਦ ਰਫੀ ਅਤੇ ਆਸ਼ਾ ਭੌਂਸਲੇ ਨੇ ਵੀ ਇਸ ਫਿਲਮ ਵਿਚ ਆਵਾਜ਼ ਦਿੱਤੀ ਸੀ, ਪਰ ਬਿਨਾ ਸ਼ੱਕ ਇਸ ਫਿਲਮ ਦੇ ਸਭ ਤੋਂ ਵਧੇਰੇ ਸਲਾਹੇ ਗਏ ਗਾਇਕ ਭਾਈ ਸਮੁੰਦ ਸਿੰਘ ਜੀ ਹੀ ਸਨ। ਭਾਈ ਸਮੁੰਦ ਸਿੰਘ ਜੀ ਵਲੋਂ ਇਸ ਫਿਲਮ ਵਿਚ ਅਸਲ ਰਾਗਾਂ ਵਿਚ ਦੋ ਸ਼ਬਦ ਗਾਏ ਗਏ ਸਨ। ਇਕ ਸ਼ਬਦ ਮਸ਼ਹੂਰ ਰਾਗ ਬਹਾਰ ਵਿਚ ਸੀ। ਫਿਲਮ ਦੇ ਮਿਊਜ਼ਿਕ ਡਾਇਰੈਕਟਰ ਸ੍ਰੀ ਮਹਿੰਦਰ ਸਿੰਘ ਸਰਨਾ ਨੇ ਭਾਈ ਸਮੁੰਦ ਸਿੰਘ ਦੀਆਂ ਅਸਲੀ ਸੁਰਾਂ ਨਾਲ ਕੋਈ ਵੀ ਛੇੜਛਾੜ ਨਹੀਂ ਸੀ ਕੀਤੀ। ਭਾਈ ਸਮੁੰਦ ਸਿੰਘ ਆਪਣੇ ਸੰਗੀਤਕ ਸਿਧਾਂਤ ਨਾਲ ਕੋਈ ਵੀ ਸਮਝੌਤਾ ਨਹੀਂ ਸਨ ਕਰਦੇ।

ਉਨ੍ਹਾਂ ਨੇ ਸੁਰ ਅਤੇ ਤਾਲ ਦੇ ਮਾਮਲੇ ਵਿਚ ਕੋਈ ਵੀ ਰਲਾਵਟ ਸਵੀਕਾਰ ਨਹੀਂ ਸੀ ਕੀਤੀ। 1971 ਦੇ ਅਖੀਰ ਵਿਚ ਭਾਈ ਸਮੁੰਦ ਸਿੰਘ, ਜੋ ਕਿ ਸਿੱਖ ਸੰਗੀਤ ਦੇ ਸਭ ਤੋਂ ਪ੍ਰਪੱਕ ਵਿਅਕਤੀ ਸਨ, ਬਹੁਤ ਉਦਾਸ ਵਿਚਰ ਰਹੇ ਸਨ। 1960 ਵਿਆਂ ਦੇ ਦੌਰ ਵਿਚ ਸਿੱਖ ਸੰਗੀਤ ਦੇ ਸੋਹਜ ਸੁਆਦ ਦੇ ਮਾਮਲੇ ਵਿਚ ਸਿੱਖ ਭਾਈਚਾਰੇ ਦੀ ਪਸੰਦ, ਨਾ ਪਸੰਦ ਕਾਫੀ ਵਿਗੜਨੀ ਸ਼ੁਰੂ ਹੋ ਗਈ ਸੀ। ਕੱਚ ਘਰੜ ਕਿਸਮ ਦੇ ਕੀਰਤਨੀਏ ਮਸ਼ਹੂਰ ਹੋ ਰਹੇ ਸਨ ਅਤੇ ਜਿਨ੍ਹਾਂ ਨੇ ਉਮਰ ਭਰ ਰਾਗਾਂ ਵਿਚ ਗੁਰਬਾਣੀ ਗਾਇਨ ਦਾ ਹੁਨਰ ਹਾਸਲ ਕੀਤਾ ਸੀ, ਇਕਦਮ ਨਹੀਂ ਸਨ ਤਬਦੀਲ ਹੋ ਸਕਦੇ। ਇਥੋਂ ਤੱਕ ਕਿ ਇਤਿਹਾਸਕ ਸਿੱਖ ਗੁਰਦੁਆਰਿਆਂ ਵਿਚ ਮੌਜੂਦ ਜ਼ਿੰਮੇਵਾਰ ਵਿਅਕਤੀ ਵੀ ਹਜ਼ੂਰੀ ਰਾਗੀਆਂ ਦੇ ਪੱਧਰ ਨੂੰ ਪਛਾਨਣ ਦੇ ਮਾਮਲੇ ਵਿਚ ਟਪਲਾ ਖਾ ਰਹੇ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ ਸਮੇਂ ਵਿਚ ਇਸ ਕਿਸਮ ਦੀ ਨਿਰਾਸ਼ਾ ਦਾ ਸਾਹਮਣਾ ਕੀਤਾ।

ਸੰਨ 1972 ਵਿਚ ਥੋੜ੍ਹਾ ਜਿਹਾ ਸਮਾਂ ਬਿਮਾਰ ਰਹਿਣ ਪਿੱਛੋਂ ਹੀ ਉਹ ਚਲਾਣਾ ਕਰ ਗਏ। ਇਥੋਂ ਤੱਕ ਕਿ 1972 ਵਿਚ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਹੀ ਭਾਈ ਸੰਤਾ ਸਿੰਘ ਜੀ ਨੇ ਵੀ ਸਿੱਖ ਸੰਗੀਤ ਵਿਚ ਆਏ ਨਿਘਾਰ ਉੱਪਰ ਬੇਹੱਦ ਡੂੰਘੀ ਚਿੰਤਾ ਪ੍ਰਗਟ ਕੀਤੀ ਸੀ। ਭਾਈ ਸਮੁੰਦ ਸਿੰਘ ਸਾਨੂੰ ਜਿਸਮਾਨੀ ਤੌਰ 'ਤੇ ਛੱਡ ਗਏ ਹਨ, ਪਰ ਉਨ੍ਹਾਂ ਦੀ ਆਵਾਜ਼ ਅਮਰ ਹੈ। ਜਿਉਂ ਜਿਉਂ ਤਕਨੀਕੀ ਸੰਸਾਰ ਵਿਚ ਸੋਧ ਸੁਧਾਈ ਹੁੰਦੀ ਚੱਲੀ ਜਾਵੇਗੀ, ਉਨ੍ਹਾਂ ਦੀ ਆਵਾਜ਼ ਨੂੰ ਚਿਰ ਤੱਕ ਸਾਂਭ ਕੇ ਰੱਖਣ ਲਈ ਮਨੁੱਖਤਾ ਕਾਬਲ ਹੁੰਦੀ ਰਹੇਗੀ। ਉਨ੍ਹਾਂ ਦੀਆਂ ਪੁਰਾਣੀਆਂ ਰਿਕਾਰਡਿੰਗਾਂ ਭਾਵੇਂ ਬਹੁਤ ਵਧੀਆ ਨਹੀਂ ਹਨ, ਫਿਰ ਵੀ ਉਨ੍ਹਾਂ ਦੀ ਆਵਾਜ਼ ਸਾਨੂੰ ਬਹੁਤ ਪਿਆਰੀ ਹੈ। ਇਸ ਦੀ ਗੁਣਵੱਤਾ ਭਾਵੇਂ ਜਿਸ ਤਰ੍ਹਾਂ ਦੀ ਵੀ ਮਰਜ਼ੀ ਹੋਵੇ, ਇਹ ਸਾਡੇ ਕੋਲ ਸਾਂਭੀ ਰਹੇਗੀ। ਜਦੋਂ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਅਤੇ ਸਵਰਨ ਸਿੰਘ ਬਿਮਾਰੀ ਸਮੇਂ ਭਾਈ ਸਮੁੰਦ ਸਿੰਘ ਜੀ ਨੂੰ ਵੇਖਣ ਗਏ ਤਾਂ ਉਨ੍ਹਾਂ ਨੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਸਿੱਖ ਸੰਗੀਤ ਦਾ ਸੁਨਹਿਰੀ ਸਮਾਂ ਗੁਜ਼ਰ ਚੁੱਕਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਔਸਤ ਕਿਸਮ ਦੇ ਕੀਰਤਨੀਏ ਰੱਖੇ ਜਾ ਰਹੇ ਹਨ ਅਤੇ ਸੰਗਤ ਵੀ ਵਧੇਰੇ ਕਰਕੇ ਆਮ ਕਿਸਮ ਦੇ ਕੀਰਤਨੀਆਂ ਨੂੰ ਹੀ ਮਹੱਤਵ ਦਿੰਦੀ ਹੈ ਅਤੇ ਮਾਪਦੰਡ ਖ਼ਤਮ ਹੁੰਦੇ ਜਾ ਰਹੇ ਹਨ। ਇਹ ਸਾਰਾ ਕੁਝ ਸੁਣ ਕੇ ਉਨ੍ਹਾਂ ਦੀ ਖ਼ਬਰ ਲੈਣ ਗਏ ਵਿਅਕਤੀਆਂ ਨੇ ਵੀ ਇਸ ਦੀ ਪੁਸ਼ਟੀ ਕੀਤੀ। ਭਾਈ ਸਮੁੰਦ ਸਿੰਘ ਜੀ ਦੀ ਆਵਾਜ਼ ਨੂੰ ਸਾਂਭ ਕੇ ਰੱਖਣ ਦੇ ਮਾਮਲੇ ਵਿਚ ਆਲ ਇੰਡੀਆ ਰੇਡੀਓ ਨੇ ਵੀ ਬਹੁਤ ਹੀ ਗੈਰ-ਜ਼ਿੰਮੇਵਾਰੀ ਤੋਂ ਕੰਮ ਲਿਆ। ਉਨ੍ਹਾਂ ਦੀ ਰਿਕਾਰਡਿੰਗ ਦੀਆਂ ਸੈਂਕੜੇ ਘੰਟਿਆਂ ਦੀਆਂ ਟੇਪਾਂ ਬਿਨਾ ਸਾਂਭੇ ਹੀ ਆਲ ਇੰਡੀਆ ਰੇਡੀਓ ਜਲੰਧਰ ਦੇ ਸਟੋਰ ਵਿਚ ਰੁਲਦੀਆਂ ਰਹੀਆਂ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਟੇਪਾਂ ਬਾਅਦ ਵਿਚ ਹੋਰ ਸੰਗੀਤ ਦੀ ਰਿਕਾਰਡਿੰਗ ਲਈ ਮਿਟਾ ਕੇ ਵਰਤ ਲਈਆਂ ਗਈਆਂ। ਇਨ੍ਹਾਂ ਉਪਰ ਜਿਹੜਾ ਸੰਗੀਤ ਰਿਕਾਰਡ ਕੀਤਾ ਗਿਆ, ਉਹ ਬਹੁਤ ਹੀ ਜੂਨੀਅਰ ਅਤੇ ਅਸਮਰੱਥ ਆਰਟਿਸਟ ਸਨ। ਭਾਈ ਸਮੁੰਦ ਸਿੰਘ ਜੀ ਦੇ ਚਲਾਣੇ ਤੋਂ ਬਾਅਦ ਉਨ੍ਹਾਂ ਦੀ ਆਵਾਜ਼ ਨੂੰ ਸਾਂਭ ਕੇ ਰੱਖਣ ਦੀ ਲੋੜ ਮਹਿਸੂਸ ਹੋਈ। ਤਦ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰੀਆਂ ਨੇ ਆਲ ਇੰਡੀਆ ਰੇਡੀਓ ਜਲੰਧਰ ਤੱਕ ਪਹੁੰਚ ਕੀਤੀ, ਤਾਂ ਕਿ ਭਾਈ ਸਮੁੰਦ ਸਿੰਘ ਜੀ ਦੀ ਆਵਾਜ਼ ਦੇ ਰਿਕਾਰਡ ਸਾਂਭੇ ਜਾ ਸਕਨ, ਪਰ ਉਦੋਂ ਤੱਕ ਆਲ ਇੰਡੀਆ ਰੇਡੀਓ ਜਲੰਧਰ ਕੋਲੋਂ ਸਿਰਫ ਇਕ ਡੇਢ ਘੰਟੇ ਦੀ ਰਿਕਾਰਡਿੰਗ ਹੀ ਮਿਲ ਸਕੀ। ਉਨ੍ਹਾਂ ਦਾ ਬਾਕੀ ਦਾ ਸਾਰਾ ਸ਼ਬਦ ਗਾਇਨ ਬੇਹੱਦ ਕਠੋਰ ਢੰਗ ਨਾਲ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਹ ਸਾਰੀ ਰਿਕਾਰਡਿੰਗ ਜੇ ਸਾਂਭ ਲਈ ਗਈ ਹੁੰਦੀ ਤਾਂ ਅਸੀਂ ਸੈਂਕੜੇ ਘੰਟੇ ਤੱਕ ਉਨ੍ਹਾਂ ਦਾ ਇਹ ਸ਼ਬਦ ਗਾਇਨ ਕਦੀ ਵੀ ਸੁਣ ਸਕਦੇ ਸਾਂ।

ਇਕ ਪਾਸੇ ਤਾਂ ਹਿੰਦੋਸਤਾਨ ਰਿਕਾਰਡਿੰਗ ਕੰਪਨੀ ਕਲਕੱਤਾ ਨੇ ਕੇ.ਐਲ. ਸਹਿਗਲ ਦੀ ਮੁਕੰਮਲ ਰਿਕਾਰਡਿੰਗ ਸਾਂਭ ਕੇ ਰੱਖੀ ਹੈ, ਸਿੱਖਾਂ ਨੇ ਭਾਈ ਸਮੁੰਦ ਸਿੰਘ ਦੀ ਆਵਾਜ਼ ਨੂੰ ਸਦਾ ਲਈ ਗੁਆ ਦਿੱਤਾ ਹੈ।

# ਵਕਤੋਂ ਖੁੰਝ ਗਈ ਬਾਈ ਜਸਵੰਤ ਸਿੰਘ ਕੰਵਲ ਦੀ ਵਿਚਾਰਧਾਰਾ

***ਜਸਵੰਤ ਸਿੰਘ ਕੰਵਲ ਦੀ ਕੁਝ ਸਮਾਂ ਪਹਿਲਾਂ ਛਪੀ ਕਿਤਾਬ 'ਪੰਜਾਬੀਓ ਜੀਣਾ ਹੈ ਜਾਂ ਮਰਨਾ' ਪੰਜਾਬੀ ਬੁੱਧੀਜੀਵੀਆਂ ਵਿਚ ਚਰਚਾ ਦਾ ਵਿਸ਼ਾ ਰਹੀ ਹੈ। ਬਹੁਤ ਸਾਰੇ ਵਿਦਵਾਨਾਂ, ਖਾਸ ਕਰਕੇ ਖੱਬੇ ਪੱਖੀ ਬੁੱਧੀਜੀਵੀਆਂ ਨੇ ਕੰਵਲ ਦੀ ਇਸ ਕਿਤਾਬ ਦੀ ਤਿੱਖੀ ਅਲੋਚਨਾ ਕੀਤੀ ਹੈ। ਜਸਵੰਤ ਸਿੰਘ ਕੰਵਲ ਨੇ ਇਸ ਕਿਤਾਬ ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ ਪੰਜਾਬ ਵਿਚੋਂ ਤੇਜ਼ੀ ਨਾਲ ਪ੍ਰਦੇਸਾਂ ਵਲ ਅਤੇ ਦੇਸ਼ ਦੇ ਬਾਕੀ ਹਿੱਸਿਆਂ, ਖਾਸ ਕਰਕੇ ਬਿਹਾਰ ਅਤੇ ਉੱਤਰ ਪ੍ਰਦੇਸ਼ ਵਿਚੋਂ ਪੰਜਾਬ ਵਲ ਹੋ ਰਹੇ ਪ੍ਰਵਾਸ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ। ਕੰਵਲ ਇਸ ਕਿਤਾਬ ਵਿਚ ਆਖਦਾ ਹੈ ਕਿ ਜੇ ਪੰਜਾਬ ਵਿਚੋਂ ਬਾਹਰਲੇ ਦੇਸ਼ਾਂ ਵਲ ਅਤੇ ਦੇਸ਼ ਦੇ ਬਾਕੀ ਸੂਬਿਆਂ ਵਿਚੋਂ ਪੰਜਾਬ ਵਲ ਮੌਜੂਦਾ ਪ੍ਰਵਾਸ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬੀ ਭਾਸ਼ਾ ਸਮੇਤ ਸਮੁੱਚੀ ਪੰਜਾਬੀ ਕੌਮੀਅਤ ਦਾ ਭੋਗ ਪੈ ਜਾਵੇਗਾ। ਕਿਤਾਬ ਵਿਚ ਜਸਵੰਤ ਸਿੰਘ ਕੰਵਲ ਪੰਜਾਬੀ ਕੌਮੀਅਤ, ਭਾਸ਼ਾ ਅਤੇ ਸਭਿਆਚਾਰ ਦੇ ਵਿਚਾਰ ਨੂੰ ਸਿੱਖਾਂ ਨਾਲ ਜੋੜ ਕੇ ਵੇਖਦਾ ਹੈ। ਇਸ ਦੇ ਨਾਲ ਹੀ ਪੰਜਾਬ ਦੀ ਮੌਜੂਦਾ ਅਕਾਲੀ-ਕਾਂਗਰਸੀ ਸਿਆਸਤ ਨੂੰ ਰੱਜ ਕੇ ਗਾਲਾਂ ਦਿੰਦਾ ਹੈ। ਉਹ ਧਰਮ ਅਤੇ ਸੱਭਿਆਚਾਰ ਵਿਚਲੇ ਮੋਟੇ ਅਤੇ ਮਹੀਨ ਵਖਰੇਵਿਆਂ ਨੂੰ ਬਹੁਤਾ ਸਪੱਸ਼ਟ ਨਹੀਂ ਕਰਦਾ। ਪੰਜਾਬੀ ਦੇ ਆਲੋਚਕ ਅਤੇ ਵਿਦਵਾਨ 'ਡਾ. ਗੁਰਬਚਨ' ਨੇ ਇਹ ਲੇਖ ਇਸੇ ਕਿਤਾਬ ਦੀ ਨਿਰਖ-ਪਰਖ ਕਰਦਿਆਂ ਲਿਖਿਆ ਹੈ। ਇਕ ਸਾਹਿਤਕਾਰ ਦੇ ਤੌਰ 'ਤੇ ਗੁਰਬਚਨ ਨਿਰਸੰਦੇਹ ਜਸਵੰਤ ਸਿੰਘ ਕੰਵਲ ਦਾ ਪ੍ਰਸ਼ੰਸਕ ਹੈ ਅਤੇ ਉਸਦੀ ਤਾਕਤਵਰ ਭਾਸ਼ਾ ਦਾ ਕਾਇਲ ਹੈ, ਪਰ ਉਸ ਵਲੋਂ ਲਈ ਜਾ ਰਹੀ ਪ੍ਰਵਾਸ ਵਿਰੋਧੀ ਰਾਜਨੀਤਕ ਪੁਜੀਸ਼ਨ ਦਾ ਉਹ ਹਮਾਇਤੀ ਨਹੀਂ ਹੈ। ਇਸ ਲੇਖ ਦੇ ਪ੍ਰਤੀਕ੍ਰਮ ਵਜੋਂ ਆਉਣ ਵਾਲੇ ਵਿਚਾਰਾਂ ਨੂੰ ਵੀ ਅਸੀਂ ਆਪਣੇ ਕਾਲਮਾਂ ਵਿਚ ਬਣਦੀ ਥਾਂ ਦੇਵਾਂਗੇ। -ਸੰਪਾਦਕ***

ਜਸਵੰਤ ਸਿੰਘ ਕੰਵਲ ਲਿਖਤ ਨੂੰ ਵੇਗ ਨਾਲ ਲੈਸ ਕਰਨ 'ਚ ਮਾਹਿਰ ਹੈ। ਵੇਗ-ਸ਼ੈਲੀ 'ਚ ਦਲੀਲ ਹਜ਼ਮ ਹੋ ਜਾਂਦੀ ਹੈ, ਪਿਛਾਂਹ ਰੋਹ/ਰੁਦਨ ਬਚਦਾ ਹੈ। ਨਤੀਜਾ, ਕੰਵਲ ਦੀ ਲਿਖਤ ਕਥਾ ਪ੍ਰਵਚਨ 'ਚ ਤਬਦੀਲ ਹੋ ਜਾਂਦੀ ਹੈ। ਉਹ ਚਾਹੁੰਦਾ ਵੀ ਇਹੀ ਹੈ। ਉਹਦੇ ਅੰਦਰ ਜੋ ਮਸੀਹੀ ਅੱਗ ਹੈ, ਉਹ ਕਥਾ ਸੁਣਨ ਵਾਲੇ ਨੂੰ ਲੂਹ ਸਕਦੀ ਹੈ, ਬਲਦੀ ਨੂੰ ਭਾਂਬੜ 'ਚ ਬਦਲ ਸਕਦੀ ਹੈ, ਸੁੱਤਿਆਂ ਨੂੰ ਜਗਾ ਸਕਦੀ ਹੈ, ਜਾਗਦਿਆਂ ਨੂੰ ਰੁਆ ਸਕਦੀ ਹੈ। ਨੱਬੇ ਸਾਲ ਦੀ ਆਯੂ ਤੱਕ ਪੁੱਜ ਕੇ ਵੀ ਜੇ ਬਾਈ ਜੀ 'ਚ ਲੋਹੜੇ ਦੀ ਭੜਕ ਹੈ ਤਾਂ ਉਹਦੇ ਕਥਾ-ਪ੍ਰਵਚਨ ਨੂੰ ਵੀ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ, ਕਿਉਂਕਿ ਉਹ ਆਪਣੀ ਨਹੀਂ ਪੰਜਾਬ ਦੀ ਗੱਲ ਕਰ ਰਿਹਾ ਹੈ। ਆਖਰ ਬਾਈ ਕੰਵਲ ਨੂੰ ਪੰਜਾਬ ਦੀ ਮਿੱਟੀ ਨਾਲ ਰੱਜ ਕੇ ਮੋਹ ਹੈ। ਜ਼ਿੰਦਗੀ ਭਰ ਉਹਨੇ ਪੰਜਾਬ ਦੇ ਬੰਦੇ ਦੀ

## ਵਿਚਾਰ ਚਰਚਾ

ਹੀ ਗੱਲ ਕੀਤੀ ਹੈ, ਇਹਦੇ ਦੁੱਖ-ਦਰਦ ਦੀ ਸਾਰ ਲਈ ਹੈ। ਅਜਿਹਾ ਕਰਦਿਆਂ ਭਾਵੇਂ ਉਹ ਉਲਾਰ ਹੋ ਜਾਂਦਾ ਹੈ, ਪਰ ਉਹਦੇ ਪੰਜਾਬ ਬਾਰੇ ਫ਼ਿਕਰ 'ਤੇ ਕੋਈ ਸ਼ੱਕ ਨਹੀਂ। ਇਸ ਫ਼ਿਕਰ ਦੀ ਖਾਤਰ ਹੀ ਉਹਨੇ ਕਾਮਰੇਡਾਂ ਨਾਲ ਆਢੇ ਲਏ ਹਨ। ਆਢੇ ਉਹ ਇਸ ਕਿਤਾਬ 'ਚ ਕਈ ਧਿਰਾਂ ਨਾਲ ਲੈਂਦਾ ਹੈ।

'ਜੀਣਾ ਹੈ ਕਿ ਮਰਨਾ' ਦੀ ਵੰਗਾਰ 'ਚ ਟੇਢ ਇਹ ਹੈ ਕਿ ਬਾਈ ਕੰਵਲ ਟਾਈਟਲ 'ਤੇ ਪੰਜਾਬੀਆਂ ਨੂੰ ਵੰਗਾਰਦਾ ਹੈ, ਕਿਤਾਬ ਵਿਚ ਉਹਦੇ ਲਈ ਪੰਜਾਬੀ ਬੰਦੇ ਦਾ ਮਤਲਬ ਸਿਰਫ਼ ਸਿੱਖ ਹੋ ਜਾਂਦਾ ਹੈ ਤੇ ਸਿੱਖ ਵੀ ਉਹ ਜਿਹੜਾ ਭੋਇੰ ਨਾਲ ਬੱਝਾ ਹੋਇਆ ਹੈ, ਜੋ ਸੂਰਮਿਆਂ ਵਾਂਗ ਮੋਰਚਿਆਂ 'ਚ ਲੜਦਾ ਰਿਹਾ ਹੈ, ਪਰ ਹੁਣ ਉਹ 'ਕੌਮ' ਦੀ ਖਾਤਰ ਕੁਰਬਾਨੀ ਦੇਣਾ ਭੁੱਲ ਗਿਆ ਹੈ। ਸੁਆਲ ਹੈ : ਬਾਈ ਕੰਵਲ ਸਿਰਫ ਇਸ ਬੰਦੇ ਨੂੰ ਹੀ ਕਿਉਂ ਵੰਗਾਰਦਾ ਤੇ ਸ਼ਹੀਦੀ ਵਿਰਸੇ ਦੀ ਯਾਦ ਦਿਵਾਂਦਾ ਹੈ? ਉਹ ਇਸ ਕਰਕੇ ਕਿ ਸਿਰਫ਼ ਇਹੀ ਪੰਜਾਬੀ ਬੰਦਾ ਉਹਦੀ ਗੱਲ ਸਮਝ ਸਕਦਾ ਹੈ। ਕਿਤਾਬ ਉਸ ਬੰਦੇ ਤੇ ਸ਼ੈਲੀ 'ਚ ਲਿਖੀ ਗਈ ਹੈ, ਜੋ ਇਸ ਬੰਦੇ ਦੇ ਪੱਲੇ ਪੈਂਦੀ ਹੈ।

ਜਦ ਕੰਵਲ ਆਪਣੇ ਕਥਾ-ਪ੍ਰਵਚਨ ਨੂੰ ਭਾਵੁਕ ਸੇਕ ਨਾਲ ਲੂਸਦਾ ਹੈ ਤਾਂ ਉਹ ਪੰਜਾਬ ਦੀ ਜ਼ਮੀਨੀ ਸਥਿਤੀ ਨੂੰ ਖਾੜਕੂ ਸਿੱਖ ਦੇ ਨਜ਼ਰੀਏ ਤੋਂ ਦੇਖਣ ਲੱਗਦਾ ਹੈ। ਉਹਦੀ ਸਿੱਖੀ ਬੁਨਿਆਦੀ ਅਸੂਲਾਂ ਵਾਲੀ ਸਿੱਖੀ ਹੈ ਤੇ ਸਮਾਂ ਅਜਿਹੀ ਚੀਜ਼ ਹੈ ਕਿ ਬੰਦੇ ਨੂੰ ਹਮੇਸ਼ਾ ਬੁਨਿਆਦ ਤੋਂ ਦੂਰ ਲਿਜਾਂਦਾ ਹੈ, ਤਬਦੀਲ ਕਰਦਾ ਹੈ, ਉਹਦੀ ਸੋਚ 'ਚ ਕਈ ਤਰ੍ਹਾਂ ਦੀ ਮਿਲਾਵਟ ਪੈਦਾ ਕਰਦਾ ਹੈ। ਕੰਵਲ ਇਸ ਤਬਦੀਲੀ, ਦੂਰੀ ਤੇ ਮਿਲਾਵਟ ਕਰਕੇ ਇਸ ਬੰਦੇ ਨੂੰ ਲਾਨ੍ਹਤਾਂ ਪਾਉਂਦਾ ਹੈ। ਉਹ ਪੰਜਾਬੀ ਬੰਦੇ ਨੂੰ ਇਤਿਹਾਸ ਦੀ ਤੋਰ ਵੱਖ ਕਰਕੇ ਦੇਖਣ ਲੱਗਦਾ ਹੈ। ਇਵੇਂ ਬਾਈ ਦਾ ਮੋਰਚਾ ਸਮੇਂ ਦੇ ਖਿਲਾਫ ਖੁੱਲ੍ਹ ਜਾਂਦਾ ਹੈ ਤੇ ਉਹਦਾ ਕਥਾ-ਪ੍ਰਵਚਨ ਓਨਾ ਹੀ ਕਸੂਤੀ ਸਥਿਤੀ 'ਚ ਫਸ ਜਾਂਦਾ ਹੈ, ਜਿਨਾ ਕਸੂਤਾ ਉਹਦੀ ਨਿਗ੍ਹਾ 'ਚ ਪੰਜਾਬ ਦਾ ਹੁਣ ਅਤੇ ਭਵਿੱਖ ਹੈ।

ਜਦ ਉਹ ਸਿੱਖੀ ਨੂੰ ਵੀ ਸੀਮਤ ਕਰ ਲੈਂਦਾ ਹੈ ਤੇ ਇਹਨੂੰ ਕੁੱਲ ਪੰਜਾਬ ਦੀ ਵੱਸੋਂ (ਜਿਸ ਵਿਚ ਸ਼ਹਿਰੀ ਸਿੱਖ ਵੀ ਸ਼ਾਮਲ ਹਨ ਤੇ ਉਹ ਵੀ ਜਿਨ੍ਹਾਂ ਦੇ ਰਿਸ਼ਤੇਦਾਰ ਬਦੇਸ਼ਾਂ 'ਚ ਜਾਂ ਦੇਸ ਦੇ ਹੋਰ ਹਿੱਸਿਆਂ 'ਚ ਰਹਿੰਦੇ ਹਨ) ਤੋਂ ਤੋੜ ਕੇ ਦੇਖਦਾ ਹੈ ਤਾਂ ਉਹਦੇ ਨਜ਼ਰੀਏ 'ਚ ਗਹਿਰੀ ਟੇਢ ਆ ਜਾਂਦੀ ਹੈ। ਇਹ ਟੇਢ ਉਂਦਾਂ ਦੀ ਹੈ, ਜੋ ਗੈਰ-ਸਿੱਖ ਵੱਸੋਂ ਦੀ ਸੋਚ 'ਚ ਹੈ, ਜਿਸ ਅਨੁਸਾਰ ਪੰਜਾਬ ਦੀ ਹਰੇਕ ਮੰਗ ਸਿੱਖਾਂ ਦੀ ਮੰਗ ਬਣ ਜਾਂਦੀ ਹੈ। ਜਦ ਪੰਜਾਬ ਦੀ ਮੰਗ ਨੂੰ ਮਜ਼੍ਹਬਪ੍ਰਸਤੀ ਦੀ ਪਾਣ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਅਜਿਹਾ ਵਿਰੋਧ ਆਪਣੇ ਆਪ ਹੋਣ ਲੱਗਦਾ ਹੈ। ਪੰਜਾਬ ਨੂੰ ਆਕ੍ਰਮਣੀ ਮਜ਼੍ਹਬੀ ਨਜ਼ਰੀਏ ਤੋਂ ਦੇਖਣ ਨਾਲ ਨਤੀਜੇ ਅਜੇ ਤੱਕ ਭਿਆਨਕ ਹੀ ਨਿਕਲੇ ਹਨ।

ਇਵੇਂ ਬਾਈ ਕੰਵਲ ਤੇ ਪੰਜਾਬੀ-ਦੋਖੀ ਪੰਜਾਬੀ ਬੰਦਾ ਇਕੋ ਤਰ੍ਹਾਂ ਦੇ ਮੰਚ 'ਤੇ ਖੜੇ ਦਿਖਾਈ ਦੇਣ ਲੱਗਦੇ ਹਨ। ਪੰਜਾਬ-ਦੋਖੀ ਅਨਸਰਾਂ ਨੂੰ ਹੋਰ ਕੀ ਚਾਹੀਦਾ ਹੈ? ਇੰਦਰਾ ਗਾਂਧੀ ਨੂੰ ਵੀ ਸਿੱਖਾਂ ਦੀ ਆਕ੍ਰਮਣੀ ਮਜ਼੍ਹਬਪ੍ਰਸਤੀ ਸੁਖਾਂਦੀ ਸੀ ਤਾਂ ਜੋ ਉਹ ਆਪਣੀ ਨੀਤੀ ਨੂੰ ਸਹੀ ਕਰਾਰ ਦੇ ਸਕੇ। ਆਕ੍ਰਮਣੀ ਮਜ਼੍ਹਬਪ੍ਰਸਤੀ ਨੇ ਹੀ ਪੰਜਾਬ ਨੂੰ ਇਸ ਥਾਂ 'ਤੇ ਪਹੁੰਚਾਇਆ ਹੈ। ਹੁਣ ਜਦ ਅਕਾਲੀ ਤੇ ਭਾਜਪਾਈ ਪ੍ਰੈਕਟੀਕਲ ਸਿਆਸਤ 'ਚ ਰੁੱਝੇ ਹੋਏ ਹਨ, ਦੋਨਾਂ ਨੇ ਮਜ਼੍ਹਬਪ੍ਰਸਤੀ ਦਾ ਸੁਆਦ ਚੱਖ ਲਿਆ ਹੈ, ਦੋਨਾਂ ਨੂੰ ਫਿਰਕੂ ਨਾਹਰੇ ਭੁੱਲੇ ਹੋਏ ਹਨ ਤੇ ਦੋਨਾਂ ਲਈ ਪੰਜਾਬ 'ਚ ਪਹਿਲਾਂ ਵਾਲਾ ਜਿਵੇਂ ਕੋਈ ਮਸਲਾ ਹੀ ਨਹੀਂ ਰਿਹਾ, ਤਾਂ ਬਾਈ ਕੰਵਲ ਇਸ ਬੇਫ਼ਿਕਰੀ ਦਾ ਸੰਤਾਪਿਆ 'ਏਨਿਆਂ 'ਚੋਂ ਕੋਈ ਉਠੂ ਸੂਰਮੇ ਵਾਂਗ' ਪੰਜਾਬੀ ਬੰਦੇ ਅੱਗੇ ਪਹਿਲਾਂ ਵਾਲੇ ਮਸਲੇ ਲੈ ਕੇ ਹਾਜ਼ਰ ਹੋਇਆ ਹੈ। ਉਹਦੀ ਨਿਗ੍ਹਾ 'ਚ ਪੰਜਾਬ ਨੂੰ ਕੁਝ ਵੀ ਮਿਲਦਾ ਦਿਖਾਈ ਨਹੀਂ ਦੇਂਦਾ, ਕਿ ਪੰਜਾਬ 'ਚ 63 ਲੱਖ 'ਭਈਆਂ' ਦੀ ਮੌਜੂਦਗੀ ਨਾਲ ਸਥਿਤੀ ਵੱਸੋਂ ਬਾਹਰ ਹੋਣ ਹੀ ਵਾਲੀ ਹੈ, ਕਿ 'ਸਿੱਖ ਕੌਮ' ਅਤੇ ਉਹਦੇ ਪੰਜਾਬ ਦੇ ਹਨਨ ਨੂੰ ਜੇ ਰੋਕਿਆ ਜਾ ਸਕਦਾ ਹੈ ਤਾਂ ਸ਼ਹੀਦੀਆਂ/ਕੁਰਬਾਨੀਆਂ ਲਈ ਤਿਆਰ ਹੋ ਕੇ ਹੀ ਅਜਿਹਾ ਹੋ ਸਕਦਾ ਹੈ।

ਗੱਲ ਏਨੀ ਸਰਲ ਨਹੀਂ ਜਿਵੇਂ ਬਾਈ ਕੰਵਲ ਸਮਝਦਾ ਹੈ। ਜੇ ਮਸਲੇ ਬੇਸਿਰ ਕੁਰਬਾਨੀਆਂ ਨਾਲ ਹਲ ਹੋਣ ਵਾਲੇ ਹੁੰਦੇ ਤਾਂ ਹੁਣ ਤੱਕ ਹੋ ਗਏ ਹੁੰਦੇ। ਉਹ ਜਿਸ ਤਰ੍ਹਾਂ ਦਾ ਰਾਹ ਮੁਹੱਈਆ ਕਰਦਾ ਹੈ, ਨਾ ਉਹ ਨਵਾਂ ਹੈ ਤੇ ਨਾ ਹੀ ਪ੍ਰੈਕਟੀਕਲ। ਬੁਨਿਆਦੀ ਗੱਲ ਇਹ ਹੈ ਕਿ ਉਹ ਪੰਜਾਬ ਜਾਂ ਸਿੱਖਾਂ ਦੀ ਸਥਿਤੀ ਨੂੰ ਸੀਮਿਤ ਵਿੱਥ-ਸੂਝ ਤੋਂ ਦੇਖ ਰਿਹਾ ਹੈ। ਇਹ ਨਜ਼ਰੀਆ ਸਮੇਂ ਦੀ ਗਤੀ ਅੱਗੇ ਹੋਰ ਸੌੜਾ ਹੁੰਦਾ ਦਿਖਾਈ ਦਿੰਦਾ ਹੈ, ਜਦ ਇਹਨੂੰ ਵਿਸ਼ਵ ਆਰਥਿਕਤਾ (ਜਿਹਨੂੰ ਵਿਸ਼ਵੀਕਰਨ ਕਹਿੰਦੇ ਹਨ) ਦੇ ਵਿਰਾਟ ਪ੍ਰਸੰਗਾਂ 'ਚ ਰੱਖ ਕੇ ਦੇਖੀਏ। ਬਾਈ ਉਸੇ ਮੰਚ 'ਤੇ ਖੜ ਕੇ ਕਥਾ-ਪ੍ਰਵਚਨ ਅਦਾ ਕਰਦਾ ਹੈ, ਜਿਥੇ ਉਹ ਖਾੜਕੂ ਲਹਿਰ ਵੇਲੇ ਖੜਾ ਸੀ। ਇਸ ਵਿਸੰਗਤੀ ਨੂੰ ਜੇ ਅੱਖੋਂ ਉਹਲੇ ਵੀ ਕਰ ਦੇਈਏ ਤਦ ਵੀ ਉਹਦੀਆਂ ਦਲੀਲਾਂ ਦਾ ਆਧਾਰ ਹਾਰੇ ਹੰਭੇ ਬੰਦੇ ਵਾਲਾ ਹੈ। ਉਹ ਅਜੇ ਵੀ ਕਾਂਗਰਸ ਨੂੰ ਸਿੱਖ ਤੇ ਪੰਜਾਬ ਦੋਖੀ ਕਹਿ ਕੇ, ਜਾਂ ਮਾਸਟਰ ਤਾਰਾ ਸਿੰਘ ਦੀ ਸਿੱਖ ਕੌਮ ਨਾਲ ਕੀਤੀ ਗੱਦਾਰੀ ਤੇ ਪੰਜਾਬ ਦੀ ਖੁਦ-ਮੁਖ਼ਤਾਰੀ ਬਾਰੇ ਸਿੱਖ ਬੁਨਿਆਦ-ਪਸੰਦੀ ਦੇ ਨਜ਼ਰੀਏ ਤੋਂ ਗੱਲ ਕਰਦਾ ਹੈ।

ਇਨ੍ਹਾਂ ਗੱਲਾਂ 'ਚੋਂ ਹੁਣ ਕੀ ਨਿਕਲਣ ਵਾਲਾ ਹੈ?

ਕੁਝ ਇਕ ਮੁੱਖ ਨੁਕਤੇ, ਜਿਨ੍ਹਾਂ ਵਲ ਬਾਈ ਕੰਵਲ ਸਾਡਾ ਧਿਆਨ ਦਿਵਾਂਦਾ ਹੈ, ਉਹ ਇਹ ਹਨ :

-ਅੰਦਰਲੀ ਬਾਹਰਲੀ ਸਾਰੀ ਸਿੱਖੀ ਹੀ ਗਰਕਣ ਦੇ ਰਾਹ ਵਾਹੋ ਦਾਰੀ ਹੋ ਤੁਰੀ ਹੈ। (ਸਫ਼ਾ 44)

-ਅਸੀਂ 1947 'ਚ ਆਜ਼ਾਦ ਹੋ ਗਏ, ਪਰ ਪਹਿਲਾਂ ਨਾਲੋਂ ਵੀ ਗੁਲਾਮ ਦਰ ਗੁਲਾਮ। (ਸਫ਼ਾ 45)


- ਸੰਤ ਜਰਨੈਲ ਸਿੰਘ ਨੇ ਖੰਡਾ ਖੜਕਾ ਕੇ ਪੰਜਾਬ ਨੂੰ ਗੁਲਾਮੀ ਦਾ ਅਹਿਸਾਸ ਜ਼ਰੂਰ ਕਰਵਾ ਦਿੱਤਾ, ਜਿਹੜੀ ਅੰਗਰੇਜ਼ਾਂ ਦੀ ਗੁਲਾਮੀ ਨਾਲੋਂ ਵੀ ਸੌ ਦਰਜੇ ਭੈੜੀ ਹੈ। (ਸਫ਼ਾ 71)

-ਆਪਣੀ ਮਾਲਕੀ ਦੇ ਦਰਿਆਵਾਂ ਦਾ ਚਾਂਦੀ ਪਾਣੀ ਆਪਣੀਆਂ ਹੀ ਵਜ਼ੀਰੀਆਂ ਦੇ ਕੇ ਦਿੱਲੀ ਵਾਲੇ ਲੁਟੇਰਿਆਂ ਰਾਜਸਥਾਨ ਤੇ ਹਰਿਆਣੇ ਨੂੰ ਮੁਫ਼ਤ ਹੀ ਦੇ ਦਿੱਤਾ (ਸਫ਼ਾ 97)

-ਪਾਕਿਸਤਾਨ ਵਿਚ ਸਿੱਖਾਂ ਲਈ ਅੰਦਰੂਨੀ ਖੁਦਮੁਖਤਾਰੀ ਵਾਲੀ ਸਟੇਟ ਇਕੱਲੇ ਮਾਸਟਰ ਤਾਰਾ ਸਿੰਘ ਦੀ ਬਦਨੀਤੀ ਤੇ ਗੱਦਾਰੀ ਦੀ ਭੇਟ ਚੜ੍ਹ ਗਈ। (117)

-ਸਾਡੇ ਘੁੱਗੂ ਨਾਥ ਸ. ਬਲਦੇਵ ਸਿੰਘ ਨੂੰ ਸਿੱਖਾਂ ਦਾ ਕੁਝ ਬਣਾਉਣ ਲਈ ਅੰਗਰੇਜ਼ ਇਕ ਦੋ ਦਿਨ ਵਲੈਤ ਰੋਕ ਰਹੇ। ਨਹਿਰੂ ਹੱਥੀਂ ਚੜ੍ਹਿਆ, ਉਹ ਰੁਕਿਆ ਨਾ ਤੇ ਸਾਰੀ ਕੌਮ ਡਿਫੈਂਸ ਮਨਿਸਟਰੀ ਪਿੱਛੇ ਗੁਲਾਮ ਬਣਾ ਕੇ ਰੱਖ ਦਿੱਤੀ (ਸਫ਼ਾ 117)

-ਬਾਹਰ ਗਏ ਪੰਜਾਬੀ ਬੁਰੀ ਤਰ੍ਹਾਂ ਖੁਆਰ ਹੋਣਗੇ ਤੇ ਏਧਰਲੇ ਪੰਜਾਬੀ ਇਕ



ਦਿਨ ਬਿਹਾਰੀਆਂ ਦੀ ਵਧਦੀ ਆਬਾਦੀ ਤੋਂ ਆਪਣੇ ਘਰਾਂ ਵਿਚ ਜੁੱਤੀਆਂ ਖਾਣਗੇ। (119)

ਜਿਵੇਂ ਕਿਹਾ, ਕੰਵਲ ਲਈ ਪੰਜਾਬ ਦਾ ਮਤਲਬ ਹੈ : ਖੁਦ-ਮੁਖਤਿਆਰੀ ਵਾਲੀ ਸਿੱਖ ਕੌਮ ਦੀ ਭੂਮੀ। ਅਜਿਹਾ ਕਰਦਿਆਂ ਹੀ ਉਹਦਾ ਆਢਾ ਉਨ੍ਹਾਂ ਨਾਲ ਲੱਗਦਾ ਦਿਖਾਈ ਦਿੰਦਾ ਹੈ, ਜੋ ਪੰਜਾਬ ਸਿਰਫ਼ ਸਿੱਖਾਂ ਦੀ ਭੂਮੀ ਨਹੀਂ ਮੰਨਦੇ। ਉਹਦੇ ਨਜ਼ਰੀਏ ਦਾ ਆਢਾ ਕਰੀਬ ਹਰੇਕ ਧਿਰ ਨਾਲ ਹੈ। ਕਾਂਗਰਸੀਆਂ ਨੂੰ ਉਹ ਮੁੱਢੋਂ ਪੰਜਾਬ ਦੋਖੀ ਮੰਨਦਾ ਹੈ, ਕੇਂਦਰੀ ਬ੍ਰਾਹਮਣੀਅਤ ਦੇ ਦਲਾਲ। ਹਰ ਤਰਜ਼ ਦੇ ਅਕਾਲੀਆਂ ਬਾਰੇ ਉਹਦਾ ਵਿਚਾਰ ਹੈ : ''ਸਾਰੀਆਂ ਅਕਾਲੀ ਪਾਰਟੀਆਂ ਸਿੱਖੀ ਅਸੂਲ ਤੇ ਸਿਧਾਂਤ ਨੂੰ ਛੱਡ ਕੇ ਰਾਜਸੀ ਨਰਕ ਨੂੰ ਚੰਬੜੀਆਂ ਹੋਈਆਂ ਹਨ।'' ਕਮਿਊਨਿਸਟ ਘਰ ਦੇ ਨਾ ਘਾਟ ਦੇ। ਅੰਗਰੇਜ਼, ਰੂਸੀ ਤੇ ਚੀਨੀ ਹੁਣ ਤੱਕ ਇਹਨਾਂ ਨੂੰ ਚਲਾਂਦੇ ਰਹੇ ਐ। ਗੁਰੂ ਘਰ ਦਾ ਸਰਬੱਤ ਦੇ ਭਲੇ ਦਾ ਪ੍ਰੋਗਰਾਮ ਇਹਨਾਂ ਨੂੰ ਚੰਗਾ ਨਹੀਂ ਲੱਗਾ।'' ਇਹ ਧਿਰਾਂ, ਕੰਵਲ ਅਨੁਸਾਰ, ਜ਼ਹਿਰੀਲੀਆਂ ਬੂਟੀਆਂ ਹਨ, ਜਿਨ੍ਹਾਂ ਨੂੰ ਪੁੱਟੇ ਬਗ਼ੈਰ ਸ਼ਾਨਦਾਰ ਫਸਲ ਨਹੀਂ ਹੋ ਸਕਦੀ।

ਇਸ ਬੂਟੀ ਨੂੰ ਪੁੱਟੇਗਾ ਕੌਣ? ਉਹ ਜੋ ਅੰਦਰੋਂ ਬਾਹਰੋਂ 'ਗਰਕਣ ਦੇ ਰਾਹ' ਤੁਰੇ ਹੋਏ ਹਨ?

ਸਾਫ਼ ਹੈ ਕਿ ਕੰਵਲ ਕਥਾ-ਪ੍ਰਵਚਨ ਵਾਲੀ ਖਾੜਕੂ ਸ਼ੈਲੀ 'ਚ ਸਿਰਫ਼ ਆਪਣੇ ਅੰਦਰ ਪੈਦਾ ਹੋਈ ਭੜਾਸ ਕੱਢ ਰਿਹਾ ਹੈ। ਜਦ 'ਅੰਦਰਲੀ ਬਾਹਰਲੀ ਸਿੱਖੀ ਹੀ ਗਰਕਣ ਦੇ ਰਾਹ' ਪਈ ਹੋਈ ਹੈ ਤਾਂ ਇਹ ਅਜਿਹਾ ਕਥਾ-ਪ੍ਰਵਚ ਹੈ ਜਿਹਦੀ ਸਰੋਤਾ-ਧਿਰ ਹਕੀਕੀ ਤੌਰ 'ਤੇ ਹਾਜ਼ਰ ਨਹੀਂ, ਯਾਨੀ ਕਿ ਉਹਦੇ ਕਥਨਾਂ ਨੂੰ ਲੋਕ ਸੁਣ ਕੇ ਵੀ ਅਣਸੁਣਿਆ ਕਰਨ ਵਾਲੇ ਹਨ। ਏਦਾਂ ਦੇ ਕਥਾ ਪ੍ਰਵਚਨ ਨੂੰ ਢਾਈ ਤਿੰਨ ਦਹਾਕੇ ਪਹਿਲਾਂ ਵੀ ਸੁਣਾਇਆ ਜਾਂਦਾ ਰਿਹਾ। ਯਾਨੀ ਕਿ ਕੰਵਲ ਦੀ ਵੰਗਾਰ ਉਸ ਬੰਦੇ ਨੂੰ ਹੈ ਜੋ ਅਜਿਹੀ ਵੰਗਾਰ ਨੂੰ ਆਤਮਸਾਤ ਕਰਨ ਦੇ ਸਿੱਟੇ ਭੁਗਤ ਚੁੱਕਾ ਹੈ। ਇਹ ਬੰਦਾ ਸਟੇਟ ਨਾਲ ਬੇਸਿਰੀ ਟੱਕਰ ਲੈ ਚੁੱਕਾ ਹੈ ਤੇ ਨਤੀਜੇ ਵਜੋਂ ਹਜ਼ਾਰਾਂ ਦੀ ਗਿਣਤੀ 'ਚ ਮੁੰਡੇ ਮਰਵਾ ਚੁੱਕਾ ਹੈ। ਕੰਵਲ ਫਿਰ ਵੀ ਉਸੇ ਮੰਚ 'ਤੇ ਜਾ ਖੜਦਾ ਹੈ, ਜਿਸ ਮੰਚ ਦੀ ਚੜ੍ਹਤ ਕਰਕੇ ਪੰਜਾਬ 'ਚ 10-15 ਸਾਲ ਤੱਕ ਹਿੰਸਾ ਪ੍ਰਤੀ-ਹਿੰਸਾ ਦਾ ਦੌਰ ਰਿਹਾ। ਉਹ ਸ਼ਹੀਦਾਂ ਦੀ ਬਾਤ ਪਾਉਂਦਾ ਹੈ, ਸ਼ਾਇਦ ਸੋਚਦਾ ਹੈ ਸੁੱਤੇ ਹੋਏ ਬੰਦੇ ਨੂੰ ਏਦਾਂ ਹੀ ਜਗਾਇਆ ਜਾ ਸਕਦਾ ਹੈ। ਇਸ ਬੰਦੇ ਦੇ ਉੱਠਣ ਦੇ ਆਸਾਰ ਨਜ਼ਰ ਨਾ ਆਉਂਦੇ ਦੇਖ ਉਹ ਉਦੋਂ ਵਧ ਪ੍ਰੇਸ਼ਾਨ ਹੋ ਕੇ ਸਿੱਖ ਕੌਮ ਦੇ ਨੇਸਤੋ ਨਾਬੂਦ ਹੋਣ ਦੀ ਸੰਭਾਵਨਾ ਬਾਰੇ ਰੁਦਨ ਕਰਦਾ ਹੈ।

ਇਹ ਕਥਾ ਪ੍ਰਵਚਨ ਵਰਗਲਾਣ ਵਾਲਾ ਇਸ ਕਰਕੇ ਹੈ ਕਿ ਇਹ ਮਿੱਥਕ ਤੇ ਰੁਮਾਂਸੀ ਬੰਦੇ ਦਾ ਕਲਪ ਕਰਦਾ ਹੈ। ਵੇਗ ਵਿਚ ਆਇਆ ਕੰਵਲ ਸੁਣੀਆਂ ਗੱਲਾਂ ਨੂੰ ਪੱਕੇ ਇਤਿਹਾਸਕ ਤੱਥ ਬਣਾ ਕੇ ਪੇਸ਼ ਕਰਨ ਲੱਗਦਾ ਹੈ। ਸਿੱਖ ਕੌਮ ਨੂੰ ਖਬਰਦਾਰ ਕਰਨ ਦਾ ਉਹਦੇ ਕੋਲ ਇਹੀ ਢੰਗ-ਤਰੀਕਾ ਹੈ।

ਕੰਵਲ ਪੰਜਾਬ ਦੇ 'ਅੱਜ' ਨੂੰ ਜਿਵੇਂ ਪੜ੍ਹਦਾ ਸਮਝਦਾ ਹੈ, ਹੋਰਨਾਂ ਨੇ ਇਹਨੂੰ ਇਸ ਤਰ੍ਹਾਂ ਪੜ੍ਹਨਾ ਬੰਦ ਕਰ ਦਿੱਤਾ ਹੈ। ਉਹਦੀ ਜੱਟ ਸਿੱਖ-ਭਾਵੁਕਤਾ ਦਾ ਆਧਾਰ ਇਹ ਦਿਖਾਈ ਦਿੰਦਾ ਹੈ ਕਿ ਪੰਜਾਬ ਦਾ ਹਿੱਤ ਸਿਰਫ਼ ਉਸ ਬੰਦੇ ਨੂੰ ਹੈ, ਜਿਸ ਦੀ ਸਥਾਨਿਕਤਾ ਭੋਇੰ ਨਾਲ ਬੱਝੀ ਹੋਈ ਹੈ। ਬੇਸ਼ੱਕ ਇਹ ਕੌੜਾ ਸੱਚ ਹੈ ਕਿ ਪੰਜਾਬ ਦੇ ਹੱਕ 'ਚ ਜਦ ਵੀ ਆਵਾਜ਼ ਉੱਠੀ ਉਹਦਾ ਵਿਰੋਧ ਪੰਜਾਬ ਦੀ ਹੀ ਜੰਮ ਪਲ ਤੇ ਸ਼ਹਿਰਾਂ

**ਗੁਰਬਚਨ**

'ਚ ਸਥਾਪਤ ਤਾਕਤਵਰ ਧਿਰ ਨੇ ਕੀਤਾ। ਇਸ ਧਿਰ ਦੀ ਕੇਂਦਰੀ ਸਰਕਾਰ ਨਾਲ ਸਾਂਝ-ਭਿਆਲੀ ਨੇ ਭੋਇੰਮੁਖ ਸਥਾਨਕਤਾ ਵਾਲੇ ਬੰਦੇ ਨੂੰ ਹਮੇਸ਼ਾ ਜਿੱਚ ਕਰਕੇ ਰੱਖੀ ਰੱਖਿਆ ਹੈ। ਪੰਜਾਬ ਦੀ ਭਾਸ਼ਾ ਤੇ ਸਭਿਆਚਾਰ ਨੂੰ ਇਸ ਧਿਰ ਵਲੋਂ ਨਕਾਰਣ ਦੀ ਜੋ ਆਕ੍ਰਮਣੀ ਨੀਤੀ ਅਜੇ ਤੱਕ ਕਾਇਮ ਹੈ, ਉਹ ਹਮੇਸ਼ਾ ਕਾਇਮ ਰਹਿਣ ਵਾਲਾ ਨਾਸੂਰ ਬਣੀ ਹੋਈ ਹੈ। ਪੰਜਾਬ 'ਚ ਹਿੰਸਾ ਪ੍ਰਤੀ-ਹਿੰਸਾ ਦੇ ਦੌਰ ਦੀ ਜ਼ਿੰਮੇਵਾਰ ਤੇ ਇਹਦੀ ਭਾਸ਼ਾ/ਸਭਿਆਚਾਰ ਦੇ ਪਤਨ ਵਿਚ ਤਕੜਾ ਹਿੱਸਾ ਪਾਉਣ ਵਾਲੀ ਅਜਿਹੀ ਧਿਰ ਹੈ, ਜੋ ਪੰਜਾਬ ਦੇ ਵਪਾਰ ਤੇ ਵੱਡੀ ਆਰਥਿਕਤਾ 'ਤੇ ਕਾਬਜ਼ ਹੈ ਤੇ ਜਿਸ ਦੀ ਨੁਮਾਇੰਦਗੀ ਆਰੀਆ ਸਮਾਜ ਕਰਦਾ ਰਿਹਾ ਹੈ। ਪਰ ਗੱਲ ਹੁਣ ਸਿਰਫ ਇਨ੍ਹਾਂ ਤੱਕ ਸੀਮਤ ਨਹੀਂ ਰਹਿ ਗਈ, ਨਾ ਇਹ ਕੇਂਦਰੀ ਸਿਆਸਤ ਤੱਕ ਸੀਮਤ ਹੈ।

ਅੱਜ ਪੰਜਾਬ ਦੀ ਸਥਾਨਿਕਤਾ ਦਾ ਦੁਸ਼ਮਣ ਵਿਸ਼ਵੀਕਰਨ ਕਿਤੇ ਜ਼ਿਆਦਾ ਹੈ ਜਿਹਦਾ ਬਾਈ ਕੰਵਲ ਜ਼ਿਕਰ ਤੱਕ ਨਹੀਂ ਕਰਦਾ। ਨਤੀਜੇ ਵਜੋਂ, ਪੰਜਾਬ ਦਾ ਬੰਦਾ ਹੁਣ ਪਹਿਲਾਂ ਵਰਗਾ ਨਹੀਂ ਰਿਹਾ, ਨਾ ਸਿੱਖ ਪਹਿਲਾਂ ਵਰਗਾ ਹੈ, ਨਾ ਇਹ ਸਮੇਂ ਭਾਵੁਕ ਵੰਗਾਰਾਂ ਨੂੰ ਸੁਣਨ/ਸਮਝਣ ਦੇ ਅਨੁਕੂਲ ਰਹੇ ਹਨ। ਸਥਿਤੀ ਦਾ ਅਸਲ ਅੱਜ ਇਹ ਹੈ, ਵਿਸ਼ਵੀਕਰਨ ਦੀਆਂ ਅਲਾਮਤਾਂ ਪੰਜਾਬ ਦੀ ਸਾਰਥਿਕਤਾ 'ਚ ਖਲਲ ਪੈਦਾ ਕਰ ਰਹੀਆਂ ਹਨ। ਪੰਜਾਬ ਦੇ ਪੇਂਡੂ ਯੂਥ ਲਈ ਵਿਦੇਸ਼ ਜਾਣ ਦੇ ਇਲਾਵਾ ਕੋਈ ਰਾਹ ਬੱਚਿਆ ਨਹੀਂ ਹੈ। ਪੰਜਾਬ ਦੀ ਮਾਨਵੀ ਤਾਕਤ ਦਾ ਨਿਰਯਾਤ ਹੋ ਰਿਹਾ ਹੈ ਤੇ ਯੂ.ਪੀ. ਬਿਹਾਰ ਤੋਂ ਕਾਮਿਆਂ ਦੀ ਸੈਨਾ, ਉਨ੍ਹਾਂ ਦੀ ਥਾਂ ਪੂਰ ਕਰ ਰਹੀ ਹੈ। ਆਉਂਦੇ ਕੁਝ ਸਾਲਾਂ 'ਚ ਪੰਜਾਬ ਦਾ ਹੁਲੀਆ ਜਿੰਨੀ ਤੇਜ਼ੀ ਨਾਲ ਬਦਲਣਾ ਹੈ ਦੇਸ਼ ਦੇ ਕਿਸੇ ਪ੍ਰਾਂਤ ਦਾ ਨਹੀਂ ਬਦਲਣਾ। ਇਸ ਤਬਦੀਲੀ ਨੇ ਪੰਜਾਬ ਦੀ ਮੂਲ ਸਥਾਨਿਕਤਾ ਦਾ ਘਾਣ ਕਰ ਦੇਣਾ ਹੈ। ਇਹੀ ਨਹੀਂ, ਮਾਲਾਂ, ਸੇਜ਼-ਯੋਜਨਾਵਾਂ ਤੇ ਸੂਚਨਾ ਤਕਨਾਲੋਜੀ ਕਾਰਪੋਰੇਸ਼ਨਾਂ ਦੀਆਂ ਧਾੜਾਂ ਸਾਹਮਣੇ ਉਸ ਸਭ ਕੁਝ ਦਾ ਨੇਸਤੋ-ਨਾਬੂਦ ਹੋ ਜਾਣਾ ਹੈ, ਜਿਸ ਨੂੰ ਕਾਇਮ ਰੱਖਣ ਬਾਰੇ ਕੰਵਲ ਭਾਵੁਕ ਹੋ ਰਿਹਾ ਹੈ। ਪੰਜਾਬੀ ਭਾਸ਼ਾ ਪਹਿਲਾਂ ਨਾਲੋਂ ਵੀ ਵਧ ਮੁੱਲਹੀਣ ਹੋ ਜਾਣੀ ਹੈ। ਸਰਕਾਰਾਂ ਦਾ ਕੰਮ ਵਿਸ਼ਵ ਆਰਥਿਕਤਾ ਦੀਆਂ ਲੋੜਾਂ ਅਨੁਸਾਰ ਸਥਿਤੀ ਪ੍ਰਬੰਧ ਕਰਨ ਤਕ ਸੀਮਤ ਹੋ ਜਾਣਾ ਹੈ।

ਜਿਹੋ ਜਿਹਾ ਮਾੜਾ ਚੰਗਾ ਸਾਹਿਤ ਲਿਖ ਕੇ ਪੰਜਾਬੀ ਲੇਖਕ ਇਨਾਮਾਂ ਦੇ ਲੱਖਾਂ ਰੁਪਏ ਮੰਤਰੀਆਂ ਤੋਂ ਉਗ੍ਰਾਹ ਰਹੇ ਹਨ, ਉਸ ਲਿਖਤ ਦਾ, ਕੰਵਲ ਦੇ ਨਾਵਲਾਂ ਸਮੇਤ, ਆਮ ਲੋਕਾਂ ਤੋਂ ਨਾਤਾ ਟੁੱਟ ਜਾਣਾ ਹੈ। ਸਾਹਿਤਕਾਰੀ ਕਲੱਬ ਕਲਚਰ ਵਾਂਗ ਸੀਮਤ ਦਾਇਰਿਆਂ 'ਚ ਜਿਵੇਂ ਹੁਣ ਕਾਇਮ ਹੈ, ਬਾਅਦ ਵਿਚ ਵੀ ਕਾਇਮ ਰਹੇਗੀ। ਪੰਜਾਬੀ ਭਾਸ਼ਾ ਔਖੇ ਸੌਖੇ ਡਿਜੀਟਲ ਯੁੱਗ ਦੀ ਅਨੁਸਾਰੀ ਜੇ ਬਣ ਗਈ ਤਾਂ ਇਹਦੀ ਵਰਤੋਂ ਹੁੰਦੀ ਰਹੇਗੀ, ਨਹੀਂ ਤਾਂ ਇਹ ਬੀਤ ਚੁੱਕੇ 'ਚ ਅਸਤ ਹੋ ਜਾਵੇਗੀ। ਬੇਸ਼ੱਕ ਇਹਨੂੰ ਬੋਲਣ ਵਾਲੇ ਦੇਰ ਤੱਕ ਕਾਇਮ ਰਹਿਣਗੇ।

ਕੀ ਇਸ ਸੰਭਾਵੀ ਦ੍ਰਿਸ਼-ਪਟ ਨੂੰ ਆਕ੍ਰਮਣੀ ਮਜ਼੍ਹਬੀਅਤ ਨਾਲ ਬਦਲਿਆ ਜਾ ਸਕਦਾ ਹੈ? ਕੰਵਲ ਦੀ ਦਿੱਕਤ ਹੈ ਕਿ ਉਹਨੇ ਸਿੱਖੀ ਦਾ ਰੁਮਾਂਸੀ ਤੇ ਮਿੱਥਗਤ ਨਜ਼ਰੀਆ ਹੱਡਾਂ 'ਚ ਰਚਾਇਆ ਹੋਇਆ ਹੈ। ਅਜਿਹੇ ਨਜ਼ਰੀਏ ਦੀ ਭੇੜ ਤਾਂ ਪ੍ਰਵਾਰਾਂ 'ਚ ਹੀ ਦੇਖਣ ਨੂੰ ਮਿਲ ਜਾਂਦੀ ਹੈ। ਸਮੇਂ ਦੀ ਗਤੀ ਤੇ ਆਰਥਿਕ ਹੰਭੂ-ਪ੍ਰੰਭੂ ਦੀ ਮਾਰ ਅੱਗੇ ਇਹ ਕਾਇਮ ਹਿੰਸਾ ਦੇ ਅੰਤਹੀਣ ਸਿਲਸਿਲੇ ਰਾਹੀਂ ਹੀ ਰਹਿ ਸਕਦੀ ਹੈ। ਜ਼ਾਹਿਰ ਹੈ ਕਿ ਪੰਜਾਬ ਤੇ ਬਾਹਰਲਾ ਸਿੱਖ ਇਸ ਲਈ ਉੱਕਾ ਤਿਆਰ ਨਹੀਂ ਤੇ ਬਾਈ ਜੀ ਇਸ ਸਥਿਤੀ ਬਾਰੇ ਕੀਰਨੇ ਪਾਉਂਦਾ ਹੈ।

ਬੇਸ਼ੱਕ ਇਹ ਸਥਿਤੀ ਪੰਜਾਬੀ ਬੰਦੇ ਨੂੰ ਆਪਣੇ ਮੂਲ ਤੋਂ ਤੋੜ ਰਹੀ ਹੈ, ਇਹ ਬਾਈ ਕੰਵਲ ਦੀ ਤ੍ਰਾਸਦੀ ਨੂੰ ਵੀ ਪ੍ਰਗਟ ਕਰਦੀ ਹੈ। ਤ੍ਰਾਸਦੀ ਇਸ ਗੱਲ ਦੀ ਹੈ ਕਿ ਉਹ ਅੱਧੀ ਸਦੀ ਪਹਿਲਾਂ ਦੀਆਂ ਦਲੀਲਾਂ ਨੂੰ ਅੱਜ 'ਤੇ ਲਾਗੂ ਕਰਨਾ ਚਾਹੁੰਦਾ ਹੈ, ਇਹ ਜਾਣਦਿਆਂ ਹੋਇਆਂ ਵੀ ਕਿ ਉਦੋਂ ਇਹਦੇ ਨਤੀਜੇ ਭਿਆਨਕ ਅਤੇ ਆਪਾ-ਮਾਰੂ ਨਿਕਲੇ ਸਨ। ਉਹ ਸੋਚਦੇ ਸਨ, ਬਾਈ ਜੀ ਨੂੰ ਉਨ੍ਹਾਂ ਦੇ ਦੁੱਖ ਦਰਦ ਦਾ ਪਤਾ ਹੈ, ਉਹ ਉਨ੍ਹਾਂ ਦੀ ਹੀ ਗੱਲ ਕਰ ਰਿਹਾ, ਜਾਂ ਉਨ੍ਹਾਂ ਅੰਦਰ ਜੋ ਤੁਫਾਨ ਉੱਠਦੇ ਹਨ, ਉਨ੍ਹਾਂ ਦੀ ਸਾਰ ਲੈ ਰਿਹਾ। ਬਾਅਦ ਵਿਚ ਨਕਸਲੀ ਲਹਿਰ ਵੇਲੇ ਬਾਈ ਕੰਵਲ ਨੇ 'ਲਹੂ ਦੀ ਲੋਅ' ਨਾਵਲ ਇਸ ਤਰ੍ਹਾਂ ਦੀ ਹੀ ਵੇਗ ਸ਼ੈਲੀ 'ਚ ਲਿਖਿਆ, ਜਿਹਨੇ ਮੁੰਡਿਆਂ ਨੂੰ ਮਰ ਮਿਟਣ ਲਈ ਹੋਰ ਉਤੇਜਿਤ ਕੀਤਾ, ਜਿਹਦਾ ਨਾ ਲਹਿਰ ਨੂੰ ਫਾਇਦਾ ਹੋਇਆ, ਨਾ

ਪੀੜਤ ਭੋਇੰਮੁਖ ਬੰਦੇ ਨੂੰ। ਇਹਨੇ ਨਾ ਕੋਈ ਸਿਆਸੀ ਚੇਤਨਾ ਉਤਪੰਨ ਕੀਤੀ, ਨਾ ਤਬਦੀਲੀ ਲਿਆਂਦੀ।

ਕਦੇ ਰੋਹ ਨਾਲ ਭਰੇ ਉਬਾਲ ਜਾਂ ਤਾਕਤਹੀਣ ਮਨੁੱਖ ਦੀ ਤਾਕਤਵਰ ਧਿਰ ਨਾਲ ਛੁੱਟਪੁਟ ਟੱਕਰ ਸਹੀ ਨਤੀਜੇ ਪੈਦਾ ਕਰਦੀ ਹੈ? ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਯਾਦ ਇਸ ਲਈ ਕਰਦੇ ਹਾਂ ਤਾਂ ਕਿ ਉਨ੍ਹਾਂ ਨੇ ਆਜ਼ਾਦੀ ਦੀ ਜਾਗ ਲਗਾਈ, ਪਰ ਗ਼ਦਰੀਆਂ ਦਾ ਮਾਡਲ ਹਰ ਯੁੱਗ 'ਚ ਤੇ ਹਰ ਥਾਂ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ? 'ਅਸੌਲਟ' ਚੁੱਕਣ ਤੋਂ ਪਹਿਲਾਂ ਸਿਖ਼ਰ ਦਰਜੇ ਦੀ ਬੌਧਿਕ ਪ੍ਰਚੰਡਤਾ ਦੀ ਲੋੜ ਹੁੰਦੀ ਹੈ। ਅੱਜ ਦੇ ਤਕਨਾਲੋਜੀ ਤੇ ਵਿਗਿਆਨ ਦੇ ਯੁੱਗ 'ਚ ਹਰ ਪਿੜ 'ਚ ਤਾਕ ਹੋਏ ਬਗੈਰ ਕੋਈ ਵੀ ਇਰਾਦਾ ਸਫ਼ਲ ਨਹੀਂ ਹੋ ਸਕਦਾ। ਜੋ ਕੰਮ ਗਿਆਨ ਕਰ ਦਿੰਦਾ ਹੈ, ਉਹ ਬੰਦੂਕ ਨਹੀਂ ਕਰਦੀ। ਹਿੰਸਾ ਨੇ ਪ੍ਰਤੀ-ਹਿੰਸਾ ਪੈਦਾ ਕਰਨੀ ਹੀ ਹੁੰਦੀ ਹੈ। ਹਰ ਸੰਕਟ ਦੇ ਹਲ ਲਈ ਹਿੰਸਾ ਪ੍ਰਤੀ-ਹਿੰਸਾ ਦਾ ਜਮੂਦ ਖੜਾ ਕਰਨਾ ਅਹਿਮਕਾਨਾ ਨੀਤੀ ਹੈ। ਅਕਾਲੀ ਪ੍ਰੈਕਟੀਕਲ ਸਿਆਸਤ 'ਚ ਜੇ ਲੱਗੇ ਹੋਏ ਹਨ ਤਾਂ ਇਸ ਲਈ ਕਿ ਉਨ੍ਹਾਂ ਨੂੰ ਪਤਾ ਹੈ ਕਿ ਉਹ ਇਹੀ ਕਰ ਸਕਦੇ ਹਨ। ਉਨ੍ਹਾਂ ਆਪਣੀ ਵਿੱਤੋਂ ਬਾਹਰ ਦੇ ਇਰਾਦਿਆਂ ਨਾਲ ਲੈਸ ਹੋ ਕੇ ਦੇਖ ਲਿਆ ਹੈ। ਕੰਵਲ ਦੀ ਪੰਜਾਬ ਬਾਰੇ ਸੋਚ ਤੇ ਇਰਾਦਾ 'ਡਿਸਟ੍ਰਬ' ਕਰਨ ਵਾਲਾ ਇਸ ਲਈ ਹੈ ਕਿ ਉਹ ਪੰਜਾਬ ਦੇ ਭਵਿੱਖ ਬਾਰੇ ਸੱਚ ਨੂੰ ਉਸ ਤਰੀਕੇ ਨਾਲ ਪੇਸ਼ ਨਹੀਂ ਕਰ ਰਿਹਾ, ਜਿਸ ਨਾਲ ਪੰਜਾਬੀ ਬੰਦੇ, ਪੰਜਾਬੀ ਭਾਸ਼ਾ ਤੇ ਪੰਜਾਬ ਦੀ ਸਥਾਨਿਕਤਾ ਕਾਇਮ ਰਹਿ ਸਕਦੀ ਹੈ। ਉਹ ਕੁਰਬਾਨੀ, ਟੱਕਰ, ਹਿੰਸਾ ਦੀ ਨੀਤੀ ਨੂੰ ਅਪਨਾਉਣ ਲਈ ਵੰਗਾਰ ਰਿਹਾ ਹੈ। ਕਹਿੰਦਾ ਹੈ, ਪੰਜਾਬ ਦੋਖੀ ਅਨਸਰਾਂ ਦਾ ਘੋਗਾ ਚੁੱਕ ਦਿਓ। ਕੀ

***ਬੇਸ਼ੱਕ ਇਹ ਸਥਿਤੀ ਪੰਜਾਬੀ ਬੰਦੇ ਨੂੰ ਆਪਣੇ ਮੂਲ ਤੋਂ ਤੋੜ ਰਹੀ ਹੈ, ਇਹ ਬਾਈ ਕੰਵਲ ਦੀ ਤ੍ਰਾਸਦੀ ਨੂੰ ਵੀ ਪ੍ਰਗਟ ਕਰਦੀ ਹੈ। ਤ੍ਰਾਸਦੀ ਇਸ ਗੱਲ ਦੀ ਹੈ ਕਿ ਉਹ ਅੱਧੀ ਸਦੀ ਪਹਿਲਾਂ ਦੀਆਂ ਦਲੀਲਾਂ ਨੂੰ ਅੱਜ 'ਤੇ ਲਾਗੂ ਕਰਨਾ ਚਾਹੁੰਦਾ ਹੈ, ਇਹ ਜਾਣਦਿਆਂ ਹੋਇਆਂ ਵੀ ਕਿ ਉਦੋਂ ਇਹਦੇ ਨਤੀਜੇ ਭਿਆਨਕ ਅਤੇ ਆਪਾ-ਮਾਰੂ ਨਿਕਲੇ ਸਨ। ਉਹ ਸੋਚਦੇ ਸਨ, ਬਾਈ ਜੀ ਨੂੰ ਉਨ੍ਹਾਂ ਦੇ ਦੁੱਖ ਦਰਦ ਦਾ ਪਤਾ ਹੈ, ਉਹ ਉਨ੍ਹਾਂ ਦੀ ਹੀ ਗੱਲ ਕਰ ਰਿਹਾ, ਜਾਂ ਉਨ੍ਹਾਂ ਅੰਦਰ ਜੋ ਤੂਫਾਨ ਉੱਠਦੇ ਹਨ, ਉਨ੍ਹਾਂ ਦੀ ਸਾਰ ਲੈ ਰਿਹਾ। ਬਾਅਦ ਵਿਚ ਨਕਸਲੀ ਲਹਿਰ ਵੇਲੇ ਬਾਈ ਕੰਵਲ ਨੇ 'ਲਹੂ ਦੀ ਲੋਅ' ਨਾਵਲ ਇਸ ਤਰ੍ਹਾਂ ਦੀ ਹੀ ਵੇਗ ਸ਼ੈਲੀ 'ਚ ਲਿਖਿਆ, ਜਿਹਨੇ ਮੁੰਡਿਆਂ ਨੂੰ ਮਰ ਮਿਟਣ ਲਈ ਹੋਰ ਉਤੇਜਿਤ ਕੀਤਾ, ਜਿਹਦਾ ਨਾ ਲਹਿਰ ਨੂੰ ਫਾਇਦਾ ਹੋਇਆ, ਨਾ ਪੀੜਤ ਭੋਇੰਮੁਖ ਬੰਦੇ ਨੂੰ। ਇਹਨੇ ਨਾ ਕੋਈ ਸਿਆਸੀ ਚੇਤਨਾ ਉਤਪੰਨ ਕੀਤੀ, ਨਾ ਤਬਦੀਲੀ ਲਿਆਂਦੀ।***

ਏਨਾ ਕਹਿਣ ਨਾਲ ਘੋਗਾ ਚੁੱਕਿਆ ਜਾਂਦਾ ਹੈ? ਇਹਦੇ ਲਈ ਵਿਚਾਰਾਂ, ਗਿਆਨ, ਵਿਗਿਆਨ, ਸਭਿਆਚਾਰਕ ਗਤੀ ਦੀ ਜੋ ਲੋੜ ਹੈ ਉਹਨੂੰ ਬਾਈਪਾਸ ਕਰਕੇ ਕਿਹੋ ਜਿਹੇ ਨਤੀਜੇ ਨਿਕਲ ਸਕਦੇ ਹਨ? ਕੰਵਲ ਇਸ ਭੂਖੰਡ ਨੂੰ ਅਜਿਹੀ ਧਿਰ ਤੱਕ ਸੀਮਤ ਕਰ ਦਿੰਦਾ ਹੈ, ਜਿਸ ਪਾਸ ਨਾ ਇਤਿਹਾਸਕ ਦਿੱਬ ਦ੍ਰਿਸ਼ਟੀ ਹੈ ਤੇ ਨਾ ਹੀ ਤਕੜੀ ਸਥਾਨਿਕਤਾ ਤੇ ਇਹ ਗੱਲ ਉਹ ਆਪ ਸਵੀਕਾਰ ਕਰਦਾ ਹੈ। ਕੀ ਕੰਵਲ ਪਾਸ ਇਤਿਹਾਸਕ ਦਿੱਬ-ਦ੍ਰਿਸ਼ਟੀ ਹੈ?

ਪੰਜਾਬ ਦੇ ਸੰਕਟ ਦੀ ਜੜ੍ਹ ਇਹ ਹੈ ਕਿ ਇਹਦੀ ਸਥਾਨਿਕਤਾ ਤਾਕਤਵਰ ਨਹੀਂ, ਇਹ ਸਮੇਂ ਦੀਆਂ ਤਬਦੀਲੀਆਂ ਦਾ ਮੁਕਾਬਲਾ ਕਰਨ ਦੇ ਸਮਰਥ ਕਦੇ ਵੀ ਨਹੀਂ ਹੋਈ, ਜਿਵੇਂ ਬੰਗਾਲ ਤੇ ਮਹਾਰਾਸ਼ਟਰ ਜਾਂ ਦੱਖਣੀ ਭਾਰਤ ਦੇ ਪ੍ਰਾਂਤਾਂ ਦੀ ਸਥਾਨਿਕਤਾ ਸਮਰੱਥ ਹੈ। ਕੰਵਲ ਸਮਝਦਾ ਹੈ ਕਿ ਇਸ ਸਥਾਨਿਕਤਾ ਨੂੰ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਦਾ ਅਨੁਸਾਰੀ ਬਣਾ ਕੇ ਤਕੜਾ ਕੀਤਾ ਜਾ ਸਕਦਾ ਹੈ। ਉਹ ਸਥਾਨਿਕਤਾ ਨੂੰ ਭਾਸ਼ਾ/ ਸਭਿਆਚਾਰ ਤੋਂ ਡੀਲਿੰਕ ਕਰਕੇ ਦੇਖਦਾ ਲੱਗਦਾ ਹੈ। ਉਹ ਪੰਜਾਬੀ ਕੌਮੀਅਤ ਦੀ ਨਹੀਂ ਸਿੱਖ ਕੌਮ ਦੀ ਗੱਲ ਕਰਦਾ ਹੈ, ਜਿਹਦਾ ਤਰਕ ਮਜ਼ਬੀ ਬੁਨਿਆਦ-ਪਸੰਦੀ ਤੱਕ ਪੁੱਜ ਜਾਂਦਾ ਹੈ। ਉਹਨੂੰ ਪਤਾ ਹੋਣਾ ਚਾਹਦਾ ਹੈ ਕਿ 'ਧਰਮ ਦੇ ਬੁਨਿਆਦੀ ਅਸੂਲਾਂ' ਦੀ ਆੜ ਵਿਚ ਨਿਮਨ ਕਿਰਦਾਰ ਵਾਲੇ ਤੇ ਮੂੜ੍ਹ ਲੋਕ ਆਕ੍ਰਮਣੀ ਮਜ਼ਬਪ੍ਰਸਤੀ ਫੈਲਾਂਦੇ ਹਨ, ਜਿਵੇਂ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਪ੍ਰਵੀਨ ਤੋਗੜੀਆ ਫੈਲਾਅ ਰਿਹਾ ਹੈ। ਮਜ਼ਬਪ੍ਰਸਤੀ ਮਨੁੱਖ ਦੇ ਹੋਣ ਤੇ ਜੀਣ ਥੀਣ ਨੂੰ ਲੋਹਾਬੱਧ ਕਰਦੀ ਹੈ। ਬੁਨਿਆਦ-ਪਸੰਦੀ ਮਨੁੱਖ ਦੀ ਸ਼ਖ਼ਸੀਅਤ 'ਚੋਂ ਸਹਿਣਸ਼ੀਲਤਾ ਗਾਇਬ ਕਰਦੀ ਹੈ। ਅਜਿਹਾ ਬੰਦਾ ਪਰਾਈ ਧਿਰ ਨੂੰ ਸਪੇਸ ਮੁਹੱਈਆ ਕਰਨ ਦੇ ਸਮਰੱਥ ਨਹੀਂ ਰਹਿੰਦਾ। ਇਵੇਂ ਅਮਨਵੀ ਪੱਧਰ ਦੀ ਘਿਰਣਾ ਦਾ ਮਾਹੌਲ ਤਿਆਰ ਹੁੰਦਾ ਹੈ। ਅਮਨਵੀ ਪੱਧਰ ਦੀ ਘਿਰਣਾ ਸਿਖ਼ਰ ਦਰਜੇ ਦੀ ਨਿਸ਼ੇਧੀ ਊਰਜਾ ਨੂੰ ਜਨਮ ਦਿੰਦੀ ਹੈ, ਜੋ ਦੋਨਾਂ ਧਿਰਾਂ-ਘਿਰਣਾ ਕਰਨ ਵਾਲੇ ਤੇ ਘਿਰਣਤ ਹੋਣ ਵਾਲੇ - ਦਾ ਨਾਸ਼ ਕਰਦੀ ਹੈ। ਆਕ੍ਰਮਣੀ ਮਜ਼ਬੀਅਤ ਦਾ ਚਿਹਰਾ, ਹੱਕਾਂ ਦੀ ਲੜਾਈ ਦੇ ਨਾਂ 'ਤੇ, 1980ਵਿਆਂ 'ਚ ਦੇਖਣ ਨੂੰ ਮਿਲਿਆ। 1947 ਦਾ ਉਜਾੜਾ ਤੇ ਕਤਲੋ-ਗ਼ਾਰਤ ਦਾ ਤਾਂਡਵ ਪਹਿਲੇ ਦਹਾਕਿਆਂ ਦੀ ਪ੍ਰਸਪਰ ਅਕ੍ਰਮਣੀ ਮਜ਼ਬਪ੍ਰਸਤੀ ਦਾ ਹੀ ਨਤੀਜਾ ਸੀ।

ਬੇਸ਼ੱਕ ਹਰ ਪੱਖੋਂ ਪੰਜਾਬ ਦਾ ਨਕਸ਼ਾ ਬਦਲ ਰਿਹਾ ਹੈ ਤੇ ਆਉਂਦੇ ਵਰ੍ਹਿਆਂ 'ਚ ਪੰਜਾਬ ਨੇ ਹੁਣ ਵਰਗਾ ਉੱਕਾ ਨਹੀਂ ਰਹਿਣਾ। ਆਉਂਦੇ ਦੋ ਤਿੰਨ ਦਹਾਕਿਆਂ ਬਾਅਦ ਪੰਜਾਬ ਦੀ ਸਿਆਸਤ ਦਾ ਹੁਲੀਆ ਤਬਦੀਲ ਹੋ ਜਾਣਾ ਹੈ। ਕੀ ਇਹ ਤਬਦੀਲੀ ਸਿਰਫ ਪੰਜਾਬ 'ਚ ਹੀ ਵਾਪਰ ਰਹੀ ਹੈ? ਕੀ ਇਹ ਉੱਤਰ ਪ੍ਰਦੇਸ਼ 'ਚ ਨਹੀਂ ਵਾਪਰ ਰਹੀ? ਕੀ ਪੰਜਾਬੀਆਂ ਦੇ ਕੈਨੇਡਾ 'ਚ ਭਾਰੀ ਗਿਣਤੀ 'ਚ ਪੁੱਜਣ ਨਾਲ ਉਥੋਂ ਦੀ ਸਿਆਸਤ 'ਚ ਫੇਰ-ਬਦਲ ਨਹੀਂ ਆਇਆ? ਉੱਜਲ ਦੋਸਾਂਝ ਬ੍ਰਿਟਿਸ਼ ਕੋਲੰਬੀਆ ਦਾ ਪ੍ਰਧਾਨ ਮੰਤਰੀ ਐਵੇਂ ਬਣ ਗਿਆ? ਇਟਲੀ ਵਿਚ 30 ਪ੍ਰਤੀਸ਼ਤ ਲੋਕ ਗੈਰ-ਇਟਲੀ ਦੇਸ਼ਾਂ ਤੋਂ ਆਏ ਹੋਏ ਹਨ। 2050 ਤੱਕ ਅਮਰੀਕਾ 'ਚ ਅੱਧੀ ਤੋਂ ਵਧ ਵਸੋਂ ਗ਼ੈਰ-ਗੋਰਿਆਂ ਦੀ ਹੋ ਜਾਵੇਗੀ। ਵਸੋਂ ਦੀ ਆਵਾਜਾਈ ਹਰ ਯੁੱਗ 'ਚ, ਹਰ ਥਾਂ, ਜਾਰੀ ਰਹਿੰਦੀ ਹੈ। ਇਹਦੇ ਪਿੱਛੇ ਆਰਥਿਕ ਕਾਰਨ ਹਨ। ਜੇ ਪੰਜਾਬ ਦੀ ਸਥਾਨਿਕਤਾ ਤਾਕਤਵਰ ਹੋਵੇ ਤਾਂ ਵਸੋਂ ਦੀ ਅਦਲ ਬਦਲ ਦੇ ਬਾਵਜੂਦ ਵਾਪਰਨ ਵਾਲੀ ਤਬਦੀਲੀ ਸਤਹੀ ਪੱਧਰ ਦੀ ਹੋਵੇਗੀ। ਗੈਰ-ਗੋਰੀ ਵਸੋਂ ਦੇ ਵਧਣ ਦੇ ਬਾਵਜੂਦ ਅਮਰੀਕਾ ਦੀ ਬੁਨਿਆਦ ਹਿੱਲਣ ਵਾਲੀ ਨਹੀਂ। ਜ਼ਾਹਿਰ ਹੈ ਕਿ ਪੰਜਾਬ ਦੀ ਅਸਲ ਲੜਾਈ ਇਹਦੀ ਭਾਸ਼ਾ ਨੂੰ ਵਿਸ਼ਵ ਆਰਥਿਕਤਾ ਦਾ ਅਨੁਸਾਰੀ ਬਨਾਣ ਦੀ ਹੈ, ਇਹਦੀਆਂ ਸੱਭਿਆਚਾਰਕ ਟੈਕਸਟਾਂ ਨੂੰ ਸੂਚਨਾ ਪ੍ਰਣਾਲੀ 'ਚ ਆਈ ਕ੍ਰਾਂਤੀ ਰਾਹੀਂ ਹੋਰ ਪ੍ਰਜਵਲਤ ਕਰਨ ਦੀ ਹੈ। ਲੜਾਈ ਸਭਿਆਚਾਰਕ ਜਾਗ੍ਰਤੀ ਦਾ ਮਾਹੌਲ ਤਿਆਰ ਕਰਨ ਦੀ ਹੈ ਅਤੇ ਇਹ ਸਭ ਗੱਲਾਂ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਸਹੀ ਨਹੀਂ ਲੱਗ ਸਕਦੀਆਂ ਜਿਨ੍ਹਾਂ ਨੇ ਮਜ਼੍ਹਬ ਦਾ ਰੁਮਾਂਸੀ ਤੇ ਮਿਥਕ ਸਬਕ ਸਿੱਖਿਆ ਹੈ। ਇਤਿਹਾਸਕ ਗਤੀ ਨਾਲ 'ਰਿਲੇਟ' ਹੋ ਕੇ ਹੀ ਵਿਚਾਰਾਂ ਦਾ ਕੋਈ ਆਦਰਸ਼ ਕਾਇਮ ਰਹਿ ਸਕਦਾ ਹੈ।

ਬਾਈ ਕੰਵਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਲੋਕ ਜੇ ਆਪਣੀ ਜਨਮ-ਭੋਇੰ ਛੱਡ ਕੇ ਵਿਦੇਸ਼ਾਂ ਨੂੰ ਜਾਂਦੇ ਹਨ ਤੇ ਉਥੇ ਆਪਣੀ ਸਭਿਆਚਾਰਕਤਾ ਤੇ ਸਮਾਜਿਕਤਾ ਦੀ ਦੋਬਾਰਾ ਬਣਤ ਬਣਾਂਦੇ ਹਨ। ਜੇ ਭਈਏ ਪੰਜਾਬ 'ਚ ਆਉਂਦੇ ਹਨ ਤੇ ਉਹ ਵੀ ਆਰਥਿਕ ਕਾਰਨ ਕਰਕੇ ਆਉਂਦੇ ਹਨ। ਆਕ੍ਰਮਣੀ ਮਜ਼ਬੀਅਤ ਦਾ ਹਊਆ ਉਨ੍ਹਾਂ ਨੂੰ ਦਿਲੋਂ ਗੈਰ-ਪੰਜਾਬੀ ਬਣਾ ਦੇਵੇਗਾ। ਜਿਸ ਜੱਟ ਕਿਸਾਨੀ ਨੂੰ ਵਿਦੇਸ਼ਾਂ ਤੋਂ ਵਾਪਸ ਆਉਣ ਲਈ ਤੇ ਆਪਣਾ ਪੰਜਾਬ ਸੰਭਾਲਣ ਲਈ ਬਾਈ ਕੰਵਲ ਆਵਾਜ਼ ਮਾਰਦਾ ਹੈ ਉਹਨੇ ਆਪਣੀ ਪਛਾਣ ਦੇ ਸਰੋਤ ਵਿਦੇਸ਼ਾਂ ਵਿਚ ਉਸਾਰ ਰੱਖੇ ਹਨ।

ਦਿਲਚਸਪ ਗੱਲ ਹੈ ਕਿ ਕੰਵਲ ਆਪਣੇ

(ਬਾਕੀ ਸਫਾ 31 ਉਤੇ)

# ਕਲੰਡਰ

**ਸੁਰਿੰਦਰ ਸਿੰਘ ਸੁੰਨੜ**

ਸਦੀਆਂ, ਸਾਲ, ਮਹੀਨਿਆਂ, ਹਫਤਿਆਂ ਅਤੇ ਦਿਨਾਂ ਦੀ ਗਿਣਤੀ ਮਿਣਤੀ ਕਰਨ ਵਾਲੇ ਵਿਧੀ ਵਿਧਾਨ ਨੂੰ ਅਸੀਂ ਕਲੰਡਰ ਆਖਦੇ ਹਾਂ। ਸਦੀਆਂ ਤੱਕ ਦੀ ਗਿਣਤੀ ਨੂੰ ਤਾਂ ਅਸੀਂ ਕਲੰਡਰ ਦੀ ਕਲੇਵਰ ਵਿਚ ਲੈ ਸਕਦੇ ਹਾਂ ਲੇਕਿਨ ਯੁਗ ਨੂੰ ਕਲੰਡਰ ਵਿਚ ਕਿਸੇ ਤਰ੍ਹਾਂ ਵੀ ਕਾਬੂ ਨਹੀਂ ਕੀਤਾ ਜਾ ਸਕਦਾ। ਇੱਕ ਦਿਨ ਵਿਚਲੇ ਘੜੀਆਂ, ਪਹਿਰ, ਘੰਟੇ, ਮਿੰਟ, ਸਕਿੰਟਾਂ ਨੂੰ ਵੀ ਕਲੰਡਰ ਨਹੀਂ ਕਹਿ ਸਕਦੇ। ਧਰਤੀ ਦਾ, ਸੂਰਜ ਦਾ ਅਤੇ ਚੰਦ ਤਾਰਿਆਂ ਦਾ ਜੋ ਗਤੀ ਵਿਧਾਨ ਹੈ ਉਹ ਹੀ ਕਲੰਡਰ ਦਾ ਵਿਧਾਨ ਹੈ। ਬੀਤ ਗਏ ਸਮੇਂ ਦੀਆਂ, ਇਤਿਹਾਸ ਦੀਆਂ ਗਿਣਤੀਆਂ ਮਿਣਤੀਆਂ ਕਲੰਡਰ ਤੋਂ ਬਿਨਾ ਨਹੀਂ ਹੋ ਸਕਦੀਆਂ ਇਸ ਲਈ ਆਪਣੇ ਅਤੀਤ ਦੀ ਕਹਾਣੀ ਕਰਨ ਲਈ ਕਲੰਡਰ ਦੀ ਗੱਲ ਕਰਨੀ ਪਈ। ਬੀਤ ਚੁੱਕੀ ਕਹਾਣੀ, ਬੀਤ ਰਹੀ ਕਹਾਣੀ ਜਾਂ ਭਵਿਖਬਾਣੀ ਕਰਨ ਲਈ ਕਲੰਡਰ ਬਹੁਤ ਹੀ ਜ਼ਰੂਰੀ ਹੈ। "ਆਪਣਾ ਅਤੀਤ" ਲਿਖਣ ਲਈ ਕਲੰਡਰ ਬਿਨਾ ਤਾਂ ਸਰ ਹੀ ਨਹੀਂ ਸੀ ਸਕਦਾ ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਕਲੰਡਰ ਦਾ ਇਤਿਹਾਸ, ਕਲੰਡਰ ਦੀ ਕਹਾਣੀ ਵੀ ਲੋਕਾਂ ਨੇਂ ਧਾਰਮਿਕ ਇਤਿਹਾਸ ਵਾਂਗ ਆਪਣੀ ਮਰਜ਼ੀ ਮੁਤਾਬਕ ਹੀ ਲਿਖ ਲਈ। ਮਨਘੜਤ ਕਹਿਣ ਨੂੰ ਤਾਂ ਦਿਲ ਨਹੀਂ ਕਰਦਾ ਪਰ ਮਿਥਹਾਸ ਨੂੰ ਇਤਿਹਾਸ ਕਹਿਣ ਵਾਲਿਆਂ ਦੀ ਜ਼ਿਦ ਬਹੁਤੀ ਚੰਗੀ ਵੀ ਨਹੀਂ ਲੱਗੀ।

ਜੌਰਜੀਅਨ ਕਲੰਡਰ ਨੂੰ ਅੱਜ ਕੱਲ ਸਾਰੀ ਦੁਨੀਆਂ 'ਤੇ ਮਾਨਤਾ ਮਿਲੀ ਹੋਈ ਹੈ। ਇੱਕ ਜਨਵਰੀ ਤੋਂ ਇਕੱਤੀ ਦਸੰਬਰ ਦਾ ਸਾਲ ਸਾਰੀ ਦੁਨੀਆਂ ਮੰਨ ਕੇ ਬੈਠ ਗਈ ਹੈ। ਦੁਨੀਆਂ ਦੇ ਕਾਰ ਵਿਹਾਰ, ਸਮਾਜਿਕ ਤੇ ਧਾਰਮਕ ਤਿਥੀਆਂ ਮਿਤੀਆਂ, ਦਿਨ ਦਿਹਾਰ, ਛੁੱਟੀਆਂ ਅਤੇ ਪ੍ਰੋਗਰਾਮ, ਜਨਮ ਦਿਨ, ਮੀਟਿੰਗਾਂ, ਆਉਣ ਵਾਲੇ ਸਮੇਂ ਦੇ ਕਾਰ ਵਿਹਾਰ ਵਾਸਤੇ ਸਾਰੇ ਜੌਰਜੀਅਨ ਕਲੰਡਰ ਨੂੰ ਹੀ ਮੁੱਖ ਰੱਖ ਕੇ ਛਪ ਰਹੇ ਹਨ।

1751 ਵਿਚ ਜਦੋਂ ਜੌਰਜੀਅਨ ਕਲੰਡਰ ਬਰਤਾਨੀਆਂ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਬਹੁਤ ਵਿਰੋਧ ਸਾਹਮਣੇ ਆਇਆ। ਕਦੇ ਕਿਸੇ ਨੇ ਸੋਚਿਆ ਹੀ ਨਹੀਂ ਸੀ ਕਿ ਸਭ ਤੋਂ ਅਖੀਰ ਵਿਚ ਬਣਿਆ ਇਹ ਕਲੰਡਰ ਸਾਰੀ ਦੁਨੀਆਂ ਤੇ ਛਾ ਜਾਵੇਗਾ। ਕਹਿੰਦੇ ਅੰਗਰੇਜ਼ੀ ਰਾਜ ਇੱਕ ਦਿਨ ਐਨਾ ਫੈਲਿਆ ਹੋਇਆ ਸੀ ਕਿ ਕਦੇ ਸੂਰਜ ਨਹੀਂ ਸੀ ਛੁਪਦਾ ਅੰਗਰੇਜ਼ੀ ਰਾਜ ਵਿਚ। ਭਲਾ ਜੇ ਧਿਆਨ ਨਾਲ ਵਿਚਾਰੀਏ ਤਾਂ ਅੱਜ ਕਿਹੜਾ ਅੰਗਰੇਜ਼ੀ ਰਾਜ ਘੱਟ ਹੈ। ਅੰਗਰੇਜ਼ੀ ਭਾਸ਼ਾ ਤੇ ਅੰਗਰੇਜ਼ੀ ਕਲੰਡਰ ਤਾਂ ਸਾਰੀ ਦੁਨੀਆਂ ਸਵੀਕਾਰੀ ਬੈਠੀ ਹੈ।

ਦੁਨੀਆਂ ਦੇ ਸਭ ਤੋਂ ਪਹਿਲੇ ਲਿਖਤੀ ਰੂਪ ਵਾਲੇ ਗ੍ਰੰਥ ਰਿਗ ਵੇਦ ਵਿਚ 12 ਮਹੀਨਿਆਂ ਦਾ ਜ਼ਿਕਰ ਆਉਂਦਾ ਹੈ। ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਬਾਰਾਂ ਮਹੀਨਿਆਂ ਦਾ ਤੁਖਾਰੀ ਰਾਗ ਵਿਚ ਜਿਸ ਵਿਸਥਾਰ ਨਾਲ ਜ਼ਿਕਰ ਕੀਤਾ ਹੈ, ਗੁਰੂ ਅਰਜਨ ਤੋਂ ਸਿਵਾ ਇਤਿਹਾਸ ਵਿਚ ਉਸ ਤੋਂ ਵੱਧ ਵਿਸਥਾਰਪੂਰਵਕ ਕੋਈ ਕਲੰਡਰ ਨਹੀਂ ਬਣਿਆ। ਮਾਰਚ ਦੀ ਸੀਤਲਤਾ ਨਾਲੋਂ ਤਪਸ਼ ਵੱਲ ਨੂੰ ਤੁਰ ਪੈਣਾ, ਵਿਸਾਖ ਵਿਚ ਰੁੱਤਾਂ ਦਾ ਬਦਲ ਜਾਣਾ, ਸਭ ਤੋਂ ਵੱਡੇ ਜੇਠ ਮਹੀਨੇ ਦੀ ਅਤੇ ਅਸਾੜ ਦੀ ਤੇਜ਼ ਧੁੱਪ ਦਾ ਵਿਸਥਾਰ, ਸੌਣ ਮਹੀਨੇ ਦੀ ਬਰਸਾਤ ਵਿਚਲੇ ਸੱਪ ਸਪੋਲੀਆਂ ਦਾ ਵੇਰਵਾ, ਭਾਦੋਂ (ਭਾਦਰੋਇ) ਦੇ ਭਰਮ ਦੀ ਗੱਲ, ਅਸੁਨ ਦੇ ਪ੍ਰੇਮ ਉਮਾਹੜੇ, ਕੱਤ ਕੇ ਕਰਮ ਕਮਾਉਣ ਵਾਲੇ ਕੱਤਕ, (ਮਨਘਰ) ਮੰਘਰ ਵਿਚ ਸੀਤਲਤਾ ਵੱਲ ਮੁੜਨ, ਪੋਖ ਦੇ ਤੁਖਾਰ (ਠੰਢ) ਦੀ ਅਤੇ ਮਾਘ ਦੇ ਨਾਮ, ਦਾਨ, ਇਸ਼ਨਾਨ ਅਤੇ ਆਖਿਰ ਫਲਗੁਣ ਅਨਦ ਅਪਾਰ ਦੀ ਕਹਾਣੀ ਜਿਸ ਵਿਸਥਾਰ ਨਾਲ ਗੁਰੂ ਗ੍ਰੰਥ ਵਿਚ ਅੰਕਿਤ ਹੈ, ਹੋਰ ਕਿਸ ਕਲੰਡਰ ਵਿਚ ਹੈ, ਦੱਸਿਓ ਭਲਾ?

ਸੱਤ ਦਿਨਾਂ ਦੇ ਹਫਤੇ ਦਾ ਗੁਰਬਾਣੀ ਤੋਂ ਵੱਧ ਵਿਸਥਾਰ ਹੋਣ ਦਾ ਜ਼ਿਕਰ ਅਸੀਂ ਤਾਂ ਨਹੀਂ ਪੜ੍ਹਿਆ ਸੁਣਿਆ ਅੱਜ ਤੱਕ। ਕਰਾਈਸਟ ਸੱਚੀਂ ਮੁੱਚੀਂ ਦਾ ਅਵਤਾਰ ਪੈਦਾ ਹੋਇਆ ਕਿ ਨਹੀਂ, ਇਸ ਪਾਸੇ ਤਾਂ ਕੋਈ ਜਾਣ ਹੀ ਨਹੀਂ ਦਿੰਦਾ ਕਿਸੇ ਨੂੰ। ਸਾਲਾਂ ਦੀ ਗਿਣਤੀ ਪਿਛਾਂਹ ਨੂੰ ਜਿੰਨੀ ਮਰਜ਼ੀ ਲਈ ਜਾਓ ਪਰ ਦੋ ਹਜ਼ਾਰ ਸਾਲ, 3500 ਸਾਲ ਜਾਂ ਹੋਰ ਲੱਖਾਂ ਹਜ਼ਾਰਾਂ ਸਾਲ ਗਿਣਨ ਲੱਗਿਆਂ ਜਦ ਉਸਨੂੰ ਇਤਿਹਾਸ ਆਖਦੇ ਹਨ ਤਾਂ ਇਸ ਗੱਲ ਦੀ ਮੈਨੂੰ ਬਿਲਕੁਲ ਸਮਝ ਨਹੀਂ ਲਗਦੀ। ਮੈਨੂੰ ਇੱਕ ਮਿੱਤਰ ਵਿਦਵਾਨ ਨੇ ਸਵਾਲ ਕੀਤਾ ਕਿ ਜੇ ਤੂੰ ਆਖਦਾ ਹੈਂ ਕਿ ਬੀ ਸੀ ਜਾਂ ਹਜ਼ਾਰਾਂ ਸਾਲਾਂ ਦਾ ਇਤਿਹਾਸ ਸਹੀ ਨਹੀਂ ਲਗਦਾ ਤਾਂ ਤੂੰ ਦੱਸ ਸਹੀ ਕੀ ਹੈ? ਮੈਂ ਜਵਾਬ ਦਿੱਤਾ ਕਿ ਮੈਨੂੰ ਝੂਠ ਬੋਲਣ ਦੀ ਕੀ ਲੋੜ ਹੈ ਮੇਰੀ ਕਿਹੜੀ ਵੇਲਣੇ 'ਚ ਬਾਂਹ ਆਈ ਹੈ ਕਿ ਝੂਠ ਬੋਲਾਂ। ਮੇਰੇ ਹਿਸਾਬ ਨਾਲ ਤਾਂ ਕਲੰਡਰ ਦਾ ਲਿਖਤੀ ਇਤਿਹਾਸ ਇੱਕ ਹਜ਼ਾਰ ਸਾਲ ਤੋਂ ਪੁਰਾਣਾ ਨਹੀਂ ਹੈ ਕਲੰਡਰ ਕੀ ਕੋਈ ਵੀ ਇਤਿਹਾਸ ਜਿਸ ਦੀਆਂ ਤਰੀਕਾਂ ਅਸੀਂ ਪਿਛਲੀਆਂ ਚਾਰ ਕੁ ਸਦੀਆਂ ਵਿਚ ਨਿਸ਼ਚਿਤ ਕੀਤੀਆਂ ਹਨ ਉਹ ਸਹੀ ਤਰੀਕਾਂ ਨਹੀਂ ਹਨ। ਇਸਦਾ ਮਤਲਬ ਇਹ ਨਹੀਂ ਕਿ ਸਾਨੂੰ ਪੁਰਾਤਨ ਵਿਦਵਤਾ ਨਾਲੋਂ ਰਿਸ਼ਤਾ ਤੋੜ ਲੈਣਾ ਚਾਹੀਦਾ, ਬਿਲਕੁਲ ਨਹੀਂ, ਗਿਆਨ ਇਤਿਹਾਸ ਹੈ ਜਾਂ ਮਿਥਹਾਸ- ਹੀਰਾ ਤਾਂ ਹੀਰਾ ਹੀ ਹੁੰਦਾ ਹੈ। ਪਰ ਇਤਿਹਾਸ ਦੀ ਸਾਰਥਿਕਤਾ ਦਾ ਕੋਈ ਸਬੂਤ ਤਾਂ ਹੋਣਾ ਚਾਹੀਦਾ। ਬਿਨਾ ਸਬੂਤ ਇਤਿਹਾਸ ਕਿਵੇਂ ਹੋ ਸਕਦਾ।

ਉਪਨਿਸ਼ਦਾਂ ਵਿਚ, ਰਮਾਇਣ ਅਤੇ ਮਹਾਂਭਾਰਤ ਵਿਚ ਰਾਜੇ ਨੂੰ ਪਰਮਾਤਮਾ ਦਾ ਹੀ ਰੂਪ ਲਿਖਿਆ ਹੈ। ਜੇ ਕਿਤੇ ਰੱਬ ਧਰਤੀ 'ਤੇ ਆਵੇ ਤਾਂ ਮਰਿਆਦਾ ਪਰਸ਼ੋਤਮ ਰਾਮ ਵਾਂਗ ਜੀਵਨ ਬਤੀਤ ਕਰੇ। ਸੱਚ ਤੇ ਝੂਠ ਦਾ ਯੁੱਧ ਕ੍ਰਿਸ਼ਨ ਭਗਵਾਨ ਦੇ ਰੂਪ ਵਿਚ ਆ ਕੇ ਰਾਮ ਦੀ ਲੀਲ੍ਹਾ ਹੈ। ਭਾਰਤੀ ਅੰਜੀਲਾਂ ਵਿਚ ਸਤਿਯੁਗ, ਦੁਆਪਰ, ਤ੍ਰੇਤਾ ਅਤੇ ਕਲਯੁਗ ਦਾ ਜ਼ਿਕਰ ਆਉਂਦਾ ਹੈ। ਯੁਗ ਕਲੰਡਰ ਨਹੀਂ ਹੁੰਦੇ, ਭਾਵ ਉਪਨਿਸ਼ਦਾਂ ਦੇ ਰਾਜੇ ਦੇ ਰੂਪ ਵਿਚ ਰਾਮ ਦਾ ਧਰਤੀ 'ਤੇ ਆਉਣਾ ਸਮੇਂ ਦੀ ਸੀਮਾਂ ਵਿਚ ਨਹੀਂ ਹੈ। ਅਸੀਮ ਪਰਮ ਪੁਰਖ ਦੀ ਗੱਲ ਸੀਮਾਂਬੱਧ ਹੋ ਵੀ ਨਹੀਂ ਸਕਦੀ ਲੇਕਿਨ ਰਾਜੇ ਅਲਗਜ਼ੈਂਡਰ, ਪਲੈਟੋ ਅਰਸਤੂ, ਸੁਕਰਾਤ ਜਾਂ ਜੀਸਸ ਕਰਾਈਸਟ ਦੀਆਂ ਜਨਮਕੁੰਡਲੀਆਂ ਬਣਾਉਣ ਵਾਲੇ ਕਲੰਡਰਾਂ ਦੀ ਉਮਰ ਕਈ ਹਜ਼ਾਰ ਸਾਲ ਗਿਣੀਂ ਫਿਰਦੇ ਹਨ। ਮੇਰੇ ਮਨ ਨੂੰ ਤਾਂ ਨਹੀਂ ਲਗਦੀ ਇਹ ਗੱਲ। ਇਸਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਸਾਰਿਆਂ ਮਹਾਂਪੁਰਖਾਂ ਦੀ ਗੱਲ ਗਲਤ ਹੈ, ਮੇਰੇ ਹਿਸਾਬ ਨਾਲ ਇਸਨੂੰ ਇਤਿਹਾਸ ਕਹਿਣਾ ਸਹੀ ਨਹੀਂ ਲਗਦਾ। ਦੁਨੀਆਂ ਭਰ ਵਿਚ ਮਾਨਤਾ ਪ੍ਰਾਪਤ ਜੌਰਜੀਅਨ ਕਲੰਡਰ ਅਨੁਸਾਰ ਬੀ ਸੀ ਦਾ ਅੰਤ ਕਰਾਈਸਟ ਦੇ ਜਨਮ ਨਾਲ ਹੋ ਜਾਂਦਾ ਹੈ। ਹਜ਼ਾਰਾਂ ਸਾਲਾਂ ਦੀ ਗੱਲ ਕਰਨ ਵਾਲਾ ਕਲੰਡਰ 1873 ਵਿਚ ਜਪਾਨ 'ਚ ਲਾਗੂ ਹੋਇਆ, ਇਜਪਟ ਵਿਚ 1875 ਵਿਚ, ਰਸ਼ੀਆ ਵਿਚ 1918 ਵਿਚ, ਗ੍ਰੀਸ ਵਿਚ 1924, ਟਰਕੀ ਵਿਚ 1926 ਅਤੇ ਚੀਨ ਵਿਚ 1949 ਵਿਚ ਲਾਗੂ ਹੋ ਗਿਆ।

ਅੱਜ ਕਿਸੇ ਦੇਸ਼ ਦਾ ਵੀ ਜੌਰਜੀਅਨ ਕਲੰਡਰ ਬਿਨਾ ਭਾਵੇਂ ਨਹੀਂ ਸਰ ਸਕਦਾ ਪਰ ਇੱਕ ਗੱਲ ਸਪਸ਼ਟ ਹੈ ਕਿ ਇਸ ਕਲੰਡਰ ਬਾਰੇ ਸੋਹਲਵੀਂ ਸਦੀ ਤੋਂ ਪਹਿਲਾਂ ਕੋਈ ਨਾਮੋ ਨਿਸ਼ਾਨ ਨਹੀਂ ਸੀ। ਜੋ ਕਲੰਡਰ ਸੋਹਲਵੀਂ ਸਦੀ ਵਿਚ ਬਣਨਾ ਸ਼ੁਰੂ ਹੁੰਦਾ ਹੈ ਤੇ 18 ਵੀਂ ਸਦੀ ਵਿਚ ਜਾ ਕੇ ਮਾਨਤਾ ਪ੍ਰਾਪਤ ਕਰਦਾ ਹੈ, 20ਵੀਂ ਸਦੀ ਵਿਚ ਵੀ ਜਿਸ ਕਲੰਡਰ ਵਿਚ ਸੁਧਾਰ ਕਰਨ ਦੀ ਨੌਬਤ ਆਉਂਦੀ ਹੈ ਉਹ ਕਲੰਡਰ ਹਜ਼ਾਰਾਂ ਸਾਲ ਪਹਿਲਾਂ ਦੀਆਂ




ਜਦ ਗੱਲਾਂ ਕਰਦਾ ਹੈ ਤੇ ਆਪਣੀ ਕਹਾਣੀ ਨੂੰ ਇਤਿਹਾਸਕ ਕਹਿਣ ਦੀ ਜ਼ਿਦ ਕਰਦਾ ਹੈ ਤਾਂ ਹੋਰ ਕੋਈ ਮੰਨੀਂ ਜਾਵੇ, ਮੇਰੇ ਹਿਸਾਬ ਕਿਤਾਬ ਨਾਲ ਇਤਿਹਾਸ ਨਹੀਂ ਹੈ।

ਸਾਲਾਂ ਦੀ ਗਿਣਤੀ ਜੌਰਜੀਅਨ ਕਲੰਡਰ ਦੇ 1000ਵੇਂ ਸਾਲ ਤੋਂ ਜੋ ਵੀ ਪਹਿਲਾਂ ਕਰਨ ਦਾ ਯਤਨ ਕਰਦਾ ਹੈ ਉਹ ਮੇਰੀ ਸਮਝ ਤੋਂ ਤਾਂ ਬਾਹਰ ਹੈ। ਸੰਨ 1000 ਤੋਂ ਪਹਿਲਾਂ ਦਾ ਸਾਰਾ ਸਮਾਂ ਸਾਰੇ ਸਾਲ ਮੈਨੂੰ ਤਾਂ ਸਿਫਰ ਸਾਲ ਜ਼ੀਰੋ ਜੀਅਰ ਲਗਦਾ ਹੈ। ਪਹਿਲੀਆਂ ਦਸ ਸਦੀਆਂ ਕਿਸਨੇ, ਕਦੋਂ ਅਤੇ ਕਾਹਤੋਂ ਲਿਖ ਮਾਰੀਆਂ ਸਮਝ ਨਹੀਂ ਆਉਂਦੀ। ਜੇ ਭਲਾ ਪਹਿਲੀਆਂ ਦਸ ਸਦੀਆਂ ਅਤੇ ਉਸਤੋਂ ਪਹਿਲਾਂ ਦੀਆਂ ਸਾਰੀਆਂ ਤਿਥੀਆਂ ਮਿਤੀਆਂ ਨੂੰ ਮਿਥਹਾਸ ਆਖੀਏ ਤਾਂ ਕਿੰਨਾ ਕੁ ਨੁਕਸਾਨ ਹੈ। ਝੂਠ ਬੋਲਣ ਦਾ ਕੋਈ ਕਾਰਨ ਤਾਂ ਹੋਣਾ ਚਾਹੀਦਾ ਹੈ ਨਾ, ਬਿਨਾ ਵਜ੍ਹਾ ਤਾਣੀ ਉਲਝਾ ਦੇਣਾ ਤਾਂ ਕਿਸੇ ਦੇ ਕੰਮ ਵੀ ਨਹੀਂ ਆ ਸਕਦਾ। ਮਿਥਿਹਾਸਕ ਗੱਲ ਵੀ ਤਾਂ ਸਤਿਕਾਰਯੋਗ, ਪੂਜਣਯੋਗ ਹੋ ਸਕਦੀ ਹੈ ਤਾਂ ਫਿਰ ਕਲੰਡਰ ਦੀ ਕੈਦ ਕਿਉਂ?

ਪੱਛਮੀਂ ਸੱਭਿਅਤਾ ਵਿਚ ਸਭ ਤੋਂ ਪਹਿਲਾ ਕਲੰਡਰ ਬਣਾਉਣ ਦਾ ਅਧੂਰਾ ਯਤਨ ਜਰਮਨ ਦੇ ਜੌਹਨ ਗੁਟਨਬਰਗ ਨੇ 1469 ਵਿਚ ਕੀਤਾ। ਚੀਨੀ ਕਲੰਡਰ, ਭਾਰਤੀ ਕਲੰਡਰ ਅਤੇ ਇਸਲਾਮਿਕ ਕਲੰਡਰ ਭਾਵੇਂ ਬਹੁਤ ਪਹਿਲਾਂ ਤੋਂ ਚਰਚਾ ਵਿਚ ਸਨ ਪਰ ਕਿਸੇ ਵੀ ਕਲੰਡਰ ਦੀਆਂ ਤਰੀਕਾਂ ਸੰਨ 1000 ਤੋਂ ਪਹਿਲਾਂ ਦੀਆਂ ਲਿਖੀਆਂ ਨਹੀਂ ਮਿਲਦੀਆਂ। ਚੀਨੀ ਅਤੇ ਭਾਰਤੀ ਕਲੰਡਰ ਧਾਰਮਿਕ ਨਜ਼ਰੀਏ ਨਾਲ ਬਣਾਏ ਗਏ ਸਨ। ਜੀਵਨ ਸੇਧ ਵਾਸਤੇ, ਹੁਕਮ ਵਿਚ ਰਹਿਣ ਵਾਸਤੇ, ਇਨਸਾਨੀਅਤ ਸਿੱਖਣ ਵਾਸਤੇ, ਰੱਬ ਦੀ ਰਜ਼ਾ ਵਿਚ ਰਹਿਣਾ ਸਿਖਾਉਣ ਵਾਲੇ ਸਿਧਾਂਤ ਸਨ। ਰੱਬ ਦੀ ਰਜ਼ਾ ਵਿਚ ਰਹਿਣ ਲਈ ਕਿਸੇ ਖਾਸ ਤਰੀਕ ਦੀ ਲੋੜ ਹੀ ਨਹੀਂ ਸੀ। ਤੀਸਰਾ ਮੁਢਲਾ ਕਲੰਡਰ ਇਸਲਾਮਿਕ ਹੈ ਜੋ ਕਿ ਰੱਬੀ ਹੁਕਮ ਮੰਨਣ ਦਾ ਹਦਾਇਤਨਾਵਾਂ ਹੈ। ਕ੍ਰਿਸ਼ਚੀਅਨ ਕਲੰਡਰ ਵੀ ਤਾਂ ਧਾਰਮਿਕ ਨਜ਼ਰੀਏ ਨਾਲ ਹੀ ਹੋਂਦ ਵਿਚ ਆਇਆ ਪਰ ਇਤਿਹਾਸਕ ਤਰੀਕਾਂ ਲਿਖ ਕੇ ਲੋਕਾਂ ਨੂੰ ਉਲਝਾ ਦਿੱਤਾ। ਭਗਵਾਨ ਕ੍ਰਿਸ਼ਨ ਦਾ ਕਿਰਦਾਰ ਭਾਵੇਂ ਕਿੰਨਾ ਵੀ ਪੂਜਨੀਕ ਹੈ ਸੀ ਪਰ ਜਦੋਂ ਸਿਕੰਦਰ ਦੇ ਨਾਮ ਨਾਲ 326 ਬੀ ਸੀ ਲਾ ਕੇ ਭਗਵਾਨ ਕ੍ਰਿਸ਼ਨ ਦੀ ਕਰਮ ਭੂਮੀ, ਧਰਮ ਭੂਮੀ ਨੂੰ ਸਰ ਕਰਨ ਲਈ ਸਿਕੰਦਰ ਜਾਂਦਾ ਤਰੀਕਾਂ ਅਨੁਸਾਰ ਦਿਸਦਾ ਹੈ ਤਾਂ ਕਹਾਣੀ ਇਤਿਹਾਸਕ ਲਗਦੀ ਹੈ। ਭਾਰਤੀ ਗ੍ਰੰਥਾਂ ਉਪਨਿਸ਼ਦਾਂ, ਅੰਜੀਲਾਂ ਦੇ ਦਰਸ਼ਨ ਕਰਕੇ, ਸਮਝਦਾਰੀ ਨਾਲ ਪਾਤਰ ਚਿਤਰਨ ਬਦਲ ਕੇ, ਨਵੇਂ ਨਾਮਕਰਣ ਕਰਕੇ, ਸੰਨ ਸੰਮਤ ਦੇ ਫਰੇਮ ਵਿਚ ਜੜ ਕੇ ਐਸਾ ਪੇਸ਼ ਕੀਤਾ ਕਿ ਹੁਣ ਤਾਂ ਇਹ ਵੀ ਪਤਾ ਕਰਨਾ ਔਖਾ ਹੋ ਗਿਆ ਕਿ ਸੱਚ ਕੀ ਹੈ ਤੇ ਮਨਘੜਤ ਕੀ ਹੈ। ਜੇ ਇਹ ਗੱਲ ਕਰਨੀ ਗੁਨਾਹ ਹੈ ਤਾਂ ਮੈਨੂੰ ਕੋਈ ਐਸੀ ਸਜ਼ਾ ਦਿਓ ਕਿ ਲੋਕੀ ਤ੍ਰਭਕ ਕੇ ਜਾਗ ਪੈਣ।

# ਵਿਆਨਾ ਕਾਂਡ:ਸਮੱਸਿਆ ਦੀ ਜੜ੍ਹ ਤਕ ਪਹੁੰਚੋ

**ਬਲਜੀਤ ਸਿੰਘ ਖ਼ਾਲਸਾ**

ਆਸਟਰੀਆ ਦੀ ਰਾਜਧਾਨੀ ਵਿਆਨਾ ਵਿਚ ਗੋ.ਲੀਆਂ ਚੱਲਣ ਦੀ ਜਿਹੜੀ ਅਵਾਜ਼ ਪੂਰੀ ਦੁਨੀਆ ਵਿਚ ਸੁਣੀ ਗਈ ਹੈ, ਉਹ ਇੱਕ ਗੰਭੀਰ ਮਸਲੇ ਦਾ ਸੰਕੇਤ ਸੀ, ਪਰ ਇਹ ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਦਾ ਹਰ ਲੀਡਰ, ਹਰ ਸੰਸਥਾ, ਹਰ ਜਥੇਬੰਦੀ ਤੇ ਸਮੁੱਚਾ ਮੀਡੀਆ, ਸਾਰੇ ਹੀ ਇਸ ਮਸਲੇ ਦਾ ਤਾਪਮਾਨ ਇਸ ਘਟਨਾ ਪਿੱਛੋਂ ਪੰਜਾਬ ਅੰਦਰ ਹੋਈ ਹੁੱਲੜਬਾਜ਼ੀ ਦੌਰਾਨ ਲੱਗੀਆਂ ਅੱਗਾਂ 'ਚੋਂ ਹੀ ਮਾਪਦੇ ਰਹੇ, ਅਸਲ ਮਸਲੇ ਦੀ ਤਹਿ ਤਕ ਜਾਣ ਦਾ ਯਤਨ ਕਿਸੇ ਵਿਰਲੇ ਨੇ ਹੀ ਕੀਤਾ। ਇੱਥੋਂ ਤਕ ਕਿ ਸਿੱਖ ਪੰਥ ਦੀ ਜੁਝਾਰੂ-ਧਾਰਾ ਅਖਵਾਉਂਦੀਆਂ ਕਈ ਲਹਿਰਾਂ ਵੀ ਦਿਸ਼ਾਹੀਨ ਹੋ ਕੇ ਭਟਕਦੀਆਂ ਦਿਸੀਆਂ। ਕੁਝ ਮਨੁੱਖੀ ਸਰੀਰਾਂ 'ਤੇ ਹੋਏ ਜ਼ਖ਼ਮਾਂ ਨੂੰ ਮੁੱਦਾ ਬਣਾ ਕੇ ਹਜ਼ਾਰਾਂ ਸ਼ਰਧਾਵਾਨ ਸਿੱਖਾਂ ਦੇ ਹਿਰਦਿਆਂ ਤੇ ਲੱਗਣ ਵਾ.ਲੇ ਜ਼ਖ਼ਮਾਂ ਵੱਲ ਧਿਆਨ ਦੇਣਾ ਜ਼ਰੂਰੀ ਹੀ ਨਾ ਸਮਝਿਆ ਗਿਆ।

ਇੱਕ ਗੁਰਸਿੱਖ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾ.ਲ ਕੀ ਰਿਸ਼ਤਾ ਹੈ, ਇਸ ਨੂੰ ਸ਼ਾਇਦ ਅਜੇ ਤਕ ਦੁਨੀਆ ਸਮਝ ਨਹੀਂ ਸਕੀ, ਪਰ ਇਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਨਾਸਮਝੀ ਵਿਚੋਂ ਹੀ ਕਈ ਵਾਰ ਮਸਲੇ ਪੈਦਾ ਹੁੰਦੇ ਹਨ ਤੇ ਫਿਰ ਖ਼ਤਰਨਾਕ ਹੁੰਦੇ ਜਾਂਦੇ ਹਨ।

ਧਰਤੀ ਦੇ ਇਸ ਖ਼ਿੱਤੇ 'ਤੇ ਬ੍ਰਾਹਮਣਵਾਦੀ ਵਰਣ-ਵੰਡ, ਵਹਿਮਾਂ-ਭਰਮਾਂ ਤੇ ਲੁੱਟ-ਖਸੁੱਟ ਦੀ ਮੱਸਿਆ ਵਰਗੇ ਹਨੇਰੇ ਵਿਚ ਜਦੋਂ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਇਲਾਹੀ ਰੌਸ਼ਨੀ ਪ੍ਰਗਟ ਹੋਈ, ਉਨ੍ਹਾਂ ਦਾ ਮਨੁੱਖੀ ਰੂਪ 'ਚ ਸਫ਼ਰ ਅਰੰਭ ਹੋਇਆ ਤਾਂ ਉਨ੍ਹਾਂ ਦੇ ਹਰ ਇੱਕ ਕਦਮ ਦੇ ਨਾ.ਲ ਬਹੁਤ ਕੁਝ ਨਵਾਂ ਸਿਰਜਿਆ ਜਾ ਰਿਹਾ ਸੀ। ਦੋ ਹਕੀਕਤਾਂ ਤਾਂ ਖ਼ਾਸ ਸਨ, ਇੱਕ ਪਾਸੇ ਸਿਰਜੀ ਜਾ ਰਹੀ ਸੀ ਉਨ੍ਹਾਂ ਦੀ ਇਨਕਲਾਬੀ ਵਿਚਾਰਧਾਰਾ (ਸ਼ਬਦ ਰੂਪ ਵਿਚ) ਅਤੇ ਦੂਜਾ ਇਸ ਵਿਚਾਰਧਾਰਾ ਦੀ ਸੇਧ ਵਿਚ ਖੰਡੇ ਦੀ ਧਾਰ ਵਰਗੇ ਮਾਰਗ 'ਤੇ ਚੱਲ ਰਹੇ ਕਦਮਾਂ ਨਾ.ਲ ਸਿਰਜਿਆ ਜਾ ਰਿਹਾ ਸੀ ਇਤਿਹਾਸ। ਇਤਿਹਾਸ ਸਿਰਜਣ ਦੇ ਲਈ ਉਨ੍ਹਾਂ ਦੇ ਕਦਮਾਂ ਨਾ.ਲ ਹੋਰ ਕਦਮਾਂ ਦਾ ਵੱਡਾ ਕਾਫ਼ਲਾ ਸੀ। ਇਸ ਕਾਫ਼ਲੇ ਨੇ ਹੀ ਅਖੀਰ 'ਗੁਰੂ ਪੰਥ' ਦਾ ਰੁਤਬਾ ਪਾਇਆ ਤੇ ਗੁਰੂ ਦੀ ਵਿਚਾਰਧਾਰਾ ਨੇ 'ਗੁਰੂ ਗ੍ਰੰਥ' ਦਾ। 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦਾ ਅਸਲੀ ਰਿਸ਼ਤਾ 'ਆਤਮਾ' ਤੇ 'ਸਰੀਰ' ਵਾ.ਲਾ ਹੈ, ਇਸ ਨੂੰ ਨਾ ਸਮਝ ਕੇ ਜਦੋਂ ਕੋਈ 'ਗੁਰੂ ਪੰਥ' ਵਾ.ਲੀ ਅਵਸਥਾ ਤਕ ਅੱਪੜੇ ਬਿਨਾਂ ਜਾਂ ਉਸ ਜ਼ਾਬਤੇ ਵਿਚ ਆਏ ਬਿਨਾਂ 'ਗੁਰੂ ਗ੍ਰੰਥ ਸਾਹਿਬ' 'ਤੇ ਆਪਣਾ ਹੱਕ ਜਤਾਉਂਦਾ ਹੈ ਤੇ ਗੁਰੂ ਪੰਥ ਦੀ ਮਰਯਾਦਾ ਦੀ ਉ.ਲੰਘਣਾ ਕਰਦਾ ਹੈ ਤਾਂ ਓਥੇ ਹੀ ਸਮੱਸਿਆ ਪੈਦਾ ਹੁੰਦੀ ਹੈ। ਆਸਟਰੀਆ ਵਿਚ ਚੱਲੀਆਂ ਗੋ.ਲੀਆਂ ਪਿੱਛੇ ਮੁੱਖ ਸਮੱਸਿਆ ਇਹੀ ਜਾਪਦੀ ਹੈ।

ਸਿੱਖ ਗੁਰੂ ਸਾਹਿਬਾਨ ਦਾ ਉਪਦੇਸ਼ ਭਾਵੇਂ ਸਾਰੀ ਮਨੁੱਖਤਾ ਦੇ ਲਈ ਹੀ ਹੈ, ਪਰ ਗੁਰੂ ਗ੍ਰੰਥ ਸਾਹਿਬ ਦੀ ਗੋਦ ਵਿਚ ਬੈਠ ਕੇ ਇਸ ਉਪਦੇਸ਼ ਨੂੰ ਅਗਾਂਹ ਵੰਡਣ ਦਾ ਅਧਿਕਾਰੀ ਓਹੀ ਹੈ ਜੋ ਪਹਿਲਾਂ ਆਪ ਗੁਰੂ ਦੀ ਗੱਲ ਪੂਰੀ ਤਰ੍ਹਾਂ ਮੰਨ ਲੈਣ ਦਾ ਦਾਅਵਾ ਕਰਨ ਦੇ ਸਮਰੱਥ ਹੋ ਜਾਵੇ, ਅਜਿਹਾ ਦਾਅਵਾ ਗੁਰੂ ਮਰਯਾਦਾ ਨੂੰ ਮੰਨਣ ਦਾ ਪਾਬੰਦ ਅੰਮ੍ਰਿਤਧਾਰੀ ਖ਼ਾਲਸਾ ਹੀ ਕਰ ਸਕਦਾ ਹੈ। 'ਗੁਰੂ ਪੰਥ' ਦਾ 'ਗੁਰੂ ਗ੍ਰੰਥ' ਨਾ.ਲ ਇੱਕ ਜ਼ਾਬਤਾਬੱਧ ਸੰਬੰਧ ਹੈ। ਇੱਕ ਸਿੱਖ ਦਾ ਵੀ ਭਾਵੇਂ ਗੁਰੂ ਗ੍ਰੰਥ ਸਾਹਿਬ ਨਾ.ਲ ਸਿੱਧਾ ਸੰਬੰਧ ਹੈ, ਪਰ ਇਹ ਸਪਸ਼ਟ ਹੈ ਕਿ ਇੱਕ ਸਿੱਖ ਗੁਰੂ ਗ੍ਰੰਥ ਸਾਹਿਬ ਨਾ.ਲ ਆਪਣੇ ਸੰਪਰਕ ਦੌਰਾਨ ਮਰਯਾਦਾ ਦੀ ਉਕਾਈ ਕਰ ਸਕਦਾ ਹੈ, ਪਰ ਗੁਰੂ-ਪੰਥ ਇਸ ਦੌਰਾਨ ਮਰਯਾਦਾ ਦੀ ਕੋਈ ਉਕਾਈ ਨਹੀਂ ਕਰਦਾ ਤੇ ਨਾ ਹੀ ਕਿਸੇ ਨੂੰ ਅਜਿਹਾ ਕਰਨ ਦਿੰਦਾ ਹੈ। ਗੁਰੂ ਗ੍ਰੰਥ ਦੇ ਇਹ ਜਥੇਬੰਦਕ ਫ਼ਰਜ਼ ਕਈ ਵਾਰ ਕੋਈ ਇੱਕ ਗੁਰਸਿੱਖ ਪਿਆਰਾ ਵੀ ਆਪਣੇ ਸਿਰ 'ਤੇ ਚੁੱਕ ਲੈਂਦਾ ਹੈ, ਉਸ ਹਾਲਤ ਵਿਚ ਗੁਰੂ ਪੰਥ ਦਾ ਸਹਿਯੋਗ ਉਸ ਗੁਰਸਿੱਖ ਦੇ ਨਾ.ਲ ਹੁੰਦਾ ਹੈ। ਆਸਟਰੀਆ ਵਿਚਲੇ ਕੁਝ ਪੰਥ ਪਿਆਰਿਆਂ ਦਾ ਦਾਅਵਾ ਹੈ ਕਿ ਕੁਝ ਨੌਜਵਾਨਾਂ ਨੇ ਇਸ ਪੰਥਕ ਫ਼ਰਜ਼ ਨੂੰ ਹੀ ਨਿਭਾਇਆ ਹੈ ਤੇ ਉਹ ਗੁਰੂ ਪੰਥ ਦਾ ਭਾਵਨਾਤਮਕ ਹੁੰਗਾਰਾ ਉਡੀਕ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਭਗਤ ਰਵਿਦਾਸ ਸਮੇਤ ਹੋਰ ਅਜਿਹੇ ਮਹਾਂਪੁਰਖਾਂ ਦੀ ਬਾਣੀ ਨੂੰ ਸ਼ਾਮਲ ਕਰਨ (ਜਿਨ੍ਹਾਂ ਨੂੰ ਬ੍ਰਾਹਮਣੀ ਪ੍ਰਭਾਵ ਵਾ.ਲਾ ਸਮਾਜ 'ਨੀਵੀਂ ਜਾਤ ਵਾ.ਲੇ' ਮੰਨਦਾ ਸੀ) ਦਾ ਮੰਤਵ ਇਹ ਖੁੱਲ੍ਹਮ-ਖੁੱਲ੍ਹਾ ਐਲਾਨ ਕਰਨਾ ਅਤੇ ਸੱਦਾ ਦੇਣਾ ਸੀ ਕਿ ਇਹ 'ਤੀਸਰ ਪੰਥ' ਮਨੂੰ ਬ੍ਰਾਹਮਣ ਦੀ ਬਣਾਈ 'ਊਚ-ਨੀਚ' ਨੂੰ ਨਹੀਂ ਮੰਨਦਾ, ਤੇ ਹਿੰਦੂ ਸਮਾਜ ਵਿਚ 'ਨੀਚ' ਕਹਿ ਕੇ ਦੁਰਕਾਰੇ ਜਾ ਰਹੇ ਲੋਕ ਇਸ ਤੀਸਰ ਪੰਥ ਵਿਚ ਸ਼ਾਮਲ ਹੋ ਕੇ ਉਸ ਜ਼ਲਾਲਤ 'ਚੋਂ ਛੁਟਕਾਰਾ ਪਾ ਸਕਦੇ ਹਨ। ਇਸ ਸੱਦੇ ਅਨੁਸਾਰ ਬਹੁਤ ਨੀਚ ਕਹੇ ਜਾਣ ਵਾ.ਲੇ ਲੋਕਾਂ ਨੇ ਸਿੱਖ ਪੰਥ 'ਚ ਆ ਕੇ ਬ੍ਰਾਹਮਣੀ ਜ਼ਲਾਲਤ ਤੋਂ ਛੁਟਕਾਰਾ ਪਾਇਆ ਸੀ। ਪਰ ਕਿਸੇ ਕਾਰਨ ਜਿਹੜੇ ਅਜਿਹੇ ਵੀਰ ਓਦੋਂ ਇਸ ਖੰਡੇਧਾਰ ਮਾਰਗ 'ਤੇ ਨਾ ਤੁਰ ਸਕੇ ਤੇ ਜਿਹੜੇ ਅੱਜ ਵੀ ਇਸ 'ਤੀਸਰ ਪੰਥ' ਦੇ ਮਰਯਾਦਾਬੱਧ ਜ਼ਾਬਤੇ ਵਿਚ ਨਹੀਂ ਆ ਸਕੇ, ਉਹ ਜਦੋਂ ਗੁਰਸਿੱਖੀ ਨੂੰ ਸੰਪੂਰਨ ਰੂਪ ਵਿਚ ਅਪਣਾਏ ਬਿਨਾਂ ਗੁਰੂ ਗ੍ਰੰਥ ਸਾਹਿਬ ਵਿਚਲੀ ਪਾਵਨ ਰੂਹਾਨੀਅਤ ਦੇ ਪ੍ਰਚਾਰਕ ਬਣਨ ਲਈ ਆਪਣੇ ਅਸਥਾਨਾਂ 'ਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ ਤਾਂ ਮਰਯਾਦਾ ਦੇ ਮਾਮਲੇ 'ਚ ਮੱਤਭੇਦ ਪੈਦਾ ਹੋ ਜਾਣੇ ਐਨ ਕੁਦਰਤੀ ਹਨ। ਜਿੱਥੋਂ ਤਕ ਰਵਿਦਾਸੀਆ ਭਾਈਚਾਰਾ ਅਖਵਾਉਣ ਵਾ.ਲੇ ਲੋਕਾਂ ਦਾ ਸਵਾਲ ਹੈ, ਇਨ੍ਹਾਂ ਦੇ ਪੰਜਾਬ ਅੰਦਰਲੇ ਧਰਮ ਅਸਥਾਨਾਂ ਦਾ ਰੂਪ ਠਾਕਰ ਦੁਆਰਾ (ਮੰਦਰ) ਵਰਗਾ ਹੁੰਦਾ ਹੈ ਅਤੇ ਨਾ.ਲ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ, ਸਮੱਸਿਆ



ਇੱਥੋਂ ਹੀ ਪੈਦਾ ਹੁੰਦੀ ਹੈ। ਕੁਝ ਸਮਾਂ ਪਹਿਲਾਂ ਲੁਧਿਆਣੇ ਦੇ ਦੋ ਅਜਿਹੇ ਹੀ ਧਰਮ ਅਸਥਾਨਾਂ 'ਚ ਮਰਯਾਦਾ ਕਾਰਨ ਵਿਵਾਦ ਪੈਦਾ ਹੋਇਆ ਸੀ।

ਪਿੱਛੇ ਜਿਹੇ ਲੁਧਿਆਣੇ ਦੀ ਜੋਧੇਵਾਲ ਬਸਤੀ ਵਿਚ ਭਗਤ ਰਵਿਦਾਸ ਜੀ ਦੇ ਨਾਂ ਹੇਠ ਬਣੇ ਗੁਰਦੁਆਰੇ, ਜਿਸ ਦਾ ਪ੍ਰਬੰਧ ਰਵਿਦਾਸੀਆ ਅਖਵਾਉਣ ਵਾ.ਲੀ ਬਰਾਦਰੀ ਦੇ ਹੱਥ ਸੀ, ਦੇ ਅੰਦਰ ਮਰਯਾਦਾ ਦੇ ਮਾਮਲੇ ਨੇ ਕੁਝ ਪੰਥ ਦਰਦੀ ਸਿੱਖਾਂ ਨੂੰ ਝੰਜੋੜ ਦਿੱਤਾ ਸੀ। ਜਦੋਂ ਕੁਝ ਅੰਮ੍ਰਿਤਧਾਰੀ ਸਿੱਖਾਂ ਨੇ ਉਸ ਥਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੱਖ ਮਰਯਾਦਾ ਦੇ ਉ.ਲਟ ਕਾਰਵਾਈਆਂ ਬੰਦ ਕਰਵਾਉਣ ਦਾ ਯਤਨ ਕੀਤਾ ਤਾਂ ਇਸ ਨੂੰ ਇੱਕ ਧਰਮ ਅਸਥਾਨ ਤੇ ਹਮਲੇ ਦਾ ਨਾਂ ਦੇ ਦਿੱਤਾ ਗਿਆ।

ਲੁਧਿਆਣੇ ਵਿਚ ਹੀ ਰਵਿਦਾਸੀਆ ਬਰਾਦਰੀ ਨਾ.ਲ ਸਬੰਧਿਤ ਇੱਕ ਹੋਰ ਗੁਰਦੁਆਰਾ ਸਾਹਿਬ ਦਾ ਮਸਲਾ ਤੂਲ ਫੜ ਗਿਆ ਸੀ, ਜਿੱਥੇ ਦੇਗ ਦੀ ਸੇਵਾ ਕਰਨ ਵਾਲਾ ਸ਼ਖ਼ਸ ਤੰਬਾਕੂ ਪੀਂਦਾ ਸੀ ਤੇ ਸੰਗਤਾਂ ਦੇ ਇਤਰਾਜ਼ 'ਤੇ ਵੀ ਉਸ ਦੀ ਡਿਊਟੀ ਬਦਲੀ ਨਹੀਂ ਗਈ। ਇਸ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨੰਗੇ ਸਿਰ ਜਾਣ ਵਾ.ਲਿਆਂ ਨੂੰ ਜੇਕਰ ਟੋਕਿਆ ਜਾਂਦਾ ਹੈ ਤਾਂ ਉਹ ਅੱਗੋਂ ਓਥੇ ਲੱਗੀ ਭਗਤ ਰਵਿਦਾਸ ਦੀ ਫੋਟੋ ਵੱਲ ਇਸ਼ਾਰਾ ਕਰਦਿਆਂ ਕਹਿ ਦਿੰਦੇ, "ਭਗਤ ਰਵਿਦਾਸ ਜੀ ਵੀ ਤਾਂ ਨੰਗੇ ਸਿਰ ਹੀ ਬੈਠੇ ਨੇ....।"

ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਹਮੇਸ਼ਾਂ ਹੀ ਇਲਜ਼ਾਮ ਇਹ ਲਾਇਆ ਜਾਂਦਾ ਹੈ ਕਿ ਦਲਿਤਾਂ ਨੂੰ ਸਹੀ ਪ੍ਰਤੀਨਿਧਤਾ ਨਾ ਦੇ ਕੇ ਉਨ੍ਹਾਂ ਨੂੰ ਵੱਖਰਾ ਗੁਰਦੁਆਰਾ ਉਸਾਰਨ ਲਈ ਮਜਬੂਰ ਕੀਤਾ ਜਾਂਦਾ ਹੈ, ਪਰ ਲੁਧਿਆਣੇ ਦਾ ਉਕਤ ਗੁਰਦੁਆਰਾ ਹੀ ਇਲਾਕੇ ਦਾ ਸਾਂਝਾ ਗੁਰਦੁਆਰਾ ਹੈ, ਜਿੱਥੇ ਕਹੇ ਜਾਂਦੇ ਉੱਚ ਜਾਤੀ ਸਿੱਖ ਵੀ ਆਪਣੇ ਸਾਰੇ ਪ੍ਰੋਗਰਾਮ ਕਰਦੇ ਹਨ, ਪਰ ਹੁਣ ਮਰਯਾਦਾ ਦੇ ਮਾਮਲੇ 'ਤੇ ਦੁਖੀ ਹੋ ਕੇ ਇਲਾਕੇ ਦੇ ਅੰਮ੍ਰਿਤਧਾਰੀ ਸਿੰਘ, ਜਿਨ੍ਹਾਂ ਵਿਚ ਕਹੇ ਜਾਂਦੇ ਦਲਿਤ ਵੀ ਸ਼ਾਮਲ ਹਨ, ਵੱਖਰਾ ਗੁਰਦੁਆਰਾ ਉਸਾਰਨ ਦੀ ਸੋਚ ਰਹੇ ਹਨ।

ਇਸ ਤੋਂ ਇਲਾਵਾ ਜਲੰਧਰ ਦੇ ਤੱਲ੍ਹਣ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਲੈ ਕੇ ਸਾਲ 2003 ਵਿਚ ਇੱਕ ਫਸਾਦ ਵੀ ਹੋਇਆ ਸੀ, ਜਦੋਂ ਦਲਿਤ ਅਖਵਾਉਣ ਵਾ.ਲੇ ਗ਼ੈਰ ਸਿੱਖ ਗੁਰਦੁਆਰਾ, ਗੁਰਦੁਆਰਾ ਸ਼ਹੀਦਾਂ ਤੱਲ੍ਹਣ (ਜ਼ਿਲ੍ਹਾ ਜਲੰਧਰ) ਦੇ ਪ੍ਰਬੰਧ 'ਚ ਹਿੱਸੇਦਾਰੀ ਲਈ ਅੜ ਖਲੋਤੇ ਸਨ।

ਦਲਿਤ ਵੀਰ ਪਿੰਡ ਤੱਲ੍ਹਣ ਵਿਚ ਇਸ ਜ਼ਿਦ 'ਤੇ ਅੜੇ ਰਹੇ ਕਿ ਅਸੀਂ ਬਿਨਾਂ ਕੇਸ ਰੱਖੇ, ਬਿਨਾਂ ਅੰਮ੍ਰਿਤਧਾਰੀ ਹੋਏ ਅਤੇ ਬਿਨਾਂ ਗੁਰਮਤਿ ਤੇ ਰਹਿਤ ਮਰਯਾਦਾ ਪ੍ਰਤੀ ਵਚਨਬੱਧ ਹੋਏ ਗੁਰਦੁਆਰਾ ਸ਼ਹੀਦਾਂ ਦੀ ਪ੍ਰਬੰਧਕ ਕਮੇਟੀ ਵਿਚ ਮੈਂਬਰਸ਼ਿਪ ਲੈਣੀ ਹੈ ਤੇ ਹਰ ਹਾਲਤ ਵਿਚ ਲੈਣੀ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਇਹ ਸਿਧਾਂਤਕ ਦਲੀਲ ਵਾਰ-ਵਾਰ ਦੁਹਰਾਉਂਦੀ ਰਹੀ ਕਿ ਅੰਮ੍ਰਿਤਧਾਰੀ ਤੇ ਰਹਿਤ ਮਰਯਾਦਾ ਪ੍ਰਤੀ ਵਚਨਬੱਧ ਹੋ ਕੇ ਕੋਈ ਵੀ ਸ਼ਖ਼ਸ ਕਮੇਟੀ ਦਾ ਮੈਂਬਰ ਬਣ ਸਕਦਾ ਹੈ। ਪਰ ਇਹ ਦਲੀਲ ਤਾਂ ਉਨ੍ਹਾਂ ਨੂੰ ਮਜ਼ਲੂਮ 'ਦਲਿਤਾਂ' ਨਾ.ਲ ਸਿੱਧਾ ਧੱਕਾ ਜਾਪਦੀ ਰਹੀ ਅਤੇ ਉਹ ਬਿਲਕੁਲ ਇਸੇ ਤਰ੍ਹਾਂ ਹੀ ਸਾੜ-ਫੂਕ ਕਰਦੇ ਰਹੇ, ਜਿਵੇਂ ਪਿਛਲੇ ਦਿਨੀਂ ਕੀਤੀ ਗਈ। ਓਦੋਂ ਦਮਦਮੀ ਟਕਸਾਲ ਦੇ ਸਖ਼ਤ ਸਟੈਂਡ ਕਾਰਨ ਹੀ ਇਹ ਮਸਲਾ ਹੱਲ ਹੋਇਆ ਤੇ ਉਕਤ ਗੁਰਦੁਆਰੇ ਦਾ ਪ੍ਰਬੰਧ ਹੁਣ ਟਕਸਾਲ ਕੋ.ਲ ਹੈ।

ਕੋਈ ਸ਼ੱਕ ਨਹੀਂ ਕਿ ਗੁਰਮਤਿ ਵਿਚਾਰਧਾਰਾ ਹਰ ਜਾਤ ਅਤੇ ਹਰ ਨਸਲ ਨਾ.ਲ ਇੱਕ ਸਮਾਨ ਪਿਆਰ ਕਰਨ ਦੀ ਸਿੱਖਿਆ ਦਿੰਦੀ ਹੈ ਤੇ ਇਹੀ ਕਾਰਨ ਹੈ ਕਿ ਗੁਰਮਤਿ ਵਿਚਾਰਧਾਰਾ ਦੇ ਪੈਰੋਕਾਰ ਤੇ ਪ੍ਰਚਾਰਕ ਹਿੰਦੁਸਤਾਨ ਵਿਚ ਜਾਤ-ਪਾਤ ਦੇ ਆਧਾਰ 'ਤੇ ਦਬਾਏ ਅਤੇ ਲਿਤਾੜੇ ਗਏ 'ਦਲਿਤ ਵਰਗ' ਪ੍ਰਤੀ ਵਿਸ਼ੇਸ਼ ਸਦਭਾਵਨਾ ਰੱਖਦੇ ਹਨ। ਪਰ ਅੱਜ ਦੇ ਦੌਰ ਵਿਚ ਇਹ ਕਹਿਣਾ ਬਣਦਾ ਹੈ ਕਿ ਇਹ ਸਦਭਾਵਨਾ ਇੱਕ ਅਜਿਹੇ 'ਦਲਿਤ ਪ੍ਰੇਮ ਫੋਬੀਏ' ਵਿਚ ਬਦਲ ਗਈ ਹੈ ਕਿ ਦਲਿਤ ਸੰਘਰਸ਼ ਦੇ ਨਾਂ ਹੇਠ ਹੋਣ ਵਾਲੀ ਸਿਆਸੀ ਗੁੰਡਾਗਰਦੀ ਨੂੰ ਵੀ ਪ੍ਰੇਮ ਦੀ ਨਜ਼ਰ ਨਾ.ਲ ਹੀ ਵੇਖਣ ਦੀ ਆਦੀ ਹੋ ਚੁੱਕੀ ਹੈ। ਇੱਥੋਂ ਤਕ ਕਿ ਸਿੱਖ ਪ੍ਰਚਾਰਕ ਇਸ ਗੁੰਡਾਗਰਦੀ ਦੌਰਾਨ ਗੁੰਡਿਆਂ ਵੱਲੋਂ ਕੱਢੀਆਂ ਜਾ ਰਹੀਆਂ ਗਾ.ਲਾਂ ਪ੍ਰਤੀ ਵੀ ਸਿੱਖਾਂ ਨੂੰ ਇਹ ਸਲਾਹ ਦੇਣ ਤਕ ਚਲੇ ਜਾਂਦੇ ਹਨ ਕਿ ਉਹ ਇਨ੍ਹਾਂ ਗਾ.ਲਾਂ ਨੂੰ ਵੀ ਚੁੱਪ ਚਾਪ ਘਿਉ ਦੀਆਂ ਨਾ.ਲਾਂ ਸਮਝ ਕੇ ਹਜ਼ਮ ਕਰੀ ਜਾਣ।

ਜਿੱਥੋਂ ਤਕ ਸਿੱਖਾਂ ਦਾ ਦਲਿਤ ਭਾਈਚਾਰੇ ਨਾ.ਲ ਭਰਾਤਰੀ ਭਾਵ ਵਧਾਉਣ ਦਾ ਸਵਾਲ ਹੈ, ਇਹ ਜ਼ਰੂਰੀ ਹੋ ਗਿਆ ਹੈ ਕਿ ਇਸ ਮਿਸ਼ਨ ਵਿਚ ਗੁਰਮਤਿ ਸਿਧਾਂਤਾਂ ਨੂੰ ਹੀ ਛਿੱਕੇ ਟੰਗ ਦੇਣ ਦੀ ਸੋਚ ਹੁਣ ਬਦਲ ਲਈ ਜਾਵੇ। ਹਰ ਸੁਜਾਖਾ ਮਨੁੱਖ ਵੇਖ ਸਕਦਾ ਹੈ ਕਿ ਪੰਜਾਬ ਅੰਦਰ ਜਾਤ-ਪਾਤ ਦੇ ਆਧਾਰ 'ਤੇ ਵਿਤਕਰਾ ਬਾਕੀ ਸੂਬਿਆਂ ਦੀ ਤੁਲਨਾ ਵਿਚ ੫ ਪ੍ਰਤੀਸ਼ਤ ਵੀ ਨਹੀਂ ਹੈ, ਗੁਰਦੁਆਰਿਆਂ ਅੰਦਰ ਸਾਂਝੀ ਪੰਗਤ ਤੋਂ ਇਲਾਵਾ ਪਿੰਡਾਂ ਵਿਚ ਵੀ ਜੱਟ ਪਰਿਵਾਰਾਂ ਦੀਆਂ ਬੀਬੀਆਂ ਵੱਲੋਂ ਕਾਮਿਆਂ ਨੂੰ ਰੋਟੀ ਖੁਆ ਕੇ ਉਨ੍ਹਾਂ ਦੇ ਭਾਂਡੇ ਆਪ ਸਾਫ਼ ਕਰਦੇ ਵੇਖਿਆ ਜਾ ਸਕਦਾ ਹੈ, ਦੂਜੇ ਸੂਬਿਆਂ 'ਚ ਅਜਿਹਾ ਸੋਚਿਆ ਵੀ ਨਹੀਂ ਜਾ ਸਕਦਾ। ਪਿਛਲੇ ਦਿਨੀਂ ਜਿਨ੍ਹਾਂ ਬਿਹਾਰੀਆਂ ਦੇ ਸਿੰਘ ਸੱਜਣ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪੀਆਂ, ਉਨ੍ਹਾਂ ਨੇ ਵੀ ਇਹੀ ਕਿਹਾ ਸੀ ਕਿ ਸਾਨੂੰ ਸਿੱਖਾਂ ਦੇ ਭਰਾਤਰੀ ਭਾਵ ਨੇ ਕਾਇਲ ਕੀਤਾ। ਫਿਰ ਵੀ ਅੱਖਾਂ ਬੰਦ ਕਰ ਕੇ ਕਹਿ ਦਿੱਤਾ ਜਾਂਦਾ ਹੈ ਕਿ ਪੰਜਾਬ 'ਚ ਜੱਟਵਾਦ ਨੇ ਦਲਿਤਾਂ ਨੂੰ ਸਿੱਖੀ ਤੋਂ ਦੂਰ ਕਰ ਦਿੱਤਾ। ਇਹ ਮੁਹਾਵਰਾ ਉਨ੍ਹਾਂ ਦਲਿਤਾਂ ਪ੍ਰਤੀ ਵੀ ਵਰਤ ਲਿਆ ਜਾਂਦਾ ਹੈ ਜਿਨ੍ਹਾਂ ਦਾ ਕਦੇ ਸਿੱਖੀ ਨਾ.ਲ ਸੰਬੰਧ ਰਿਹਾ ਹੀ ਨਹੀਂ।

ਫਿਰ ਵੀ ਗੁਰਮਤਿ ਦੇ ਪ੍ਰਚਾਰਕਾਂ ਦਾ 'ਜੱਟਵਾਦ' ਵਿਰੁੱਧ ਬੋਲਣਾ ਮੁਬਾਰਕ ਹੈ, ਪਰ ਇਸ ਦੇ ਮੁਕਾਬਲੇ ਤੇ 'ਦਲਿਤਵਾਦ' ਨੂੰ ਉਭਾਰਨਾ ਕਿਸੇ ਪੱਖੋਂ ਵੀ ਜਾਇਜ਼ ਨਹੀਂ, ਸਗੋਂ ਵਧੇਰੇ ਖ਼ਤਰਨਾਕ ਹੈ। ਵਧੇਰੇ ਖ਼ਤਰਨਾਕ ਇਸ ਲਈ ਕਿਉਂਕਿ 'ਜੱਟਵਾਦ' ਦੇ ਪੈਰੋਕਾਰ ਫਿਰ ਵੀ ਹਰ ਇੱਕ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਕਰਨ ਵਾਲੇ ਲੋਕ ਹਨ, ਪਰ ਕੁਝ ਸਿਆਸੀ ਪਾਰਟੀਆਂ ਇੱਕ ਅਜਿਹੇ 'ਦਲਿਤਵਾਦ' ਨੂੰ ਸਿੱਖੀ ਦੀਆਂ ਸੰਸਥਾਵਾਂ 'ਤੇ ਕਾਬਜ਼ ਹੋ ਜਾਣ ਲਈ ਪ੍ਰੇਰਿਤ ਕਰ ਰਹੀਆਂ ਹਨ, ਜਿਨ੍ਹਾਂ ਦੀ ਬਹੁਗਿਣਤੀ ਦਾ ਸਿੱਖੀ ਨਾ.ਲ ਤਾਂ ਕੀ ਸਿੱਖੀ ਸਰੂਪ ਨਾ.ਲ ਵੀ ਕੋਈ ਵਾਹ ਵਾਸਤਾ ਨਹੀਂ ਤੇ ਉਨ੍ਹਾਂ ਦੀ ਵੱਡੀ ਗਿਣਤੀ ਤੰਬਾਕੂ ਵੀ ਪੀਂਦੀ ਹੈ।

ਲੋੜ ਹੈ ਕਿ ਸੁਹਿਰਦ ਪੰਥ ਦਰਦੀ ਅਤੇ ਸਿੱਖ ਸੰਸਥਾਵਾਂ ਇਸ ਗ਼ਲਤੀ ਨੂੰ ਸੁਧਾਰਨ ਲਈ ਅੱਗੇ ਆਉਣ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀ ਸਿਆਸੀ ਦਬਾਅ ਤੋਂ ਮੁਕਤ ਹੋ ਕੇ ਪੰਥਕ ਨੁਮਾਇੰਦਗੀ ਲਈ ਅੱਗੇ ਆਉਣਾ ਚਾਹੀਦਾ ਹੈ।

ਇਹ ਗੱਲ ਸਮਝੀ ਜਾ ਸਕਦੀ ਹੈ ਕਿ ਜਿੱਥੇ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਸ ਢੰਗ ਨਾ.ਲ ਮਰਯਾਦਾ ਦੀ ਖੁੱਲ੍ਹਮ-ਖੁੱਲ੍ਹੀ ਉਲੰਘਣਾ ਹੋਵੇਗੀ, ਓਥੇ ਗੁਰੂ ਪੰਥ ਦੇ ਜਥੇਬੰਦਕ ਜ਼ਾਬਤੇ 'ਚ ਬੱਝੇ ਗੁਰਸਿੱਖਾਂ ਵੱਲੋਂ ਪ੍ਰਤੀਕਰਮ ਹੋਣਾ ਐਨ ਕੁਦਰਤੀ ਹੈ। ਵਿਆਨਾ 'ਚ ਇਹੀ ਹੋਇਆ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਸਮੱਸਿਆ ਦੀ ਨਿਸ਼ਾਨਦੇਹੀ ਕਰਨ ਦੀ ਬਜਾਏ ਅੱਖਾਂ ਬੰਦ ਕਰਕੇ ਇੱਕ ਤਰਫ਼ਾ ਬਿਆਨਬਾਜ਼ੀ ਕੀਤੀ ਜਾਂਦੀ ਰਹੀ। ਬਿਨਾਂ ਸ਼ੱਕ ਵਿਆਨਾ ਵਿਚ ਵਾਪਰੀ ਘਟਨਾ ਮੰਦਭਾਗੀ ਹੈ, ਪਰ ਇਸ ਦੀ ਇੱਕ ਤਰਫ਼ਾ ਵਿਆਖਿਆ ਕਰ ਕੇ ਅਸਲ ਸਮੱਸਿਆ ਨੂੰ ਨਾ ਸਮਝਣਾ ਭਵਿੱਖ ਦੀਆਂ ਚੁਣੌਤੀਆਂ ਤੋਂ ਅੱਖਾਂ ਮੀਟਣ ਵਾ.ਲੀ ਗੱਲ ਤਾਂ ਹੈ ਹੀ, ਇਸ ਦੇ ਨਾ.ਲ ਹੀ ਕਈ ਹੋਰ ਸਮੱਸਿਆਵਾਂ ਨੂੰ ਸੱਦਾ ਦੇਣ ਵਾ.ਲੀ ਗੱਲ ਵੀ ਹੈ। ਜਿਵੇਂ ਕਬੂਤਰ ਦਾ ਬਿੱਲੀ ਨੂੰ ਵੇਖ ਕੇ ਅੱਖਾਂ ਬੰਦ ਕਰਨਾ।

ਅਸੀਂ ਵਿਆਨਾ 'ਚ 6 ਸਿੱਖ ਨੌਜਵਾਨਾਂ ਵੱਲੋਂ ਬਿਨਾਂ ਉੱਚ ਪੱਧਰ 'ਤੇ ਇਸ ਮਸਲੇ ਨੂੰ ਉਠਾਏ, ਗੋ.ਲੀ ਚਲਾਏ ਜਾਣ ਦੀ ਹਮਾਇਤ ਨਹੀਂ ਕਰਦੇ, (ਭਾਵੇਂ ਕਿ ਓਥੋਂ ਦੀਆਂ ਸਿੱਖ ਸੰਗਤਾਂ ਦਾ ਦਾਅਵਾ ਹੈ ਕਿ ਉਹ ਨੌਜਵਾਨ ਓਥੇ ਹੁੰਦੀ ਮਰਯਾਦਾ ਦੀ ਉਲੰਘਣਾ ਦੇ ਮੁੱਦੇ 'ਤੇ ਗੱਲਬਾਤ ਹੀ ਕਰਨ ਗਏ ਸਨ, ਪਰ ਉਨ੍ਹਾਂ ਨੌਜਵਾਨਾਂ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਪ੍ਰਤੀਕਰਮ ਲਈ ਉਕਸਾਇਆ ਗਿਆ।) ਇਸ ਦੇ ਨਾ.ਲ ਹੀ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਡੇਰੇਦਾਰਾਂ ਵੱਲੋਂ ਹੋਣ ਵਾ.ਲੀ ਮਰਯਾਦਾ ਦੀ ਉ.ਲੰਘਣਾ ਦੀ ਵੀ ਹਮਾਇਤ ਨਹੀਂ ਕਰ ਸਕਦੇ। ਆਸਟਰੀਆ ਤੋਂ ਕੁਝ ਸਿੱਖਾਂ ਨੇ ਤਾਂ ਇਹ ਵੀ ਦੱਸਿਆ ਹੈ ਕਿ ਉਕਤ ਡੇਰੇ ਦੇ ਅੰਦਰ ਗੁਰੂ ਗ੍ਰੰਥ ਸਾਹਿਬ 'ਤੇ ਚੜ੍ਹਾਇਆ ਜਾਣ ਵਾ.ਲਾ ਰੁਮਾਲਾ ਪਹਿਲਾਂ ਡੇਰੇਦਾਰ ਦੇ ਪੈਰਾਂ ਨੂੰ ਛੁਹਾਇਆ ਜਾਂਦਾ ਹੈ। ਜੇਕਰ ਇਹ ਗੱਲ ਸੱਚ ਹੈ ਤਾਂ ਬਿਨਾਂ ਸ਼ੱਕ ਵਿਆਨਾ ਡੇਰੇ ਦੇ ਪ੍ਰਬੰਧਕ ਇੱਕ ਬਹੁਤ ਵੱਡੀ ਦੁਰਘਟਨਾ ਨੂੰ ਸੱਦਾ ਦੇ ਰਹੇ ਸਨ। ਡੇਰਾ ਬੱਲਾਂ ਦੇ ਪ੍ਰਬੰਧਕਾਂ ਨੂੰ ਇਸ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਉਹ ਪਾਵਨ ਗ੍ਰੰਥ ਹੈ, ਜਿਸ ਦੀ ਸੰਪਾਦਨਾ ਤੋਂ ਬਾਅਦ ਸਰੀਰਿਕ ਰੂਪ 'ਚ ਮੌਜੂਦ ਗੁਰੂ ਅਰਜਨ ਸਾਹਿਬ ਖ਼ੁਦ ਭੁੰਜੇ ਸੌਂ ਕੇ ਇਸ ਪਾਵਨ ਗ੍ਰੰਥ ਨੂੰ ਉੱਚੀ ਥਾਂ 'ਤੇ ਬਿਰਾਜਮਾਨ ਕਰਦੇ ਰਹੇ ਹਨ।

ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚੋਂ ਸਿੱਖ ਜੈਕਾਰੇ "ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ" ਨੂੰ ਵਿਗਾੜ ਕੇ 'ਜੋ ਬੋਲੇ ਸੋ ਨਿਰਭੈ-ਸ੍ਰੀ ਗੁਰੂ ਰਵਿਦਾਸ ਮਹਾਰਾਜ ਕੀ ਜੈ' ਬੋਲਣਾ ਗੁਰੂ ਗ੍ਰੰਥ ਸਾਹਿਬ ਦੇ ਸਾਮ੍ਹਣੇ ਖਲੋ ਕੇ ਉਸ ਦੀ ਵਿਚਾਰਧਾਰਾ ਦੀ ਮੂੰਹ ਚਿੜਾਉਣ ਵਾ.ਲੀ ਗੱਲ ਹੈ, ਕਿਉਂਕਿ ਸਿੱਖ ਸਿਧਾਂਤਕ ਪਰੰਪਰਾ ਅਨੁਸਾਰ ਗੁਰੂ ਸਾਹਿਬ ਦੀ 'ਜੈ-ਜੈ ਕਾਰ' ਕਰਨੀ ਵੀ ਪ੍ਰਵਾਨ ਨਹੀਂ। ਕੋਈ ਸਿੱਖ ਇਹ ਨਹੀਂ ਕਹਿੰਦਾ ਕਿ 'ਗੁਰੂ ਨਾਨਕ ਦੇਵ ਜੀ ਦੀ ਜੈ' ਜਾਂ 'ਗੁਰੂ ਗੋਬਿੰਦ ਸਿੰਘ ਜੀ ਦੀ ਜੈ', ਬਲਕਿ ਇੱਥੇ ਅਕਾਲ ਪੁਰਖ ਦਾ ਜੈਕਾਰਾ 'ਸਤਿ ਸ੍ਰੀ ਅਕਾਲ' ਹੀ ਲਾਉਣ ਦਾ ਵਿਧਾਨ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਸ ਜੈਕਾਰੇ ਦੀ ਬਜਾਏ ਹੋਰ ਜੈਕਾਰੇ ਘੜ ਕੇ ਲਾਉਣਾ ਹੀ ਫ਼ਸਾਦ ਨੂੰ ਸੱਦਾ ਦੇਣ ਵਾ.ਲੀ ਗੱਲ ਹੈ।

ਮਸਲਾ ਭਗਤ ਰਵਿਦਾਸ ਜੀ ਦੇ ਸਤਿਕਾਰ ਦਾ ਜਾਂ ਡੇਰੇਦਾਰਾਂ ਦੇ?

ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਭਗਤ ਰਵਿਦਾਸ ਜੀ ਦੀ ਆਪਣੀ ਬਾਣੀ ਅੰਦਰ, ਖ਼ਾਸ ਤੌਰ 'ਤੇ 'ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥' ਵਾ.ਲੇ ਸ਼ਬਦ ਵਿਚ ਮੂਰਤੀ ਪੂਜਾ ਤੇ ਨਿਰਾਰਥਕ ਕਰਮ ਕਾਂਡਾਂ ਦੀ ਵਿਰੋਧਤਾ ਕੀਤੀ ਗਈ ਹੈ, ਫਿਰ ਭਗਤ ਰਵਿਦਾਸ ਜੀ ਦੀ ਹੀ ਮੂਰਤੀ ਬਣਾ ਕੇ ਕਈ ਤਰ੍ਹਾਂ ਦੀ ਕਰਮ ਕਾਂਡੀ ਪੂਜਾ ਕਰਨ ਵਾ.ਲੇ ਲੋਕ ਭਗਤ ਰਵਿਦਾਸ ਜੀ ਦੇ ਸੇਵਕ ਹਨ ਜਾਂ ਉਨ੍ਹਾਂ ਦੀ ਵਿਚਾਰਧਾਰਾ ਦਾ ਮਖ਼ੌਲ ਉਡਾਉਣ ਵਾ.ਲੇ ਦੋਖੀ?

ਇਸ ਘਟਨਾ ਤੋਂ ਬਾਅਦ ਪੰਜਾਬ ਅੰਦਰ ਸਰਕਾਰ ਦੀ ਖ਼ਾਮੋਸ਼ ਸਹਿਮਤੀ ਨਾ.ਲ ਜਿਹੜਾ ਯੂਨੀਅਨ ਮਾਰਕਾ ਹਿੰਸਾ ਦਾ ਨੰਗਾ ਨਾਚ ਕੀਤਾ ਗਿਆ, ਉਸ ਦੇ ਵਿਚ ੯੦ ਪ੍ਰਤੀਸ਼ਤ ਅਜਿਹੇ ਅਨਸਰ ਸਨ ਜਿਨ੍ਹਾਂ ਨੂੰ ਮਸਲੇ ਦੇ ਬਾਰੇ ਕੋਈ ਜਾਣਕਾਰੀ ਹੀ ਨਹੀਂ ਸੀ।

ਅਸੀਂ ਚੇਤਾ ਕਰਵਾਉਣਾ ਚਾਹਾਂਗੇ ਕਿ ਪਿਛਲੇ ਸਮੇਂ ਜਦੋਂ ਭਨਿਆਰੇ ਵਾ.ਲੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ ਕੀਤੇ ਗਏ ਸਨ ਤਾਂ ਉਹ ਸੀ ਅਸਲ ਵਿਚ ਗੁਰਮਤਿ ਵਿਚਾਰਧਾਰਾ ਦੇ ਨਾ.ਲ-ਨਾ.ਲ ਦਲਿਤ ਭਾਵਨਾਵਾਂ 'ਤੇ ਵੀ ਹਮਲਾ, ਕਿਉਂਕਿ ਇਸ ਪਾਵਨ ਗ੍ਰੰਥ ਵਿਚ ਹੀ ਦਲਿਤ ਕਹੇ ਜਾਣੇ ਵਾ.ਲੇ ਮਹਾਂਪੁਰਸ਼ਾਂ ਨੂੰ ਸਨਮਾਨ ਅਤੇ ਸਥਾਨ ਪ੍ਰਾਪਤ ਹੈ। ਪਰ ਅੱਜ ਦਲਿਤ ਭਾਵਨਾਵਾਂ ਦਾ ਰੌ.ਲਾ ਪਾਉਣ ਵਾ.ਲਿਆਂ ਵਿਚੋਂ ਓਦੋਂ ਕੋਈ ਸੜਕਾਂ 'ਤੇ ਨਿਕ.ਲਿਆ ਹੋਵੇ ਤਾਂ ਉਹ ਦੱਸੇ। ਕੀ ਜਦੋਂ ਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਕੋਈ ਦੋਖੀ ਅੱਗ ਲਾਉਂਦਾ ਹੈ ਤਾਂ ਭਗਤ ਰਵਿਦਾਸ ਦੀ ਜਾਂ ਭਗਤ ਨਾਮਦੇਵ ਜੀ ਦੀ ਬਾਣੀ ਨੂੰ ਨਾ.ਲ ਹੀ ਅੱਗ ਨਹੀਂ ਲੱਗਦੀ? ਪਰ ਪਿਛਲੇ ਦਿਨੀ ਹਿੰਸਾ ਕਰਨ ਵਾ.ਲਿਆਂ 'ਚੋਂ ਬਹੁਤਿਆਂ ਨੂੰ ਮਸਲੇ ਦਾ ਪਤਾ ਹੀ ਨਹੀਂ ਸੀ। ਸ਼ਰਾਰਤੀ ਅਨਸਰ ਅਜਿਹੇ ਸਮੇਂ ਨੂੰ ਸੁਨਹਿਰੀ ਮੌਕਾ ਸਮਝ ਕੇ ਲੁੱਟ ਮਾਰ ਕਰਨ ਵਿਚ ਰੁੱਝੇ ਰਹੇ।

ਜਿਹੜੇ ਲੋਕ ਇਹ ਸਮਝਦੇ ਹਨ ਕਿ ਪਿਛਲੇ ਦਿਨੀਂ ਹੋਈ ਹਿੰਸਾ ਦੇ ਵਿਚ ਏ.ਟੀ.ਐਮ. ਭੰਨ ਕੇ ਪੈਸੇ ਲੁੱਟਣ ਦਾ ਯਤਨ ਕਰਨ ਵਾ.ਲੇ, ਬੀਬੀਆਂ ਦੀਆਂ ਵਾ.ਲੀਆਂ ਲੁਹਾ ਕੇ ਲੈ ਜਾਣ ਵਾ.ਲੇ, ਜਾਂ ਸ਼ਰਾਬ ਦੇ ਠੇਕਿਆਂ 'ਚੋਂ ਬੋਤਲਾਂ ਲੁੱਟ ਕੇ ਘਰਾਂ ਨੂੰ ਲਿਜਾਣ ਵਾ.ਲੇ ਤੇ ਪੈਟਰੋਲ ਪੰਪ ਲੁੱਟਣ ਵਾ.ਲੇ ਹੁੱਲੜਬਾਜ਼ 'ਕਿਸੇ ਭਾਵਨਾ ਵਿਚ ਵਹਿ ਕੇ' ਇਹ ਸਭ ਕੁਝ ਕਰ ਰਹੇ ਸਨ ਤਾਂ ਉਨ੍ਹਾਂ ਦੀ ਅਕਲ 'ਤੇ ਤਰਸ ਹੀ ਕੀਤਾ ਜਾ ਸਕਦਾ ਹੈ। ਪਰ ਵਾਰੇ ਜਾਈਏ ਬਾਦਲ ਸਰਕਾਰ ਦੇ, ਜਿਸ ਨੇ ਪੁਲਿਸ ਫ਼ੋਰਸਾਂ ਦੇ ਹੱਥ ਬੰਨ੍ਹੀ ਰੱਖੇ, ਇਹ ਕਹਿ ਕੇ ਜੇ ਤੁਸੀਂ ਹਿੰਸਾ ਕਰਨ ਵਾ.ਲਿਆਂ ਨੂੰ ਰੋਕਿਆ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਹੋਰ ਭੜਕਣਗੀਆਂ। ਬਾਦਲ ਸਰਕਾਰ ਦੇ ਇਸ ਨਿਪੁੰਸਕ ਜਿਹੇ ਵਰਤਾਰੇ ਕਾਰਨ ਗੁੰਡਾ ਅਨਸਰਾਂ ਦੀ ਹਿੰਮਤ ਹੋਰ ਵਧੀ ਤੇ ਉਨ੍ਹਾਂ ਨੇ ਬੇਖ਼ੌਫ਼ ਹੋ ਕੇ ਲੁੱਟ-ਮਾਰ ਤੇ ਸਾੜ-ਫੂਕ ਕੀਤੀ। ਇਸ ਵਰਤਾਰੇ ਸੰਬੰਧੀ ਅਸੀਂ 'ਪੰਜਾਬੀ ਟ੍ਰਿਬਿਊਨ' ਤੇ 'ਜਗਬਾਣੀ' ਅਖ਼ਬਾਰ ਦੀਆਂ ਦੋ ਖ਼ਬਰਾਂ ਧੰਨਵਾਦ ਸਹਿਤ ਨਾ.ਲ ਹੂ-ਬਹੂ ਛਾਪ ਰਹੇ ਹਾਂ, ਜਿਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਿੰਸਾ ਕਰਨ ਵਾ.ਲੇ ਭਾਵਨਾਵਾਂ 'ਚ ਵਹੇ ਹੋਏ ਲੋਕ ਨਹੀਂ ਸਨ ਤੇ ਨਾ.ਲ ਇਹ ਵੀ ਪਤਾ ਲੱਗਦਾ ਹੈ ਕਿ ਬਾਦਲ ਸਰਕਾਰ ਨੇ ਆਪਣੀ ਪੁਲਿਸ ਦੇ ਹੱਥ ਬੰਨ੍ਹ ਰੱਖੇ ਸਨ। ਹੈਰਾਨੀ ਹੈ ਕਿ ਜਲੰਧਰ ਵਿਚ ਇੱਕ ਕੌਂਸਲਰ ਨੇ ਆਪਣੀ ਜਾਨ ਬਚਾਉਣ ਲਈ ਗੋ.ਲੀ ਚਲਾਈ, ਜਿਸ ਨਾ.ਲ ਇੱਕ ਦੰਗਾਕਾਰੀ ਮਾਰਿਆ ਗਿਆ ਤਾਂ ਸਰਕਾਰ ਨੇ ਉਸ ਕੌਂਸਲਰ ਉੱਪਰ ਕਤਲ ਦਾ ਕੇਸ ਪਾ ਕੇ ਉਸ ਨੂੰ ਅੰਦਰ ਕਰ ਦਿੱਤਾ।

ਸਰਕਾਰੀ ਖੁੱਲ੍ਹ ਵਾ.ਲੀ ਨੀਤੀ ਨਾ.ਲ ਸ਼ਰਾਰਤੀ ਅਨਸਰਾਂ ਦੇ ਹੌਸਲੇ ਹੋਰ ਵਧ ਗਏ ਤੇ ਕਈ ਥਾਂਵਾਂ 'ਤੇ ਗੁਰਦੁਆਰਿਆਂ 'ਤੇ ਹਮਲੇ ਕਰਨ ਦੇ ਯਤਨ ਵੀ ਕੀਤੇ ਗਏ। 'ਦੈਨਿਕ ਭਾਸਕਰ' ਦੀ ਇੱਕ ਖ਼ਬਰ ਮੁਤਾਬਿਕ ਤਾਂ ਅੰਮ੍ਰਿਤਸਰ ਵਿਚ ਸ਼ਰਾਰਤੀਆਂ ਦਾ ਇੱਕ ਟੋਲਾ ਰਾਤ ਦੇ ਦੋ ਵਜੇ ਸ੍ਰੀ ਦਰਬਾਰ ਸਾਹਿਬ ਵੱਲ ਵੀ ਵਧਿਆ ਸੀ ਜਿਸ ਨੂੰ ਐਸ.ਐਸ.ਪੀ. ਕੁੰਵਰ ਵਿਜੇ ਪ੍ਰਤਾਪ ਨੇ ਆਪਣੇ ਤੌਰ 'ਤੇ ਕਾਰਵਾਈ ਕਰ ਕੇ ਜਲ੍ਹਿਆਂ ਵਾ.ਲੇ ਬਾਗ਼ ਦੇ ਕੋ.ਲੋਂ ਖਦੇੜ ਦਿੱਤਾ। ਬਾਦਲ ਸਰਕਾਰ ਦੀ ਨਾ ਅਹਿਲੀਅਤ ਕਾਰਨ ਜੇਕਰ ਪੰਜਾਬ ਵਿਚ ਕਿਸੇ ਗੁਰਦੁਆਰੇ ਦਾ

*(ਬਾਕੀ ਅਗਲੇ ਸਫੇ 'ਤੇ)*

# ਮੰਨੂਵਾਦ ਦਾ ਸ਼ਿਕਾਰ ਸਿੱਖ ਨਹੀਂ ਰਵਿਦਾਸੀਏ ਭਰਾ

## ਵਿਆਨਾ ਕਾਂਡ ਦੇ ਇਰਦ-ਗਿਰਦ

ਮਾਨਯੋਗ ਸੰਪਾਦਕ ਜੀ,

ਪੰਜਾਬ ਟਾਈਮਜ਼ ਨੇ ਵੱਖ ਵੱਖ ਵਿਸ਼ਿਆਂ ਉਤੇ ਹਮੇਸ਼ਾ ਬੜੀ ਸਾਵੀਂ ਪਹੁੰਚ ਅਪਨਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਪਾਠਕਾਂ ਅੱਗੇ ਸਥਿਤੀ ਦਾ ਵਿਸ਼ਲੇਸ਼ਣ ਕਰਕੇ ਫੈਸਲਾ ਆਪ ਲੈਣ ਦਾ ਰਾਹ ਦਿਖਾਇਆ ਹੈ। ਪੰਜਾਬ ਟਾਈਮਜ਼ ਦੇ ਸਥਾਈ ਲੇਖਕਾਂ ਵਿਚੋਂ ਅਸ਼ੋਕ ਭੌਰਾ ਬਹੁਤ ਸੋਹਣਾ ਲਿਖਦੇ ਹਨ, ਉਨ੍ਹਾਂ ਦੀ ਕਲਮ ਵਿਚ ਰਵਾਨਗੀ ਹੈ, ਪਹਾੜੀ ਝਰਨੇ ਜਿਹੀ ਤੇਜੀ ਹੈ, ਸ਼ਬਦਾਂ ਦਾ ਵੱਡਾ ਭੰਡਾਰ ਹੈ। ਆਮ ਕਰਕੇ ਪਾਠਕ ਉਨ੍ਹਾਂ ਦੀ ਲਿਖਤ ਦਾ ਅਨੰਦ ਮਾਣਦਾ ਹੈ ਪਰ ਮੇਰੀ ਉਨ੍ਹਾਂ ਨੂੰ ਰਾਏ ਹੈ ਕਿ ਉਹ ਹਲਕੇ-ਫੁਲਕੇ ਵਿਸ਼ਿਆਂ ਉਤੇ ਪਾਠਕਾਂ ਦਾ ਮਨੋਰੰਜਨ ਕਰਨ ਦੇ ਆਪਣੇ ਰਾਹ ਤੁਰੇ ਰਹਿਣ ਪਰ ਧਾਰਮਿਕ ਫਲਸਫੇ ਉਤੇ ਆਪਣੀ ਰਾਏ ਥੋਪਣ ਤੋਂ ਪਰਹੇਜ ਕਰਨ। ਸ੍ਰੀ ਭੌਰਾ ਨੇ 20 ਜੂਨ ਦੇ ਅੰਕ ਵਿਚ ਡੇਰਾ ਬੱਲਾਂ ਦੇ ਸੰਤ ਬਾਰੇ ਲੇਖ ਵਿਚ ਜਾਂ ਤਾਂ ਜਾਣ ਬੁੱਝ ਕੇ ਇਕਪਾਸੜ ਤੱਥ ਬਿਆਨੇ ਹਨ ਜਾਂ ਫਿਰ ਉਨ੍ਹਾਂ ਦੀ ਸੋਚ ਹੀ ਇਤਨੀ ਪੇਤਲੇ ਪੱਧਰ ਦੀ ਹੈ। ਇਕ ਪੱਖ ਦੀ ਹੀ ਤਰਫਦਾਰੀ ਕਰਦਿਆਂ ਉਨ੍ਹਾਂ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਉਣ ਲਈ ਪੂਰਾ ਟਿੱਲ ਲਾ ਛੱਡਿਆ ਹੈ। ਉਨ੍ਹਾਂ ਦੇ ਇਸ ਲੇਖ ਵਿਚ ਕਈ ਆਪਾ-ਵਿਰੋਧੀ ਗੱਲਾਂ ਅਤੇ ਕੱਚਘਰੜ ਬਿਆਨੀਆਂ ਹਨ ਪਰ ਮੈਂ ਉਨ੍ਹਾਂ ਦੇ ਕੁਝ ਕੁ ਨੁਕਤਿਆਂ ਦੀ ਹੀ ਚੀਰ ਫਾੜ ਕਰਨ ਦੀ ਕੋਸ਼ਿਸ਼ ਕਰਾਂਗਾ।

ਸ੍ਰੀ ਭੌਰਾ ਨੇ ਲਿਖਿਆ ਹੈ ਕਿ ਮੰਨੂਵਾਦੀ ਸੋਚ ਦੀ ਉਪਜ ਉਚ-ਨੀਚ ਅਤੇ ਜਾਤ-ਪਾਤ ਦੀ ਵਰਣ-ਵੰਡ ਪੰਜਾਬ ਵਿਚੋਂ ਕਾਫੀ ਹੱਦ ਤੱਕ ਘਟ ਗਈ ਹੈ ਪਰ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਅਤੇ ਭਾਰਤ ਦੇ ਦੱਖਣੀ ਰਾਜਾਂ ਵਿਚ ਜਾਤ-ਪਾਤ ਦਾ ਕੋਹੜ ਬੁਰੀ ਤਰ੍ਹਾਂ ਫੈਲਿਆ ਹੋਇਆ ਹੈ। ਇਥੇ ਉਨ੍ਹਾਂ ਦਲਿਤ ਭਰਾਵਾਂ ਦੀ ਦੁਰਦਸ਼ਾ ਦੀਆਂ ਕਈ ਮਿਸਾਲਾਂ ਵੀ ਦਿੱਤੀਆਂ ਹਨ ਪਰ ਕਿਸੇ ਗਿਣੀ-ਮਿਥੀ ਸ਼ਾਜਿਸ਼ ਜਾਂ ਅਗਿਆਨ ਕਰਕੇ ਇਹ ਨਿਤਾਰਾ ਨਹੀਂ ਕੀਤਾ ਕਿ ਪੰਜਾਬ ਵਿਚ ਜਾਤ-ਪਾਤ ਦਾ ਕੋਹੜ ਖਤਮ ਕਰਨ ਵਿਚ ਜਾਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਘੱਟ ਕਰਨ ਵਿਚ ਗੁਰੂ ਸਾਹਿਬਾਨ ਦੇ ਫਲਸਫੇ ਦਾ ਕੀ ਰੋਲ ਹੈ? ਇਹ ਸਿੱਖ ਧਰਮ ਹੀ ਹੈ ਜਿਸ ਕਰਕੇ ਪੰਜਾਬ ਵਿਚ ਜਾਤ-ਪਾਤ ਦਾ ਵਿਤਕਰਾ ਘਟਿਆ। ਕਈ ਲੋਕ ਜਾਤ-ਪਾਤ ਘੱਟ ਹੋਣ ਦਾ ਸਿਹਰਾ ਬਦੋ-ਬਦੀ ਡਾ. ਅੰਬੇਦਕਰ ਨੂੰ ਦਿੰਦੇ ਹਨ ਪਰ ਸਵਾਲ ਇਹ ਹੈ ਕਿ ਜੇ ਇਹ ਗੱਲ ਸਹੀ ਹੈ ਤਾਂ ਫਿਰ ਡਾ. ਅੰਬੇਦਕਰ ਦੀ ਆਪਣੀ ਜਨਮ ਭੂਮੀ ਜਾਂ ਉਸ ਦੇ ਨਾਲ ਲਗਦੇ ਸੂਬਿਆਂ ਵਿਚ ਅੱਜ ਤੱਕ ਪੰਜਾਬ ਵਰਗੀ ਸਥਿਤੀ ਕਿਉਂ ਨਹੀਂ ਬਣ ਸਕੀ? ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਗੁਰੂ ਨਾਨਕ ਦੇਵ ਜੀ ਨੇ ਹੀ ''ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥'' ਆਖ ਕੇ ਨਿਮਨ ਸਮਝੇ ਜਾਂਦੇ ਲੋਕਾਂ ਨੂੰ ਆਪਣੇ ਗਲ ਲਾਇਆ ਸੀ। ਨਾਨਕ ਪਾਤਸ਼ਾਹ ਨੇ ਹੀ ਬ੍ਰਾਹਮਣ ਦੇ ਜੰਜੂ ਨੂੰ ਤੋੜ ਕੇ ਸਿੱਖ ਪੰਥ ਨੂੰ ਸਭਨਾਂ ਵਰਗਾਂ ਲਈ ਖੋਲ੍ਹਿਆ ਸੀ। ਗੁਰੂ ਰਾਮ ਦਾਸ ਜੀ ਨੇ ਗੁਰੂ ਕੇ ਲੰਗਰ ਦੇ ਦਰਵਾਜੇ ਅੱਜ ਦਲਿਤ ਅਖਵਾਉਂਦੇ ਵਰਗਾਂ ਲਈ ਖੋਲ੍ਹੇ ਸਨ ਅਤੇ ਸਭਨਾਂ ਨੂੰ ਇਕੋ ਪੰਗਤ ਵਿਚ ਲੰਗਰ ਛਕਾਇਆ ਸੀ।

ਆਪਣੀ ਨਾਸਮਝੀ ਦਾ ਪ੍ਰਗਟਾਵਾ ਕਰਦਿਆਂ 'ਸੰਗਤ-ਪੰਗਤ' ਵਾਲੇ ਇਨਕਲਾਬੀ ਸਿਧਾਂਤ ਉਤੇ ਕਿੰਤੂ ਪ੍ਰੰਤੂ ਕਰਦਿਆਂ ਅਸ਼ੋਕ ਭੌਰਾ ਪੁੱਛਦਾ ਹੈ ਕਿ ਇਸ ਨਾਲ ਜਾਤ-ਪਾਤ ਬੰਦ ਹੋ ਗਈ? ਹੋ ਸਕਦਾ ਹੈ ਕਿ ਕਿਤੇ ਕੁਝ ਪਾਖੰਡੀ ਸਾਧਾਂ ਦੇ ਡੇਰਿਆਂ ਵਿਚ ਲੰਗਰ ਵਰਤਾਉਣ ਵੇਲੇ ਵਿਤਕਰਾ ਕੀਤਾ ਜਾਂਦਾ ਹੋਵੇ, ਇਹ ਵੀ ਹੋ ਸਕਦਾ ਹੈ ਕਿ ਕਿਸੇ ਗਲੀ-ਮੁਹੱਲੇ ਜਾਂ ਛੋਟੇ ਪਿੰਡ ਵਿਚ ਕੁਝ ਮਨਮਤੀਆਂ ਨੇ ਜਾਤ ਦਾ ਕੋਈ ਵਿਤਕਰਾ ਕੀਤਾ ਹੋਵੇ ਪਰ ਵਿਸ਼ਵ ਭਰ ਵਿਚ ਫੈਲੇ ਗੁਰੂ ਘਰਾਂ ਵਿਚ ਅੱਜ ਤੱਕ ਕਿਸੇ ਨੇ ਇਹ ਗੱਲ ਨਹੀਂ ਸੁਣੀ ਕਿ ਗੁਰੂ ਦਰਬਾਰ ਜਾਂ ਗੁਰੂ ਕੇ ਲੰਗਰ ਵਿਚ ਜਾਤ-ਪਾਤ ਦੇ ਆਧਾਰ 'ਤੇ ਕੋਈ ਵਿਤਕਰਾ ਹੋਇਆ ਹੋਵੇ। ਇਕ ਦੋ ਨਿਜੀ ਡੇਰਿਆਂ 'ਚ ਹੁੰਦੀ ਮਨਮਤਿ ਕਾਰਨ ਸਮੁਚੇ ਸਿੱਖ ਸਿਧਾਂਤ ਨੂੰ ਹੀ ਭੰਡਣਾ ਕਿਵੇਂ ਦੀ ਸਹੀ ਨਹੀਂ ਹੈ। ਸ੍ਰੀ ਭੌਰਾ ਨੇ ਇਕ ਸਵਾਲ ਹੋਰ ਉਠਾਇਆ ਹੈ, ਅਖੇ ਫੇਰ 'ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਵਾਲੀ ਗੱਲ ਦੇ ਕੀ ਅਰਥ ਹਨ? ਲੱਗਦਾ ਹੈ ਸ੍ਰੀ ਭੌਰਾ ਨੂੰ ਗੁਰਬਾਣੀ ਦਾ ਕੋਈ ਗਿਆਨ ਹੀ ਨਹੀਂ ਹੈ। ਸ੍ਰੀਮਾਨ ਇਹ ਤੁਕ ਕੋਈ ਐਵੇਂ ਕਥੀ ਹੋਈ 'ਗੱਲ' ਨਹੀਂ, ਸਗੋਂ ਬ੍ਰਾਹਮਣ ਵਲੋਂ ਸੂਦਰ ਕਹੇ ਜਾਂਦੇ ਸਿਰਮੌਰ ਭਗਤ ਕਬੀਰ ਜੀ ਦੀ ਪਾਵਨ ਬਾਣੀ ਵਿਚੋਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਤ੍ਰੈ ਕਾਲ ਸੱਚ ਹੈ' ਇਸ ਦੀਆਂ ਇਲਾਹੀ ਤੁਕਾਂ ਉਤੇ ਉਜਰ ਕਰਨ ਦਾ ਬੱਜਰ ਪਾਪ ਕਰਨ ਤੋਂ ਭੌਰੇ ਨੂੰ ਪ੍ਰਹੇਜ ਕਰਨਾ ਚਾਹੀਦਾ ਹੈ।

ਸ੍ਰੀ ਭੌਰਾ ਨੇ ਆਪਣੇ ਥੋੜ੍ਹ ਗਿਆਨ ਦਾ ਮੁਜਾਹਰਾ ਇਹ ਸਵਾਲ ਕਰਕੇ ਵੀ ਕੀਤਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਅਨੁਸੂਚਿਤ ਤੇ ਪੱਛੜੀਆਂ ਸ਼੍ਰੇਣੀਆਂ ਨੂੰ ਕਿੰਨੀ ਕੁ ਨੁਮਾਇੰਦਗੀ ਦਿੱਤੀ ਗਈ ਹੈ? ਪਹਿਲੀ ਗੱਲ ਤਾਂ ਇਹ ਹੈ ਕਿ ਅੰਮ੍ਰਿਤਪਾਨ ਕਰਕੇ ਕੋਈ ਵੀ 'ਸਿੱਖ' ਬਣ ਜਾਂਦਾ ਹੈ ਐਸੇ 'ਸਿੱਖ' ਨੂੰ ਮਜਹਬੀ ਸਿੱਖ, ਰਾਮਦਾਸੀਆ ਸਿੱਖ ਜਾਂ ਹੋਰ ਦਲਿਤ ਜਾਤੀ ਦਾ ਸਿੱਖ ਕਹਿਣਾ ਸਿਰੇ ਦੀ ਮੂਰਖਤਾ ਹੈ। ਅਜਿਹਾ ਕਹਿਣ ਵਾਲਾ ਕਿਸੇ ਵੀ ਤਰ੍ਹਾਂ ਗੁਰੂ ਦਾ ਸਿੱਖ ਨਹੀਂ ਹੋ ਸਕਦਾ, ਬੇਸ਼ੱਕ ਉਸ ਨੇ ਨੀਲੀਆਂ-ਪੀਲੀਆਂ ਪੱਗਾਂ ਬੰਨ ਕੇ ਗਿੱਟਿਆਂ ਤੱਕ ਚੋਲਾ ਵੀ ਪਾਇਆ ਹੋਵੇ। ਸਿੱਖੀ ਵਿਚ ਜਾਤ ਦਾ ਮਤਲਬ ਹੀ ਨਹੀਂ ਰਹਿ ਜਾਂਦਾ। ਰਹੀ ਗੱਲ ਸ਼੍ਰੋਮਣੀ ਕਮੇਟੀ ਵਿਚ ਨੁਮਾਇੰਦਗੀ ਦੀ, ਸ਼੍ਰੋਮਣੀ ਕਮੇਟੀ ਦੇ ਰੈਅਸ਼ੁਦਾ ਰਾਖਵੇਂ ਹਲਕਿਆਂ ਤੋਂ ਚੁਣੇ ਹੋਏ ਮੈਂਬਰਾਂ ਤੋਂ ਇਲਾਵਾ ਗੁਰੂ ਪੰਥ ਨੇ ਇਹ ਮਾਣ ਸਨਮਾਨ ਕਿਨ੍ਹਾਂ ਕਿਨ੍ਹਾਂ ਸੱਜਣਾਂ ਨੂੰ ਦਿੱਤਾ? ਸ੍ਰੀ ਭੌਰਾ ਆਪਣੀ ਜਾਣਕਾਰੀ ਵਿਚ ਵਾਧਾ ਕਰ ਲੈਣ:

ਖਾੜਕੂ ਲਹਿਰ ਸਮੇਂ ਇਕ ਸਮਾਂ ਅਜਿਹਾ ਵੀ ਆਇਆ ਸੀ ਕਿ ਜਦੋਂ ਪੰਜਾਂ ਹੀ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਅਨੁਸੂਚਿਤ ਜਾਤੀਆਂ ਅਖਵਾਏ ਜਾਂਦੇ ਵਰਗ ਵਿਚੋਂ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਲੰਮਾ ਅਰਸਾ ਹੈਡ ਗ੍ਰੰਥੀ ਰਹੇ ਭਾਈ ਭਗਵਾਨ ਸਿੰਘ ਅਨੁਸੂਚਿਤ ਜਾਤੀਆਂ 'ਚੋਂ ਸਨ। ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਪੱਛੜੀਆਂ ਸ਼੍ਰੇਣੀਆਂ 'ਚੋਂ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਭਾਈ ਤਰਲੋਚਨ ਸਿੰਘ ਅਨੁਸੂਚਿਤ ਜਾਤੀਆਂ 'ਚੋਂ, ਕੇਸਗੜ੍ਹ ਸਾਹਿਬ ਦੇ ਲੰਗਰ ਇੰਚਾਰਜ ਭਾਈ ਰਾਮ ਸਿੰਘ, ਸ੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਹਰਿੰਦਰ ਸਿੰਘ ਨਾਰਵੇ, ਸ਼੍ਰੋਮਣੀ ਕਮੇਟੀ ਦਾ ਪਿਛਲੇ 13 ਸਾਲ ਤੋਂ ਸੀਨੀਅਰ ਜਥੇਦਾਰ ਕੇਵਲ ਸਿੰਘ ਬਾਦਲ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਮੌਜੂਦਾ ਹੈਡ ਰਾਗੀ ਭਾਈ ਨਿਰਮਲ ਸਿੰਘ ਖਾਲਸਾ- ਇਹ ਸਾਰੇ ਅਨੁਸੂਚਿਤ ਜਾਤੀਆਂ ਵਿਚੋਂ ਹਨ। ਇਥੇ ਅਨੁਸੂਚਿਤ ਜਾਤੀਆਂ ਦਾ ਵੇਰਵਾ ਸਿਰਫ ਭੌਰਾ ਸਾਹਿਬ ਦੀ ਤਸੱਲੀ ਲਈ ਲਾਇਆ ਗਿਆ ਹੈ ਵਰਨਾ ਗੁਰੂ ਕੇ ਸਿੱਖ ਦੀ ਹੋਰ ਕੋਈ ਜਾਤ ਨਹੀਂ ਹੈ। ਇਹ ਲਿਸਟ ਹੋਰ ਵੀ ਬਹੁਤ ਲੰਮੀ ਹੋ ਸਕਦੀ ਹੈ, ਇਸ ਦੇ ਮੁਕਾਬਲੇ ਬ੍ਰਾਹਮਣਵਾਦ ਦੇ ਬਹਿਕਾਵੇ ਵਿਚ ਆ ਕੇ ਸਿੱਖਾਂ ਉਪਰ ਜਾਤ-ਪਾਤ ਦੇ ਵਿਤਕਰੇ ਦੀ ਦੂਸ਼ਣਬਾਜੀ ਕਰਨ ਵਾਲੇ ਰਵਿਦਾਸੀਏ ਭਰਾ ਕੋਈ ਇਕ ਮਿਸਾਲ ਵੀ ਅਜਿਹੀ ਦੇ ਸਕਦੇ ਹਨ ਜਿਥੇ ਕਿਤੇ ਮਹਾਪੁਰਜਿਆ ਬਾਬਾ ਰਵਿਦਾਸ ਜੀ ਦੇ ਨਾਂ ਉਤੇ ਬਣੇ ਹੋਏ ਗੁਰੂ ਘਰ ਵਿਚ ਕਿਸੇ ਬਾਲਮੀਕੀਆ ਵੀਰ ਨੂੰ ਗ੍ਰੰਥੀ ਲਾਇਆ ਗਿਆ ਹੋਵੇ। ਅਜਿਹੀਆਂ ਮਿਸਾਲਾਂ ਬਥੇਰੀਆਂ ਮਿਲ ਸਕਦੀਆਂ ਹਨ ਜਿਥੇ ਭਗਤ ਰਵੀਦਾਸ ਦੇ ਨਾਂ ਉਤੇ ਬਣੇ ਗੁਰੂ ਘਰਾਂ ਵਿਚ ਕਥਿਤ ਹੇਠਲੀਆਂ ਜਾਂ ਉਤਲੀਆਂ ਸ਼੍ਰੇਣੀਆਂ ਨਾਲ ਰਵਿਦਾਸੀਆ ਭਾਈਚਾਰੇ ਵਲੋਂ ਵਿਤਕਰਾ ਕੀਤਾ ਜਾਂਦਾ ਹੋਵੇ।

ਅਸਲ ਵਿਚ ਸਦੀਆਂ ਤੋਂ ਡੂੰਘੀਆਂ ਜੜ੍ਹਾਂ ਜਮਾਈ ਬੈਠੀ ਜਾਤ-ਪਾਤ ਦੀ ਬਿਮਾਰੀ ਸਮਾਜ ਵਿਚੋਂ ਹੌਲੀ ਹੌਲੀ ਧੀਮੀ ਗਤੀ ਨਾਲ ਖਤਮ ਹੋ ਰਹੀ ਹੈ। ਇਸ ਮਸਲੇ ਦਾ ਵਿਅੰਗ ਭਰਿਆ ਸੱਚ ਇਹ ਹੈ ਕਿ ਹਰੇਕ ਜਾਤ ਵਾਲਾ ਦੂਜੀ ਜਾਤ ਵਾਲਿਆਂ ਉਤੇ ਵਿਤਕਰੇ ਦਾ ਦੋਸ਼ ਥੱਪੀ ਜਾ ਰਿਹਾ ਹੈ। ਮਸਲਨ ਰਵਿਦਾਸੀਏ ਭਾਈਚਾਰੇ ਦਾ ਬੰਦਾ ਜੱਟਾਂ-ਅਰੋੜਿਆਂ ਜਾਂ ਹੋਰ ਬਰਾਦਰੀਆਂ ਨੂੰ ਭੰਡੀ ਜਾਂਦਾ ਹੈ ਪਰ ਖੁਦ ਬਾਲਮੀਕੀ ਭਰਾਵਾਂ ਤੋਂ ਨਫਰਤ ਕਰਦਾ ਹੈ।

ਜੱਟ, ਸੈਣੀ, ਭਾਪੇ, ਰਾਮਗੜ੍ਹੀਏ, ਬ੍ਰਾਹਮਣ, ਖੱਤਰੀ ਆਪਸ ਵਿਚ ਟਾਂਵੇਂ ਟਾਂਵੇਂ ਰਿਸ਼ਤੇ ਕਰਨ ਲੱਗ ਪਏ ਹਨ ਪਰ ਕਿਤੇ ਰਵਿਦਾਸੀਏ ਜਾਂ ਬਾਲਮੀਕੀਏ ਜਾਂ ਉਸ ਤੋਂ ਵੀ ਹੇਠਲੇ ਵਰਗ ਦੀਆਂ ਜਾਤਾਂ ਵਿਚਕਾਰ ਐਸੇ ਸਬੰਧ ਬਣਦੇ ਨਜ਼ਰ ਨਹੀਂ ਆਉਂਦੇ।

ਸ੍ਰੀ ਭੌਰਾ ਨੇ ਆਪਣੇ ਲੇਖ ਵਿਚ ਮੰਨੂਵਾਦ ਜਾਂ ਬ੍ਰਾਹਮਣਵਾਦ ਦੀ ਵਿਆਖਿਆ ਬੜੇ ਸ਼ਰਾਰਤੀ ਢੰਗ ਨਾਲ ਕੀਤੀ ਹੈ। ਮੂਰਤੀ ਪੂਜਾ, ਤੀਰਥ ਇਸ਼ਨਾਨ, ਨਿਰਾਕਾਰ ਰੱਬ ਦੇ ਥਾਂ ਦੇਹਧਾਰੀਆਂ ਦੀ ਪੂਜਾ ਜਾਂ ਉਨ੍ਹਾਂ ਨੂੰ ਮੱਥੇ ਟੇਕਣੇ, ਧਰਮ ਦੇ ਨਾਂ 'ਤੇ ਫੋਕਟ ਕਰਮਕਾਂਡ ਇਹ ਸਭ ਬ੍ਰਾਹਮਣਵਾਦ ਹੀ ਤਾਂ ਹੈ। ਬ੍ਰਾਹਮਣਵਾਦ ਕੋਈ ਕਿਸੇ ਜਾਤ ਦਾ ਨਾਂ ਨਹੀਂ, ਇਕ ਸੋਚ ਹੈ। ਜੇ ਕੋਈ ਬ੍ਰਾਹਮਣ ਜਾਤ ਤੋਂ ਹੁੰਦਿਆਂ ਵੀ ਬ੍ਰਾਹਮਣਵਾਦੀ ਕਰਮਕਾਂਡ ਨਹੀਂ ਕਰਦਾ ਤਾਂ ਉਹ ਬ੍ਰਾਹਮਣਵਾਦੀ ਨਹੀਂ ਆਖਿਆ ਜਾ ਸਕਦਾ। ਮਿਸਾਲ ਦੇ ਤੌਰ 'ਤੇ ਭਾਈ ਮਤੀਦਾਸ, ਭਾਈ ਸਤੀਦਾਸ ਬ੍ਰਾਹਮਣ ਪਰਿਵਾਰਾਂ ਵਿਚੋਂ ਹੀ ਸਨ, ਪਰ ਉਹ ਬ੍ਰਾਹਮਣਵਾਦੀ ਨਹੀਂ ਸਨ। ਕੀ ਇਹ ਗੱਲ ਹਾਸੋਹੀਣੀ ਨਹੀਂ ਕਿ ਮੂਰਤੀ-ਪੂਜਾ, ਦੇਹਧਾਰੀਆਂ ਨੂੰ ਧਰਮਗੁਰੂ ਮੰਨਣਾ ਅਤੇ ਉਨ੍ਹਾਂ ਨੂੰ ਮੱਥੇ ਟੇਕਣਾ, ਮ੍ਰਿਤਕ ਵਿਅਕਤੀਆਂ ਦੇ ਫੁੱਲ ਹਰਿਦਵਾਰ ਗੰਗਾ ਪਾਉਣੇ, ਕਾਸ਼ੀ ਵਿਚ ਜਾ ਤੀਰਥ ਕਾਇਮ ਕਰਨੇ, ਹਿੰਦੂ ਦੇਵੀ ਦੇਵਤਿਆਂ ਦੀ ਨਿਆਈ ਮੂਰਤੀ ਪੂਜਾ ਕਰਨੀ ਅਤੇ ਫਿਰ ਇਹ ਵੀ ਕਹੀ ਜਾਣਾ ਕਿ ਅਸੀਂ ਬ੍ਰਾਹਮਣਵਾਦ ਦੇ ਮੂਲੋਂ ਵਿਰੋਧੀ ਹਾਂ, ਇਥੇ ਮੈਨੂੰ ਇਹ ਸ਼ੇਅਰ ਚੇਤੇ ਆਉਂਦਾ ਹੈ:

ਨੁਕਤਾ-ਏ-ਤੌਹੀਦ ਸਮਝ ਮੇਂ ਆ ਤੋ ਸਕਤਾ ਹੈ,
ਤਿਰੇ ਦਿਮਾਗ ਮੇਂ ਬੁਤਖਾਨਾ ਹੈ ਤੋ ਕਯਾ ਕਹੀਏ।

ਜਿਹੜੇ ਭਗਤ ਰਵਿਦਾਸ ਖੁਦ ਬੁੱਤਪੂਜਾ ਦੇ ਵਿਰੁਧ ਸਨ ਅੱਜ ਉਨ੍ਹਾਂ ਦੇ ਵੀ ਬੁੱਤ ਬਣਾ ਕੇ ਪੂਜੇ ਜਾ ਰਹੇ ਹਨ। ਮਹਾਤਮਾ ਬੁੱਧ ਨੇ ਬੁੱਤ ਪੂਜਾ ਦਾ ਵਿਰੋਧ ਕੀਤਾ ਸੀ ਪਰ ਅੱਜ ਸੰਸਾਰ ਵਿਚ ਸਭ ਤੋਂ ਵੱਧ ਬੁੱਤ ਮਹਾਤਮਾ ਬੁੱਧ ਦੇ ਹੀ ਹਨ। ਇਹੋ ਤਾਂ ਹੈ ਬ੍ਰਾਹਮਣਵਾਦ ਦੀ ਕਾਟ।

ਸਿੱਖਾਂ ਉਤੇ ਜਾਤ-ਪਾਤ ਜਾਂ ਬ੍ਰਾਹਮਣਵਾਦ ਦਾ ਦੋਸ਼ ਲਾਉਣ ਵਾਲੇ ਰਵਿਦਾਸੀਏ ਭਰਾ ਖੁਦ ਬ੍ਰਾਹਮਣਵਾਦ ਦਾ ਸ਼ਿਕਾਰ ਹੋ ਗਏ ਹਨ, ਇਹੋ ਬ੍ਰਾਹਮਣਵਾਦ ਦੀ ਪ੍ਰਾਪਤੀ ਹੈ। ਜੱਟਾਂ ਉਤੇ ਉਚੀ ਜਾਤ ਦੇ ਅਭਿਮਾਨ ਦਾ ਦੋਸ਼ ਲਾਉਣ ਵਾਲਾ ਇਹ ਭਾਈਚਾਰਾ ਖੁਦ ਅਹਿਸਾਸ-ਏ-ਕਮਤਰੀ ਦਾ ਸ਼ਿਕਾਰ ਹੋਇਆ ਫਿਰਦਾ ਹੈ। ਜਦ ਦਸਵੇਂ ਪਾਤਸ਼ਾਹ ਨੇ ਗਰੀਬ ਸਿੱਖਾਂ ਨੂੰ ਪਾਤਸ਼ਾਹੀ ਤੇ ਸਰਦਾਰੀ ਬਖਸ਼ੀ ਸੀ ਨਾ ਉਹ ਸਾਂਝਾ ਦੁਸ਼ਮਣ ਭੀਮ ਚੰਦ ਕਹਿਲੂਰੀਏ ਦੇ ਰੂਪ ਵਿਚ ਇਉਂ ਕਲਪਿਆ ਸੀ:

ਉਨ੍ਹੇ 'ਕੱਠੇ ਕੀਤੇ ਜੱਟ-ਬੂਟ ਝੀਵਰ ਤਰਖਾਣਾ,
ਉਹ ਕੀ ਜਾਨਣ ਤੇਗ ਨੂੰ ਹੱਥ ਕਿਧਰੋਂ ਪਾਣਾ?

ਭਗਤ ਕਬੀਰ ਜੀ ਦਾ ਫੁਰਮਾਨ ਹੈ:

ਕਬੀਰ ਸਮੁੰਦ ਨਾ ਛੋਡੀਐ ਜਉ ਅਤਿ ਖਾਰੋ ਹੋਇ॥
ਪੋਖਰ ਪੋਖਰ ਢੂੰਡਤੇ ਭਲੋ ਨਾ ਕਹੁ ਹੋਇ॥

ਵਿਆਨਾ ਕਾਂਡ ਤੋਂ ਬਾਅਦ ਹੁਲੜਬਾਜਾਂ ਨੇ ਪੰਜਾਬ ਵਿਚ ਜੋ ਹਨੇਰਗਰਦੀ ਮਚਾਈ ਉਸ ਬਾਰੇ ਭੌਰਾ ਲਿਖਦਾ ਹੈ ਕਿ ਕਾਰਨ ਇਹ ਵੀ ਸੀ ਕਿ ਦੁਆਬੇ ਵਿਚ ਖਾੜਕੂ ਲਹਿਰ ਦੌਰਾਨ ਪੰਜ ਇਸੇ ਜਾਤੀ ਨਾਲ ਸਬੰਧਤ ਸੰਤ ਸੁਭਾਅ ਰਾਜਨੀਤਕ ਲੋਕਾਂ ਦਾ ਕਤਲ ਵੀ ਲੋਕਾਂ ਨੂੰ ਨਹੀਂ ਭੁਲਿਆ ਸੀ। ਭੌਰਾ ਇਹ ਗੱਲ ਭੁੱਲ ਹੀ ਗਿਆ ਕਿ ਇਸ ਲਹਿਰ ਦੌਰਾਨ ਦੋਹਾਂ ਧਿਰਾਂ ਹੱਥੋਂ ਕਿੰਨੇ ਲੋਕ ਮਾਰੇ ਗਏ, ਕੀ ਇਸ ਦਾ ਅਰਥ ਇਹ ਲਿਆ ਜਾਵੇ ਕਿ ਕੱਲ੍ਹ ਨੂੰ ਸਿੱਖ ਅਜਿਹੀ ਸਥਿਤੀ ਪੈਦਾ ਹੋਣ 'ਤੇ ਬਦਲਾ ਲੈਣ ਤੁਰ ਪੈਣ। ਬੜੀ ਮੁਸ਼ਤੈਦੀ ਨਾਲ ਡੇਰਾ ਸੱਚ ਖੰਡ ਬੱਲਾਂ ਵਾਲਿਆਂ ਦੇ ਸੰਤਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਮੱਥਾ ਟਿਕਾਉਣ ਦੀ ਗੱਲ ਉਤੇ ਭੌਰੇ ਨੇ ਪੋਚਾ ਫੇਰਨ ਦੀ ਕੋਸ਼ਿਸ਼ ਕੀਤੀ ਹੈ ਜੇ ਅਜਿਹੇ ਕਿਸੇ ਸਪਸ਼ਟੀਕਰਨ ਦੀ ਲੋੜ ਹੈ ਤਾਂ ਇਹ ਡੇਰਾ ਬੱਲਾਂ ਵਾਲਿਆਂ ਵਲੋਂ ਹੋਣਾ ਚਾਹੀਦਾ ਹੈ। ਉਸ ਨੇ ਇਹ ਹੋਰ ਬੜਾ ਫਜ਼ੂਲ ਸਵਾਲ ਕੀਤਾ ਹੈ ਕਿ ਰਹਿਆਣੇ ਦੇ ਇਕ ਸੰਤ 'ਤੇ ਲੱਗੇ ਸੰਗੀਨ ਦੋਸ਼ਾਂ ਤੋਂ ਬਾਅਦ ਕੀ ਗੋਲੀ ਮਾਰੀ ਗਈ ਹੈ? ਦੁਆਬੇ ਦੇ ਇਕ ਸੰਤ ਨੇ ਬਲਾਤਕਾਰ ਦੇ ਦੋਸ਼ ਵਿਚ ਸਜਾ ਕੱਟੀ ਹੈ। ਕੀ ਉਹਦੇ ਵੀ ਗੋਲੀ ਮਾਰੀ ਗਈ ਹੈ? ਕੀ ਇਥੇ ਭੌਰਾ ਇਹ ਕਹਿਣਾ ਚਾਹੁੰਦਾ ਹੈ ਕਿ ਜੇ ਹੋਰਨਾਂ ਦੇ ਵੀ ਗੋਲੀ ਮਾਰ ਦਿੱਤੀ ਜਾਵੇ ਤਾਂ ਵਿਆਨਾ ਗੋਲੀ ਕਾਂਡ ਸਹੀ ਹੈ? ਰਹੀ ਗੱਲ ਅੱਥਰੂ ਵਹਾਉਣ ਦੀ, ਪੰਜਾਬ ਦੇ ਸਾਰੇ ਸਿੱਖ ਤੇ ਗੈਰ ਸਿੱਖ ਆਗੂ ਇਨ੍ਹਾਂ ਸੰਤਾਂ ਦੀ ਮੌਤ 'ਤੇ ਅੱਥਰੂ ਹੀ ਤੇ ਵਹਾ ਰਹੇ ਹਨ, ਤਾਂ ਹੀ ਤਾਂ ਹੁਲੜਬਾਜਾਂ ਦੀਆਂ ਕਰਤੂਤਾਂ ਮੁਆਫ ਕਰਕੇ ਉਨ੍ਹਾਂ ਨੂੰ ਮੁਆਵਜ਼ੇ ਦਿੱਤੇ ਜਾ ਰਹੇ ਹਨ।

*-ਸੁਤੰਤਰ ਸਿੰਘ ਵਰਜੀਨੀਆ*

# ਵਿਆਨਾ ਕਾਂਡ:ਸਮੱਸਿਆ ਦੀ ਜੜ੍ਹ ਤਕ ਪਹੁੰਚੋ

ਨੁਕਸਾਨ ਹੋ ਜਾਂਦਾ ਹੈ ਤਾਂ ਫਿਰ ਅਜਿਹਾ ਪ੍ਰਤੀਕਰਮ ਹੋਣਾ ਤੈਅ ਸੀ, ਜਿਸ ਦੀ ਕਿਸੇ ਨੂੰ ਆਸ ਵੀ ਨਹੀਂ ਸੀ ਹੋਣੀ।

ਅਸੀਂ ਗੁਰਮਤਿ ਵਿਚਾਰਧਾਰਾ ਦੇ ਮੱਦੇਨਜ਼ਰ ਦਲਿਤ ਵੀਰਾਂ ਨੂੰ ਸਿੱਖੀ ਦੇ ਕਾਫਲੇ 'ਚ ਰਲਾਉਣ ਦੇ ਹਾਮੀ ਹਾਂ, ਉਨ੍ਹਾਂ ਨੂੰ ਆਪਣੇ ਵੀਰ ਬਣਾ ਕੇ ਗਲਵੱਕੜੀ ਪਾਉਣ ਦੇ ਹਾਮੀ ਹਾਂ, ਪਰ ਗੁਰਮਤਿ ਸਿਧਾਂਤਾਂ ਤੇ ਮਰਯਾਦਾ ਨੂੰ ਪੈਰਾਂ ਹੇਠ ਰੋਲ ਕੇ ਕਿਸੇ ਭਾਈਚਾਰੇ ਜਾਂ ਕਿਸੇ ਯੂਨੀਅਨ ਮਾਰਕਾ ਸੰਗਠਨ ਨਾਲ ਗਲਵੱਕੜੀ ਪਾਉਣ ਦੇ ਅਸੀਂ ਬਿਲਕੁਲ ਹਾਮੀ ਨਹੀਂ। ਪਰ ਅਫ਼ਸੋਸ ਕਿ ਦਲਿਤ ਵੀਰਾਂ ਨੂੰ ਨਾਲ ਰੱਖਣ ਦੇ ਨਾਂ ਹੇਠ ਕਈ ਸਿੱਖ ਜਥੇਬੰਦੀਆਂ ਨੇ ਇਹੀ ਵਤੀਰਾ ਹੀ ਧਾਰਨ ਕੀਤਾ, ਜਦ ਕਿ ਦੂਜੇ ਪਾਸਿਓਂ ਉਲਟ ਵਰਤਾਰਾ ਚੱਲ ਰਿਹਾ ਸੀ। ਇੱਥੋਂ ਤੱਕ ਕਿ ਕਈ ਥਾਂਵਾਂ 'ਤੇ ਸ਼ਰਾਰਤੀ ਅਨਸਰਾਂ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਵੀ ਪਾੜ ਦਿੱਤੀਆਂ, ਤਾਂ ਵੀ ਸੰਤਾਂ ਦੀ ਸੋਚ ਦੀਆਂ ਵਾਰਸ ਅਖਵਾਉਣ ਵਾਲੀਆਂ ਕਈ ਜਥੇਬੰਦੀਆਂ ਸਖਤ ਪ੍ਰਤੀਕਰਮ ਤਾਂ ਦੂਰ, ਸਖਤ ਅਖਬਾਰੀ ਬਿਆਨ ਜਾਰੀ ਕਰਨ ਤੋਂ ਵੀ ਪਰਹੇਜ਼ ਕਰਦੀਆਂ ਰਹੀਆਂ। ਇੰਜ ਜਾਪਦਾ ਸੀ ਜਿਵੇਂ ਕਿ ਹਰ ਇੱਕ ਦੇ ਹਿਰਦੇ ਵਿਚ ਇਹ ਡਰ ਬੈਠ ਗਿਆ ਸੀ ਕਿ ਸੜਕਾਂ ਤੇ ਨੱਚ ਰਹੀ ਗੁੰਡਾਗਰਦੀ ਕਿਤੇ ਸਾਡੇ ਘਰ ਵੱਲ ਮੂੰਹ ਨਾ ਕਰ ਲਵੇ। ਸਾਨੂੰ ਇਸ ਸਵਾਲ ਦੇ ਰੂਬਰੂ ਹੋਣਾ ਪਵੇਗਾ ਕਿ ਜੇਕਰ ਸਾਡੇ ਡੌਲਿਆਂ ਵਿਚ ਆਪਣੇ ਧਰਮ ਦੀ ਤੇ ਆਪਣੀ ਰਾਖੀ ਕਰਨ ਜੋਗੀ ਤਾਕਤ ਵੀ ਨਹੀਂ ਰਹੀ ਤਾਂ ਅਸੀਂ ਪੰਥ ਦੀ ਬੇੜੀ ਨੂੰ ਤੂਫਾਨੀ ਭਵਜਲ 'ਚੋਂ ਬਾਹਰ ਕੱਢਣ ਦੇ ਦਾਅਵੇ ਕਿਸ ਆਧਾਰ 'ਤੇ ਕਰ ਰਹੇ ਹਾਂ?

ਅਸੀਂ ਇੱਕ ਵਾਰ ਫਿਰ ਇਹ ਦੁਹਰਾਉਂਦੇ ਹਾਂ ਕਿ ਗੁਰਮਤਿ ਵਿਚਾਰਧਾਰਾ ਦੇ ਆਧਾਰ 'ਤੇ ਅਸੀਂ ਭਗਤ ਰਵਿਦਾਸ ਜੀ ਸਮੇਤ ਸਮੂਹ ਮਹਾਂਪੁਰਖਾਂ ਨੂੰ ਨਤਮਸਤਕ ਹੁੰਦੇ ਹਾਂ, ਦਲਿਤ ਵੀਰਾਂ ਦੇ ਭਰਾ ਬਣ ਕੇ ਵਿਚਰਨ ਦੇ ਚਾਹਵਾਨ ਹਾਂ, ਪਰ ਆਪਣੇ ਸਿਧਾਂਤਾਂ ਦੀ ਕੀਮਤ 'ਤੇ ਨਹੀਂ। ਆਸਟਰੀਆ ਦੇ ਗੁਰਸਿੱਖਾਂ ਨੇ ਬੱਲਾਂ ਵਾਲਿਆਂ ਦੇ ਡੇਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਰੁੱਧ ਹੁੰਦੀਆਂ ਜਿਨ੍ਹਾਂ ਬੇਨਿਯਮੀਆਂ ਦੀ ਗੱਲ ਕੀਤੀ ਹੈ, ਉਨ੍ਹਾਂ ਬਾਰੇ ਜਾਂਚ ਕਰਨ ਲਈ ਸਿੱਖ ਪੰਥ ਦੇ ਉਨ੍ਹਾਂ ਜ਼ਿੰਮੇਵਾਰਾਂ ਨੂੰ ਉੱਦਮ ਕਰਨਾ ਬਣਦਾ ਹੈ, ਜਿਨ੍ਹਾਂ ਦਾ ਅਜੇ ਤਕ ਸਾਰਾ ਜ਼ੋਰ ਸਿੱਖ ਨੌਜਵਾਨਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕਰਕੇ ਕੁਝ ਹੋਰ ਵੋਟਾਂ ਪੱਕੀਆਂ ਕਰਨ ਵੱਲ ਹੀ ਲੱਗਾ ਹੋਇਆ ਹੈ। ਜੇਕਰ ਸੱਚਮੁੱਚ ਹੀ ਓਥੇ ਗੁਰੂ ਗ੍ਰੰਥ ਸਾਹਿਬ ਦੀ ਇਸ ਢੰਗ ਨਾਲ ਬੇਅਦਬੀ ਹੁੰਦੀ ਹੈ ਤਾਂ ਫਿਰ 6 ਸਿੱਖ ਨੌਜਵਾਨਾਂ ਦਾ ਕੇਸ ਹਮਦਰਦੀ ਨਾਲ ਵਿਚਾਰੇ ਜਾਣ ਦੀ ਲੋੜ ਤਾਂ ਹੋਵੇਗੀ ਹੀ, ਅਗਾਂਹ ਤੋਂ ਸਿੱਖ ਭਾਵਨਾਵਾਂ ਦੀ ਰਾਖੀ ਲਈ ਕੁਝ ਸਖਤ ਕਦਮ ਪੁੱਟਣੇ ਵੀ ਜ਼ਰੂਰੀ ਹੋਣਗੇ। ਸਿੱਖ ਕਿਸੇ ਦੀ ਭਾਵਨਾ ਨੂੰ ਠੇਸ ਨਹੀਂ ਪਹੁੰਚਾਉਂਦੇ, ਪਰ ਇਸ ਦੇ ਨਾਲ ਹੀ ਇਹ ਗੱਲ ਵੀ ਸਭ ਲਈ ਸਮਝਣੀ ਜ਼ਰੂਰੀ ਹੈ ਕਿ ਜੇਕਰ ਕੋਈ ਸਿੱਖਾਂ ਦੀਆਂ ਭਾਵਨਾਵਾਂ ਨਾਲ ਲਗਾਤਾਰ ਜਾਣਦੇ ਬੁੱਝਦੇ ਹੋਏ ਖਿਲਵਾੜ ਕਰਦਾ ਹੈ ਤਾਂ ਓਥੇ ਪ੍ਰਤੀਕਰਮ ਕੁਦਰਤੀ ਵਰਤਾਰੇ ਵਾਂਗ ਆਪ ਮੁਹਾਰੇ ਸਾਹਮਣੇ ਆਉਂਦੇ ਹਨ।

# ਬਾਈ ਜਸਵੰਤ ਸਿੰਘ ਕੰਵਲ

ਕਥਾ ਪ੍ਰਵਚਨ 'ਚ ਉਸ ਬੰਦੇ ਨੂੰ 'ਸਿੱਖੀ ਅਸੂਲਾਂ' ਉੱਤੇ ਚੱਲਣ ਦੀ ਹਦਾਇਤ ਕਰਦਾ ਹੈ ਜੋ ਸ਼ਹਿਰ ਦੇ ਸਿੱਖ ਨੂੰ ਹਿਕਾਰਤ ਨਾਲ 'ਭਾਪਾ' ਜਾਂ 'ਕਰਾੜ' ਕਹਿੰਦਾ ਹੈ, ਜੋ ਦਸਤਕਾਰੀ ਕਿੱਤੇ ਵਾਲੇ ਸਿੱਖ ਨੂੰ ਆਪਣੇ ਤੋਂ ਹੀਣਾ ਸਮਝਦਾ ਹੈ, ਜੋ ਦਲਿਤ ਸਿੱਖ ਨੂੰ ਜੀਣ-ਥੀਣ ਲਈ ਯੋਗ ਸਪੇਸ ਮੁਹੱਈਆ ਕਰਨ ਤੋਂ ਕਤਰਾਂਦਾ ਹੈ, ਜਿਸ ਲਈ ਰੋਟੀ-ਬੇਟੀ ਦੀ ਸਾਂਝ ਵੇਲੇ ਸਿਰਫ ਜੱਟ ਹੀ ਸਿੱਖ ਹੁੰਦਾ ਹੈ। ਜਾਤੀ-ਪ੍ਰਥਾ ਆਪਣੇ ਆਪ 'ਚ ਖ਼ਤਰਨਾਕ ਬੁਨਿਆਦ-ਪਸੰਦੀ ਹੈ, ਧਰਮ ਦੀ ਪਾਣ ਚੜ੍ਹਣ ਨਾਲ ਇਹ ਕਮਜ਼ੋਰ ਨਹੀਂ ਪੈਂਦੀ, ਸਗੋਂ ਧਾਰਮਿਕ ਅਸੂਲਾਂ ਨੂੰ ਮੁੱਢਲੀ ਬੁਨਿਆਦ-ਪਸੰਦੀ ਦਾ ਅਨੁਸਾਰੀ ਬਣਾ ਦਿੰਦੀ ਹੈ।

ਜਿਸ ਸਿੱਖ ਬੰਦੇ ਨੂੰ ਕੰਵਲ ਵੰਗਾਰਦਾ ਹੈ, ਉਹਦੇ ਅਦਰੋਂ ਤੂਫਾਨ ਉੱਠਣੇ ਬੰਦ ਕਿਉਂ ਹੋ ਗਏ ਹਨ? ਉਹ ਇਸ ਲਈ ਕਿ ਉਹਨੂੰ ਜਾਂ ਰੁਜ਼ਗਾਰ ਦੀ ਖਾਤਰ ਹੱਥਾਂ-ਪੈਰਾਂ ਦੀ ਪਈ ਹੋਈ ਹੈ ਜਾਂ ਕਰਜ਼ੇ ਉਹਦੀ ਸੁਰਤ ਨੂੰ ਮਿੱਧੀ ਫਿਰਦੇ ਹਨ। ਜਾਂ ਉਹਦੇ ਪੁੱਤ ਵਿਦੇਸ਼ਾਂ ਨੂੰ ਵਗਣ ਲਈ ਕਤਾਰਾਂ 'ਚ ਲੱਗੇ ਹੋਏ ਹਨ। ਜਿਨ੍ਹਾਂ ਕੋਲ ਦਾਣੇ ਚੋਖੇ ਹਨ, ਟ੍ਰੈਕਟਰ ਤੇ ਜੀਪਾਂ ਹਨ, ਉਨ੍ਹਾਂ ਨੂੰ ਨਸ਼ਿਆਂ, ਲੱਚਰ ਗੀਤਾਂ ਤੇ ਭੁੱਚਰ ਕਿਸਮ ਦੀ ਸਿਆਸਤ ਤੋਂ ਵਿਹਲ ਨਹੀਂ। ਉਹ ਮਾਨਵੀ ਅਸੂਲਾਂ ਤੋਂ ਥਿੜਕੇ ਹੋਏ ਹਨ, ਸਿੱਖੀ ਅਸੂਲਾਂ ਦੇ ਨੇੜੇ ਕਿਵੇਂ ਢੁੱਕ ਸਕਦੇ ਹਨ? ਉਨ੍ਹਾਂ ਨੂੰ ਆਪਣੀ ਸਥਾਨਿਕਤਾ ਦੇ ਕਮਜ਼ੋਰ ਹੋਣ ਦਾ ਗਮ ਨਹੀਂ, ਉਹ ਕੈਨੇਡਾ/ਅਮਰੀਕਾ 'ਚ ਨਵੀਂ ਸਥਾਨਿਕਤਾ ਬਣਾਉਣ ਦੇ ਸੁਪਨੇ ਲੈ ਰਹੇ ਹਨ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਪੰਜਾਬੀ ਭਾਸ਼ਾ ਦੇ ਹਰਨ ਹੋਣ ਨਾਲ, ਜਿਹਦੇ ਆਸਾਰ ਸ਼ਰੇਆਮ ਦਿਖਾਈ ਦੇ ਰਹੇ ਹਨ, ਉਨ੍ਹਾਂ ਦਾ ਸੱਭਿਆਚਾਰ ਹਮੇਸ਼ਾ ਲਈ ਫੌਤ ਹੋ ਜਾਵੇਗਾ। ਵੋਟ ਉਹ ਵਾਰੋ-ਵਾਰੀ ਕਾਂਗਰਸ ਤੇ ਅਕਾਲੀ ਦਲ ਨੂੰ ਪਾਉਂਦੇ ਹਨ, ਦੋਨਾਂ ਪਾਰਟੀਆਂ ਕੋਲ ਪੰਜਾਬ ਦੇ ਸਭਿਆਚਾਰ ਦਾ ਕੋਈ ਏਜੰਡਾ ਨਹੀਂ। ਦੋਵੇਂ ਪਾਰਟੀਆਂ ਪ੍ਰੈਕਟੀਕਲ ਸਿਆਸਤ ਦੇ ਆਸਰੇ ਦਿਨ-ਕੱਟੀ ਕਰ ਰਹੀਆਂ ਹਨ। ਦੋਨਾਂ ਦੀ ਅਸਲ ਤਾਕਤ ਉਹ ਭੋਇੰਮੁਖ ਬੰਦਾ ਹੈ ਜਿਸ ਨੂੰ ਬਾਈ ਕੰਵਲ ਆਪਣਾ ਕਥਾ ਪ੍ਰਵਚਨ ਸੁਣਾ ਰਿਹਾ ਹੈ ਤੇ ਪੰਜਾਬ ਦੀ ਖਾਤਰ ਕੁਰਬਾਨੀਆਂ ਦੇਣ ਲਈ ਤਿਆਰ ਹੋਣ ਲਈ ਕਹਿ ਰਿਹਾ ਹੈ। ਕਮਿਊਨਿਸਟਾਂ ਨੂੰ ਨਿੰਦਣਾਂ ਕਿ ਉਨ੍ਹਾਂ ਨੂੰ ਗੁਰੂ ਘਰ ਦੇ ਸਰਬੱਤ ਦੇ ਭਲੇ ਦਾ ਪ੍ਰੋਗਰਾਮ ਚੰਗਾ ਨਹੀਂ ਲੱਗਦਾ ਅੰਤ ਦਰਜੇ ਦਾ ਸਰਲੀਕਰਨ ਹੈ। ਇਹ ਫੰਡਾ ਕਿਸ਼ਨ ਸਿੰਘ ਦੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਹਾਲ ਦੀ ਘੜੀ ਏਨਾ ਹੀ ਕਹਿਣਾ ਹੈ ਕਿ ਕਮਿਊਨਿਸਟ ਹੀ ਹਨ, (ਅਕਾਲੀ ਜਾਂ ਉਹ ਨਹੀਂ ਜਿਨ੍ਹਾਂ ਨੂੰ ਬਾਈ ਜੀ ਸਿੱਖ ਕੌਮ ਦੀ ਰੀੜ੍ਹ ਦੀ ਹੱਡੀ ਮੰਨਦਾ ਹੈ) ਜਿਨ੍ਹਾਂ ਦੀ ਪੰਜਾਬੀ ਭਾਸ਼ਾ ਤੇ ਸਭਿਆਚਾਰ ਵਲ ਅਟੁੱਟ ਪ੍ਰਤੀਬੱਧਤਾ ਹੈ।

ਕੁੱਲ ਮਿਲਾ ਕੇ, ਪੰਜਾਬ ਦੇ ਪ੍ਰਸੰਗ 'ਚ ਸੰਕਟ ਦੀ ਜੜ੍ਹ ਆਕ੍ਰਮਣੀ ਜਾਂ ਖਾੜਕੂ ਮਜ਼ਹਬ-ਪ੍ਰਸਤੀ ਹੈ ਤੇ ਕੰਵਲ ਇਹਨੂੰ ਉਤਸ਼ਾਹਿਤ ਕਰ ਰਿਹਾ ਹੈ। ਨੇਕ ਇਰਾਦੇ ਨਾਲ ਉਹ ਮੰਦੇ ਅਨਸਰਾਂ ਵਾਲੀ ਨੀਤੀ ਪਰੋਸ ਕੇ ਦੇ ਰਿਹਾ ਹੈ। ਮਜ਼ਹਬਪ੍ਰਸਤੀ ਸਿੱਖਾਂ 'ਚ ਉਸ ਸਮੇਂ ਪੈਦਾ ਹੋਣੀ ਸ਼ੁਰੂ ਹੋਈ, ਜਦ ਸਿੰਘ ਸਭਾ ਲਹਿਰ ਨੇ ਜ਼ੋਰ ਫੜਿਆ। ਉਨ੍ਹਾਂ ਇਸ ਕੁਲਹਿਰ ਨੂੰ 'ਪੰਜਾਬੀ ਕੌਮੀਅਤ' ਵਿਚ ਤਬਦੀਲ ਨਹੀਂ ਕੀਤਾ। ਅਕਾਲੀ ਮੋਰਚਿਆਂ ਦਾ ਬੁਨਿਆਦੀ ਏਜੰਡਾ ਵੀ ਸਿੱਖ ਗੁਰਦੁਆਰਿਆਂ ਦੀ ਸੁਤੰਤਰਤਾ ਤੱਕ ਸੀਮਤ ਰਿਹਾ। ਜੇ ਇਹੀ ਏਜੰਡਾ ਪੰਜਾਬੀ ਭਾਸ਼ਾ 'ਤੇ ਆਧਾਰਤ ਸਭਿਆਚਾਰਕ ਵਿਸ਼ਥਾਰਾਂ ਵਲ ਸੇਧਿਤ ਹੋ ਜਾਂਦਾ ਤਾਂ ਕਿਸੇ ਵੀ ਪੰਜਾਬੀ-ਦੋਖੀ ਧਿਰ ਨੇ ਸਫ਼ਲ ਨਹੀਂ ਸੀ ਹੋਣਾ। ਸਿੱਖਾਂ ਦੀ ਆਕ੍ਰਮਣੀ ਮਜ਼ਹਬੀਅਤ ਨੇ ਪੰਜਾਬ ਦੇ ਸ਼ਹਿਰੀ ਹਿੰਦੂਆਂ ਅੰਦਰ ਚੋਖਾ ਭੈਅ ਪੈਦਾ ਕਰ ਦਿੱਤਾ। ਨਤੀਜੇ ਵਜੋਂ ਉਨ੍ਹਾਂ ਨੇ ਆਰੀਆ ਸਮਾਜ ਨੂੰ ਜਿਸ ਤੀਬਰਤਾ ਨਾਲ ਅਪਣਾਇਆ ਤੇ ਇਹਨੂੰ ਆਕ੍ਰਮਣੀ ਪ੍ਰਤੀ ਉੱਤਰ ਵਜੋਂ ਵਰਤਿਆ ਉਸ ਤੋਂ ਜ਼ਾਹਿਰ ਸੀ ਪੰਜਾਬ ਦੀਆਂ ਤਿੰਨਾਂ ਜਾਤੀਆਂ (ਹਿੰਦੂ, ਸਿੱਖ, ਮੁਸਲਮਾਨ) ਵਿਚ ਸਰਵ-ਸਮਾਨਤਾ ਹੀ ਡਿਸਟ੍ਰਬ ਨਹੀਂ ਹੋਈ, ਇਹਨੇ ਪੰਜਾਬ ਨੂੰ ਵੀ ਤਬਾਹੀ 'ਤੇ ਰਸਤੇ 'ਤੇ ਪਾ ਦੇਣਾ ਹੈ। ਹੁਣ ਵੀ ਕੰਵਲ ਦਾ ਪੈਂਤੜਾ ਆਕ੍ਰਮਣੀ ਸਿੱਖ-ਪ੍ਰਸਤੀ ਵਾਲਾ ਹੈ। ਕੀ ਇਹ ਯੁੱਗ ਬੇਸਿਰ ਕੁਰਬਾਨੀਆਂ ਦਾ ਹੈ?

**ਅੰਤ ਵਿਚ ਸੁਆਲ ਹੈ :** ਕੀ ਪੰਜਾਬ 'ਚ ਸਿੱਖਾਂ ਤੋਂ ਇਲਾਵਾ ਹੋਰ ਲੋਕ ਨਹੀਂ ਰਹਿੰਦੇ? ਰਹਿੰਦੇ ਹਨ ਪਰ ਉਨ੍ਹਾਂ ਨੂੰ ਪੰਜਾਬ ਨਾਲ ਹਿੱਤ ਕਿਉਂ ਨਹੀਂ? ਉਹ ਪੰਜਾਬ ਦੀ ਸਥਾਨਿਕਤਾ, ਪੰਜਾਬੀ ਭਾਸ਼ਾ ਤੇ ਸਭਿਆਚਾਰ ਬਾਰੇ ਫਿਕਰਮੰਦ ਕਿਉਂ ਨਹੀਂ? ਉਨ੍ਹਾਂ ਕੋਲ ਪੰਜਾਬ ਦੇ ਭਵਿੱਖ ਬਾਰੇ ਕੀ 'ਵਿਯਨ' (ਦਿੱਬਦ੍ਰਿਸ਼ਟੀ) ਹੈ? ਕੋਈ 'ਵਿਯਨ' ਨਹੀਂ, ਤਦ ਹੀ ਤਾਂ ਮੰਚ 'ਤੇ ਬਾਈ ਕੰਵਲ ਖੜਾ ਉਨ੍ਹਾਂ ਨੂੰ ਲਾਨ੍ਹਤਾਂ ਪਾ ਰਿਹਾ ਹੈ।

# ਗਾਈਡ

ਮੈਂ ਪਹਿਲੀ ਮੁਲਾਕਾਤ ‘ਤੇ ਸਮਝ ਗਿਆ ਸਾਂ ਕਿ ਉਸ ਵਿਚ ਅੰਤਾਂ ਦੀ ਚੰਚਲਤਾ ਏ। ਉਦੋਂ ਉਸਦੀ ਉਮਰ ਸਤਾਰਾਂ ਕੁ ਸਾਲ ਸੀ। ਗੋਲ-ਮਟੋਲ ਸਰੀਰ, ਦਰਮਿਆਨਾ ਕੱਦ ਤੇ ਲਟ-ਲਟ ਬਲਦਾ ਲਾਲ-ਸੂਹਾ ਰੰਗ। ਉਹ ਤਾਂ ਜਿਉਂ ਕਿਸੇ ਨੂੰ ਸਮਰਪਿਤ ਹੋਣ ਲਈ ਤੜਫ ਰਹੀ ਹੋਵੇ। ਉਸਦੇ ਸੁਰਖ਼ ਹੋਂਠ ਇਕ ਗੱਲ ਦੇ ਬਾਅਦ ਹੀ ਖ਼ੁਸ਼ਕ ਹੋ ਜਾਂਦੇ।

‘‘ਤੁਸੀਂ ਇਕੱਲੇ ਕਿਉਂ ਰਹਿੰਦੇ ਹੋ?’’

‘‘ਤੁਹਾਡਾ ਕੱਲਿਆਂ ਦਾ ਦਿਲ ਕਿਵੇਂ ਲੱਗ ਜਾਂਦੈ?’’

‘‘ਤੁਸੀਂ ਵਿਆਹ ਕਦੋਂ ਕਰਵੌਣਾਂ?’’

‘‘ਲੱਗਦੈ ਤੁਸੀਂ ਲਵ-ਮੈਰਿਜ ਕਰਵਾਓਗੇ?’’

ਉਸਨੇ ਤਾਂ ਸਵਾਲਾਂ ਦੀ ਝੜੀ ਲਗਾ ਦਿੱਤੀ ਸੀ। ਮਣੀ ਉਸਨੂੰ ਘੂਰਦੀ ਵੀ ਰਹੀ ਤੇ ਸ਼ਰਮਾਉਂਦੀ ਵੀ ਰਹੀ। ਮੈਂ ਵੀ ਖਾਮੋਸ਼ ਮੁਸਕਰੌਂਦਾ ਰਿਹਾ। ਪਰ ਉਹ ਨਾ ਟਲੀ।

‘‘ਸਰ ਜੀ ਮਣੀ ਤਾਂ ਸਾਰਾ ਦਿਨ ਤੁਹਾਡੀਆਂ ਈ ਗੱਲਾਂ ਕਰਦੀ ਰਹਿੰਦੀ ਆ ਬਸ। ਸਰ ਜੀ ਨੇ ਆਹ ਕਿਹਾ, ਸਰ ਜੀ ਨੇ ਉਹ ਕਿਹਾ। ਬੜੀਆਂ ਕੁੜੀਆਂ ਦੀਵਾਨੀਆਂ ਹੋਈਆਂ ਪਈਆਂ ਨੇ ਤੁਹਾਡੀਆਂ। ਪਤਾ ਨਹੀਂ ਕੀ ਜਾਦੂ ਦੀ ਪੁੜੀ ਧੂੜ ਦਿੱਤੀ ਏ

## ਕਹਾਣੀ

ਤੁਸੀਂ ਇਨ੍ਹਾਂ ਦੇ ਸਿਰਾਂ ‘ਤੇ?’’

ਉਹ ਨਿਝੱਕ ਗੱਲਾਂ ਕਰਦੀ ਰਹੀ, ਜਿਉਂ ਮੇਰੇ ਨਾਲ ਵਰ੍ਹਿਆਂ ਤੋਂ ਸਾਂਝ ਹੋਵੇ। ਮੈਂ ਉਦੋਂ ਚਵੀ ਕੁ ਸਾਲਾਂ ਦਾ ਸਾਂ। ਉਸਦੀਆਂ ਲਾਲ-ਸੂਹੀਆਂ ਗੱਲ੍ਹਾਂ ਮੇਰੇ ਈਮਾਨ ਨੂੰ ਖੋਰਦੀਆਂ ਜਾ ਰਹੀਆਂ ਸਨ। ਮਣੀ ਦੀ ਹਾਜ਼ਰੀ ਕਾਰਨ ਮੈਂ ਖਾਹਸ਼ਾਂ ਨੂੰ ਕਾਬੂ ‘ਚ ਰੱਖ ਕੇ ਗੱਲਾਂ ਕਰ ਰਿਹਾ ਸਾਂ।

ਮਣੀ ਮੇਰੀ ਬੀ.ਏ. ਸੈਕੰਡ ਯੀਅਰ ਦੀ ਸਟੂਡੈਂਟ ਸੀ, ਲੰਮ-ਸਲੰਮੀ ਤੇ ਤਿੱਖੇ-ਤਿੱਖੇ ਨੈਣ ਨਕਸ਼ਾਂ ਵਾਲੀ, ਇਹ ਸਾਂਵਲੀ ਜਿਹੀ ਕੁੜੀ ਬਹੁਤ ਘੱਟ ਬੋਲਦੀ ਸੀ। ਮੈਂ ਜਿਸ ਗਲੀ ‘ਚ ਕਿਰਾਏ ਦਾ ਰੂਮ-ਸੈੱਟ ਲੈ ਕੇ ਰਹਿ ਰਿਹਾ ਸਾਂ, ਉਸ ਗਲੀ ਦੀ ਅਖੀਰ ‘ਚ ਮਣੀ ਦੇ ਡੁਬਈ ‘ਚ ਰਹਿੰਦੇ ਬਾਪ ਦਾ ਦੋ-ਮੰਜ਼ਲਾ ਆਲੀਸ਼ਾਨ ਮਕਾਨ ਸੀ। ਇਹ ਮੈਨੂੰ ਅਕਸਰ ਮਿਲਣ ਆ ਜਾਂਦੀ। ਬਹੁਤ ਵਾਰ ਨੂਡਲਜ਼ ਜਿਹਾ ਕੋਈ ਫਾਸਟ ਫੂਡ ਬਣਾ ਲਿਆਉਂਦੀ।

‘‘ਮੈਂ ਤੁਹਾਡੇ ਵਿਚਾਰ ਸੁਣਨ ਆਈ ਹਾਂ।’’ ਸ਼ਰਮਾਉਂਦੇ ਹੋਏ ਏਨਾ ਕੁ ਆਖਦੀ ਤੇ ਕੁਰਸੀ ‘ਤੇ ਬੈਠ ਜਾਂਦੀ। ਮੇਰੀਆਂ ਗੱਲਾਂ ਸੁਣਦੀ ਹੋਈ ਸ਼ਰਧਾ ‘ਚ ਸਿਰ ਮਾਰਦੀ ਰਹਿੰਦੀ। ਉਹ ਮੇਰੇ ਪੜ੍ਹਾਉਣ ਦੇ ਢੰਗ, ਪੇਂਡੂ ਜਟਕੀ ਬੋਲੀ, ਦਾਰਸ਼ਨਿਕ ਗੱਲਾਂ ਤੇ ਕਵਿਤਾਵਾਂ ‘ਤੇ ਫਿਦਾ ਸੀ।

‘‘ਤੁਹਾਡੇ ਵਰਗਾ ਤੇ ਕੋਈ ਨਹੀਂ ਏਸ ਦੁਨੀਆਂ ‘ਤੇ। ਸੋਹਣਾ ਤੇ ਸਿਆਣਾ।’’

ਇਹ ਵੱਡੀ ਤੋਂ ਵੱਡੀ ਗੱਲ ਸੀ, ਜੋ ਉਸਨੇ ਪੰਜ ਮਹੀਨਿਆਂ ਦੇ ਬਾਅਦ ਕੀਤੀ ਸੀ। ਉਸ ਦੀ ਇਹ ਖ਼ਾਮੋਸ਼ ਚਾਹਤ ਨੇ ਮੈਨੂੰ ਥੋੜ੍ਹਾ ਜਿਹਾ ਪ੍ਰਭਾਵਿਤ ਤਾਂ ਕੀਤਾ ਸੀ, ਪਰ ਦੀਵਾਨਾ ਨਹੀਂ। ਪਰ ਓਸ ਕੁੜੀ ਨੇ ਤਾਂ ਮੈਨੂੰ ਇਕੋ ਮੁਲਾਕਾਤ ‘ਚ ਝੱਲਾ ਕਰ ਸੁੱਟਿਆ ਸੀ। ਦੋਵੇਂ ਮਾਸੀ ਦੀਆਂ ਧੀਆਂ ਸਨ ਤੇ ਚੰਚਲ ਕੁੜੀ ਦਾ ਨਾਂ ਚੀਨਾ ਸੀ।

‘‘ਅਸੀਂ ਵੀ ਕਦੇ-ਕਦੇ ਤੁਹਾਡੀ ਆਵਾਜ਼ ਸੁਣ ਲਿਆ ਕਰਾਂਗੇ।’’

ਉਹ ਵਿਛੜਨ ਲੱਗਿਆਂ ਮੋਬਾਇਲ ਨੰਬਰ ਲੈ ਗਈ ਸੀ। ਮੈਂ ਕਈ ਦਿਨ ਬੇਚੈਨ ਰਿਹਾ ਸਾਂ। ਉਸਦੇ ਗੁੰਦਵੇਂ ਜਿਸਮ ਨੂੰ ਬਾਹਵਾਂ ‘ਚ ਘੁੱਟ ਲੈਣ ਦੀ ਕਲਪਨਾ ਕਰਦਿਆਂ ਪਛਤਾਵੇ ਨਾਲ ਭਰਦਾ ਰਿਹਾ ਸਾਂ। ਜਦੋਂ ਉਹ ਮੇਰੇ ਕੋਲ ਕਿਚਨ ‘ਚ ਆ ਕੇ ਮੱਲੋ-ਮੱਲੀ ਚਾਹ ਬਣਾਉਣ ਲੱਗ ਪਈ ਸੀ, ਉਹ ਉਸ ਨੇ ਮੌਕਾ ਦਿੱਤਾ ਸੀ। ਮੈਂ ਉਸਨੂੰ ਚੁੰਮ ਵੀ ਲੈਂਦਾ ਤਾਂ ਉਸ ਨੇ ਕੋਈ ਇਤਰਾਜ਼ ਨਹੀਂ ਸੀ ਕਰਨਾ।

ਅਜਿਹੀਆਂ ਸੋਚਾਂ ਮੈਨੂੰ ਅੰਤਾਂ ਦੀ ਤੜਫ ਨਾਲ ਭਰ ਜਾਂਦੀਆਂ ਸਨ। ਇਸ ਤੜਫ ਨੇ ਮੇਰਾ ਖਹਿੜਾ ਛੱਡਣ ਲਈ ਬੜਾ ਵਕਤ ਲਿਆ ਸੀ, ਪਰ ਉਸ ਦੇ ਚਿਹਰੇ ਦੀ ਉਹ ਲਾਲਗੀ ਦਾ ਜਲਵਾ ਤਾਂ ਦਿਲੋ-ਦਿਮਾਗ ਤੋਂ ਪੂਰੀ ਤਰ੍ਹਾਂ ਕਦੇ ਵੀ ਰੁਖ਼ਸਤ ਨਹੀਂ ਸੀ ਹੋ ਸਕਿਆ। ਮਣੀ ਮਿਲਦੀ ਤਾਂ ਅਸੀਂ ਬਹੁਤੀਆਂ ਗੱਲਾਂ ਚੀਨਾ ਬਾਰੇ ਹੀ ਕਰਦੇ ਸਾਂ।

ਕੁਝ ਦਿਨਾਂ ਪਿੱਛੋਂ ਚੀਨਾ ਦਾ ਫੋਨ ਆਇਆ ਸੀ। ‘ਹੈਲੋ’ ਆਖ ਕੁਝ ਦੇਰ ਲਈ ਚੁੱਪ ਰਹੀ ਸੀ।

‘‘ਸਰ ਜੀ ਮੈਂ ਬਹੁਤ ਸ਼ੇਮਫੁੱਲ ਆਂ, ਸਮਝ ਨਹੀਂ ਆਉਂਦੀ ਕਿ ਕਿੱਦਾਂ ਗੱਲ ਕਰਾਂ?...ਇਕ ਗੁਆਂਢੀ ਮੁੰਡਾ ਆ, ਖੱਤਰੀਆਂ ਦਾ। ਮੈਨੂੰ ਬਹੁਤ ਪਿਆਰ ਕਰਦਾ। ਮੈਂ ਉਦ੍ਹੇ ਨਾਲ ਵਿਆਹ ਕਰਵੌਣਾ ਸਰ ਜੀ। ਜੇ ਨਾ ਹੋਇਆ ਤਾਂ ਮੈਂ ਮਰ ਜਾਣਾ। ਮੈਂ ਉਦ੍ਹੇ ਬਗੈਰ ਨਹੀਂ ਜੀ ਸਕਦੀ। ਇਕ ਤੁਹਾਡੇ ‘ਤੇ ਭਰੋਸਾ ਆ ਮੈਨੂੰ ਬਸ। ਕੋਈ ਢੰਗ ਦੱਸੋ ਜ੍ਹਿਦੇ ਨਾਲ ਸਾਡੇ ਘਰ ਦੇ ਮੰਨ ਜਾਣ। ਤੁਸੀਂ ਮੇਰੇ ਗਾਈਡ ਆ ਬਸ।’’ ਉਹ ਜ਼ਿੱਦ ਪਏ ਬੱਚੇ ਵਾਂਗ ਕਈ ਦੇਰ ਬੋਲਦੀ ਰਹੀ।

‘‘ਘਰ ਦੇ ਤਾਂ ਬਾਅਦ ‘ਚ ਪਹਿਲਾਂ ਇਹ ਦੱਸ ਕਿ ਇਹ ਮੁੰਡਾ ਚਾਹੁੰਦਾ ਵਿਆਹ ਕਰਵੌਣਾ?’’ ਮੈਂ ਸਵਾਲ ਕੀਤਾ ਸੀ।

‘‘ਉਹ ਤਾਂ ਮੇਰੇ ‘ਤੇ ਜਾਨ ਦਿੰਦਾ ਸਰ ਜੀ।’’ ਉਸਨੇ ਤੱਟ-ਫਟ ਜਵਾਬ ਦਿੱਤਾ ਸੀ।

‘‘ਐਂ ਕਰ ਤੂੰ ਉਹਨੂੰ ਪਰਖ ਕੇ ਤਾਂ ਦੇਖ।’’ ਮੈਂ ਦੁਖੀ ਮਨ ਨਾਲ ਕਿਹਾ ਸੀ।

‘‘ਉਹ ਕਿਵੇਂ?’’ ਉਸ ਉਤਸੁਕਤਾ ਨਾਲ ਪੁੱਛਿਆ ਸੀ।

‘‘ਉਸਨੂੰ ਕਹੀਂ ਘਰੋਂ ਦੌੜਨਾਂ, ਤਿਆਰ ਰਹੇ।’’

ਚੀਨਾ ਦੀਆਂ ਇਨ੍ਹਾਂ ਗੱਲਾਂ ਨੇ ਮੈਨੂੰ ਤੜਫਾ ਸੁੱਟਿਆ ਸੀ। ਗੱਲਬਾਤ ਦੌਰਾਨ ਮੈਂ ਸੋਚਦਾ ਰਿਹਾ ਸਾਂ ਕਿ ਗੁਆਂਢੀ ਮੁੰਡੇ ਨਾਲ ਉਸਦਾ ਪਿਆਰ ਕਿੱਥੋਂ ਤੱਕ ਗਿਆ ਹੋਵੇਗਾ। ਸੈਕਸ? ਇਸ ਸੰਭਾਵਨਾ ਨੇ ਤਾਂ ਜਿਉਂ ਮੈਨੂੰ ਮਾਰ ਹੀ ਸੁੱਟਿਆ ਹੋਵੇ। ਉਸ ਅਣਦੇਖੇ ਮੁੰਡੇ ਨਾਲ ਮੈਨੂੰ ਈਰਖਾ ਹੋ ਗਈ ਸੀ।

ਮੈਂ ਚਾਣਚੱਕ ਮਣੀ ਦੀ ਕਮੀ ਮਹਿਸੂਸ ਕਰਨ ਲੱਗ ਪਿਆ ਸਾਂ। ਜ਼ਿਹਨ ਵਿਚ ਰੰਗ-ਬਿਰੰਗੇ ਖ਼ਿਆਲਾਂ ਦਾ ਤੂਫਾਨ ਚੜ੍ਹ ਆਇਆ ਸੀ। ਇਉਂ ਮਹਿਸੂਸ ਹੋ ਰਿਹਾ ਸੀ ਜਿਉਂ ਅਣਦੇਖੇ ਚਿਹਰਿਆਂ ਵਿਚ ਘਿਰੀ ਮਣੀ ਮੈਨੂੰ ਆਵਾਜ਼ਾਂ ਮਾਰ ਰਹੀ ਹੋਵੇ।

‘‘ਮੈਂ ਇਹਨੂੰ ਨਈਂ ਗੁਆਉਣਾ’’, ਮੈਂ ਮਨ ਹੀ ਮਨ ਫੈਸਲਾ ਲਿਆ ਸੀ। ਹੁਣ ਮੈਂ ਕਾਲਜ ਪਹਿਲਾਂ ਨਾਲੋਂ ਜ਼ਿਆਦਾ ਟੌਹਰ ਕੱਢ ਕੇ ਜਾਣ ਲੱਗ ਪਿਆ ਸਾਂ। ਮੈਂ ਕਲਾਸ-ਰੂਮ ‘ਚ ਹੋਰ ਵੀ ਸੋਹਣੀਆਂ-ਸੋਹਣੀਆਂ ਗੱਲਾਂ ਕਰਨ ਲੱਗ ਪਿਆ ਸਾਂ। ਮਣੀ ਬਿਨਾ ਅੱਖ ਝਪਕੇ ਮੈਨੂੰ ਨਿਰੰਤਰ ਵੇਖਦੀ ਰਹਿੰਦੀ ਜਾਂ ਕਦੇ-ਕਦੇ ਮੇਰੀ ਕਿਸੇ ਡੂੰਘੀ ਗੱਲ ‘ਤੇ ਉਸਦਾ ਸਿਰ ਝੂਮ ਉੱਠਦਾ। ਮੈਂ ਇਹ ਸਭ ਕੁਝ ਸਹਿਜ ਭਾਵ ਵੇਖਦਾ ਰਹਿੰਦਾ ਤੇ ਮਨੋ-ਮਨੀ ਖੁਸ਼ ਹੁੰਦਾ ਰਹਿੰਦਾ ਸਾਂ। ਮੈਂ ਉਸਨੂੰ ਓਸ ਹੱਦ ਤੱਕ ਕਾਇਲ ਕਰਨਾ ਚਾਹੁੰਦਾ ਸਾਂ, ਜਿੱਥੇ ਉਹ ਮੇਰੇ ਪੈਰਾਂ ‘ਚ ਡਿਗ ਹੀ ਪਏ। ਇਨ੍ਹਾਂ ਸਾਰੀਆਂ ਤਿਆਰੀਆਂ ਤੇ ਕੋਸ਼ਿਸ਼ਾਂ ਵਿਚਲੀ ਸੋਚ ਨੂੰ ਮੈਂ ਚਿਹਰੇ ‘ਤੇ ਨਹੀਂ ਸੀ ਉਭਰਨ ਦੇਣਾ ਚਾਹੁੰਦਾ।

ਮੁੜ ਕਈ ਦਿਨਾਂ ਦੇ ਬਾਅਦ ਚੀਨਾ ਦਾ ਫੋਨ ਆਇਆ- ‘‘ਸਰ ਜੀ ਤੁਸੀਂ ਸੱਚੇ ਸੀ!’’ ਉਹ ਕੁਝ ਪਲ ਸਿਸਕੀਆਂ ਭਰਦੀ ਰਹੀ ਸੀ।

ਮਨ ਨੂੰ ਇਹ ਸੰਤੁਸ਼ਟੀ ਤਾਂ ਜ਼ਰੂਰ ਹੋਈ ਕਿ ਮੈਂ ਸ਼ਾਇਦ ਚੀਨਾ ਨੂੰ ਕਿਸੇ ਨਾਲੋਂ ਤੋੜ ਲਿਆ ਏ, ਪਰ ਆਪਣੇ ਨਾਲ ਜੋੜਨ ਦੀ ਗੱਲ ਸੋਚੀ ਤਾਂ ਜ਼ਿਹਨ ‘ਚ ਚੀਨਾ ਨਾਲੋਂ ਵੀ ਸਾਫ ਚਿਹਰਾ ਮਣੀ ਦਾ ਉੱਭਰ ਆਇਆ ਸੀ।

‘‘ਕਮੀਨਾ! ਕਹਿਣ ਲੱਗਾ ਮੇਰੀ ਮਾਂ ਹਾਰਟ ਦੀ ਪੇਸ਼ੈਂਟ ਆ। ਉਹਨੂੰ ਤਾਂ ਅਟੈਕ ਹੋ ਜਾਊ। ਹੁਣ ਇਹਨੂੰ ਕੁਝ ਲਗਦੀ ਮਾਂ ਦਾ ਚੇਤਾ ਆ ਗਿਆ। ਪਹਿਲਾਂ ਤਾਂ ਮੇਰੇ ਕੋਲੋਂ ਰੁਪਏ ਵੀ ਮੰਗ-ਮੰਗ ਲਿਜਾਂਦਾ ਰਿਹਾ। ਮੈਨੂੰ ਤਾਂ ਹੁਣ ਸਾਰੀ ਦੁਨੀਆਂ ਈ ਕਮੀਨੀ ਲੱਗਣ ਲੱਗ ਪਈ ਆ ਸਰ ਜੀ। ਸਰ ਜੀ ਤੁਸੀਂ ਨਾ ਭੁਲਾ ਦਿਓ ਮੈਨੂੰ। ਹਮੇਸ਼ਾ ਗਾਈਡ ਕਰਿਓ। ਤੁਸੀਂ ਨਾ ਹੁੰਦੇ ਤਾਂ ਮੈਂ ਐਵੀਂ ਏਸ ਬਾਂਦਰ-ਬੂਥੇ ਪਿੱਛੇ ਟਾਈਮ ਬਰਬਾਦ ਕਰੀ ਜਾਣਾ ਸੀ।’’



ਉਹ ਚੁੱਪ ਹੋਈ ਤਾਂ ਮੈਂ ਉਸਨੂੰ ਸਮਝਾਇਆ ਸੀ, ‘‘ਦੇਖ ਉਹ ਪਿਆਰ ਨਹੀਂ ਐਵੇਂ ਇਕ ਸਹੂਲਤ ਸੀ, ਨੇੜੇ ਹੋਣ ਦੀ ਸਹੂਲਤ। ਇਹਦੇ ਲਈ ਰੋਣ-ਧੋਣ ਦੀ ਜ਼ਰੂਰਤ ਨਈਂ।’’

ਇਸ ਘਟਨਾ ਤੋਂ ਬਾਅਦ ਉਸਦੇ ਫੋਨ ਹੌਲੀ-ਹੌਲੀ ਘੱਟ ਹੁੰਦੇ ਗਏ। ਕਦੇ-ਕਦਾਈਂ ਹੀ ਫੋਨ ਕਰਦੀ। ਹਰ ਵਾਰ ਮੇਰੀਆਂ ਦੋ-ਚਾਰ ਤਾਰੀਫਾਂ ਕਰਦੀ ਤੇ ਮੇਰੀ ਜ਼ਿੰਦਗੀ ‘ਚ ਕੁਝ ਨਵੇਂ ਵਾਪਰੇ ਦੀ ਸੂਹ ਜ਼ਰੂਰ ਲੈਂਦੀ।

ਉਹ ਫਰਵਰੀ ਦਾ ਸੁਹਾਵਣਾ ਦਿਨ ਸੀ। ਮਣੀ ਫੈਸ਼ਨੇਬਲ ਜਿਹੀ ਬਣ ਕੇ ਮਿਲਣ ਆਈ ਸੀ। ‘‘ਹੈਲੋ’’ ਆਖ ਮੈਂ ਉਸਦੇ ਮੂਹਰੇ ਹੱਥ ਅੱਡ ਦਿੱਤਾ ਸੀ। ਹਲਕਾ ਜਿਹਾ ਝਿਜਕਦਿਆਂ ਉਸਨੇ ਮੇਰੇ ਹੱਥਾਂ ‘ਚ ਹੱਥ ਦੇ ਦਿੱਤਾ ਸੀ। ਮੋਢਿਆਂ ‘ਤੇ ਹਲਕਾ ਜਿਹਾ ਭਾਰ ਪਾਉਂਦਿਆਂ ਮੈਂ ਉਸਨੂੰ ਕੁਰਸੀ ‘ਤੇ ਬਿਠਾ ਦਿੱਤਾ। ਉਹ ਕੁਝ ਦੇਰ ਮੈਨੂੰ ਹੈਰਾਨੀ ਭਰੀ ਖੁਸ਼ੀ ਨਾਲ ਵੇਖਦੀ ਰਹੀ ਸੀ। ਜਿਉਂ ਮੈਂ ਉਸਨੂੰ ਵਰ੍ਹਿਆਂ ਬਾਅਦ ਮਿਲਿਆ ਹੋਵਾਂ ਤੇ ਉਹ ਮੈਨੂੰ ਪਛਾਣਨ ਦੀ ਕੋਸ਼ਿਸ਼ ਕਰ ਰਹੀ ਹੋਵੇ। ਉਸਦੇ ਮੂਹਰੇ ਖੜ੍ਹ ਕੇ ਮੈਂ ਉਸਦੇ ਚਿਹਰੇ ਨੂੰ ਹੱਥਾਂ ‘ਚ ਲੈ ਕੇ ਉਪਰ ਉਠਾ ਕੇ ਕਿਹਾ ਸੀ, ‘‘ਤੇਰੀ ਸਾਧਨਾ ਨੇ ਮੈਨੂੰ ਪਿਘਲਾ ਦਿੱਤਾ ਏ।’’

‘‘ਮੈਨੂੰ ਮੇਰਾ ਰੱਬ ਮਿਲ ਗਿਆ ਏ।’’ ਖੁਸ਼ੀ ‘ਚ ਸਿਰ ਛੰਡਦਿਆਂ, ਮੇਰੇ ਹੱਥਾਂ ਨੂੰ ਆਪਣੇ ਚਿਹਰੇ ਦੁਆਲੇ ਘੁੱਟਦਿਆਂ ਉਹ ਅੱਖਾਂ ਮੀਟ ਕੇ ਬੋਲੀ ਸੀ।

ਇਹ ਉਸਦਾ ‘ਸਮਰਪਣ’ ਸੀ।

ਕਾਲਜ ‘ਚ ਮੈਂ ਪਾਰਟ-ਟਾਈਮ ਲੈਕਚਰਾਰ ਸਾਂ। ਓਥੋਂ ਰਿਲੀਵ ਹੋਣ ਤੋਂ ਬਾਅਦ ਮੈਂ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਵਿਸ਼ੇ ‘ਚ ਪੀ-ਐਚ.ਡੀ. ਕਰਨ ਦੇ ਇਰਾਦੇ ਨਾਲ ਚੰਡੀਗੜ੍ਹ ਪਹੁੰਚ ਗਿਆ ਸਾਂ। ਇਕ ਪੁਰਾਣੇ ਦੋਸਤ ਕੋਲ ਹੋਸਟਲ ‘ਚ ਰਹਿਣਾ ਸ਼ੁਰੂ ਕਰ ਦਿੱਤਾ ਸੀ। ਮੈਂ ਗ਼ਜ਼ਲ ਨਾਲ ਸਬੰਧਤ ਵਿਸ਼ੇ ‘ਤੇ ਰਿਸਰਚ ਕਰਨੀ ਚਾਹੁੰਦਾ ਸਾਂ। ਇੱਥੇ ਆ ਕੇ ਮੇਰੀ ਪਹਿਲੀ ਸਮੱਸਿਆ ਗਾਈਡ ਲੱਭਣ ਦੀ ਸੀ। ਮੈਂ ਰੋਜ਼ਾਨਾ ਡਿਪਾਰਟਮੈਂਟ ਜਾਂਦਾ ਤੇ ਪ੍ਰੋਫੈਸਰਾਂ ਨੂੰ ਮਿਲ-ਮਿਲਾ ਕੇ ਬਿਨਾਂ ਕਿਸੇ ਨਤੀਜੇ ਦੇ ਹੋਸਟਲ ਮੁੜ ਆਉਂਦਾ। ਹਾਰ-ਹੰਭ ਕੇ ਮੈਂ ਚੇਅਰਮੈਨ ਨੂੰ ਮਿਲਿਆ ਸਾਂ। ਉਹ ਆਪ ਗ਼ਜ਼ਲਗੋ ਤੇ ਗ਼ਜ਼ਲ-ਸ਼ਾਸਤਰੀ ਸੀ। ਅਪਣੱਤ ਨਾਲ ਮਿਲਿਆ ਸੀ। ਮੈਥੋਂ ਗ਼ਜ਼ਲ ਵੀ ਸੁਣੀ ਸੀ। ਉਸ ਨੇ ਮੈਨੂੰ ਦਾਦ ਦਿੰਦਿਆ ਕਿਹਾ ਸੀ, ‘‘ਤੂੰ ਤਾਂ ਪੰਜਾਬੀ ਗ਼ਜ਼ਲ ਦਾ ਗ਼ਾਲਿਬ ਏਂ।’’

ਮੈਂ ਹਾਲੇ ਉਸ ਵਲੋਂ ਬਖਸ਼ੇ ਇਸ ਰੁਤਬੇ ਨੂੰ ਪਚਾ ਹੀ ਰਿਹਾ ਸਾਂ ਕਿ ਉਹ ਅਲਮਾਰੀ ‘ਚੋਂ ਕਿਤਾਬਾਂ ਦਾ ਸੈੱਟ ਕੱਢ ਕੇ ਮੇਰੇ ਮੂਹਰੇ ਰੱਖਦਿਆਂ ਬੋਲਿਆ ਸੀ, ‘‘ਏਹ ਬੜੀਆਂ ਬੇਹਤਰੀਨ ਪੁਸਤਕਾਂ ਨੇ। ਤੇਰੇ ਲਈ ਤਾਂ ਪੜ੍ਹਨੀਆਂ ਹੋਰ ਵੀ ਜ਼ਰੂਰੀ ਨੇ।’’

‘‘ਥੈਂਕਸ! ਕਿਹੜੇ-ਕਿਹੜੇ ਔਥਰ ਦੀਆਂ ਨੇ?’’ ਮੈਂ ਜਗਿਆਸਾ-ਵਸ ਪੁੱਛਿਆ ਸੀ।

‘‘ਮੇਰੀਆਂ ਆਪਣੀਆਂ ਨੇ। ਤੈਨੂੰ ਨਈਂ ਪਤਾ ਕਿ ਮੈਂ ਤਿੰਨ ਭਾਸ਼ਾਵਾਂ ‘ਚ ਲਿਖਦਾਂ?’’ ਪ੍ਰੋਫੈਸਰ ਜੀ ਨੇ ਸਹਿਜਤਾ ਨਾਲ ਜਵਾਬ ਦਿੱਤਾ ਸੀ। ਮੈਂ ਹੈਰਾਨ ਹੋ ਕੇ ਉਸ ਵਲ ਵੇਖਣ ਲਗ ਪਿਆ ਸਾਂ, ਪਰ ਉਸਦੇ ਚਿਹਰੇ ‘ਤੇ ਸੰਗ-ਸ਼ਰਮ ਦਾ ਕੋਈ ਭਾਵ ਨਹੀਂ ਸੀ।

‘‘ਅੱਠ ਸੌ ਤੀਹ ਰੁਪਏ ਬਣਦੇ ਨੇ। ਤੂੰ ਇਉਂ ਕਰ ਅੱਠ ਸੌ ਦੇ-ਦੇ। ਸਿੱਧਾ ਹਿਸਾਬ।’’ ਮੈਂ ਕੰਬ ਕੇ ਰਹਿ ਗਿਆ ਸਾਂ। ਮੈਂ ਤਾਂ ਇਹੀ ਸੋਚੀ ਬੈਠਾ ਸਾਂ ਕਿ ਚੇਅਰਮੈਨ ਜੀ ਮੈਨੂੰ ਤੋਹਫੇ ਵਜੋਂ ਕਿਤਾਬਾਂ ਦੇ ਰਹੇ ਨੇ।

‘‘ਫਸ ਗਿਐ ਪੰਜਾਬੀ ਗ਼ਜ਼ਲ ਦਾ ਗ਼ਾਲਿਬ।’’ ਇਹ ਸੋਚਦਿਆਂ ਮੈਂ ਦੁਖੀ ਮਨ ਨਾਲ ਰੁਪਏ ਉਸਦੇ ਹੱਥ ‘ਤੇ ਰੱਖ ਦਿੱਤੇ ਸੀ।

‘‘ਤੂੰ ਐਂ ਕਰ, ਗ਼ਜ਼ਲ ਬਾਰੇ ਵੀਹ ਕੁ ਸਫੇ ਲਿਖ ਕੇ ਮੈਨੂੰ ਪੰਦਰਾਂ ਦਿਨਾਂ ਦੇ ਬਾਅਦ ਮਿਲੀਂ।’’ ਨੋਟਾਂ ਨੂੰ ਜੇਬ ‘ਚ ਤੁੰਨਦਿਆਂ 3 ਭਾਸ਼ਾਵਾਂ ਦਾ ਲੇਖਕ ਚਾਅ ‘ਚ ਬੋਲਿਆ ਸੀ।

‘‘ਮੈਂ ਕਿਤਾਬਾਂ ਦਾ ਸੈਟ ਚੁੱਕੀ ਪੌੜ੍ਹੀਆਂ ਉਤਰ ਰਿਹਾ ਸਾਂ ਕਿ ਇਕ ਹੋਰ ਪ੍ਰੋਫੈਸਰ ਟੱਕਰ ਗਿਆ, ‘‘ਕਿਉਂ ਫਸ ਗਿਆਂ?’’ ਉਸਨੇ ਖਚਰਾ ਹਾਸਾ ਹੱਸਦਿਆਂ ਪੁੱਛਿਆ ਸੀ।

‘‘ਮੈਂ ਸਮਝਿਆ ਨਈਂ ਜੀ।’’ ਉਂਝ ਮੈਂ ਅੱਧੀ ਕੁ ਗੱਲ ਤਾਂ ਸਮਝ ਗਿਆ ਸਾਂ।

‘‘ਦਰਅਸਲ ਇਹ ਚੇਅਰਮੈਨ ਨੇ ਕੁੜਿੱਕੀ ਲਗਾਈ ਹੋਈ ਏ। ਰੋਜ਼ ਕੋਈ ਨਾ ਕੋਈ ਸ਼ਿਕਾਰ ਫਸਾ ਈ ਲੈਂਦੇ ਨੇ। ਕਿਸੇ ਦਾ ਗਾਈਡ ਬਣ ਕੇ ਜਾਂ ਸਿਰਫ ਗਾਈਡ ਬਣਨ ਦਾ ਲਾਰਾ ਲਗਾ ਕੇ। ਕਿਸੇ ਨੂੰ ਕਿਸੇ ਕਾਲਜ ‘ਚ ਐਡਜਸਟ ਕਰਨ ਦਾ ਸੁਪਨਾ ਦਿਖਾ ਕੇ। ਹਰ ਵਿਦਿਆਰਥੀ ਨੂੰ ਇਹਦੇ ਦਸਤਖ਼ਤਾਂ ਦੀ ਲੋੜ ਹੁੰਦੀ ਏ। ਚਾਹੇ ਆਈ ਕਾਰਡ ਬਣਵਾਉਣਾ ਹੋਵੇ। ਇਨਰੋਲਮੈਂਟ ਜਾਂ ਰਜਿਸਟਰੇਸ਼ਨ ਦਾ ਕੰਮ ਹੋਵੇ। ਹੋਸਟਲ ‘ਚ ਕਮਰਾ ਲੈਣਾ ਹੋਵੇ ਜਾਂ ਫਿਰ ਸਕਾਲਰਸ਼ਿਪ ਲਈ ਕੰਮ ਹੋਵੇ। ਇਹ ਸਾਰੇ ਕੰਮਾਂ ਲਈ ਇਸਨੇ ਪੱਕੀ ਹਦਾਇਤ ਕੀਤੀ ਹੋਈ ਏ ਕਿ ਹਰੇਕ ਇਸ ਕੋਲ ਆਵੇ ਤੇ ਜਿਹੜਾ ਇਸਦੇ ਕੋਲ ਜਾਂਦਾ, ਉਸਦਾ ਜੋ ਹਾਲ ਹੁੰਦਾ ਉਹ ਤਾਂ ਤੈਨੂੰ ਹੁਣ ਦੱਸਣ ਦੀ ਕੋਈ ਲੋੜ ਨਈਂ..। ਇਹ ਦੁਕਾਨ ਹੈ ਇਸਦੀ। ਇਹ ਕਿਸੇ ਕੰਮ ਦੀਆਂ ਕਿਤਾਬਾਂ ਨਹੀਂ। ਐਵੇਂ ਭਾਰ ਚੁੱਕਣ ਨਾਲੋਂ ਇਨ੍ਹਾਂ ਨੂੰ ਵੇਚਕੇ ਪਕੌੜੇ ਖਾ ਲੈ।’’ ਇਹ ਆਖ ਉਹ ਖਿੜ ਖਿੜਾ ਕੇ ਹੱਸ ਪਿਆ ਸੀ।

ਸ਼ਰਮ ਨਾਲ ਸਿਰ ਝੁਕਾਉਣ ਤੋਂ ਸਿਵਾ ਮੇਰੇ ਕੋਲ ਹੋਰ ਕੋਈ ਉੱਤਰ ਨਹੀਂ ਸੀ।

‘‘ਪੀ-ਐਚ.ਡੀ. ਨੂੰ ਵੀ ਇਹ ਦਸ-ਦਸ ਸਾਲ ਲਵਾ ਦਿੰਦੈ।’’ ਇਹ ਆਖ ਉਹ ਤੁਰ ਗਿਆ ਸੀ।

ਮੈਂ ਗ਼ਜ਼ਲ ਨਾਲ ਸਬੰਧਤ ਕਿਤਾਬਾਂ ਇਕੱਠੀਆਂ ਕਰਕੇ ਦਿਨ-ਰਾਤ ਇਕ ਕਰ ਦਿੱਤੇ। ਭਾਵੇਂ ਕਿ ਮੈਨੂੰ ਪੂਰਾ ਯਕੀਨ ਨਹੀਂ ਸੀ ਕਿ ਪ੍ਰੋ. ਮਹੇਸ਼ ਜੀ ਮੇਰੇ ਗਾਈਡ ਬਣਨਾ ਮਨਜ਼ੂਰ ਕਰ ਲੈਣਗੇ। ਇਕ ਖ਼ਿਆਲ ਇਹ ਵੀ ਸੀ ਕਿ ਮੇਰਾ ਲਿਖਿਆ ਪੜ੍ਹ ਕੇ ਸ਼ਾਇਦ ਉਹ ਮੈਥੋਂ ਪ੍ਰਭਾਵਿਤ ਹੋ ਜਾਣ।

‘‘ਤੂੰ ਮੁੜ ਕੇ ਆਇਆ ਈ ਨਹੀਂ। ਮੈਂ ਸੋਚਿਆ ਸ਼ਾਇਦ ਇਰਾਦਾ ਈ ਬਦਲ ਲਿਆ ਤੂੰ।’’ ਪ੍ਰੋਫੈਸਰ ਹੁਰਾਂ ਦੀ ਪਹਿਲੀ ਗੱਲ ਨੇ ਹੀ ਮੇਰਾ ਸਾਰਾ ਚਾਅ ਮਾਰ ਦਿੱਤਾ ਸੀ।

‘‘ਤੁਸੀਂ ਆਪ ਈ ਤਾਂ ਕਿਹਾ ਸੀ ਕਿ ਮੈਂ ਪੰਦਰਾਂ ਦਿਨਾਂ ਦੇ ਬਾਅਦ ਮਿਲਾਂ।’’ ਮੈਂ ਵਿਚਾਰਿਆਂ ਵਾਂਗ ਆਪਣਾ ਪੱਖ ਰੱਖਿਆ।

‘‘ਅੱਛਾ! ਅੱਛਾ!!...ਮੈਨੂੰ ਯਾਦ ਨਈਂ ਰਿਹਾ।’’ ਉਹ ਖੱਚਰਾ ਜਿਹਾ ਮੁਸਕ੍ਰਾਉਂਦਿਆਂ ਨਾਟਕੀ ਹੈਰਾਨੀ ‘ਚ ਬੋਲਿਆ ਸੀ।

‘‘ਦਰਅਸਲ ਦੋ ਕੁ ਦਿਨ ਪਹਿਲਾਂ ਮੇਰੇ ਕੋਲ ਇਕ ਕੁੜੀ ਇਨਰੋਲ ਹੋ ਗਈ। ਸਾਡੀ ਆਪਣੀ ਸਟੂਡੈਂਟ ਏ। ਹੁਣ ਕੋਈ ਸੰਭਾਵਨਾ ਨਈਂ ਰਹੀ। ਮੇਰੇ ਸਟੂਡੈਂਟ ਪੂਰੇ ਹੋ ਗਏ ਨੇ। ਅਸੀਂ ਬਸ ਛੇ ਈ ਆਪਣੇ ਅੰਡਰ ਇਨਰੋਲ ਕਰ ਸਕਦੇ ਆਂ। ਯੂਨੀਵਰਸਿਟੀ ਦਾ ਰੂਲ ਆ ਇਹ।’’

ਮੇਰਾ ਦਿਲ ਤਾਂ ਚਾਹੁੰਦਾ ਸੀ ਕਿ ਇਸਨੂੰ ਪੁੱਛਾਂ ਕਿ ਯੂਨੀਵਰਸਿਟੀ ਨੇ ਕੋਈ ਇਸ ਤਰ੍ਹਾਂ ਦਾ ਰੂਲ ਵੀ ਬਣਾਇਆ ਕਿ ਵਧ ਤੋਂ ਵਧ ਕੁੜੀਆਂ ਨੂੰ ਈ ਆਪਣੇ ਅੰਡਰ ਇਨਰੋਲ ਕਰਨਾ।

ਉਸ ਕੁੜੀ ਨੂੰ ਮੈਂ ਜਾਣਦਾ ਸਾਂ। ਬਹੁਤ ਖੂਬਸੂਰਤ ਸੀ ਉਹ। ਦੋ-ਢਾਈ ਸਾਲਾਂ ਤੋਂ ਲਗਪਗ ਸਾਰੇ ਪ੍ਰੋਫੈਸਰ ਇਸ ਕੁੜੀ ਦੀਆਂ ਨਜ਼ਰਾਂ ‘ਚ ਚੰਗੇ ਤੇ ਵਿਦਵਾਨ ਬਣਨ ਲਈ ਪੂਰੀ ਵਾਹ ਲਗਾ ਰਹੇ ਸਨ। ਦੋ ਕੁ ਦਿਨ ਪਹਿਲਾਂ ਇਕ ਬੀਅਰ-ਬਾਰ ‘ਚ

**ਸਾਂਵਲ ਧਾਮੀ**

ਪੰਜਾਬੀ ਵਿਭਾਗ ਦੇ ਦੋ ਪ੍ਰੋਫੈਸਰਾਂ ਵਿਚਕਾਰ ਹੋਈ ਗੱਲਬਾਤ ਦੀਆਂ ਜੜ੍ਹਾਂ ਮੈਨੂੰ ਹੁਣ ਸਮਝ ਆਈਆਂ ਸਨ।

‘‘ਤੂੰ ਐਵੇਂ ਡੂੰਘਾ ਵਾਹੁਣ ਦੇ ਸੁਪਨੇ ਬੀਜਦਾ ਰਿਹਾ। ਬ੍ਰਾਮਣ ਬਿਨਾ ਕਿਸੇ ਸ਼ੋਰ-ਸ਼ਰਾਬੇ ਦੇ ਬਾਜ਼ੀ ਮਾਰ ਗਿਆ।’’ ਪ੍ਰੋ. ਚਾਹਲ ਦੀ ਗੱਲ ਨੇ ਉਸਨੂੰ ਨਿਰ-ਉੱਤਰ ਕਰ ਦਿੱਤਾ ਸੀ।

ਮੈਂ ਪ੍ਰੋ. ਮਹੇਸ਼ ਨੂੰ ਨਮਸਕਾਰ ਕਹਿ ਕੇ ਤੁਰਨ ਲੱਗਾ ਤਾਂ ਉਹ ਮੇਰੇ ਹੱਥੋਂ ਲਿਖੇ ਹੋਏ ਕਾਗਜ਼ ਫੜ੍ਹਦਿਆਂ ਬੋਲਿਆ ਸੀ, ‘‘ਮੈਂ ਪੜ੍ਹ ਕੇ ਜ਼ਰੂਰ ਵੇਖਾਂਗਾ।’’

ਮੈਂ ਦੁਖੀ ਮਨ ਨਾਲ ਪੌੜੀਆਂ ਉਤਰ ਰਿਹਾ ਸਾਂ ਕਿ ਚੀਨਾ ਦਾ ਫੋਨ ਆ ਗਿਆ। ਹਾਲ ਪੁੱਛਣ ਤੋਂ ਬਾਅਦ ਬੋਲੀ, ‘‘ਸਰ ਜੀ ਮੈਂ ਇਕ ਉਲਝਣ ‘ਚ ਫਸ ਗਈ ਹਾਂ। ਮੈਨੂੰ ਗਾਈਡ ਕਰਿਓ ਪਲੀਜ਼।’’ ਇਕ ਛਿਣ ਲਈ ਮਨ ‘ਚ ਆਇਆ ਕਿ ਇਸ ‘ਗਾਈਡ’ ਲਫਜ਼ ਨੂੰ ਰੱਜ ਕੇ ਗੰਦੀਆਂ-ਗੰਦੀਆਂ ਗਾਲ੍ਹਾਂ ਕੱਢਾਂ।

‘‘ਪਾਪਾ ਕਹਿੰਦੇ ਆ ਕਿ ਮੈਂ ਸਿੰਪਲ ਬੀ.ਏ. ਕਰਾਂ। ਮੌਮ ਨਰਸਿੰਗ ਦਾ ਕੋਰਸ ਕਰਨ ਨੂੰ ਕਹਿੰਦੇ ਆ। ਬ੍ਰਦਰ ਦੀ ਸਲਾਹ ਆ ਕਿ ਮੈਂ ਕੰਪਿਊਟਰ-ਕੋਰਸ ਕਰਾਂ। ਮੈਂ ਤਾਂ ਉਲਝੀ ਪਈ ਆਂ। ਪਲੀਜ਼ ਗਾਈਡ ਕਰੋ ਮੈਨੂੰ ਮੇਰੇ ਗਾਈਡ ਸਾਹਿਬ।’’ ਆਪਣਾ ਦੁੱਖ ਭੁਲਾ ਮੈਂ ਸੋਚੀਂ ਪੈ ਗਿਆ ਕਿ ਕਿਸ ਕੋਰਸ ‘ਚ ਇਸ ਕੁੜੀ ਦਾ ਘੱਟ ਤੋਂ ਘੱਟ ਮੁੰਡਿਆਂ ਨਾਲ ਵਾਹ ਪਵੇਗਾ।

‘ਨਰਸਿੰਗ?’ ਸਭ ਤੋਂ ਪਹਿਲਾਂ ਮੈਂ ਸੋਚਿਆ ਸੀ।

‘ਕਿਸੇ ਹੰਢੇ ਹੋਏ ਡਾਕਟਰ ਦੇ ਚੱਕਰਾਂ ‘ਚ ਫਸ ਗਈ ਤਾਂ ਮੇਰੇ ਤੱਕ ਨਈਂ ਆਉਣ ਲੱਗੀ।’ ਇਹ ਖ਼ਿਆਲ ਤਾਂ ਉਸ ਵੇਲੇ ਹੀ ਰੱਦ ਹੋ ਗਿਆ ਸੀ।

‘ਕੰਪਿਊਟਰ?’ ਇਹ ਦੂਜੀ ਸੰਭਾਵਨਾ ਸੀ।

‘ਨਈ, ਨਈਂ, ਅੱਜਕਲ੍ਹ ਬਹੁਤੀਆਂ ਲਵ-ਮੈਰਿਜ਼ਾਂ ਤਾਂ ਇਹੋ ਜਿਹੇ ਕੋਰਸ ਕਰਨ ਵਾਲੇ ਈ ਕਰਵਾਉਂਦੇ ਨੇ। ਹਾਂ ਬੀ.ਏ. ਹੀ ਠੀਕ ਆ। ਪਰ ਓਥੇ ਵੀ ਤਾਂ ਮੁੰਡੇ...।’ ਇਹ ਸੋਚਦਿਆਂ ਵੀ ਮੈਂ ਫਿਕਰ ਨਾਲ ਭਰ ਗਿਆ ਸਾਂ।

‘‘ਕੋਈ ਕੁੜੀਆਂ ਦਾ ਕਾਲਜ ਨਈਂ ਤੇਰੇ ਸ਼ਹਿਰ ‘ਚ?’’ ਮੈਂ ਇਕ ਸੁਖਾਂਵੀ ਆਸ ਨਾਲ ਪੁੱਛਿਆ ਸੀ।

‘‘ਬਥੇਰੇ ਆ। ਦੱਸੋ?’’ ਉਹ ਝੱਟ-ਪੱਟ ਬੋਲੀ ਸੀ।

‘‘ਤੂੰ ਓਥੇ ਬੀ.ਏ. ‘ਚ ਐਡਮਿਸ਼ਨ ਲੈ ਲਾ।’’ ਮੈਂ ਦਿਲ ‘ਚੋਂ ਉੱਠਦੇ ਉਬਾਲਾਂ ਨੂੰ ਨੱਪ ਕੇ ਸਹਿਜਤਾ ਨਾਲ ਕਿਹਾ।

‘‘ਥੈਂਕਸ ਸਰ ਜੀ।’’ ਉਹ ਖੁਸ਼ ਸੀ ਕਿ ਮੈਂ ਉਸਨੂੰ ਗਾਈਡ ਕਰਕੇ ਉਲਝਣ ‘ਚੋਂ ਕੱਢ ਲਿਆ ਸੀ।

ਕੁਝ ਦਿਨਾਂ ਬਾਅਦ ਮੈਂ ਫਿਰ ਤੋਂ ਡਿਪਾਰਟਮੈਂਟ ਦੇ ਚੱਕਰ ਲਗਾਉਣ ਲੱਗ ਪਿਆ ਸਾਂ। ਹਰ ਪ੍ਰੋਫੈਸਰ ਮੇਰੇ ‘ਚ ਦਿਲਚਸਪੀ ਵਿਖਾਉਣ ਦਾ ਨਾਟਕ ਜ਼ਰੂਰ ਕਰਦਾ। ਮੈਨੂੰ ਕੋਲ ਬਿਠਾ ਕੇ ਤਰ੍ਹਾਂ-ਤਰ੍ਹਾਂ ਦੇ ਸਵਾਲ ਕਰਦੇ ਰਹਿੰਦੇ। ਕੋਈ ਕਹਿੰਦਾ, ‘‘ਤੂੰ ਇਉਂ ਕਰ ਚੇਅਰਮੈਨ ਨੂੰ ਕਿਤਾਬਾਂ ਦਾ ਸੈੱਟ ਮੋੜ ਦੇ।’’

‘‘ਗੱਲ ਤਾਂ ਸਿੱਧੀ ਏ ਕਿ ਜੇ ਗਾਈਡ ਈ ਨਈਂ ਬਣਨਾ ਤਾਂ ਛਿੱਲ ਕਾਹਨੂੰ ਲਹਾ ਲਈ।’’ ਕੋਈ ਦੂਜਾ ਆਪਣਾ ਤਰਕ ਦਿੰਦਾ।

‘‘ਇਹ ਪੰਡਤ ਤਾਂ ਹਜ਼ਾਰਾਂ ਸਾਲਾਂ ਤੋਂ ਸਾਡਾ ਦਲਿਤਾਂ ਦਾ ਸ਼ੋਸ਼ਣ ਕਰੀ ਜਾਂਦੇ ਨੇ। ਹੁਣ ਤਾਂ ਬਸ ਸ਼ੋਸ਼ਣ ਦੀ ਸ਼ਕਲ ਈ ਬਦਲੀ ਆ।’’ ਇਹ ਪ੍ਰੋ. ਪਿਆਰੇ ਲਾਲ ਸਨ। ਮੈਨੂੰ ਇਸ ਗੱਲ ਦਾ ਮਾਣ ਸੀ ਕਿ ਉਨ੍ਹਾਂ ਦਾ ਪਿਛੋਕੜ ਮੇਰੇ ਪਿੰਡ ਨੇੜਲਾ ਏ।

‘‘ਅੱਛਾ! ਧਰਮੋਆਲ ਦਾ ਏਂ ਤੂੰ। ਫਿਕਰ ਨਾ ਕਰ। ਤੂੰ ਮਨ ਬਣਾ ਲੈ। ਇਕ ਕਵੀ ਹੈਗਾ, ਵਿਚਾਰਾ ਤੇ ਅਣ-ਗੌਲਿਆ। ਤੈਨੂੰ ਉਹਦੇ ‘ਤੇ ਕੰਮ ਕਰਵਾਉਂਦੇ ਆਂ। ਤੂੰ ਦਸ ਕੁ ਦਿਨਾਂ ਤੱਕ ਦਲਿਤ-ਚੇਤਨਾ ਦੇ ਬਾਰੇ ਪੜ੍ਹ ਕੇ ਮਿਲੀਂ।’’

ਮੈਂ ਦਲਿਤ-ਚੇਤਨਾ ਦੇ ਬਾਰੇ ਕਿਤਾਬਾਂ ਇਕੱਠੀਆਂ ਕਰਨ ਤੇ ਪੜ੍ਹਨ ਲੱਗਾ। ਮੈਨੂੰ ਆਪਣੇ ਖੇਤਾਂ ‘ਚ ਕੰਮ ਕਰਦੇ ਦਲਿਤਾਂ ਨਾਲ ਹਮਦਰਦੀ ਰਹੀ ਸੀ। ਜਦੋਂ ਕੋਈ ਔਰਤ ਮੈਨੂੰ ਤਰਲਾ ਜਿਹਾ ਲੈ ਕੇ ਕਹਿੰਦੀ, ‘‘ਦੋ ਕੁ ਚੀਰਨੀਆਂ ਸਾਗ ਦੀਆਂ ਤੋੜ ਲਵਾਂ?’’ ਤਾਂ ਮੇਰੇ ਦਿਲ ਦਾ ਰੁੱਗ ਭਰਿਆ ਜਾਂਦਾ। ਮੈਂ ਕਈ ਵਾਰ ਆਪਣੇ ਬਾਪੂ ਤੇ ਹੋਰਨਾਂ ਜੱਟਾਂ ਕੋਲੋਂ ਇਨ੍ਹਾਂ ਦਲਿਤਾਂ ਨੂੰ ਸਾਹਵੇਂ ਹੋ ਕੇ ਬਚਾਇਆ ਸੀ।

''ਤੇਰੇ 'ਚ ਕਿਸੇ ਕੰਮੀ-ਕੰਮੀਣ ਦੀ ਰੂਹ ਆ ਲੱਗਦਾ।'' ਬਾਪੂ ਮੈਨੂੰ ਅਕਸਰ ਮਜ਼ਾਕ 'ਚ ਆਖਦਾ ਹੁੰਦਾ ਸੀ। ਪਿੰਡ ਦੇ ਬਹੁਤੇ ਲੋਕ ਮੈਨੂੰ ਦਲਿਤਾਂ ਨਾਲ ਹਮਦਰਦੀ ਕਾਰਨ 'ਕਾਮਰੇਡ' ਕਹਿਣ ਲੱਗ ਪਏ ਸਨ। ਫਿਰ ਜਦੋਂ ਮੈਂ ਦਲਿਤਾਂ ਦੇ ਵਿਹੜੇ ਜਾ ਕੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਸੀ ਤਾਂ ਘਰੋਂ ਤੇ ਬਾਹਰੋਂ ਮੇਰਾ ਬਹੁਤ ਵਿਰੋਧ ਹੋਇਆ ਸੀ।

''ਦਿਹਾੜੀਦਾਰ ਤਾਂ ਅੱਗੇ ਨਈਂ ਲੱਭਦੇ, ਤੂੰ ਇਨ੍ਹਾਂ ਦੇ ਦਿਮਾਗ ਹੋਰ ਖਰਾਬ ਕਰਨ ਲੱਗ ਪਿਆਂ ਏਂ।'' ਲਗਪਗ ਸਭ ਜੱਟਾਂ ਨੂੰ ਮੇਰੇ ਉੱਤੇ ਇਸ ਤਰ੍ਹਾਂ ਦਾ ਗਿਲਾ ਸੀ।

''ਦੱਸ ਤੂੰ ਸਰਦਾਰਾਂ ਦਾ ਪੁੱਤ ਹੋ ਕੇ ਕੰਮੀਆਂ ਦੇ ਵਿਹੜੇ ਜਾਂਦਾ ਚੰਗਾ ਲੱਗਦੈਂ?'' ਬਾਪੂ ਤਾਂ ਨਿੱਤ ਏਹੋ ਜਿਹੇ ਮਿਹਣੇ ਮਾਰਨ ਲੱਗ ਪਿਆ ਸੀ।

ਬਾਪੂ ਤੇ ਉਹੋ ਜਿਹੇ ਹੋਰਨਾਂ ਦੀ ਮਾਨਸਿਕਤਾ ਤੇ ਦਲਿਤਾਂ ਦੇ ਜੀਵਨ ਬਾਰੇ ਸਿਧਾਂਤਕ ਜਾਣਕਾਰੀ ਮੈਨੂੰ ਦਲਿਤ-ਚੇਤਨਾ ਸੰਬੰਧੀ ਪੜ੍ਹਦਿਆਂ ਪ੍ਰਾਪਤ ਹੋਈ ਸੀ। ਮੈਂ ਧੁਰ-ਦਿਲੋਂ ਪ੍ਰੋ. ਪਿਆਰੇ ਲਾਲ ਜੀ ਦਾ ਸ਼ੁਕਰ-ਗੁਜ਼ਾਰ ਸਾਂ ਕਿ ਉਨ੍ਹਾਂ ਨੇ ਸੱਚ-ਮੁਚ ਮੈਨੂੰ ਇਕ ਚੰਗਾ ਵਿਸ਼ਾ ਸੁਝਾਇਆ ਸੀ।

''ਲਿਆ ਮੈਂ ਪੜ੍ਹੂੰਗਾ। ਤੂੰ ਮੈਨੂੰ ਕੱਲ੍ਹ ਨੂੰ ਮਿਲੀਂ।'' ਉਹ ਮੈਨੂੰ ਤਪਾਕ ਨਾਲ ਮਿਲਿਆ ਸੀ।

ਮੈਂ ਪੇਪਰ ਫੜਾ ਕੇ ਤੁਰਨ ਲੱਗਾ ਤਾਂ ਉਹ ਬੋਲੇ, ''ਬੈਠ। ਮੈਂ ਤੇਰੇ ਪਰਿਵਾਰ ਬਾਰੇ ਤਾਂ ਪੁੱਛਣਾ ਈ ਭੁੱਲ ਗਿਆ। ਕੀ ਕਰਦੇ ਆ ਤੇਰੇ ਫਾਦਰ?''

''ਜੀ-ਖੇਤੀ-ਬਾੜੀ ਕਰਵੌਂਦੇ ਆ।'' ਮੇਰਾ ਜਵਾਬ ਸੁਣ ਕੇ ਉਸਦੇ ਹਾਵ-ਭਾਵ ਹੀ ਬਦਲ ਗਏ ਸਨ।

''ਅੱਛਾ! ਜ਼ਿੰਮੀਦਾਰਾਂ ਦਾ ਮੁੰਡਾ ਏਂ ਤੂੰ?'' ਉਸਦੇ ਮੱਥੇ 'ਤੇ ਚਾਣਚੱਕ ਤਿਊੜੀ ਉੱਭਰ ਆਈ ਸੀ।

''ਜੀ'' ਮੈਂ ਹੌਲੀ ਜਿਹੀ ਜਵਾਬ ਦਿੱਤਾ ਸੀ।

''ਫਿਰ ਇਹ ਤੇਰੇ ਵੱਸ ਦਾ ਕੰਮ ਨਈਂ।'' ਉਹ ਫਿੱਕਾ ਜਿਹਾ ਹੱਸਦਿਆਂ ਬੋਲਿਆ ਸੀ।

''ਸਰ ਜੀ ਕਿਉਂ?'' ਮੈਂ ਦੁਖੀ ਮਨ ਨਾਲ ਪੁੱਛਿਆ ਸੀ।

''ਦਲਿਤਾਂ ਦੇ ਦੁੱਖ ਇਕ ਦਲਿਤ ਹੀ ਸਮਝ ਸਕਦਾ ਏ।'' ਉਸਨੇ ਸਹਿਜਤਾ ਨਾਲ ਉਤਰ ਦਿੱਤਾ ਸੀ।

ਇਸ ਗੱਲ ਤੋਂ ਬਾਅਦ ਕੁਝ ਦੇਰ ਚੁੱਪ ਛਾਈ ਰਹੀ।

''ਸਰ ਜੀ ਕਿਸੇ ਹੋਰ ਵਿਸ਼ੇ 'ਤੇ ਕਰਵਾ ਦਿਓ।'' ਮੈਂ ਵਿਚਾਰਿਆਂ ਵਾਂਗ ਕਿਹਾ ਤਾਂ ਉਹ ਮੁਸਕਰਾ ਪਿਆ ਸੀ।

''ਫਿਲਹਾਲ ਮੇਰੇ ਕੋਲ ਕੋਈ ਹੋਰ ਵਿਸ਼ਾ ਨਈਂ ਹੈਗਾ।'' ਹੁਣ ਉਸ ਦੀ ਆਵਾਜ਼ 'ਚ ਰੁੱਖਾਪਨ ਸੀ।

ਮੈਨੂੰ ਬਾਪੂ ਦੀਆਂ ਗਾਲ੍ਹਾਂ ਤੇ ਸ਼ਰੀਕੇ ਦੇ ਮਿਹਣੇ ਯਾਦ ਆਏ। ਮੈਂ ਪ੍ਰੋਫੈਸਰ ਨੂੰ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਬਾਰੇ ਦੱਸਣ ਲੱਗਾ ਤਾਂ ਉਹ ਬੋਲਿਆ, ''ਹਮਦਰਦੀ ਹੋਰ ਚੀਜ਼ ਆ ਤੇ ਪਿੰਡੇ ਹੰਢਾਇਆ ਦਰਦ ਹੋਰ ਚੀਜ਼।'' ਉਸਦੀ ਇਸ ਗੱਲ ਨੇ ਤਾਂ ਜਿਉਂ ਹਰ ਸੰਭਾਵਨਾ ਦੇ ਦਰ ਢੋਹ ਦਿੱਤੇ ਸਨ।

ਮੈਂ ਉਸ ਕੋਲੋਂ ਉੱਠ ਕੇ ਤੁਰ ਆਇਆ ਸਾਂ। ਪੌੜੀਆਂ ਉਤਰਦਿਆਂ ਮੈਨੂੰ ਇਕ ਪੁਰਾਣਾ ਵਾਕਿਆ ਯਾਦ ਆ ਗਿਆ। ਉਸ ਦਿਨ ਮੀਂਹ ਪੈ ਰਿਹਾ ਸੀ। ਖੇਤਾਂ 'ਚੋਂ ਘਰ ਵਲ ਆਉਂਦਿਆਂ ਮੈਂ ਦੇਖਿਆ ਕਿ ਠੋਲੂ ਮੋਚੀ ਦੀ ਮਾਂ ਅੰਬ ਹੇਠਾਂ ਕੁੰਗੜੀ ਬੈਠੀ ਸੀ। ਉਸ ਕੋਲ ਬਾਲਣ ਦੀ ਭਰੀ ਪਈ ਸੀ। ਮੈਂ ਉਹ ਭਰੀ ਸਿਰ 'ਤੇ ਰੱਖ ਕੇ ਉਸਦੇ ਘਰ ਤੱਕ ਛੱਡਣ ਤੁਰ ਪਿਆ ਸਾਂ।

''ਵੇ ਪੁੱਤਰਾ, ਇਹ ਕੀ ਪੁੱਠੀ ਗੰਗਾ ਵਹੌਣ ਲੱਗਾਂ ਏਂ ਤੂੰ?'' ਬੁੱਢੀਆਂ ਅੱਖਾਂ ਜ਼ਮੀਨ 'ਤੇ ਗੱਡੀ ਉਹ ਬੱਦਲਾਂ ਨਾਲ ਹੋਏ ਹਨੇਰ 'ਚ ਤਿਲਕਣ ਤੋਂ ਡਰਦੀ, ਮੇਰੇ ਪਿੱਛੇ-ਪਿੱਛੇ ਤੁਰਨ ਲੱਗ ਪਈ ਸੀ।

ਇਸ ਗੱਲ ਦਾ ਪਤਾ ਲੱਗਦਿਆਂ ਬਾਪੂ ਲੋਹਾ-ਲਾਖਾ ਹੋ ਗਿਆ ਸੀ। ਮੈਨੂੰ ਬੇਦਖਲ ਕਰਨ ਦੀਆਂ ਧਮਕੀਆਂ ਦੇਣ ਲੱਗ ਪਿਆ ਸੀ। ''ਪਤਾ ਨਈਂ ਕਿੱਥੋਂ ਇਹ ਨੀਚ ਆਤਮਾ ਜੰਮ ਪਈ ਸਾਡੇ ਕੁਨਬੇ ਵਿਚ? ਆਇਆ ਵੱਡਾ ਰਣਜੀਤ ਸੂੰ। ਸਾਲਿਆ ਮੈਂ ਘੁੱਗੀ ਫੇਰਨੀ ਆਂ ਬੱਸ ਤੇ ਤੂੰ ਇਨ੍ਹਾਂ ਆਂਗੂੰ ਈ ਦਿਹਾੜੀਆਂ ਕਰਕੇ ਟੁੱਕ ਖਾਊਂ।''

ਮੈਂ ਆਪਣੇ ਵਿਚਾਰਾਂ ਨੂੰ ਮਾਰਨ ਨਾਲੋਂ ਘਰ ਛੱਡਣ ਨੂੰ ਤਰਜ਼ੀਹ ਦਿੱਤੀ ਸੀ। ਐਮ.ਏ. ਕਰਦਿਆਂ ਹੋਸਟਲ 'ਚ ਰਹਿਣਾ ਸ਼ੁਰੂ ਕਰ ਦਿੱਤਾ। ਪਿੰਡ ਕਦੇ-ਕਦਾਈਂ ਹੀ ਜਾਂਦਾ। ਮੇਰੀ ਮਾਂ ਵਿਲਕਦੀ ਰਹਿੰਦੀ ਤੇ ਉਹ ਵਿਲਕਦੀ ਹੀ ਮਰ ਗਈ ਸੀ।

ਇਨ੍ਹਾਂ ਸੋਚਾਂ 'ਚ ਡੁੱਬਿਆ ਮੈਂ ਨਜ਼ਰ ਜ਼ਮੀਨ 'ਤੇ ਗੱਡੀ ਇਉਂ ਤੁਰ ਰਿਹਾ ਸਾਂ, ਜਿਉਂ ਤਿਲਕ ਜਾਣ ਤੋਂ ਡਰ ਰਿਹਾ ਹੋਵਾਂ। ਮੈਂ ਲਾਅ ਆਡੀਟੋਰੀਅਮ ਮੂਹਰਲੇ ਲਾਅਨ 'ਚ ਜਾ ਬੈਠਾ ਸਾਂ ਤੇ ਪਤਾ ਨਹੀਂ ਕਿੰਨੀਂ ਦੇਰ ਬੀਤੇ ਦੇ ਸਮੁੰਦਰ 'ਚ ਗੋਤੇ ਖਾਂਦਾ ਰਿਹਾ ਸਾਂ। ਫੋਨ ਦੀ ਰਿੰਗ ਵੱਜੀ ਤਾਂ ਮੈਨੂੰ ਹੋਸ਼ ਆਇਆ ਸੀ। ਚੀਨਾ ਦਾ ਫੋਨ ਸੀ।

''ਸਰ ਜੀ ਮੇਰਾ ਬਾਲਮੀਕੀਆਂ ਦੇ ਮੁੰਡੇ ਨਾਲ ਵਿਆਹ ਹੋ ਸਕਦਾ?'' ਉਸਦੀ ਗੱਲ ਸੁਣ ਕੇ ਮੈਂ ਚਾਣਚੱਕ ਹੱਸ ਪਿਆ ਸਾਂ। ਇਕ ਪਲ ਲਈ ਜਿਉਂ ਸਾਰੇ ਦੁੱਖ ਛੁੱਟ ਗਏ ਹੋਣ।

''ਸੁਦੈਣੇ ਵਿਆਹ ਲਈ ਤਾਂ ਇਕ ਮੁੰਡਾ ਚਾਹੀਦਾ ਬਸ।'' ਮੈਂ ਨਾਟਕੀ ਸਹਿਜਤਾ ਨਾਲ ਬੋਲਿਆ ਸਾਂ।

''ਸਰ ਜੀ, ਦੁਨੀਆਂ 'ਚ ਇਕ ਤੁਸੀਂ ਹੋ ਜਿਹੜੇ ਮੈਨੂੰ ਸਮਝ ਸਕਦੇ ਹੋ। ਕੋਈ ਚੰਗੀ ਜਿਹੀ ਤਕਨੀਕ ਦੱਸੋ ਜਿਸ ਨਾਲ ਘਰ ਦੇ ਮੰਨ ਜਾਣ। ਅਸੀਂ ਧੀਮਾਨ ਹੁੰਦੇ ਆ ਸਰ ਜੀ। ਸਾਰੇ ਬੰਦੇ ਰੱਬ ਨੇ ਈ ਬਣਾਏ ਨੇ। ਮੈਂ ਨਈਂ ਮੰਨਦੀ ਜਾਤ-ਪਾਤ ਨੂੰ।'' ਉਸਦੀ ਆਵਾਜ਼ 'ਚ ਦ੍ਰਿੜਤਾ ਸੀ।

''ਤੂੰ ਨਈਂ ਮੰਨਦੀ ਤਾਂ ਇਹ ਚੰਗੀ ਗੱਲ ਏ, ਪਰ ਤੇਰੇ ਘਰਦਿਆਂ...।'' ਮੇਰੀ ਗੱਲ ਸੁਣ ਉਹ ਸਿਸਕੀ ਜਿਹੀ ਭਰ ਕੇ ਚੁੱਪ ਹੋ ਗਈ ਸੀ। ਫਿਰ ਕੁਝ ਦੇਰ ਬਾਅਦ ਬੋਲੀ, ''ਇਹ ਕਿੱਦਾਂ ਦੀ ਦੁਨੀਆਂ ਏ ਸਰ ਜੀ। ਬੰਦਾ ਜਿਹਨੂੰ ਪਿਆਰ ਕਰੇ ਉਹਨੂੰ ਹਮੇਸ਼ਾ ਲਈ ਪਾ ਵੀ ਨਈਂ ਸਕਦਾ। ਪਰ ਮੈਂ...।'' ਅਚਾਨਕ ਉਸਦੀ ਆਵਾਜ਼ 'ਚ ਇਕ ਰੋਹ ਆਣ ਰਲਿਆ ਸੀ।

''...ਮੈਂ ਘਰ ਦੇ ਛੱਡ ਦਊਂ, ਦੁਨੀਆਂ ਛੱਡ ਦਊਂ, ਸਭ ਕੁਝ ਛੱਡ ਦਊਂ। ਇਕ ਤੁਸੀਂ ਮੈਨੂੰ ਗਾਈਡ ਕਰਦੇ ਰਹਿਣਾ ਪਲੀਜ਼। ਮੈਂ ਤੁਹਾਨੂੰ ਨਹੀਂ ਛੱਡ ਸਕਦੀ। ਤੁਸੀਂ ਮੈਨੂੰ ਛੱਡਿਓ ਨਾ। ਮੈਂ ਤਾਂ ਪਾਗਲ ਆਂ।'' ਉਹ ਸਿਸਕੀਆਂ ਭਰਨ ਲੱਗ ਪਈ ਸੀ।

''ਉਹ ਮੁੰਡਾ ਤੈਨੂੰ ਕਿੰਨਾਂ ਕੁ ਪਿਆਰ ਕਰਦਾ?'' ਮੈਂ ਪੁੱਛਿਆ ਸੀ।

''ਸਰ ਜੀ ਜਾਨ ਤੋਂ ਵਧ ਸਮਝਦਾ ਮੈਨੂੰ। ਇਕ ਦਿਨ ਮੇਰੇ ਪੈਰਾਂ 'ਤੇ ਸਿਰ ਰੱਖ ਕੇ ਕਹਿਣ ਲੱਗਾ ਕਿ ਇੱਥੇ ਮੇਰੀ ਜੰਨਤ ਆ। ਦੱਸੋ ਇਹ ਥੋੜਾ ਪਿਆਰ ਆ? ਹੋਰ ਕੀ ਪਰੂਫ ਚਾਹੀਦਾ?'' ਇਹ ਸਭ ਕੁਝ ਉਹ ਬਚਕਾਨਾ ਜਿਹੇ ਚਾਅ 'ਚ ਦੱਸ ਰਹੀ ਸੀ।

''ਪਿਆਰ ਦਾ ਤਾਂ ਪਤਾ ਨਈਂ, ਪਰ ਅਦਾਕਾਰੀ ਸੋਹਣੀ ਕਰਦੈ।'' ਨਾ ਚਾਹੁੰਦੇ ਹੋਏ ਵੀ ਮੇਰੇ ਮੂੰਹੋਂ ਮੱਲੋ-ਜ਼ੋਰੀ ਨਿਕਲ ਗਿਆ ਸੀ। ਮੇਰੀ ਗੱਲ ਸੁਣ ਕੁਝ ਦੇਰ ਉਹ ਬੋਲ ਨਹੀਂ ਸੀ ਸਕੀ।

''ਸਰ ਜੀ ਏਦਾਂ ਨਾ ਕਹੋ। ਮੈਂ ਤਾਂ ਉਹਦੇ ਬਗੈਰ ਇਕ ਪਲ ਨਾ ਜੀਵਾਂ। ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਪਿਆਰ ਕੀ ਹੁੰਦਾ।'' ਹੁਣ ਉਸਦੀ ਆਵਾਜ਼ 'ਚ ਤਰਲਾ ਜਿਹਾ ਸੀ।

''ਉਹ ਖੱਤਰੀਆਂ ਦੇ ਮੁੰਡੇ ਦੀ ਵੀ ਕਦੇ ਯਾਦ ਆਈ?'' ਮੈਂ ਜਾਣ-ਬੁਝ ਕੇ ਇਹ ਸਵਾਲ ਕੀਤਾ ਸੀ। ਇਸ ਇਰਾਦੇ ਨਾਲ ਕਿ ਉਸਨੂੰ ਇਹ ਗੱਲ ਸਮਝ ਆ ਜਾਏ ਕਿ ਬਦਲਦੇ ਵਕਤ ਨਾਲ ਬੜਾ ਕੁਝ ਬਦਲ ਜਾਂਦਾ ਏ। ਇਸ ਨਵੇਂ ਮੁੰਡੇ ਨੇ ਵੀ ਬੀਤੇ ਵਕਤ ਦੀ ਨਾ-ਜ਼ਿਕਰਯੋਗ ਕਹਾਣੀ ਬਣ ਜਾਣਾ ਏ।

''ਸਰ ਜੀ ਮੁੜ ਓਸ ਕੁੱਤੇ ਦਾ ਨਾਂ ਨਾ ਲਿਓ ਪਲੀਜ਼। ਉਹ ਤਾਂ ਮੇਰਾ ਪਾਗਲਪਨ ਸੀ। ਉਦੋਂ ਮੈਂ ਨਿਆਣੀ ਸੀ। ਮੈਨੂੰ ਚੰਗੇ-ਬੁਰੇ ਦੀ ਸਮਝ ਈ ਨਹੀਂ ਸੀ।'' ਉਹ ਨਿਹੋਰੇ 'ਚ ਬੋਲੀ ਸੀ।

''ਤੇ ਹੁਣ?'' ਮੈਂ ਪੁੱਛਿਆ ਸੀ।

''ਹੁਣ ਤਾਂ ਮੈਂ ਅਡਲਟ ਆਂ। ਮੈਚੁਅਰ ਆਂ। ਮੇਰੇ ਕੋਲ ਕਾਨੂੰਨੀ ਰਾਈਟ ਆ। ਮੈਂ ਕਿਸੇ ਨਾਲ ਵੀ ਵਿਆਹ ਕਰਵਾ ਸਕਦੀ ਆਂ।'' ਹੁਣ ਉਸਦੀ ਆਵਾਜ਼ 'ਚ ਰੋਹਬ ਸੀ।

''ਤੂੰ ਇਹਨੂੰ ਵੀ ਪਰਖ ਕੇ ਤਾਂ ਵੇਖ।''

''ਸਰ ਕਿਵੇਂ?'' ਮੇਰੀ ਆਸ ਦੇ ਉਲਟ ਉਹ ਸਹਿਮਤੀ 'ਚ ਬੋਲੀ ਸੀ।

''ਜਿਵੇਂ ਖੱਤਰੀਆਂ ਦੇ ਮੁੰਡੇ ਨੂੰ ਪਰਖਿਆ ਸੀ।'' ਮੈਂ ਸਹਿਜਤਾ ਨਾਲ ਗਾਈਡ ਕੀਤਾ ਸੀ।

ਇਸ ਗੱਲ-ਬਾਤ ਤੋਂ ਬਾਅਦ ਮੈਂ ਫਿਰ ਬੇਚੈਨ ਹੋ ਗਿਆ ਸਾਂ। ਮੇਰੇ ਦੁੱਖ ਦਾ ਰੰਗ ਪਤਾ ਨਹੀਂ ਅਚਾਨਕ ਕਦੋਂ ਬਦਲ ਗਿਆ ਸੀ। ਮੈਂ ਇਉਂ ਸੋਚ ਰਿਹਾ ਸਾਂ 'ਏਸ ਚੰਚਲ ਕੁੜੀ ਤੱਕ ਪਹੁੰਚਣਾ ਬਹੁਤ ਹੀ ਆਸਾਨ ਏ। ਥੋੜ੍ਹੇ ਜਿਹੇ ਨਾਟਕ ਨਾਲ ਹੀ ਆਪਣੇ ਵਾਸਤੇ ਉਸਦੇ ਮਨ ਵਿਚਲੀ ਸ਼ਰਧਾ ਨੂੰ ਪਿਆਰ 'ਚ ਬਦਲਿਆ ਜਾ ਸਕਦਾ ਤੇ ਫਿਰ ਹਲਕੀ ਜਿਹੀ ਮਿਹਨਤ ਹੋਰ। ਪਰ ਮੈਂ ਸੁਨਹਿਰੀ ਮੌਕਾ ਗੁਆਇਆ ਏ ਤੇ ਗੁਆ ਰਿਹਾ ਹਾਂ।' ਪਲ-ਪਲ ਮੇਰਾ ਮਨ ਪਛਤਾਵੇ ਨਾਲ ਭਰਦਾ ਜਾ ਰਿਹਾ ਸੀ।

ਪੰਜ ਕੁ ਦਿਨਾਂ ਦੇ ਬਾਅਦ ਉਸ ਦਾ ਫੋਨ ਆਇਆ ਸੀ।

''ਹੈਲੋ ਸਰ।'' ਆਖ ਉਹ ਧਾਹਾਂ ਮਾਰਨ ਲੱਗ ਪਈ ਸੀ। ਮੈਨੂੰ ਆਪਣੇ ਮਨ 'ਤੇ ਬਰਫ ਵਾਂਗ ਜੰਮਿਆ ਪਛਤਾਵਾ ਖੁਰਦਾ ਜਾਪਿਆ। ਇਕ ਸਕੂਨ ਮਹਿਸੂਸ ਹੋਇਆ ਸੀ। ਉਸਦੇ ਹਟਕੋਰੇ ਸੁਣਦਾ ਮੈਂ ਮਨ 'ਚ ਉਸਨੂੰ ਭੋਗਣ ਦੀ ਯੋਜਨਾ ਵੀ ਬਣਾਉਂਦਾ ਰਿਹਾ ਸਾਂ।

''ਕੁੱਤਾ!'' ਉਸ ਨੇ ਵਿਲਕਦਿਆਂ ਗੱਲ ਸ਼ੁਰੂ ਕੀਤੀ ਤਾਂ ਮੈਂ ਤ੍ਰਭਕ ਪਿਆ ਸਾਂ। ਇਉਂ ਲੱਗਿਆ ਸੀ ਜਿਉਂ ਉਸਨੇ ਮੇਰੀ ਅੰਤਰ-ਆਤਮਾ ਪੜ੍ਹ ਲਈ ਹੋਵੇ।

''ਕਹਿਣ ਲੱਗਾ ਵਿਆਹ ਤਾਂ ਬੜਾ ਭੈੜਾ ਬੰਧਨ ਏ। ਐਸ਼ ਕਰੋ, ਮਜ਼ੇ ਲਓ। ਸਰ ਜੀ, ਤੁਹਾਡਾ ਥੈਂਕਸ, ਤੁਸੀਂ ਮੈਨੂੰ ਬਚਾ ਲਿਆ। ਬੱਸ ਹੁਣ ਨਈਂ ਮੈਂ ਇਨ੍ਹਾਂ ਚੱਕਰਾਂ 'ਚ ਪੈਣਾ। ਜਿੱਥੇ ਘਰਦੇ ਕਹਿਣਗੇ ਓਥੇ ਵਿਆਹ ਕਰਵਾ ਲੈਣਾ। ਸਰ ਜੀ ਤੁਸੀਂ ਮੈਨੂੰ ਗਾਈਡ ਕਰਦੇ ਰਹਿਓ ਹਮੇਸ਼ਾ।'' ਉਹ ਕਈ ਦੇਰ ਗੱਲਾਂ ਕਰਦੀ ਰਹੀ। ਗੱਲ-ਗੱਲ 'ਤੇ ਰੋਂਦੀ ਰਹੀ।

''ਦੇਖ! ਮੈਂ ਤੇਰਾ ਦੁੱਖ ਸਮਝਦਾਂ। ਤੈਨੂੰ ਇਕ ਫੁਕਰੇ ਨਈਂ, ਮੇਰੇ ਵਰਗੇ ਗੰਭੀਰ ਸਾਥੀ ਦੀ ਲੋੜ ਏ।'' ਮੇਰੀ ਕਾਮ-ਤ੍ਰਿਸ਼ਨਾ ਨੇ ਪੱਤਾ ਖੇਡਿਆ ਸੀ। ''ਸਰ ਜੀ, ਤੁਸੀਂ ਤਾਂ ਗਰੇਟ ਹੋ। ਮੇਰੀ ਤਾਂ ਏਹੀ ਖੁਸ਼ਕਿਸਮਤੀ ਆ ਕਿ ਤੁਸੀਂ ਮੇਰੇ ਜਿਹੀ ਪਾਗਲ ਕੁੜੀ ਦੀ ਬਕਵਾਸ ਸੁਣ ਲੈਂਦੇ ਹੋ। ਤੁਹਾਡੇ ਅਰਗੇ ਬੰਦੇ ਦੀ ਆਵਾਜ਼ ਈ ਸੁਣੀ ਜਾਏ ਤਾਂ ਬਹੁਤ ਆ।''

ਉਸਦੀ ਸ਼ਰਧਾ ਮੈਨੂੰ ਆਪਣੀਆਂ ਇੱਛਾਵਾਂ ਦੇ ਰਾਹ 'ਚ ਵੱਡੀ ਅੜਚਨ ਲੱਗੀ ਸੀ।

''ਗਰੇਟ-ਗਰੂਟ ਕੋਈ ਨਈਂ ਹੁੰਦਾ। ਮੈਂ ਵੀ ਇਨਸਾਨ ਆਂ। ਮੈਨੂੰ ਮੁੜ ਕੇ ਗਰੇਟ ਨਾ ਆਖੀਂ।''

'ਸੌਰੀ' ਆਖ ਉਸਨੇ ਫੋਨ ਰੱਖ ਦਿੱਤਾ ਸੀ।

ਉਸ ਦਿਨ ਮੈਨੂੰ ਇਹ ਸਮਝ ਨਹੀਂ ਸੀ ਲੱਗੀ ਕਿ ਮੈਂ ਉਸਦੇ ਹੋਰ ਨੇੜੇ ਹੋ ਗਿਆਂ ਸਾਂ ਕਿ ਦੂਰ। ਮੈਂ ਕੁਝ ਦਿਨਾਂ ਲਈ ਪਿੰਡ ਤੁਰ ਗਿਆ ਸਾਂ। ਬਾਪੂ ਸਾਲ ਕੁ 'ਚ ਹਾਰ ਗਿਆ ਸੀ। ਹੁਣ ਉਹਦੀ ਆਵਾਜ਼ 'ਚ ਪਹਿਲਾਂ ਵਾਲਾ ਗੜਕਾ ਨਹੀਂ ਸੀ ਰਿਹਾ। ਗੁਆਂਢੀ ਝਿਊਰਾਂ ਦੀ ਕੁੜੀ ਸਵੇਰ ਸ਼ਾਮ ਰੋਟੀ ਪਕਾ ਕੇ ਦੇ ਜਾਂਦੀ ਸੀ।

''ਮੇਰਾ 'ਕੱਲੇ ਦਾ ਦਿਲ ਓਦਰ ਜਾਂਦਾ। ਏਡੇ ਵੱਡੇ ਘਰ 'ਚ ਕੱਲੀ ਜਿੰਦ। ਰਾਤ ਵੱਡ ਖਾਣ ਨੂੰ ਆਉਂਦੀ ਆ! ਤੂੰ ਹੁਣ ਪਿੰਡ ਪਰਤ ਆ।'' ਬਾਪੂ ਦੀ ਆਵਾਜ਼ 'ਚ ਇਕ ਤਰਲਾ ਸੀ।

ਮੈਂ ਬਾਪੂ ਨੂੰ ਕਿਹਾ ਸੀ ਕਿ ਗਾਈਡ ਮਿਲ ਜਾਏ ਤੇ ਵਿਸ਼ਾ ਡਿਸਾਇਡ ਹੋ ਜਾਏ, ਮੈਂ ਬਹੁਤਾ ਸਮਾਂ ਪਿੰਡ ਹੀ ਗੁਜ਼ਾਰਿਆ ਕਰਾਂਗਾ।

''ਇਹ ਕੀ ਬਲਾ ਹੁੰਦੈ ਗਾਈਡ?'' ਬਾਪੂ ਨੇ ਸਵਾਲ ਕੀਤਾ ਸੀ।

''ਇਹ ਖੋਜ ਆਲੇ ਕੰਮ 'ਚ ਰਾਹ ਦਿਖਾਲਦਾ।'' ਮੈਂ ਅਨਪੜ੍ਹ ਬਾਪੂ ਨੂੰ ਸੌਖਿਆਂ ਕਰਕੇ ਦੱਸਿਆ ਸੀ।

''ਫਿਰ ਤਾਂ ਗੁਰੂ ਈ ਹੋਇਆ...।'' ਬਾਪੂ ਨੇ ਸਹਿਜ ਭਾਵ ਆਖਿਆ ਸੀ।

''ਪਰ ਬਿੰਦਰਾ....'' ਉਹ ਅਚਾਨਕ ਬੋਲਿਆ ਸੀ।

''...ਇਹ ਲੱਭਣਾ ਕਿਉਂ ਪੈਂਦਾ? ਕਿਤੇ ਸੂਈ-ਸਲਾਈ ਆ ਜੋ ਗੁਆਚ ਗਈ ਹੋਵੇ। ਤੂੰ ਕਈ ਮਹੀਨਿਆਂ ਤੋਂ ਇਹੀ ਲੱਭੀ ਜਾਨਾ।'' ਬਾਪੂ ਉਦਾਸੀ-ਭਰਿਆ ਖਚਰਾ ਹਾਸਾ ਹੱਸਿਆ ਸੀ।

''ਬਾਪੂ ਸੱਚਾ ਗੁਰੂ ਕਿਤੇ ਸੌਖਿਆਂ ਮਿਲ ਜਾਂਦੈ?'' ਮੈਂ ਬਾਪੂ ਵਾਲੀ ਟੋਨ 'ਚ ਜਵਾਬ ਦਿੱਤਾ ਸੀ। ਮੇਰੀ ਏਸ ਗੱਲ 'ਤੇ ਬਾਪੂ ਕਈ ਦੇਰ ਸਹਿਮਤੀ 'ਚ ਸਿਰ ਮਾਰਦਾ ਰਿਹਾ ਸੀ।

'ਜੋ ਜਾਤ, ਧਰਮ, ਖੇਤਰ, ਸੈਕਸ ਆਦਿ ਤੋਂ ਉੱਪਰ ਉੱਠ ਕੇ ਸਹੀ ਦਿਸ਼ਾ ਦੇ ਸਕੇ ਕੁਸ਼ ਨਵਾਂ ਕਰਨ ਲਈ ਪ੍ਰੇਰ ਸਕੇ।' ਇਹ ਮੈਂ ਮਨ 'ਚ ਸੋਚਿਆ ਸੀ।

'ਪਰ ਅਜਿਹਾ ਗਾਈਡ ਕਿੱਥੋਂ ਲੱਭੇ?' ਆਪਣੇ-ਆਪ ਨੂੰ ਇਹ ਖ਼ਾਮੋਸ਼ ਸਵਾਲ ਕਰਕੇ ਮੈਂ ਉਦਾਸ ਹੋ ਗਿਆ ਸਾਂ।

ਯੂਨੀਵਰਸਿਟੀ ਪਰਤ ਕੇ ਮੈਂ ਮੁੜ ਗਾਈਡ ਲੱਭਣ ਦੀ ਮੁਹਿੰਮ 'ਚ ਜੁੱਟ ਗਿਆ ਸਾਂ। ਹੁਣ ਮੈਂ ਬਹੁਤਾ ਸਮਾਂ ਲਾਇਬ੍ਰੇਰੀ 'ਚ ਗੁਜ਼ਾਰਦਾ। ਪੰਜਾਬੀ ਵਿਭਾਗ ਦਾ ਇਕ ਪ੍ਰੋਫੈਸਰ ਵੀ ਨੇਮ ਨਾਲ ਲਾਇਬ੍ਰੇਰੀ ਆਉਂਦਾ ਸੀ। ਮੈਂ ਨਮਸਕਾਰ ਤੋਂ ਬਾਅਦ ਹੌਲੀ-ਹੌਲੀ ਉਸ ਕੋਲੋਂ ਕਦੇ ਕਦੇ ਕਿਸੇ ਸਾਹਿਤਕ ਗੁੰਝਲ ਬਾਰੇ ਵੀ ਪੁੱਛਣ ਲੱਗ ਪਿਆ ਸਾਂ। ਕੁਝ ਦੇਰ ਬਾਅਦ, ਇਕ ਦਿਨ ਮੈਂ ਪ੍ਰੋ. ਪੁਰੀ ਨਾਲ ਆਪਣੀ ਸਮੱਸਿਆ ਬਾਰੇ ਗੱਲ ਕੀਤੀ ਤਾਂ ਉਹ ਹੱਸ ਪਿਆ ਸੀ।

''ਮੈਂ ਤਾਂ ਸੋਚਿਆ ਕਿ ਤੂੰ ਪਿਆਰੇ ਲਾਲ ਦੀ ਝੋਲੀ ਪੈ ਗਿਆਂ।''

ਮੈਂ ਉਹਨਾਂ ਨੂੰ ਸੰਖੇਪ 'ਚ ਆਪਣੀ ਹੱਡ-ਬੀਤੀ ਸੁਣਾਈ ਤਾਂ ਉਹ ਹੱਸ ਕੇ ਬੋਲਿਆ ਸੀ, ''ਉਸਦੀਆਂ ਤਾਂ ਬੱਸ ਦੋ ਈ ਸ਼ਰਤਾਂ ਨੇ, ਜਿਸ ਰਾਈਟਰ 'ਤੇ ਕੰਮ ਕਰਨਾ ਉਹ ਦਲਿਤ ਹੋਵੇ ਤੇ ਜਿਸ ਨੇ ਕੰਮ ਕਰਨਾ ਉਹ ਵੀ ਦਲਿਤ ਹੋਵੇ। ਕਾਸ਼! ਤੂੰ ਦਲਿਤ ਹੁੰਦਾ।''

ਪ੍ਰੋ. ਪੁਰੀ ਦੀਆਂ ਗੱਲਾਂ ਸੱਚੀਆਂ ਹੋਣ ਦੇ ਬਾਵਜੂਦ ਮੈਨੂੰ ਹਲਕੀਆਂ ਜਾਪੀਆਂ ਸਨ।

''ਤੁਸੀਂ ਈ ਮੇਰੇ ਬਾਰੇ ਕੁਝ ਸੋਚੋ।'' ਪ੍ਰੋ. ਪੁਰੀ ਦਾ ਤਰਲਾ ਕਰਦਿਆਂ ਮੈਨੂੰ ਬਾਪੂ ਦਾ ਤਰਲਾ ਯਾਦ ਆ ਗਿਆ ਸੀ-ਮੇਰੀ ਇਕੱਲਤਾ ਬਾਰੇ ਵੀ ਕੁਝ ਸੋਚ।

ਪੁਰੀ ਸਾਹਿਬ ਇਕ ਪਲ ਲਈ ਸੋਚੀਂ ਪੈ ਗਏ। ਜਿਉਂ ਬਾਪੂ ਦੀ ਗੱਲ ਸੁਣ ਕੇ ਮੈਂ ਸੋਚੀਂ ਪੈ ਗਿਆ ਸਾਂ। ''ਦਰਅਸਲ ਮੈਂ ਮਕਾਨ ਬਣਾਉਣ ਦੇ ਕੰਮ 'ਚ ਰੁਝਿਆਂ ਪਿਆਂ'' ਉਹ ਗੰਭੀਰਤਾ ਨਾਲ ਬੋਲੇ, ਬਿਲਕੁਲ ਉਸੇ ਗੰਭੀਰਤਾ ਨਾਲ ਜਿਸ ਨਾਲ ਮੈਂ ਕੁਝ ਦਿਨ ਪਹਿਲਾਂ ਕਿਹਾ ਸੀ-ਮੈਂ ਗਾਈਡ ਲੱਭਣ 'ਚ ਰੁੱਝਿਆਂ ਹੋਇਆਂ।

ਪ੍ਰੋ. ਪੁਰੀ ਫਿਰ ਬੋਲੇ, ''ਮੈਂ ਦੋ ਕੁ ਮਹੀਨਿਆਂ ਬਾਅਦ ਵਿਹਲਾ ਹੋ ਜਾਣਾ। ਫਿਰ ਸੋਚਿਆ ਜਾ ਸਕਦਾ। ਤਦ ਤੀਕ ਤੂੰ ਵੈਸੇ ਵੀ ਮੇਰੇ ਕੋਲੋਂ ਗਾਈਡੈਂਸ ਲੈ ਸਕਦਾਂ।'' ਫਿਰ ਉਸੇ ਤਰ੍ਹਾਂ ਦੀ ਗੱਲ- ਬਾਪੂ ਦੋ-ਚਾਰ ਕੁ ਮਹੀਨਿਆਂ ਦਾ ਕੰਮ ਆ ਬਸ। ਉਂਜ ਮੈਂ ਆਉਂਦੇ-ਜਾਂਦੇ ਰਹਿਣਾ।

ਹੌਲੀ-ਹੌਲੀ ਮੈਂ ਤੇ ਪ੍ਰੋ. ਪੁਰੀ ਰੋਜ਼ਾਨਾ ਮਿਲਣ ਲੱਗੇ। ਉਹ ਦੋਸਤਾਂ ਵਾਂਗ ਹੱਥ ਮਿਲਾਉਂਦਾ ਸੀ। ਉਹ ਮੈਨੂੰ ਬਾਕੀਆਂ ਦੇ ਮੁਕਾਬਲੇ ਗ੍ਰੇਟ ਲੱਗਦਾ ਸੀ, ਕੰਪਲੈਕਸ ਫਰੀ। ਆਪਣੇ ਸਕੂਟਰ 'ਤੇ ਬਿਠਾਲ ਬਣ ਰਹੇ ਮਕਾਨ ਵਾਲੀ ਥਾਂ ਵਲ ਲੈ ਜਾਂਦੇ। ਮੈਂ ਦੋ ਕੁ ਮਹੀਨੇ ਇੰਤਜ਼ਾਰ ਕਰਨਾ ਕਬੂਲ ਕਰ ਲਿਆ ਸੀ। ਹੁਣ ਪ੍ਰੋ. ਪੁਰੀ ਮੈਨੂੰ ਨਿੱਕੇ-ਮੋਟੇ ਕੰਮ ਦੱਸਣ ਲੱਗ ਪਿਆ ਸੀ। ਕਦੇ ਮੈਂ ਰੇਤ ਦਾ ਆਰਡਰ ਦੇਣ ਜਾ ਰਿਹਾ ਹੁੰਦਾ, ਕਦੇ ਬਜਰੀ ਤੇ ਸੀਮੰਟ ਦਾ।

ਕਦੇ ਮੈਂ ਸ਼ਟਰਿੰਗ ਦੇ ਸਮਾਨ ਵਾਲੇ ਖੱਚਰ-ਰੇਹੜੇ ਅੱਗੇ ਮੋਟਰ-ਸਾਈਕਲ ਲਗਾ ਕੇ ਉਸਦਾ ਮਾਰਗ-ਦਰਸ਼ਨ ਕਰ ਰਿਹਾ ਹੁੰਦਾ। ਦੋ ਕੁ ਮਹੀਨੇ 'ਚ ਮਕਾਨ ਖੜ੍ਹਾ ਹੋਇਆ। ਮੈਂ ਉਸ ਘੜੀ ਨੂੰ ਉਡੀਕਣ ਲੱਗਾ, ਜਦ ਪ੍ਰੋ. ਪੁਰੀ ਮੈਨੂੰ ਕਹਿਣਗੇ ਕਿ ਲਿਆ ਇਨਰੋਲਮੰਟ ਫਾਰਮ ਮੈਂ ਸਾਈਨ ਕਰਾਂ। ਮੈਂ ਹਰ ਸ਼ਾਮ ਪੁਰੀ ਸਾਹਿਬ ਜੀ ਦੀ ਸੇਵਾ 'ਚੋਂ ਨਿਰਾਸ਼ ਹੋ ਕੇ ਹੋਸਟਲ ਮੁੜ ਆਉਂਦਾ।

ਇਕ ਦਿਨ ਮੈਂ ਪੁੱਛਿਆ ਤਾਂ ਉਹ ਸਹਿਜਤਾ ਨਾਲ ਬੋਲੇ, ''ਬਸ ਫਰਸ਼ ਦਾ ਕੰਮ ਹੋ ਜਾਵੇ।''

''ਫਿਰ ਲੱਕੜ ਦਾ ਕੰਮ ਸ਼ੁਰੂ ਹੋ ਜਾਏਗਾ।'' ਮੇਰੇ ਦੁਖੀ ਮਨ 'ਚੋਂ ਆਪ ਮੁਹਾਰੇ ਨਿਕਲ ਗਿਆ।

''ਬੱਸ ਹਾਰ ਗਿਆਂ? ਪ੍ਰੋ. ਪੁਰੀ ਨਾਟਕੀ ਹੈਰਾਨੀ 'ਚ ਬੋਲਿਆ ਸੀ।

''ਹਾਂ ਜੀ।'' ਮੈਂ ਵਿਚਾਰਿਆਂ ਵਾਂਗ ਉੱਤਰ ਦਿੱਤਾ।

''ਇਕ ਉਹ ਵੀ ਵੇਲਾ ਸੀ। ਜਦੋਂ ਸ਼ਿਸ਼ ਬਾਰ੍ਹਾਂ-ਬਾਰ੍ਹਾਂ ਸਾਲ ਪਾਣੀ ਭਰਦੇ ਰਹਿੰਦੇ ਸੀ।'' ਪ੍ਰੋ. ਪੁਰੀ ਖਚਰਾ ਜਿਹਾ ਮੁਸਕਾ ਕੇ ਬੋਲੇ ਸਨ।

''ਉਦੋਂ ਗੁਰੂ ਪੰਜਾਹ-ਪੰਜਾਹ ਹਜ਼ਾਰ ਤਨਖਾਹ ਨਈਂ ਸੀ ਲੈਂਦੇ ਤੇ ਨਾ ਹੀਂ ਕਰੋੜਾਂ ਦੀਆਂ ਕੋਠੀਆਂ 'ਚ ਰਹਿੰਦੇ ਸੀ।'' ਮੇਰੀਆਂ ਗੱਲਾਂ ਸੁਣ ਕੇ ਪ੍ਰੋਫੈਸਰ ਸਾਹਿਬ ਤੜਫ ਉੱਠੇ। ਉਨ੍ਹਾਂ ਦੀਆਂ ਅੱਖਾਂ 'ਚ ਲਾਲੀ ਉੱਤਰ ਆਈ ਸੀ।

''ਤੂੰ ਗਾਈਡ ਚਾਹੁੰਦਾ ਏ ਕਿ ਛਣਕਣਾ?'' ਉਹ ਗੁੱਸੇ 'ਚ ਬੋਲਿਆ ਸੀ।

''ਸਰ ਜੀ ਤੁਸੀਂ ਦੱਸੋ ਤੁਹਾਨੂੰ ਇਕ ਖੋਜਾਰਥੀ ਚਾਹੀਦਾ ਕਿ ਨੌਕਰ?''

ਮੇਰਾ ਸਰੀਰ ਤਪਣ ਲੱਗ ਪਿਆ ਸੀ। ਇਕ ਪਲ ਲਈ ਦਿਲ 'ਚ ਆਇਆ ਕਿ ਇਕ ਗੁੜੇ ਹੋਏ ਦਾਰਸ਼ਨਿਕ ਦਾ ਭੁਲੇਖਾ ਪਾਉਂਦੇ ਪ੍ਰੋ. ਪੁਰੀ ਦੇ ਚਿਹਰੇ 'ਤੇ ਥੁੱਕ ਦੇਵਾਂ। ਉਸਨੂੰ ਗੁੱਸੇ 'ਚ ਬੁੜਬੁੜ ਕਰਦਾ ਛੱਡ ਕੇ ਮੈਂ ਤੁਰ ਆਇਆਂ ਸਾਂ।

ਇਸ ਘਟਨਾ ਤੋਂ ਬਾਅਦ ਮੈਂ ਕਾਫੀ ਸਮਾਂ ਬੇਚੈਨ ਰਿਹਾ ਸਾਂ। ਚੀਨਾ ਜਾਂ ਮਣੀ ਦਾ ਫੋਨ ਆ ਜਾਂਦਾ ਤਾਂ ਦਿਲ ਹੋਧਰੇ ਪੈ ਜਾਂਦਾ। ਇਕੱਲਾ ਬੈਠਦਾ ਤਾਂ ਪ੍ਰੋ. ਪੁਰੀ ਨਾਲ ਕੀਤੀ 'ਬਦਕਲਾਮੀ' ਯਾਦ ਆ ਜਾਂਦੀ ਸੀ। ਆਖਰ ਦਿਲ ਤੋਂ ਬੋਝ ਲਾਹੁਣ ਦੇ ਲਈ ਇਕ ਦਿਨ ਮੈਂ ਪ੍ਰੋ. ਪੁਰੀ ਕੋਲੋਂ ਮੁਆਫੀ ਮੰਗ ਲਈ ਸੀ। ਉਦੋਂ ਮੈਂ ਹੈਰਾਨ ਰਹਿ ਗਿਆ ਸਾਂ ਜਦੋਂ ਉਸਨੇ ਮੈਨੂੰ ਬੁੱਕਲ 'ਚ ਲੈ ਕੇ ਮੋਹ ਨਾਲ ਕਿਹਾ ਸੀ, ''ਫਿਰ ਕੀ ਹੋਇਆ? ਨਵਾਂ-ਨਵਾਂ ਖੂਨ ਏ, ਉਬਾਲਾ ਖਾ ਈ ਜਾਂਦੈ।''

ਉਸ ਸ਼ਾਮ ਦਾ ਡੁੱਬਦਾ ਸੂਰਜ ਮੈਨੂੰ ਕਈ ਦਿਨਾਂ ਦੇ ਬਾਅਦ ਚੰਗਾ-ਚੰਗਾ ਲੱਗਿਆ ਸੀ। ਬਾਪੂ ਨੂੰ ਫੋਨ ਕੀਤਾ ਤਾਂ ਉਹ ਅੱਧ-ਰੋਂਦੀ ਆਵਾਜ਼ ਵਿਚ ਬੋਲਿਆ ਸੀ, ''ਕੁੜੀ ਦਾ ਮੂਹਰਲੇ ਮਹੀਨੇ ਵਿਆਹ ਆ। ਫਿਰ ਤਾਂ ਮੇਰੀ ਰੋਟੀ ਦਾ ਵੀ ਮੁਸ਼ਕਲ ਹੋ ਜਾਣੈ। ਤੂੰ ਜੇ ਵਿਆਹ ਨਈਂ ਕਰਵੌਣਾ ਤਾਂ ਮੈਂ ਕੈਨੇਡਾ ਚਲਾ ਜਾਵਾਂ ਛਿੰਦੇ ਕੋਲ?''

ਕੁਝ ਸਮਾਂ ਪਹਿਲਾਂ, ਵੱਡੇ ਵੀਰੇ ਨੇ ਬਾਪੂ ਤੇ ਬੇਬੇ ਨੂੰ ਆਪਣੇ ਕੋਲ ਕੈਨੇਡਾ ਸੱਦਿਆ ਸੀ, ਪਰ ਇਹ ਦੋਵੇਂ ਕੁਝ ਮਹੀਨੇ ਓਥੇ ਰਹਿ ਕੇ ਮੁੜ ਆਏ ਸਨ। ਇਨ੍ਹਾਂ ਨੂੰ ਓਥੋਂ ਦੀ ਆਪਣੇ ਲੋਕਾਂ ਤੋਂ ਟੁੱਟੀ ਜ਼ਿੰਦਗੀ ਪਸੰਦ ਨਹੀਂ ਸੀ ਆਈ।

''ਪੰਜਾਹ ਕਿੱਲਿਆਂ ਦਾ ਮਾਲਕ ਓਥੇ ਮਰਲੇ ਕੁ ਦੇ ਬੋਰੇ 'ਚ ਕਿਵੇਂ ਡੱਕਿਆ ਰਹਿ ਸਕਦਾ ਸੀ!'' ਕੇਨੈਡਾ ਤੋਂ ਮੁੜ ਕੇ ਬਾਪੂ ਸਭ ਨੂੰ ਮਾਣ ਨਾਲ ਦੱਸਦਾ ਫਿਰਦਾ ਸੀ, ਪਰ ਹੁਣ ਇਕੱਲਤਾ ਕਾਰਨ ਮਜ਼ਬੂਰ ਸੀ।

''ਓਥੇ ਚਲੇ ਜਾਓ ਤਾਂ ਚੰਗਾ ਈ ਆ।'' ਮੇਰਾ ਸੁਝਾਅ ਸੁਣ ਕੇ ਬਾਪੂ ਚੁੱਪ ਕਰ ਗਿਆ ਸੀ।

ਇਕ ਦਿਨ ਪ੍ਰੋ. ਚਾਹਲ ਨੇ ਮੈਨੂੰ ਰੋਕ ਲਿਆ ਸੀ।

''ਤੂੰ ਪਿਆਰੇ ਲਾਲ ਦੇ ਬੜਾ ਪੈਰੀਂ ਹੱਥ ਲਾਉਂਦਾ ਫਿਰਦਾ ਏਂ। ਉਹ ਤਾਂ ਜੱਟਾਂ ਦੇ ਮੁੰਡਿਆਂ ਨੂੰ ਬਹੁਤ ਨਫਰਤ ਕਰਦਾ ਏ?'' ਉਹ ਅਪਣੱਤ 'ਚ ਬੋਲਿਆ ਸੀ।

''ਪਤਾ ਲੱਗ ਗਿਆ ਜੀ।'' ਮੈਂ ਸਿਰ ਝੁਕਾ ਕੇ ਛੋਟਾ ਜਿਹਾ ਜਵਾਬ ਦਿੱਤਾ ਸੀ।

''ਨਾਲੇ ਉਹ ਖੱਤਰੀ! ਪੁਰੀ। ਓਥੇ ਤਾਂ ਕੋਈ ਫਸੇ ਨਾ। ਪਤਾ ਲੱਗਾ ਕਿ ਉਹ ਤੇਰੇ ਕੋਲੋਂ ਹੋਰ ਈ ਕੰਮ ਕਰਵਾਉਂਦਾ ਰਿਹਾ। ਉਹ ਤਾਂ ਰਿਸਰਚ ਸਿਕਾਲਰਾਂ ਕੋਲੋਂ ਪੂਰੇ ਦਿਹਾੜੀਦਾਰਾਂ ਵਾਂਗੂ ਕੰਮ ਲੈਂਦਾ ਤੇ ਉਹਦੀ ਪਤਨੀ? ਉਹ ਉਨ੍ਹਾਂ ਕੋਲੋਂ ਵੱਖਰੇ ਕੰਮ ਲੈਣੇ ਸ਼ੁਰੂ ਕਰ ਦਿੰਦੀ ਏ। ਤੇਰੇ ਵਰਗੇ ਮੁੰਡੇ ਨੂੰ ਤਾਂ ਉਹ...। ਤੂੰ ਬਚ ਗਿਐਂ?'' ਇਹ ਆਖ ਉਸਨੇ ਮੇਰੇ ਚਿਹਰੇ 'ਤੇ ਅੱਖਾਂ ਗੱਡ ਦਿੱਤੀਆਂ ਸਨ।

''ਨਈਂ ਜੀ! ਮੈਂ ਉਹਨਾਂ ਦੇ ਘਰ ਨਈਂ ਗਿਆ ਕਦੇ ਵੀ।'' ਮੈਂ ਵਿਚਾਰਿਆਂ ਵਾਂਗ ਸਫਾਈ ਦਿੱਤੀ ਸੀ।

''ਚੱਲ ਬਾਕੀ ਗੱਲਾਂ ਛੱਡ! ਹੁਣ ਇਹ ਦੱਸ ਕਿ ਤੇਰਾ ਕੋਈ ਖਸਮ ਬਣਿਆ ਕਿ ਬੇਖਸਮਾਂ ਈ ਫਿਰਦੈਂ?''

''ਸੌ ਪ੍ਰਤੀਸ਼ਤ ਬੇਖਸਮਾਂ ਜੀ।'' ਮੈਂ ਮੁਸਕਰਾ ਕੇ ਜਵਾਬ ਦਿੱਤਾ ਸੀ।

''ਤੂੰ ਫਿਰ ਆਸੇ-ਪਾਸੇ ਟੱਕਰਾਂ ਕਿਉਂ ਮਾਰੀ ਜਾਂਦਾ? ਮੇਰੇ ਕੋਲ ਆ। ਜੱਟਾਂ ਬਗੈਰ ਤੈਨੂੰ ਕਿਸੇ ਨੇ ਨਈਂ ਝੱਲਣਾ।'' ਚਾਅ ਜਿਹੇ 'ਚ ਗੱਲ ਕਰਦਾ ਉਹ ਅਚਾਨਕ ਸੋਚੀਂ ਪੈ ਗਿਆ ਸੀ ਤੇ ਮੈਨੂੰ ਪਿਆਰ ਨਾਲ ਘੂਰਦਿਆਂ ਬੋਲਿਆ ਸੀ, ''ਪਰ ਮੇਰੇ ਅਸੂਲ ਜਰਾ ਸਖ਼ਤ ਨੇ। ਮੈਂ ਕੱਚਾ-ਪਿੱਲਾ ਜਿਹਾ ਕੰਮ ਨਈਂ ਕਰਵਾਇਆ ਕਦੇ ਵੀ। ਜੇ ਕਿਸੇ ਸਟੈਂਡਰਡ ਦਾ ਕੰਮ ਕਰਨਾ ਏਂ ਤਾਂ ਕੱਲ੍ਹ ਨੂੰ ਮੇਰੇ ਕਮਰੇ 'ਚ ਆ ਜਾਈਂ।''

ਉਸਦੇ ਇਸ ਚੰਗੇ ਹੁੰਗਾਰੇ ਨੇ ਮੈਨੂੰ ਇਕ ਨਵੀਂ ਆਸ ਦੀ ਕਿਰਨ ਵਿਖਾਈ ਸੀ।

ਅਗਲੇ ਦਿਨ ਉਹ ਮੈਨੂੰ ਪੁੱਛਣ ਲੱਗਾ, ''ਤੂੰ ਕੁਝ ਲਿਖਦਾਂ ਵੀ ਏਂ?''

''ਜੀ ਸਰ, ਕਵਿਤਾ ਵੀ ਲਿਖਦਾਂ ਤੇ ਕਹਾਣੀ ਵੀ।'' ਮੈਂ ਇਕ ਮਾਣ ਜਿਹੇ 'ਚ ਜਵਾਬ ਦਿੱਤਾ ਸੀ।

''ਵਧ ਪਿਆਰ ਕਿਹਨੂੰ ਕਰਦਾਂ?''

''ਕਵਿਤਾਂ ਨੂੰ।'' ਮੈਂ ਝੱਟ-ਪੱਟ ਜਵਾਬ ਦਿੱਤਾ ਸੀ।

''ਫਿਰ ਤੂੰ ਇਉਂ ਕਰ, ਕਹਾਣੀ 'ਤੇ ਕੰਮ ਕਰ ਲੈ।''

ਇਹ ਸੁਝਾਅ ਮੈਨੂੰ ਬੁਝਾਰਤ ਵਾਂਗ ਲੱਗਿਆ ਸੀ। ਮੈਨੂੰ ਸੋਚਾਂ 'ਚ ਪਿਆ ਵੇਖ ਉਹ ਮੁਸਕਾ ਕੇ ਬੋਲਿਆ ਸੀ, ''ਜਿਸ ਨਾਲ ਸਾਨੂੰ ਪਿਆਰ ਹੋਵੇ, ਅਸੀਂ ਉਸਨੂੰ ਨਿਰਖ-ਪਰਖ ਨਹੀਂ ਸਕਦੇ। ਉਸ ਤੋਂ ਇਕ ਕਲਾਤਮਕ ਵਿੱਥ ਨਹੀਂ ਥਾਪ ਸਕਦੇ। ਰਿਸਰਚ ਲਈ ਇਹ ਵਿੱਥ ਬੜੀ ਲਾਜ਼ਮੀ ਏ।''

ਕਈ ਦੇਰ ਧੱਕੇ ਖਾਣ ਤੋਂ ਬਾਅਦ ਹੀ ਸਹੀ ਇਹ ਮੇਰੇ ਲਈ ਬਹੁਤ ਖੁਸ਼ੀ ਤੇ ਮਾਣ ਵਾਲੀ ਗੱਲ ਸੀ ਕਿ ਡਿਪਾਰਟਮੈਂਟ ਦੇ ਸਭ ਨਾਲੋਂ ਸੀਨੀਅਰ ਅਤੇ ਚਰਚਿਤ ਵਿਅਕਤੀ ਨੇ ਮੇਰਾ ਗਾਈਡ ਬਣਨਾ ਕਬੂਲ ਕਰ ਲਿਆ ਸੀ। ਮੈਂ ਮੁੜ ਤੋਂ ਆਪਣੇ ਨਵੇਂ ਟਾਪਿਕ ਨਾਲ ਸਬੰਧਤ ਸਮੱਗਰੀ ਇਕੱਠੀ ਕਰਨ ਤੇ ਪੜ੍ਹਨ ਲੱਗਾ। ਗਾਈਡ ਮੇਰੇ ਨਾਲ ਦੋਸਤਾਨਾ ਵਿਵਹਾਰ ਕਰਦਾ। ਮੈਨੂੰ ਆਪਣੇ ਘਰ ਬੁਲਾ ਲੈਂਦਾ। ਤੋਹਫੇ 'ਚ ਪੁਸਤਕਾਂ ਦਿੰਦਾ ਰਹਿੰਦਾ। ਉਸ ਦੀ ਕਿਸੇ ਪ੍ਰਾਈਵੇਟ ਕਾਲਜ 'ਚ ਪੜ੍ਹਾਉਂਦੀ ਪਤਨੀ ਵੀ ਮੈਨੂੰ 'ਪੁੱਤ' ਆਖ ਬੁਲਾਉਂਦੀ ਸੀ। ਉਨ੍ਹਾਂ ਦੀ ਇਕ ਮੁਟਿਆਰ ਧੀ ਸੀ, ਜੋ ਅਕਸਰ ਬਿਮਾਰ ਤੇ ਉਦਾਸ ਜਿਹੀ ਰਹਿੰਦੀ ਸੀ।

**(ਬਾਕੀ ਅਗਲੇ ਅੰਕ 'ਚ)**

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਭਾਗ - 1

ਕਰਮਜੀਤ ਸਿੰਘ ਕੁੱਸਾ

ਗੁਰਬਖਸ਼ ਬੋਲਦਾ ਰਿਹਾ, ਸਾਹਬ ਕੁਰ ਆਪਣੇ ਕੰਮ ਲੱਗ ਗਈ, ਉਹਨੂੰ ਗੁਰਬਖਸ਼ ਦੀਆਂ ਗੱਲਾਂ ਸਭ ਬਹਾਨੇਬਾਜ਼ੀ ਭਾਸਦੀਆਂ ਸਨ। ਦਰਸ਼ਨ ਇਕ ਦਿਨ ਫੇਰ ਆ ਗਿਆ। ਉਸ ਨੇ ਆਪਣੇ ਪਾਸਪੋਰਟ ਦਾ ਬੰਦੋਬਸਤ ਕਰ ਲਿਆ ਸੀ। ਇਨ੍ਹਾਂ ਦਿਨਾਂ ਵਿਚ ਟ੍ਰੈਵਲ-ਏਜੰਟਾਂ ਦੇ ਦਫਤਰ ਥਾਂ-ਥਾਂ ਖੁੰਬਾਂ ਵਾਂਗ ਖੁੱਲ੍ਹੇ ਹੋਏ ਸਨ। ਦਰਸ਼ਨ ਨੇ ਮਹੀਨਾ ਭਰ ਨੱਠ-ਭੱਜ ਕਰਕੇ ਆਪਣਾ ਬਾਨਣੂੰ ਬੰਨ੍ਹ ਲਿਆ। ਅੱਧੇ ਕੁ ਰੁਪਏ ਉਸ ਕੋਲ ਜਮ੍ਹਾਂ ਸਨ, ਕੁਝ ਘਰਦਿਆਂ ਨੇ ਪਾ ਦਿੱਤੇ। ਦਰਸ਼ਨ ਨੂੰ ਪਿੰਡ ਦੇ ਹੋਰ ਬੰਦਿਆਂ ਨਾਲ ਦਿੱਲੀ ਚੜ੍ਹਾ ਕੇ ਆਇਆ ਧੀਰਾ ਉਥੋਂ ਦੀਆਂ ਗੱਲਾਂ ਬਹਿੰਦਾ-ਉੱਠਦਾ ਕਰੀ ਜਾਂਦਾ ਸੀ। ਗੁਰਬਖਸ਼ ਨੇ ਉਹਦੀਆਂ ਗੱਲਾਂ ਸੁਣ ਕੇ ਆਖਿਆ, "ਇਹ ਆਪਦੀ ਭੂਆ ਵਾਲੀ ਗੱਲ ਕਰਦਾ ਐ! ਪਾਕਿਸਤਾਨ ਬਣਨ ਤੋਂ ਪਹਿਲਾਂ ਇਕ ਵਾਰ ਅਸੀਂ ਜਗਰਾਵੀਂ ਗਏ। ਉਦੋਂ ਜਗਰਾਵਾਂ ਐਵੇਂ ਜਿਹਾ ਹੁੰਦਾ ਸੀ! ਹੁਣ ਤਾਂ ਵਾਹਵਾ ਰੌਣਕ ਐ! ਤੁਰੇ ਜਾਈਏ, ਇਕਦਮ ਸਾਨੂੰ ਬਾਹਾਂ ਫੈਲਾਅ ਕੇ ਆਖਣ ਲੱਗੀ, ਪਰੇ ਹੋ-ਜੋ, ਮੋਟਰ ਸੈਕਲ ਆਉਂਦਾ ਐ! ਅਸੀਂ ਮਗਰ ਮੁੜ ਕੇ ਦੇਖਿਆ, ਸੜਕ 'ਤੇ ਵਿਰਲਾ ਵਿਰਲਾ ਬੰਦਾ ਫਿਰਦਾ ਸੀ! ਸਾਡੇ ਪਿੱਛੇ ਇਕ ਬੰਦਾ ਰੇਹੜੀ ਧੱਕੀ ਆਉਂਦਾ ਸੀ!..."

"ਵਾਹ, ਭੂਆ ਨੇ ਬਈ ਹੱਦ ਈ ਕਰ-ਤੀ!" ਧੀਰੇ ਨੀਵੀਂ ਪਾਉਂਦਿਆਂ ਅੱਖਾਂ 'ਚ ਹੱਸਿਆ।

"ਭੂਆ ਥੋਡੀ ਨੂੰ ਕੀ ਚੱਜ ਸੀ? ਹੁਣ ਰਕਾਨ ਬਣੀ ਫਿਰਦੀ ਐ! ਸਾਹਬ ਕੁਰ ਨੇ ਮੂੰਹ ਮਰੋੜ ਕੇ ਗੱਲ ਕੀਤੀ, "ਕੋਈ ਕੰਮ ਨ੍ਹੀਂ ਸੀ ਆਉਂਦਾ ਹੁੰਦਾ! ਸਾਰੇ ਮੈਥੋਂ ਸਿੱਖੇ ਐ! ਹੁਣ ਨੱਕ 'ਤੇ ਮੱਖੀ ਨ੍ਹੀਂ ਬਹਿਣ ਦਿੰਦੀ!"

"ਬੈਠਣ ਕਾਹਤੋਂ ਦੇਵੇ, ਜੇ ਮੱਖੀ ਨੇ ਨੱਕ 'ਤੇ ਹੱਗਾਰ ਹੱਗ'ਤੀ।" ਸੁੱਖੀ ਬੋਲਿਆ ਤੇ ਗੁੱਸੇ ਨਾਲ ਮੂੰਹ ਫੁਲਾ ਕੇ ਉਠਦਿਆਂ ਆਖਿਆ, "ਅਗਲੇ ਨੂੰ ਤਾਂ ਐਵੇਂ ਈ ਜਾਣਦੇ ਆ, ਬਾਹਲੇ ਆਏ ਐ!"

ਉਹ ਸਾਰੇ ਜਣੇ ਫੇਰ ਠਹਾਕਾ ਮਾਰ ਕੇ ਹੱਸ ਪਏ, ਸੁੱਖੀ ਨੇ ਹਰਖ ਨਾਲ ਸੜਦਿਆਂ ਨੇੜੇ ਪਏ ਭਾਂਡਿਆਂ ਵਿਚ ਪੈਰ ਮਾਰ ਕੇ ਖਿਲਾਰ ਦਿੱਤੇ, ਕੌਲੀਆਂ ਗਲਾਸ ਖੜ ਖੜ ਕਰਦੇ ਇਧਰ ਉਧਰ ਰੁੜ ਗਏ। ਸਾਹਬ ਕੁਰ ਨੇ ਹਾਸਾ ਘੁੱਟ ਕੇ ਝਿੜਕੀ ਦਿੱਤੀ, "ਨੀ ਚੜੇਲੇ!"

"ਚੁੜੇਲ ਹੋਵੇਂਗੀ ਤੂੰ!" ਸੁੱਖੀ ਨੇ ਗੁੱਸੇ ਵਿਚ ਦੂਹਰੀ-ਤੀਹਰੀ ਹੁੰਦਿਆਂ ਟੱਪ ਕੇ ਹੱਥ 'ਤੇ ਹੱਥ ਮਾਰਿਆ, ਸਾਹਬ ਕੁਰ ਨੇ "ਠਹਿਰ ਜਾ ਤੂੰ" ਆਖ ਕੇ ਨਿੱਕਾ ਜਿਹਾ ਡੰਡਾ ਉਹਦੇ ਵਲ ਪੋਲਾ ਜਿਹਾ ਚਲਾਇਆ। ਤੇ ਉਹ ਛਾਲ ਮਾਰ ਕੇ ਪਰਾਂਹ ਜਾ ਖਲੋਤੀ। ਉਸ ਦੀ ਇਸ ਹਰਕਤ ਉੱਤੇ ਫੇਰ ਸਾਰੇ ਉੱਚੀ ਉੱਚੀ ਹੱਸ ਪਏ, ਕੁੜੀ ਹੋਰ ਖਿਝ ਗਈ, ਉਸਨੇ ਦੋਵੇਂ ਹੱਥ ਨਾਲ ਤਾੜੀ ਮਾਰ ਕੇ ਕਬੂਤਰ ਉਡਾਉਣ ਵਾਲਿਆਂ ਵਾਂਗ ਹੱਥ ਪਸਾਰ ਕੇ ਉਨ੍ਹਾਂ ਵਲ ਉਲਾਰੇ, "ਦੰਦ ਕੱਢੋ! ਮਰੋ! ਐਡੇ ਵੱਡੇ ਬੁੱਢ ਵਲੇਟ ਘੋੜਿਆਂ ਵਾਂਗੂੰ ਹਿਣਕੀ ਜਾਂਦੇ ਐ।"

"ਸਰਦਾਰ ਜੀ!" ਬਾਹਰੋਂ ਕਿਸੇ ਦੀ ਆਵਾਜ਼ ਆਈ। ਹਾਸੜ ਇਕ ਦਮ ਰੁਕ ਗਈ, ਸਾਰੇ ਜਣੇ ਕੰਨ ਚੁੱਕ ਕੇ ਬਾਹਰ ਵੇਖਣ ਲੱਗ ਪਏ, ਗੁਰਬਖਸ਼ ਖਿੜਕ ਕੋਲ ਕਈ ਬੰਦਿਆਂ ਦੀ ਬੋਲ ਚਾਲ ਸੁਣ ਕੇ ਆਪ ਬੂਹੇ ਕੋਲ ਚਲਾ ਗਿਆ, ਕੁਝ ਸਮੇਂ ਮਗਰੋਂ ਆ ਕੇ ਮੂੰਹ-ਹੱਥ ਧੋ ਕੇ ਪੱਗ ਬੰਨ੍ਹਣ ਲੱਗ ਪਿਆ, ਸਾਹਬ ਕੁਰ ਨੇ ਪੁੱਛਿਆ ਵੀ, ਉਹ ਕੋਈ ਜ਼ਰੂਰੀ ਕੰਮ ਕਹਿ ਕੇ ਕੱਪੜੇ ਪਾਉਂਦਾ ਰਿਹਾ। ਉਸ ਦਿਨ ਉਹ ਸੂਰਜ ਡੁੱਬਣ ਤੱਕ ਘਰ ਨਾ ਪਹੁੰਚਿਆ। ਰੁੱਤ ਬਦਲ ਰਹੀ ਸੀ, ਮੌਸਮ ਅਣਮੋਹਕ ਜਿਹਾ ਹੋ ਗਿਆ ਸੀ। ਗੁਰਬਖਸ਼ ਆਇਆ, ਉਦੋਂ ਸਾਰਾ ਟੱਬਰ ਸੁੱਤਾ ਪਿਆ ਸੀ, ਪਰ ਪਾਲ ਹਾਲੇ ਵੀ ਬਿਨ ਬੂਹੇ ਵਾਲੀ ਬੈਠਕ ਵਿਚ ਪੜ੍ਹ ਰਿਹਾ ਸੀ, ਉਸ ਦਾ ਇਸ ਵਾਰ ਅਖੀਰਲਾ ਸਾਲ ਸੀ। ਸ਼ਰਾਬੀ ਹੋਏ ਬਾਪ ਦੀਆਂ ਫੜ੍ਹਾਂ ਸੁਣ ਸੁਣ ਉਹ ਅੰਦਰੇ ਅੰਦਰ ਹੱਸ ਰਿਹਾ ਸੀ। ਗੁਰਬਖਸ਼ ਰੋਟੀ ਖਾਣ ਦੇ ਨਾਲ ਨਾਲ ਗੱਲਾਂ ਵੀ ਦੱਸੀ ਜਾਂਦਾ ਸੀ, "ਬਸ ਪੌਂ ਬਾਰਾਂ ਸਮਝੋ! ਇਨ੍ਹਾਂ ਬੂਝੜ ਜੱਟਾਂ ਨੂੰ ਕਿਤੇ ਗੱਲ ਕਰਨੀ ਆਉਂਦੀ ਐ। ਸਰਪੰਚ ਤਾਂ ਮੂੰਹ 'ਚ ਲੱਪ ਜ਼ਰਦੇ ਦੀ ਪਾ ਲੈਂਦੈ! ਤੇ ਪਾਸੇ ਬੈਠਾ ਥੂ ਥੂ ਕਰੀ ਜਾਊ।"

"ਫੇਰ ਤੁਸੀਂ ਕੀ ਗੱਲ ਕੀਤੀ?" ਸਾਹਬ ਕੁਰ ਦਾ ਠਰੰਮੇ ਭਰਿਆ ਬੋਲ ਸੁਣਾਈ ਦਿੱਤਾ।

"ਗੱਲ ਪਿੰਡ ਦੇ ਵਿਕਾਸ ਦੀ ਕੀਤੀ, ਹੋਰ ਕੀ ਕਰਨੀ ਸੀ... ਐਮ.ਐਲ.ਏ. ਕਹਿੰਦਾ, ਮੈਨੂੰ ਮਨਿਸਟਰ ਬਣ ਲੈਣ ਦਿਉ, ਫੇਰ ਵੇਖਿਉ ਥੋਡੇ ਪਿੰਡ ਨੂੰ ਤਾਂ ਸਵਰਗ ਬਣਾ ਦੂੰਗਾ। ਸਕੂਲ, ਹਸਪਤਾਲ, ਡੰਗਰਾਂ ਦਾ ਹਸਪਤਾਲ! ਗੱਲ ਕੀ, ਕਿਸੇ ਸਹੂਲਤ ਵਲੋਂ ਪਿੰਡ ਨੂੰ ਥੁੜਿਆ ਨਹੀਂ ਰਹਿਣ ਦਿੰਦਾ!"

ਪਿੰਡ ਦੇ ਕੰਮਾਂ ਵਿਚ ਉਹ ਅਜਿਹਾ ਰੁਝਿਆ, ਜਿਵੇਂ ਇਨ੍ਹਾਂ ਕੰਮਾਂ ਵਿਚ ਉਸਨੂੰ ਕੁਝ ਮਿਲਦਾ ਹੋਵੇ। ਛੇ-ਸੱਤ ਮਹੀਨੇ ਉਸ ਮੁੜ ਇੰਦੌਰ ਜਾਣ ਬਾਰੇ ਗੱਲ ਹੀ ਨਾ ਕੀਤੀ, ਕਈ ਵਾਰ ਸਾਹਬ ਕੁਰ ਗੱਲ ਛੇੜਦੀ ਤਾਂ ਉਹ ਏਨੀ ਕਹਿ ਕੇ ਖ਼ਤਮ ਕਰ ਦਿੰਦਾ, "ਉਥੇ ਜਗਰਾਜ ਹੈਗਾ ਐ। ਕਰ ਲੂਗਾ, ਉਹ ਕਿਤੇ ਨਿਆਣਾ ਐ।" ਸਾਹਬ ਕੁਰ ਨੂੰ ਮਹਿਸੂਸ ਹੁੰਦਾ, ਜਿਵੇਂ ਇੰਦੌਰ ਦੀ ਗੱਲ ਕਰਨ ਤੋਂ ਟਲਦਾ ਹੋਵੇ। ਆਨੀ ਬਹਾਨੀ ਉਹ ਇਹੀ ਗੱਲ ਕਰਦੀ, ਤਾਂ ਉਹ ਗੱਲ ਨੂੰ ਕੁਝ ਇਸ ਤਰ੍ਹਾਂ ਦੇ ਦਾਅ-ਪੇਚ ਵਿਚ ਪਾਉਂਦਾ, ਗੱਲ ਆਪਣੇ ਆਪ ਹੋਰ ਰਾਹ ਪੈ ਤੁਰਦੀ।

ਗੁਰਬਖਸ਼ ਬੈਠਾ ਸੋਚਦਾ ਰਿਹਾ, ਉਹਦੇ ਲਈ ਵੱਡੀ ਮੁਸੀਬਤ ਇਹ ਸੀ ਕਿ ਉਹਨੂੰ ਪੈਸੇ ਫੜਨੇ ਪੈਣੇ ਸਨ, ਜਦੋਂ ਸੁਰਮੁਖ ਕੋਲ ਖੁਦ ਹੀ ਸਨ। ਥੋੜ੍ਹੇ ਦਿਨਾਂ ਮਗਰੋਂ ਪਿੰਡ ਦੇ ਦੂਜੇ ਪਾਸੇ ਦਾ ਕੋਈ ਬੰਦਾ ਆਇਆ, ਉਸ ਆ ਕੇ ਦੱਸਿਆ, ਸੁਰਮੁਖ ਨੇ ਕੁਝ ਨਹੀਂ ਕੀਤਾ ਸੀ, ਗੱਡੀ ਐਕਸੀਡੈਂਟ ਵਾਲੇ ਥਾਂ ਈ ਪਈ ਸੀ।

ਸਾਹਬ ਕੁਰ ਨੇ ਆਪਣਾ ਆਪ ਤੋੜਿਆ, "ਮੈਂ ਥੋਨੂੰ ਆਂਹਦੀ ਨੀ ਸੀ, ਉਹਨੂੰ ਕੰਜਰ ਨੂੰ ਤਾਂ ਲੋੜ ਨ੍ਹੀਂ! ਉਹਦੇ ਕੋਲ ਤਾਂ ਬਥੇਰਾ ਕੁਸ਼ ਐ। ਜ਼ਮੀਨ ਐ! ਹੋਰ ਗੱਡੀਆਂ ਬਥੇਰੀਆਂ ਅੱਗ ਲੱਗਦੀਆਂ! ਮਾਰੇ ਅਸੀਂ ਗਰੀਬ ਜਾਵਾਂਗੇ...।"

ਸਾਰਿਆਂ ਦੇ ਆਖੇ ਵੇਖੇ ਗੁਰਬਖਸ਼ ਇੰਦੌਰ ਨੂੰ ਗੱਡੀ ਚੜ੍ਹ ਤੁਰਿਆ, ਉਥੇ ਪਹੁੰਚ ਕੇ ਜਿਹੜੀ ਅਸਲੀਅਤ ਦਾ ਪਤਾ ਲੱਗਾ, ਉਹ ਹੋਰ ਹੀ ਸੀ। ਜੁਗਰਾਜ ਕਿਸੇ ਹੋਰ ਦੀ ਗੱਡੀ ਚਲਾਉਂਦਾ ਸੀ। ਉਹਨੇ ਦੱਸਿਆ ਕਿ ਚਾਚੇ ਨੇ ਮੈਨੂੰ ਥੋਡੇ ਜਾਣ ਮਗਰੋਂ ਈ ਗੱਡੀ ਤੋਂ ਲਾਹ ਦਿੱਤਾ ਸੀ।

"ਹਰਾਮੀਆ, ਤੂੰ ਕਿਉਂ ਗੱਡੀ ਤੋਂ ਉਤਰਿਆ?"

"ਮੈਂ ਉਤਰਾਂ ਨਾ, ਨਾ ਰੋਟੀ ਨੂੰ ਪੈਸੇ ਨਾ ਚਾਹ ਨੂੰ! ਜਦੋਂ ਮੈਂ ਖਰਚਾ ਮੰਗਿਆ ਕਰਾਂ, ਆਖੇ ਮੇਰੇ ਕੋਲ ਤਾਂ ਹੈ ਨਹੀਂ, ਮੈਂ ਆਖਿਆ, ਮੈਂ ਕੀਹਤੋਂ ਲਵਾਂ ਖਰਚਾ! ਜਦੋਂ ਗੱਡੀ ਤਾਂ ਮੈਂ ਘਰ ਦੀ ਚਲਾਉਨਾ ਆਂ! ਕਹਿੰਦਾ, ਜੀਹਤੋਂ ਮਰਜ਼ੀ ਮੰਗ, ਮੇਰੇ ਕੋਲ ਤਾਂ ਆਨਾ ਨ੍ਹੀਂ!"

ਗੁਰਬਖਸ਼ ਨੇ ਜਦੋਂ ਏਹੀ ਗੱਲ ਸੁਰਮੁਖ ਨਾਲ ਕੀਤੀ, ਉਹਨੇ ਆਪਣੀ 'ਕਿੜਕਿੜ' ਕਰਦੀ ਜ਼ੁਬਾਨ ਨਾਲ ਆਖਿਆ, "ਨਈ ਨਈ, ਇਹ ਗੱਲ ਨਈ ਐ, ਰਾਜਾ ਝੂਠ ਬੋਲਦਾ ਐ!"

"ਜੇ ਰਾਜਾ ਝੂਠ ਬੋਲਦਾ ਐ। ਸੱਚ ਕੀ ਐ? ਤੂੰ ਉਹਨੂੰ ਗੱਡੀ ਤੋਂ ਕਿਉਂ ਲਾਹਿਐ? ਗੱਡੀ ਤੇਰੀ ਕੱਲੇ ਦੀ ਐ?"

"ਕੱਲੇ ਦਾ ਕੀ ਮਤਲਬ!" ਕਾਹਲੀ ਕਾਹਲੀ ਬੋਲਣ ਨਾਲ ਉਸ ਦੀ ਅੱਧੀ ਗੱਲ ਹੀ ਪੱਲੇ ਪੈਂਦੀ ਸੀ, "ਮੈਂ ਕਿਹਾ, ਪੁੱਛ ਲੈ ਕਿਸੇ ਨੂੰ ਮਖ ਰਾਜਿਆ ਕੰਮ 'ਤੇ ਜਾਹ, ਕਹਿੰਦਾ, ਮੈਂ ਨੀ ਜਾਣਾ। ਫੇਰ ਮੈਂ ਕੀ ਕਰਾਂ!"

"ਤੂੰ ਇਹ ਦੱਸ, ਰਾਜਾ ਗੱਡੀ ਚਲਾਉਣੋਂ ਕਾਹਤੋਂ ਹਟਿਐ?"

"ਇਹ...ਇਹ ਤੂੰ ਰਾਜੇ ਤੋਂ ਈ ਪੁੱਛ!"

"ਰਾਜਾ ਤਾਂ ਫੇਰ ਤੇਰਾ ਕਸੂਰ ਕੱਢਦੈ!"

"ਮੇਰਾ ਕਸੂਰ? ਮੇਰਾ ਕਸੂਰ ਤਾਂ ਰਾਜਾ ਕੱਢੂਗਾ ਈ, ਤੂੰ ਆਪਦੇ ਮੁੰਡੇ ਦੇ ਮਗਰ ਲੱਗੇਂਗਾ। ਮੇਰੇ ਪਿੱਛੇ ਕਿਉਂ ਲੱਗੇਂਗਾ ਤੂੰ?"

"ਅਸਲ ਮਾਮਲਾ ਦੱਸ ਕੀ ਐ।" ਗੁਰਬਖਸ਼ ਗੁੱਸੇ ਨਾਲ ਤਪਿਆ ਖਪਿਆ ਬੈਠਾ ਸੀ, "ਚੱਲ ਤੂੰ ਰਾਜੇ ਦੀ ਗੱਲ ਛੱਡ! ਮੰਨ ਲੈਂਦੇ ਆਂ! ਰਾਜਾ ਝੂਠਾ ਐ। ਤੇਰੇ ਆਖੇ ਨ੍ਹੀ ਲੱਗਿਆ! ਤੂੰ ਹੁਣ ਤੱਕ ਗੱਡੀ ਦਾ ਕੰਮ ਕਿਉਂ ਨਾ ਕਰਵਾਇਆ?"

"ਮੈਂ ਕੱਲਾ ਕੀ ਕਰਾਂ। ਮੇਰੇ ਕੋਲ ਕੋਈ ਪੈਸਾ ਵੀ ਨ੍ਹੀਂ ਸੀ।"

"ਜਦੋਂ ਮੈਂ ਸੰਵਾਰਦਾ ਹੁੰਦਾ ਸੀ, ਉਦੋਂ...। ਮੇਰਾ ਤਾਂ ਕੋਈ ਹੋਰ ਕਾਰੋਬਾਰ ਵੀ ਹੈ ਨੀ! ਤੇਰੀਆਂ ਦੋ ਗੱਡੀਆਂ ਹੋਰ ਐ। ਜ਼ਮੀਨ ਤੇਰੇ ਕੋਲ ਵਧ ਐ!"

"ਦੂਜੀਆਂ ਗੱਡੀਆਂ ਦਾ ਪੈਸਾ ਨ੍ਹੀ ਮੈਂ ਲਾ ਸਕਦਾ, ਇਹ ਵੱਖਰੀ ਗੱਲ ਐ!"

"ਵੱਖਰੀ ਗੱਲ ਐ!" ਗੁਰਬਖਸ਼ ਨੇ ਉਹਦੀ ਸਾਂਗ ਭਰੀ, "ਜਦੋਂ ਮੈਂ ਲਾਉਂਦਾ ਸੀ, ਮੇਰੀ ਬੈਂਕ ਲੁੱਟੀ ਹੁੰਦੀ ਸੀ?"

"ਬਾਈ ਤੂੰ ਵੀ ਉਹੀ ਗੱਲਾਂ ਕਰੀ ਜਾਨਾਂ ਏਂ।" ਜਗਦੇਵ ਨੇ ਆਪਣੇ ਚਾਦਰੇ ਨੂੰ ਸੂਤ ਕਰਦਿਆਂ ਟਿਕਾ ਕੇ ਆਖਿਆ, "ਇਹ ਗੱਡੀ ਸੰਵਾਰਦਾ ਕਾਹਦੇ ਨਾਲ? ਕੱਲਾ ਇਹ ਕੀ ਕਰਦਾ! ਸੌ ਥਾਈਂ ਜਾਣਾ ਪੈਂਦਾ ਐ! ਮੁੰਡਾ ਤੇਰਾ ਗਰੇਆਲਾਂ ਦੀ ਗੱਡੀ 'ਤੇ ਜਾ ਲੱਗਿਐ, ਜਿਨ੍ਹਾਂ ਸਾਡੀ ਹਮੇਸ਼ਾ ਵੱਢਵੀਂ ਕੀਤੀ ਐ।"

"ਤੇ ਮੈਂ ਕਾਹਦੇ ਨਾਲ ਸੰਵਾਰਦਾ ਹੁੰਦਾ ਸੀ?" ਗੁਰਬਖਸ਼ ਨੂੰ ਜਗਦੇਵ ਉਤੇ ਸੁਰਮੁਖ ਦਾ ਪੱਖ ਲੈਣ ਦਾ ਗੁੱਸਾ ਚੜ੍ਹਿਆ, "ਤੂੰ ਇਹਦੀ ਹਮੈਤ ਕਰਾਉਣ ਲੱਗਿਐਂ। ਜੇ ਇਹਦੇ ਕੋਲ ਹੈ-ਨੀ ਸੀ! ਕਿਸੇ ਤੋਂ ਫੜਦਾ! ਤੇਰੇ ਕੋਲੋਂ ਲੈਂਦਾ। ਕਿਸੇ ਹੋਰ ਭਰਾ ਦੀ ਮਿੰਨਤ ਕਰਦਾ! ਪਰ ਗੱਡੀ ਤਾਂ ਬਣਾਉਂਦਾ! ਇਹਨੂੰ ਮੈਂ ਫੇਰ ਸਹੀ ਮੰਨਦਾ! ਰਾਜੇ ਦਾ ਮੈਂ ਸਾਰਾ ਈ ਕਸੂਰ ਸਮਝਦਾ ਆਂ! ਪਰ ਇਹਨੇ ਧੌਲ ਦਾਹੜੀ ਨੇ ਕੀ ਕੀਤਾ?"

"ਮੂੰਹ ਸੰਭਾਲ ਕੇ ਗੱਲ ਕਰ, ਲੱਗਿਐਂ ਧੌਲ ਦਾਹੜੀਆਂ ਧੌਲ ਦਾਹੜੀਆਂ ਕਰਨ! ...ਬਹੁਤੀ ਗੱਲ ਐ, ਗੱਡੀ ਵੰਡ ਲੈ! ਕਿਤੇ ਆਪਦੀ ਟੁਟੀ ਜੀ ਅਫਸਰੀ 'ਚ ਆਕੜਿਆ ਫਿਰਦਾ ਹੋਵੇਂ।"

"ਫੇਰ ਤੂੰ ਕੀ ਕਰੇਂਗਾ?" ਗੁਰਬਖਸ਼ ਆਪਣੇ ਭਾਰੇ-ਭਰਕਮ ਸਰੀਰ ਨੂੰ ਜੋਸ਼ ਨਾਲ ਹਿਲਾਉਂਦਿਆਂ ਉਹਦੇ ਵਲ ਵਧਿਆ, "ਤੂੰ ਪੱਕਾ ਹਰਾਮਜਾਦਾ ਐਂ!"

ਜਗਦੇਵ ਨੇ ਗੁਰਬਖਸ਼ ਦੇ ਮੋਢੇ ਉੱਤੇ ਹੱਥ ਰੱਖਿਆ, "ਬਾਈ, ਲੜਾਈ ਕਰਨ 'ਚ ਫਾਇਦਾ ਨਹੀਂ, ਜੇ ਥੋਡੀ ਨਹੀਂ ਨਿੱਭਦੀ, ਹਿੱਸਾ ਵੰਡ ਲੋ।"

"ਹਾਂਅ, ਹਿੱਸਾ ਵੰਡ ਲੋ, ਮੈਂ ਨ੍ਹੀ ਬੋਲ ਕਬੋਲ ਸੁਣਨੇ!"

ਗੁਰਬਖਸ਼ ਨੇ ਜਗਦੇਵ ਦਾ ਹੱਥ ਪਰਾਂਹ ਝਟਕ ਦਿੱਤਾ, "ਵੰਡ ਲੈ, ਮੇਰਾ ਰੁਜ਼ਗਾਰ ਥੋਡੇ 'ਤੇ ਐ?" ਫੇਰ ਉਸ ਜਗਦੇਵ ਵਲ ਮੂੰਹ ਕਰਿਆ, "ਹੁਣ ਤੂੰ ਵੀ ਕਹਿ ਦਿੱਤਾ ਹਿੱਸਾ ਵੰਡ ਲੋ। ਉਦੋਂ ਇਹਦੇ ਨਾਲ ਹਿੱਸਾ ਕੀਹਨੇ ਪੁਆਇਆ ਸੀ। ਮੈਂ ਤੈਨੂੰ ਆਖਿਆ ਨਹੀਂ ਸੀ, ਇਹ ਚੌਰਾ ਕਿਸੇ ਭੈਣ ਭਰਾ ਦਾ ਨ੍ਹੀਂ! ਹੁਣ ਮੇਰਾ ਕੂੰਡਾ ਕਰਾ ਕੇ ਹਿੱਸਾ ਵੰਡ-ਲੈ!"



"ਬਾਈ ਤੂੰ ਐਵੇਂ ਈ ਛੱਤਣੀਂ ਚੜ੍ਹਦਾ ਜਾਨੈਂ।" ਜਗਦੇਵ ਨੇ ਗੁਰਬਖਸ਼ ਨੂੰ ਅੱਖਾਂ ਵਿਚ ਰਤਾ ਕੁ ਤਾਅ ਭਰ ਕੇ ਆਖਿਆ, "ਤੂੰ ਕਿੰਨੀਆਂ ਪੌੜੀਆਂ ਚੜ੍ਹ ਗਿਐਂ! ਪੜ੍ਹਿਆ ਲਿਖਿਆ ਕਰਕੇ ਅਸੀਂ ਤੇਰਾ ਮਾਣ ਕਰਦੇ ਆਂ! ਮੈਂ ਥੋਡੀ ਸੁਲਾਹ ਸਫਾਈ ਕਰਵਾਉਣੀ ਚਾਹੁੰਨਾਂ, ਤੂੰ ਮੇਰੇ ਵੀ ਜੁੱਤੀਆਂ ਮਾਰੀ ਜਾਨੈਂ! ਹੈਂ? ਅਸੀਂ ਚਾਰ ਚਾਰ ਗੱਡੀਆਂ ਦੇ ਮਾਲਕ ਤੇਰੀ ਅੱਧੀ ਗੱਡੀ ਖਾ ਕੇ ਇੰਦੌਰ ਖਰੀਦ ਲਾਂਗੇ।"

"ਕੀ ਜੁੱਤੀਆਂ ਮਾਰੀਆਂ ਮੈਂ!" ਗੁਰਬਖਸ਼ ਦਾ ਬੋਲ ਇਸ ਵਾਰ ਖਿੰਡਵਾ ਜਿਹਾ ਹੋ ਗਿਆ ਸੀ, "ਵੰਡ ਲਉ, ਦੇਖੂੰ, ਜਦੋਂ ਮੇਰੇ ਜੁਆਕ ਥੋਡੇ ਬਿਨਾਂ ਭੁੱਖੇ ਮਰ ਜਾਣਗੇ।"

ਹੋਰਨਾਂ ਲੋਕਾਂ ਨੇ ਵਿਚ ਪੈ ਕੇ ਟਿਕ ਟਿਕਾ ਕਰਵਾ ਦਿੱਤਾ। ਗੁਰਬਖਸ਼ ਨੂੰ ਉਹਦਾ ਭੂੰਦੜੀ ਵਾਲਾ ਯਾਰ ਬਾਹੋਂ ਫੜ੍ਹ ਕੇ ਹੋਟਲ ਵਿਚ ਲੈ ਗਿਆ, ਮਗਰੋਂ ਗੱਲ ਵੰਡ-ਵੰਡਾਈ 'ਤੇ ਹੀ ਨਿਬੜੀ। ਉਸ ਸ਼ਾਮ ਗੁਰਬਖਸ਼ ਆਪਣੇ ਭੂੰਦੜੀ ਵਾਲੇ ਯਾਰ ਕੋਲ ਅੱਖਾਂ ਭਰੀ ਬੈਠਾ ਸੀ। ਗੱਡੀ ਸਾਰੀ ਬਤਾਲੀ ਹਜ਼ਾਰ ਦੀ ਵਿਕੀ, ਉਸ ਆਪਣਾ ਇੱਕੀ ਹਜ਼ਾਰ ਝੱਟ ਬੈਂਕ ਵਿਚ ਜਮ੍ਹਾਂ ਕਰਵਾ ਦਿੱਤਾ। ਮਗਰੋਂ ਬਿੜਕ ਮਿਲੀ, ਸੱਤ ਹਜ਼ਾਰ ਕਮਿਸ਼ਨ ਜਗਮੇਲ ਖਾ ਗਿਆ ਸੀ। ਮਨ 'ਤੇ ਐਸਾ ਗੁਬਾਰ ਚੜ੍ਹਿਆ, ਪੰਜਾਬ ਵਾਲੀ ਗੱਡੀ ਚੜ੍ਹ ਕੇ ਪਿੰਡ ਆ ਗਿਆ। ਪਿੰਡ ਆ ਕੇ ਉਹ ਗੁੰਮ-ਸੁੰਮ ਜਿਹਾ ਹੀ ਰਹਿਣ ਲੱਗ ਪਿਆ। ਕਿਸੇ ਨਾਲ ਗੱਲ ਨਾ ਕਰਦਾ, ਚਾਦਰ ਲੈ ਕੇ ਸਾਰਾ ਦਿਨ ਅੰਦਰੇ ਪਿਆ ਰਹਿੰਦਾ। ਸਾਹਬ ਕੁਰ ਸਭ ਕੁਝ ਸਮਝਦੀ ਹੋਈ ਵੀ ਉਸਨੂੰ ਹੌਸਲਾ ਦਿੰਦੀ ਰਹਿੰਦੀ। ਸ਼ਰਾਬ ਪੀ ਕੇ ਉਹ ਇਕ ਦਿਨ ਸਾਰੇ ਟੱਬਰ ਦੇ ਸਾਹਮਣੇ ਰੋਣ ਲੱਗ ਪਿਆ। ਸਾਹਬ ਕੁਰ ਜਣੇ-ਖਣੇ ਕੋਲ ਆਪਣੇ ਦਿਓਰਾਂ ਦੀ ਦਗ਼ੇਬਾਜ਼ੀਆਂ ਦੀਆਂ ਕਹਾਣੀਆਂ ਪਾਉਂਦੀ ਰਹਿੰਦੀ; "ਮੈਂ ਤਾਂ ਆਹਨੀ ਆਂ, ਜਿਵੇਂ ਸਾਡੇ ਨਾਲ ਇਨ੍ਹਾਂ ਚੋਰਾਂ-ਯਾਰਾਂ ਨੇ ਰਲ ਕੇ ਧੋਖਾ ਕੀਤਾ ਐ, ਐਥੇ ਈ ਭੁਗਤਣ!...ਮੰਗਦਿਆਂ ਨੂੰ ਟੁੱਕ ਨਾ ਥਿਆਵੇ!"

ਗੱਲ ਕਿੰਨਾ ਕੁ ਚਿਰ ਲੁਕੀ ਰਹਿੰਦੀ, ਆਖਰ ਆਹਮੋ ਸਾਹਮਣੇ ਮਿਹਣੋ ਮਿਹਣੀ ਹੋਣ ਲੱਗ ਪਏ। ਉਂਜ ਉਨ੍ਹਾਂ ਘੇਸਲ ਮਾਰ ਲਈ ਪਰ ਲੋਕਾਂ ਕੋਲ ਆਖਦੇ, "ਸਾਰੀ ਉਮਰ ਇਹਨੇ ਸ਼ਰਾਬ ਤੋਂ ਬਿਨਾ ਇਕ ਮਿੰਟ ਨਹੀਂ ਸਾਰਿਆ! ਅਸੀਂ ਪਿੰਡ ਮਿੱਟੀ 'ਚ ਘੁਲਦੇ ਸੀ। ਨੌਕਰੀ ਤਾਂ ਇਹੀ ਕਰਦਾ ਸੀ। ਪਿਉ ਦੀ ਵਾਰਸੀ 'ਚੋਂ ਜੇ ਇਹਦਾ ਕੁਸ਼ ਰੱਖਿਆ ਤਾਂ ਦੱਸੋ! ਗੱਡੀ ਨਾ ਵੰਡਦੇ, ਹੋਰ ਕੀ ਕਰਦੇ! ਜੇ ਅਸੀਂ ਏਸ ਤਰ੍ਹਾਂ ਮੁਚਣ ਲੱਗੇ, ਫੇਰ ਸਰ ਗਿਆ!"

ਘਰ ਦੂਰ ਹੋ ਜਾਣ ਕਰਕੇ ਹੁਣ ਬਹੁਤਾ ਰੌਲਾ ਨਹੀਂ ਪੈਂਦਾ ਸੀ। ਸਾਹਬ ਕੁਰ ਆਪਣਾ ਆਪ ਖਪਾ ਕੇ ਚੁੱਪ ਕਰ ਗਈ। ਬਹੁਤਾ ਗੁੱਸਾ ਉਸ ਨੂੰ ਗੁਰਬਖਸ਼ 'ਤੇ ਹੀ ਆਉਂਦਾ, ਜਿਹੜਾ ਉਦੋਂ ਲੜ ਕੇ ਇੰਦੌਰ ਜਾ ਬੈਠਾ ਸੀ, ਫੇਰ ਉਹ ਆਪਣੇ ਪੁੱਤਾਂ ਵਲ ਵੇਖ ਕੇ ਠੰਢਾ ਸਾਹ ਭਰਦੀ, "ਡੰਡਿਆਂ ਵਰਗੇ ਗਭਰੂ ਐ। ਜਿੱਥੇ ਬੰਦੇ ਹੋਣ, ਉਥੇ ਕਾਹਦਾ ਘਾਟਾ! ਬੰਦੇ ਤਾਂ ਰੋਹੀਆਂ 'ਚ ਘਰ ਬੰਨ੍ਹ ਲੈਂਦੇ ਐ।"

ਦਰਸ਼ਨ ਦਾ ਬਾਹਰਲੇ ਦੇਸ਼ ਵਿਚੋਂ ਚਾਰ ਹਜ਼ਾਰ ਦਾ ਚੈੱਕ ਆ ਗਿਆ ਸੀ। ਗੁਰਬਖਸ਼ ਦੇ ਚਿਹਰੇ ਉਤੇ ਲਾਲੀ ਆ ਨਿਤਰੀ। ਉਸ ਨੂੰ ਇਉਂ ਜਾਪਿਆ, ਉਹ ਕਿਸੇ ਤੋਂ ਘੱਟ ਨਹੀਂ ਸੀ। ਉਹ ਧੀਰੇ ਨਾਲ ਖੇਤ ਜਾ ਕੇ ਸਕੀਮਾਂ ਬਣਾਉਂਦੇ। ਬੋਰ ਪੱਕਾ ਕਰਨ ਲਗ ਪਏ। ਇੰਜਣ ਦੀ ਥਾਂ ਮੋਟਰ ਲਵਾਉਣ ਲਈ ਦਰਖਾਸਤ ਦੇ ਦਿੱਤੀ। ਘਰ ਵਿਚ ਇਕ ਵਾਰ ਫਿਰ ਜ਼ਿੰਦਗੀ ਮਹਿਕਣ ਲੱਗੀ। ਇਨ੍ਹਾਂ ਦਿਨਾਂ ਵਿਚ ਹਰਪਾਲ ਨੇ ਬੀ.ਏ. ਕਰ ਲਈ। ਏਸ ਖੁਸ਼ੀ ਨਾਲ ਗੁਰਬਖਸ਼ ਤੇ ਸਾਹਬ ਕੁਰ ਦੇ ਹੌਸਲੇ ਮੁੜ ਬੁਲੰਦੀ ਵਿਚ ਹੋ ਗਏ। ਹਰਪਾਲ ਬੀ-ਐਡ ਵਿਚ ਦਾਖਲ ਹੋਣ ਲਈ ਕਈ ਕਾਲਜਾਂ ਦੇ ਪ੍ਰਾਸਪੈਕਟ ਲੈ ਆਇਆ। ਇਕ ਦਿਨ ਜਦੋਂ ਹਰਪਾਲ ਬਾਹਰੋਂ ਤੁਰ ਫਿਰ ਕੇ ਘਰ ਆਇਆ। ਗੁਰਬਖਸ਼ ਵੱਟ ਕਾਰਨ ਤੇੜ ਪਰਨਾ ਬੰਨ੍ਹੀ ਮੰਜੇ ਉਤੇ ਬੈਠਾ ਸੀ। ਉਸ ਮੁੰਡੇ ਵਲ ਸਿੱਧਾ ਝਾਕਦਿਆਂ, ਅੱਖਾਂ ਤਿਰਛੀਆਂ ਕਰਕੇ ਵੇਖਿਆ, ਉਸ ਨੂੰ ਮੁੰਡੇ ਦਾ ਲਵਾ ਜਿਹਾ ਮੂੰਹ ਭਗਰੂਣਿਆਂ ਲੱਗਿਆ, "ਤੇਰੇ ਅਡਮਿਸ਼ਨ ਦਾ ਕੀ ਬਣਿਐ ਬਈ?"

"ਅਡਮਿਸ਼ਨ ਤਾਂ ਪਾਪਾ ਜੀ ਮਿਲ ਜੂ, ਪਰ...।" "ਪਰ ਕੀ?"

"ਸ਼ਾਇਦ ਪੈਸੇ ਦੇਣੇ ਪੈਣ...!"

ਹਰਪਾਲ ਨੇ ਆਪਣੇ ਨੀਵੇਂ ਕੀਤੇ ਸਿਰ ਨੂੰ ਉਤਾਂਹ ਨਾ ਚੁੱਕਿਆ, ਉਸ ਹੱਥ ਨਾਲ ਮੱਥੇ ਉੱਤੇ ਆਇਆ ਪਸੀਨਾ ਪੂੰਝਦਿਆਂ ਗੁਰਬਖਸ਼ ਵਲ ਕੰਨ ਕਰੀ ਰੱਖੇ।

"ਕਿੰਨੇ ਕੁ ਦੇਣੇ ਪੈਣਗੇ?"

ਹਰਪਾਲ ਦਾ ਅੰਦਰ ਹਰਾ ਹੋ ਗਿਆ, ਉਸ ਸਿਰ ਚੁੱਕ ਕੇ ਗੜਕੇ ਨਾਲ ਕਿਹਾ, "ਹਜ਼ਾਰ ਪੰਦਰਾਂ ਸੌ ਤੋਂ ਵਧ ਤਾਂ ਅਜੇ ਤੱਕ ਕਿਸੇ ਨੇ ਦਿੱਤਾ ਨਹੀਂ। ਮੋਗੇ ਵਾਲੇ ਸ਼ਾਇਦ ਘੱਟ ਨਾਲ ਹੀ ਸਾਰ ਲੈਣ...।" ਗੁਰਬਖਸ਼ ਨੂੰ ਨਾ ਬੋਲਦਿਆਂ ਦੇਖ ਕੇ ਉਸ ਅਗਾਂਹ ਆਖਿਆ, "ਸਾਰੇ ਪੰਜਾਬ 'ਚ ਸਰਕਾਰੀ ਕਾਲਜ ਮਸਾਂ ਦੋ ਈ ਐ! ਬਾਕੀ ਤਾਂ ਪ੍ਰਾਈਵੇਟ ਨੇ...ਇਹ ਆਪਦੀ ਮਨ ਮਰਜ਼ੀ ਕਰਦੇ ਐ।"

ਗੁਰਬਖਸ਼ ਉਸ ਦੀ ਗੱਲ 'ਤੇ ਹੱਸ ਪਿਆ।

ਕੁਝ ਦਿਨਾਂ ਦੀ ਭੱਜ-ਦੌੜ ਨਾਲ ਪਾਲ ਦਾ ਕੰਮ ਬਣ ਗਿਆ, ਹਰਪਾਲ ਹਰ ਰੋਜ਼ ਮੋਗੇ ਜਾਣ ਲੱਗਾ। ਡਿਗਰੀ ਕਾਲਜ ਨਾਲੋਂ ਏਥੇ ਬਹੁਤ ਵੱਡਾ ਫਰਕ ਦਿਸਿਆ, ਮੁੰਡੇ ਕੁੜੀਆਂ ਇਕੱਠੇ ਬਹਿੰਦੇ, ਗੱਲਾਂ ਕਰਦੇ, ਚਾਹ ਪੀਂਦੇ, ਚੁਪਾਸੇ ਜਵਾਨੀ ਦਾ ਹੜ੍ਹ ਜਿਹਾ ਪਸਰਿਆ ਜਾਪਦਾ। ਨਿੱਕੀ ਨਿੱਕੀ ਗੱਲ 'ਤੇ ਕਿਲਕਾਰੀਆਂ ਵੱਜਦੀਆਂ। ਪਰ ਇਹ ਰੰਗ ਕੁਝ ਸਮਾਂ ਚੱਲਿਆ, ਅਚਾਨਕ ਮੁੰਡਿਆਂ ਵਿਚ ਘੁਸਰ ਮੁਸਰ ਸੁੰਦਕਣ ਲਗ ਪਈ। ਦੋ ਵਿਸ਼ੇ ਅੰਗਰੇਜ਼ੀ ਅਤੇ ਸਾਈਕਾਲੋਜੀ ਦੇ ਲੈਕਚਰਾਰ ਹੀ ਨਹੀਂ ਸਨ। ਕੁਝ ਦਿਨ ਗੱਲ ਗੋਹਿਆਂ ਦੀ ਅੱਗ ਵਾਂਗ ਧੁੱਖਦੀ ਰਹੀ, ਇਕ ਦਿਨ ਹਰਪਾਲ ਹੋਰਾਂ ਨੇ ਸਲਾਹ ਕਰਕੇ ਪ੍ਰਿੰਸੀਪਲ ਨੂੰ ਮਿਲਣ ਦੀ ਠਾਣ ਲਈ। ਪ੍ਰਿੰਸੀਪਲ ਨੇ ਕਿੰਨਾ ਚਿਰ ਉਨ੍ਹਾਂ ਨੂੰ ਅਸਲ ਗੱਲ ਤੋਂ ਲਾਂਭੇ ਰੱਖੀ ਰੱਖਿਆ, ਪਰ ਅਖੀਰ ਗੱਲ ਗਰਮ ਜੋਸ਼ੀ ਵਿਚ ਬਦਲ ਗਈ; "ਕਾਕਾ, ਤੁਸੀਂ ਆਪਣੀ ਪੜ੍ਹਾਈ ਵਲ ਧਿਆਨ ਦਿਉ, ਇਹ ਮੇਰਾ ਕੰਮ ਐ, ਕਾਲਜ ਕਿਵੇਂ ਚਲਾਉਣੈ! ਸਮਝੇ?"

"ਪ੍ਰਿੰਸੀਪਲ ਸਾਹਬ, ਕਾਲਜ ਚਲਾਉਣੋਂ ਤੁਹਾਨੂੰ ਕੋਈ ਨਹੀਂ ਰੋਕਦਾ! ਪਰ ਆਪਣੀਆਂ ਮਾਰੂ ਨੀਤੀਆਂ ਵਲ ਤਾਂ ਨਜ਼ਰ ਮਾਰੋ!"

ਕਿਉਂ, ਕੀ ਹੋਇਆ ਸਾਡੀਆਂ ਨੀਤੀਆਂ ਨੂੰ?" ਪ੍ਰਿੰਸੀਪਲ ਨੇ ਕਲਮ ਕਲਮਦਾਨ ਵਿਚ ਰੱਖਦਿਆਂ ਰਤਾ ਕਰੜਾਈ ਨਾਲ ਆਖਿਆ, ਮੁੰਡੇ ਥੋੜਾ ਜਿਹਾ ਠਰ ਗਏ...। ਕਾਕਾ, ਉਮਰ ਦਾ ਜੋਸ਼ ਹਰ ਇਕ 'ਤੇ ਚੜ੍ਹਦਾ ਐ।...ਟਰੇਨਿੰਗ ਪੂਰੀ ਕਰਕੇ ਆਪਣੇ ਰੁਜ਼ਗਾਰ ਦੇ ਸਿਰ ਹੋਵੋ!...ਇਹ ਕਾਲਜ ਤਾਂ ਵਰ੍ਹਿਆਂ ਤੋਂ ਏਸੇ ਤਰ੍ਹਾਂ ਚਲਦਾ ਆਇਆ!-ਤੁਸੀਂ ਆਪਣਾ ਕੀਮਤੀ ਸਮਾਂ ਬਰਬਾਦ ਨਾ ਕਰੋ! ਜਾਉ...।" ਆਖ ਕੇ ਪ੍ਰਿੰਸੀਪਲ ਨੇ ਮੜਕ ਨਾਲ ਕਲਮ ਚੁੱਕੀ ਅਤੇ ਸਾਹਮਣੇ ਪਏ ਕਾਗਜ਼ਾਂ ਉਤੇ ਦਸਤਖ਼ਤ ਕਰਨ ਲੱਗ ਪਿਆ। ਮੁੰਡੇ ਪਲ ਕੁ ਬੈਠੇ ਰਹੇ, ਫਿਰ ਹਾਰ ਕੇ ਉਨ੍ਹਾਂ ਨੂੰ ਉੱਠ ਕੇ ਬਾਹਰ ਆਉਣਾ ਪਿਆ, ਦਫਤਰ ਮੂਹਰੇ ਖਲੋਤੇ ਉਹ ਕਿੰਨਾ ਚਿਰ ਦੋਚਿੱਤੀ ਵਿਚ ਪਏ ਰਹੇ, ਵਿਚੋਂ ਇਕ ਮੁੰਡੇ ਨੇ 'ਧੱਕੜ' ਪ੍ਰਿੰਸੀਪਲ ਕਹਿ ਕੇ ਨਾਅਰਾ ਮਾਰ ਦਿੱਤਾ, ਚਪੜਾਸੀ ਨੇ ਮੁੰਡਿਆਂ ਨੂੰ ਪਰ੍ਹੇ ਜਾਣ ਬਾਰੇ ਆਖਿਆ, ਪਰ ਉਹ ਉਸਦੀ ਸੁਣੇ ਬਗੈਰ ਉਧੜ-ਧੁੰਮੀ ਮਚਾ ਰਹੇ ਸਨ। ਅਚਾਨਕ ਦਫਤਰ ਦਾ ਬੂਹਾ ਚੀਕਿਆ, ਅਗਲੇ ਪਲ ਪ੍ਰਿੰਸੀਪਲ ਬਾਹਰ ਆ ਖਲੋਤਾ ਸੀ।

ਮੁੰਡੇ ਚੁੱਪ ਕਰ ਗਏ, ਪਰ ਲਿਸ਼ਕੇ ਪੁਸ਼ਕੇ ਪ੍ਰਿੰਸੀਪਲ ਵਲ ਸਿੱਧਾ ਝਾਕਣ ਲੱਗ ਪਏ।

ਵਿਦਿਆਰਥੀਆਂ ਨਾਲ ਭਰੀ ਲਾਅਨ ਵੇਖ ਕੇ ਉਸਦੇ ਦਿਮਾਗ ਵਿਚ ਵਿਚਾਰਾਂ ਦੀ ਰੱਸਾ ਕਸ਼ੀ ਸ਼ੁਰੂ ਹੋ ਗਈ। ਅੰਤ ਉਹਨੇ ਕਦਮ ਪੁੱਟ ਕੇ ਮੁੰਡਿਆਂ ਨੂੰ ਆਖਿਆ, "ਕਾਕਾ, ਅਸਲ ਗੱਲ ਇਹ ਹੈ ਕਿ ਲੈਕਚਰਾਰਾਂ ਦੀ ਨਿਯੁਕਤੀ ਮੈਨੇਜਮੈਂਟ ਦੇ ਵੱਸ ਦਾ ਰੋਗ ਐ! ਮੈਂ ਤਾਂ ਸਿਰਫ ਮੁਲਾਜ਼ਮ ਹਾਂ। ਤੁਸੀਂ ਬੜੀ ਖੁਸ਼ੀ ਨਾਲ ਮੈਨਜਮੈਂਟ ਨਾਲ ਗੱਲ ਕਰ ਸਕਦੇ ਓ!"

ਏਨਾ ਆਖ ਕੇ ਪ੍ਰਿੰਸੀਪਲ ਮੁੜ ਆਪਣੇ ਦਫਤਰ ਅੰਦਰ ਵੜ ਗਿਆ। ਮੁੰਡੇ ਖਲੋਤੇ ਹੀ ਉਲਝਣ ਵਿਚ ਪੈ ਗਏ। ਸੋਚ ਵਿਚਾਰ ਕਰਦੇ ਕਦੇ ਕੁਝ ਆਖਦੇ, ਕਦੇ ਕੋਈ ਹੋਰ ਮਸ਼ਵਰਾ ਦਿੰਦਾ, ਅਖੀਰ ਉਨ੍ਹਾਂ ਦਾ ਬਣਿਆ ਬਣਾਇਆ ਜਥਾ ਮੈਨੇਜਮੈਂਟ ਦੇ ਦਫਤਰ ਵਲ ਨਾਅਰੇ ਲਾਉਂਦਾ ਤੁਰ ਪਿਆ।

"ਹਮ ਕਿਆ ਚਾਹਤੇ ਐਂ!" ਇਕ ਵਿਦਿਆਰਥੀ ਬਾਂਹ ਖੜੀ ਕਰਦਿਆਂ ਪਿਛਾਂਹ ਵੇਖਦਿਆਂ ਗਰਜਵੀਂ ਆਵਾਜ਼ 'ਚ ਬੋਲਿਆ:

"ਪ੍ਰੋਫੈਸਰ!" "ਮੈਨੇਜਮੈਂਟ!"

"ਮੁਰਦਾਬਾਦ!"

ਰੌਲਾ ਅਤੇ ਧੂਤਕੜਾ ਪਾਉਂਦੇ ਉਹ ਮੈਨੇਜਰ ਦੇ ਘਰ ਚਲੇ ਗਏ। ਮੁੰਡੇ ਹੁਣ ਲਾਚੜੇ ਹੋਏ ਸਨ, ਕਈ ਕਿਲਕਾਰੀਆਂ ਮਾਰ ਰਹੇ ਸਨ। ਕੋਈ 'ਹਾ-ਹੋ' ਕਰ ਰਿਹਾ ਸੀ। ਮੈਨੇਜਰ ਘਰ ਨਾ ਹੋਣ ਕਾਰਨ ਔਰਤਾਂ ਨੇ ਖਰੂਦ ਕਰਦੇ ਮੁੰਡਿਆਂ ਨੂੰ ਵੇਖ ਕੇ ਬੂਹਾ ਬੰਦ ਕਰਨਾ ਚਾਹਿਆ, ਪਰ ਮੂਹਰਿਉਂ ਮੱਛਰੇ ਵਿਦਿਆਰਥੀਆਂ ਨੇ ਤਖਤਿਆਂ ਨੂੰ ਧੱਕਦਿਆਂ ਖਿਲ-ਖਿਲੀਆਂ ਵਜਾਈਆਂ; ਔਰਤਾਂ ਘਬਰਾ ਗਈਆਂ, ਅੱਧੇ ਕੁ ਨਾਅਰੇ ਮਾਰ ਰਹੇ ਹਨ, ਬਹੁਤੇ ਮੂੰਹਾਂ ਨਾਲ ਹੱਥਾਂ ਦੇ ਘੁੱਗੂ ਬਣਾ ਕੇ ਅਜੀਬੋ-ਗਰੀਬ ਆਵਾਜ਼ਾਂ ਨਾਲ ਹਾਸੜ ਪਾ ਰਹੇ ਸਨ। ਵੱਡੀ ਉਮਰ ਦੀ ਇਕ ਸਕਰਟ ਵਾਲੀ ਬੁੱਢੀ ਨੇ ਝੁਰੜਾਏ ਚਿਹਰੇ ਨਾਲ ਕੰਬਦਿਆਂ ਘਬਰਾ ਕੇ ਆਖਿਆ, "ਜਾਉ, ਏਥੋਂ ਹਰਾਮਖਾਣੇ ਨਾ ਹੋਣ ਤਾਂ!"

(ਬਾਕੀ ਅਗਲੇ ਅੰਕ 'ਚ)

## ਇਮਰਾਨ ਤੋਂ ਖਫਾ ਕੈਟਰੀਨਾ



ਕੈਟਰੀਨਾ ਕੈਫ਼ ਇੰਨੀ ਮਿਲਣਸਾਰ ਹੈ ਕਿ ਆਪਣੇ ਕੋ ਸਟਾਰਸ ਨਾਲ ਕਦੇ ਵੀ ਝਗੜਾ ਨਹੀਂ ਹੋਇਆ। ਕਰੀਨਾ ਕਪੂਰ ਜਿਹੀ ਅਕੜਖਾਂਹ ਹੀਰੋਇਨ ਤਕ ਨੂੰ ਉਸਨੇ ਆਪਣੀ ਸਹੇਲੀ ਬਣਾ ਲਿਆ। ਜੋ ਹੀਰੋ ਇਸਦੇ ਨਾਲ ਕੰਮ ਕਰਦਾ ਹੈ, ਉਸਦਾ ਗੁਣਗਾਨ ਕਰਦਾ ਨਹੀਂ ਥੱਕਦਾ। ਪਰ ਇਹੀ ਕੈਟਰੀਨਾ ਇਨ੍ਹਾਂ ਦਿਨਾਂ ਵਿਚ 'ਕਿਡਨੈਪ' ਦੇ ਹੀਰੋ ਇਮਰਾਨ ਖ਼ਾਨ ਤੋਂ ਬੇਹੱਦ ਨਾਰਾਜ਼ ਦੱਸੀ ਜਾਂਦੀ ਹੈ।

ਵਜ੍ਹਾ ਇਹ ਕਿ ਕੈਟਰੀਨਾ ਨੂੰ ਇਮਰਾਨ ਖਾਨ ਨਾਲ ਸੰਜੈ ਗੜਵੀ ਦੇ ਨਿਰਦੇਸ਼ਨ ਵਾਲੀ '7 ਡੇਜ਼ ਇਨ ਪੈਰਿਸ' ਲਈ ਸਾਈਨ ਕੀਤਾ ਗਿਆ ਸੀ। ਸੂਤਰਾਂ ਅਨੁਸਾਰ ਜਦ ਕੈਟਰੀਨਾ ਨੇ ਇਸ ਫ਼ਿਲਮ ਦੀ ਸਕ੍ਰਿਪਟ ਸੁਣੀ ਸੀ, ਉਦੋਂ ਸਕ੍ਰਿਪਟ ਕੁਝ ਹੋਰ ਸੀ। ਪਰ ਬਾਅਦ ਵਿਚ ਇਮਰਾਨ ਖਾਨ ਨੇ ਸੰਜੇ ਗੜਵੀ 'ਤੇ ਦਬਾਅ ਪਾ ਕੇ ਸਕ੍ਰਿਪਟ ਬਦਲਵਾ ਦਿੱਤੀ, ਜਿਸ ਨਾਲ ਕੈਟਰੀਨਾ ਦਾ ਰੋਲ ਮਹੱਤਵਹੀਣ ਰਹਿ ਗਿਆ।

ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਜਦ ਕੈਟਰੀਨਾ ਨੇ ਰਿਹਰਸਲ ਲਈ ਇਸ ਫ਼ਿਲਮ ਦੀ ਵਰਕਸ਼ਾਪ ਅਟੈਂਡ ਕੀਤੀ ਤਾਂ ਉਹ ਹੈਰਾਨ ਰਹਿ ਗਈ। ਆਖ਼ਰ ਉਸਨੂੰ ਇਮਰਾਨ ਦੀ ਦਖ਼ਲਅੰਦਾਜ਼ੀ ਦਾ ਪਤਾ ਲੱਗਿਆ। ਇਸ 'ਤੇ ਕੈਟਰੀਨਾ ਨੇ ਨਾ ਸਿਰਫ ਇਮਰਾਨ ਅਤੇ ਸੰਜੈ ਗੜਵੀ 'ਤੇ ਗੁੱਸਾ ਲਾਹਿਆ ਬਲਕਿ ਉਸੇ ਸਮੇਂ ਫਿਲਮ ਵੀ ਛੱਡ ਦਿੱਤੀ। ਹੁਣ ਉਸ ਦੀ ਜਗ੍ਹਾ ਕਿਸੇ ਦੂਜੀ ਹੀਰੋਇਨ ਨੂੰ ਸਾਈਨ ਕਰਨ ਦੀ ਜਦੋਜਹਿਦ ਚੱਲ ਰਹੀ ਹੈ। ਇਮਰਾਨ ਹਾਲੇ ਅਮੀਰ ਖਾਨ ਨਹੀਂ ਬਣਿਆ, ਇਸ ਤਰ੍ਹਾਂ ਦਖ਼ਲਅੰਦਾਜ਼ੀਆਂ ਕਰਕੇ ਕਿਤੇ ਇੰਡਸਟਰੀ ਤੋਂ ਬੇਦਖਲ ਨਾ ਹੋ ਜਾਵੇ।

## ਸਿਤਾਰਿਆਂ ਦੀ ਘਾਟ ਰੜਕਦੀ ਰਹੀ ਆਇਫਾ 'ਚ

**–ਜੈਪ੍ਰਕਾਸ਼ ਚੌਕਸੇ**

ਮਕਾਊ ਵਿਚ ਆਯੋਜਿਤ ਭਾਰਤੀ ਫਿਲਮ ਜਗਤ ਦਾ ਇਨਾਮ ਵੰਡ ਸਮਾਰੋਹ ਜਿੰਨਾ ਚਰਚਿਤ ਉਥੇ ਮੌਜੂਦ ਕਲਾਕਾਰਾਂ ਤੋਂ ਹੈ, ਉਸ ਤੋਂ ਜ਼ਿਆਦਾ ਚਰਚਿਤ ਹਿੱਸਾ ਨਾ ਲੈਣ ਵਾਲੇ ਕਲਾਕਾਰਾਂ ਕਾਰਨ ਹੈ। ਇਹ ਤੱਥ ਫਿਲਮ ਉਦਯੋਗ ਦੇ ਅੰਦਰਲੀ ਵੰਡ ਨੂੰ ਰੇਖਾਂਕਿਤ ਕਰਦਾ ਹੈ। ਸਮਾਰੋਹ ਦੇ ਬ੍ਰਾਂਡ ਅੰਬੈਸਡਰ ਅਮਿਤਾਬ ਬੱਚਨ ਹੋਣ ਕਾਰਨ ਸ਼ਾਹਰੁਖ਼ ਖ਼ਾਨ, ਸੈਫ ਅਲੀ ਖ਼ਾਨ, ਆਮਿਰ ਖ਼ਾਨ, ਕਰੀਨਾ ਕਪੂਰ, ਅਕਸ਼ੈ ਕੁਮਾਰ ਅਤੇ ਸਲਮਾਨ ਖਾਨ ਉਥੇ ਮੌਜੂਦ ਨਹੀਂ ਸਨ। ਇਨ੍ਹਾਂ ਵਿਚੋਂ ਕੁਝ ਨੇ ਤਾਂ ਸਮਾਰੋਹ ਵਿਚ ਭਾਗ ਲੈਣ ਅਤੇ ਪ੍ਰੋਗਰਾਮ ਪੇਸ਼ ਕਰਨ ਲਈ ਮੋਟੀ ਰਕਮ ਦੀ ਪੇਸ਼ਕਸ਼ ਵੀ ਠੁਕਰਾਈ ਹੈ। ਅਸਲ ਕਾਰਨਾਂ 'ਤੇ ਪਰਦਾ ਪਾਉਣ ਲਈ ਕੁਝ ਲੋਕਾਂ ਨੇ ਆਪਣੀ ਗੈਰਮੌਜੂਦਗੀ 'ਤੇ ਵੀ ਚਾਨਣ ਪਾਇਆ ਹੈ। ਮਸਲਨ, ਸੈਫ ਅਲੀ ਖ਼ਾਨ ਅਤੇ ਉਨ੍ਹਾਂ ਦੀ ਘਰੇਲੂ ਫਿਲਮ ਦੀ ਨਾਇਕਾ ਦੀਪਿਕਾ ਪਾਦੂਕੋਣ ਲੰਡਨ ਵਿਚ ਆਪਣੀ ਫਿਲਮ 'ਲਵ ਆਜਕਲ' ਦਾ ਪ੍ਰਚਾਰ ਕਰ ਰਹੇ ਹਨ।



ਸੈਫ ਅਲੀ ਖ਼ਾਨ ਨੂੰ ਸ਼ਾਇਦ ਆਪਣੇ ਪਰਿਵਾਰ ਦੀ ਕ੍ਰਿਕਟ ਵਿਰਾਸਤ ਦਾ ਗਿਆਨ ਨਹੀਂ ਹੈ। ਉਹ ਲਾਰਡਜ਼ ਵਿਚ ਠੁਮਕਾ ਲਾਉਣਗੇ, ਜਿਥੇ ਕਦੀ ਉਨ੍ਹਾਂ ਦੇ ਪਿਓ ਨੇ ਚੌਕੇ ਮਾਰੇ ਸਨ। ਸ਼ਾਹਰੁਖ਼ ਖਾਨ ਅਮਰੀਕਾ ਵਿਚ ਕਰਨ ਜੌਹਰ ਦੀ ਫਿਲਮ 'ਮਾਈ ਨੇਮ ਇਜ਼ ਖਾਨ' ਦੀ ਸ਼ੂਟਿੰਗ ਵਿਚ ਰੁਝੇ ਹੋਏ ਹਨ। ਅਕਸ਼ੈ ਕੁਮਾਰ ਵੀ ਸਾਜਿਦ ਨਾਡਿਆਡਵਾਲਾ ਦੀ ਫਿਲਮ 'ਕੰਬਖ਼ਤ ਇਸ਼ਕ' ਦੇ ਪ੍ਰਚਾਰ ਵਿਚ ਰੁੱਝੇ ਹੋਏ ਹਨ। ਕਰੀਨਾ ਵੀ ਮਹੀਨੇ ਕੁ ਦੀਆਂ ਛੁੱਟੀਆਂ 'ਤੇ ਹੈ। ਸਲਮਾਨ ਖ਼ਾਨ ਕੈਟਰੀਨਾ ਕੈਫ ਨਾਲ 'ਦਸ ਕਾ ਦਮ' ਦੀ ਸ਼ੂਟਿੰਗ ਕਰ ਰਹੇ ਹਨ। ਅਜਿਹੇ ਵਿਚ ਇਸ ਵਾਰ ਦਾ ਆਈਫਾ ਸਮਾਰੋਹ ਡੁਬਦੇ ਸਿਤਾਰਿਆਂ ਦਾ ਸਮਾਰੋਹ ਬਣ ਕੇ ਰਹਿ ਗਿਆ। ਹਾਲ ਹੀ ਦੀ ਪ੍ਰਸਿੱਧ ਫਿਲਮ 'ਸਲੱਮਡਾਗ ਮਿਲੀਨੀਅਰ' ਦੇ ਅਜ਼ਹਰੂਦੀਨ ਉਥੇ ਮੌਜੂਦ ਸਨ। ਫਰਮਾਬਰਦਾਰ ਨੂੰਹ ਐਸ਼ਵਰਿਆ ਰਾਏ ਬੱਚਨ ਨੇ ਆਪਣੇ ਸੁਹਰੇ ਦੀ ਸਾਖ ਖਾਤਰ ਜੰਮਕੇ ਠੁਮਕੇ ਲਾਏ। ਆਯੋਜਕਾਂ ਨੇ ਵੱਡੇ ਸਿਤਾਰਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਹੋਰ ਉਤੇਜਕ ਪ੍ਰੋਗਰਾਮ ਵੀ ਰੱਖੇ।

ਇਸ ਸਾਲ ਜੀਵਨ ਭਰ ਦੀਆਂ ਉਪਲਬਧੀਆਂ ਦਾ ਵਿਸ਼ੇਸ਼ ਪੁਰਸਕਾਰ ਰਾਜੇਸ਼ ਖੰਨਾ ਨੂੰ ਦਿੱਤਾ ਗਿਆ। ਯਾਦ ਰਹੇ ਕਿ ਅਮਿਤਾਬ ਬੱਚਨ ਨੇ ਰਾਜੇਸ਼ ਖੰਨਾ ਨੂੰ ਸਿਤਾਰਾ ਸਿੰਘਾਸਨ ਤੋਂ ਹੇਠਾਂ ਲਾਹਿਆ ਸੀ, ਜਦਕਿ ਇਸ ਸਮਾਰੋਹ ਵਿਚ ਉਨ੍ਹਾਂ ਨੇ ਰਾਜੇਸ਼ ਖੰਨਾ ਨੂੰ ਪੁਰਸਕਾਰ ਦਿੱਤਾ। ਇਹ ਪੁਰਸਕਾਰ ਨਹੀਂ ਜ਼ਖ਼ਮਾਂ 'ਤੇ ਮਰਹਮ ਹੈ, ਜਿਹੜੀ ਸੱਟ ਲੱਗਣ ਤੋਂ 36 ਸਾਲ ਬਾਅਦ ਲਗਾਈ ਜਾ ਰਹੀ ਹੈ। ਸਮਾਂ ਕੁਝ ਜ਼ਖ਼ਮਾਂ ਨੂੰ ਭਰ ਨਹੀਂ ਸਕਦਾ। ਰਾਜੇਸ਼ ਖੰਨਾ ਦੇ ਮਨ ਵਿਚ ਉਨ੍ਹਾਂ ਦੇ ਸਿਖ਼ਰਲੇ ਦਿਨਾਂ ਵਿਚ ਵੱਜੀਆਂ ਤਾੜੀਆਂ ਹਾਲੇ ਵੀ ਗੂੰਜ ਰਹੀਆਂ ਹਨ ਅਤੇ ਇਸ ਸਮਾਰੋਹ ਵਿਚ ਵੱਜੀਆਂ ਤਾੜੀਆਂ ਵਿਚ ਉਹ ਫਰਕ ਨਹੀਂ ਕਰ ਸਕੇ।

ਹੁਣ ਸਿਰਫ ਚਾਲੂ ਦੌਰ ਵਿਚ ਫਿਲਮ ਜਗਤ ਆਪਣੀ ਵੰਡ ਦਾ ਜਨਤਕ ਪ੍ਰਦਰਸ਼ਨ ਕਰ ਰਿਹਾ ਹੈ। ਸੱਚ ਤਾਂ ਇਹ ਹੈ ਕਿ ਸਾਡੇ ਸਮਾਰੋਹ ਵਪਾਰ ਵਾਂਗ ਆਯੋਜਿਤ ਹੁੰਦੇ ਹਨ ਅਤੇ ਸਨਮਾਨ ਦੇ ਨਾਮ 'ਤੇ ਟੈਲੀਵਿਜ਼ਨ ਅਧਿਕਾਰ ਲਈ ਸਾਰਾ ਤਮਾਸ਼ਾ ਰਚਿਆ ਜਾਂਦਾ ਹੈ।

## ਹੁਣ ਚੋਪੜਾ ਪਰਿਵਾਰ 'ਤੇ ਵੀ ਰਾਣੀ ਦਾ ਰਾਜ ਖ਼ਤਰੇ 'ਚ



ਰਾਣੀ ਮੁਖਰਜੀ ਦਾ ਇੰਡਸਟਰੀ 'ਤੇ ਕਾਇਮ ਰਿਹਾ ਰਾਜ ਤਾਂ ਕਦੋਂ ਦਾ ਖਤਮ ਹੋ ਚੁਕਿਆ ਹੈ, ਪਰ ਹੁਣ ਲਗਦਾ ਹੈ ਕਿ ਯਸ਼ ਚੋਪੜਾ ਪਰਿਵਾਰ 'ਤੇ ਵੀ ਉਨ੍ਹਾਂ ਦਾ ਰਾਜ ਖ਼ਤਰੇ ਵਿਚ ਪੈ ਰਿਹਾ ਹੈ। ਸਾਰਿਆਂ ਨੂੰ ਪਤਾ ਹੈ ਕਿ ਰਾਣੀ ਮੁਖਰਜੀ ਨਾਲ ਪਿਆਰ ਦੇ ਚੱਲਦਿਆਂ ਯਸ਼ ਚੋਪੜਾ ਦੇ ਬੇਟੇ ਆਦਿਤਯ ਚੋਪੜਾ ਨੇ ਆਪਣੀ ਪਤਨੀ ਪਾਇਲ ਨਾਲ ਰਿਸ਼ਤਾ ਤੋੜ ਲਿਆ ਅਤੇ ਉਹ ਰਾਣੀ ਨਾਲ ਵਿਆਹ ਕਰਨ ਵਾਲਾ ਹੈ।

ਉਹ ਤੇ ਰਾਣੀ ਤਾਂ ਵਿਆਹ ਲਈ ਤਿਆਰ ਬੈਠੇ ਹਨ, ਪਰ ਸੂਤਰਾਂ ਮੁਤਾਬਕ ਯਸ਼ ਚੋਪੜਾ ਅਤੇ ਉਨ੍ਹਾਂ ਦੀ ਪਤਨੀ ਇਸ ਵਿਆਹ ਨੂੰ ਮਨਜ਼ੂਰੀ ਨਹੀਂ ਦੇ ਰਹੇ ਅਤੇ ਪਾਇਲ ਨੂੰ ਹੀ ਆਪਣੀ ਬਹੂ ਮੰਨਦੇ ਹਨ। ਇਸ ਪਰਿਵਾਰ ਦੇ ਬਿਖਰਨ ਦਾ ਸਬੂਤ ਉਨ੍ਹਾਂ ਦੀ ਹੋਮ ਪ੍ਰੋਡਕਸ਼ਨ 'ਨਿਊਯਾਰਕ' ਦੀ ਸਕ੍ਰੀਨਿੰਗ ਵੀ ਹੈ।

ਸੂਤਰਾਂ ਅਨੁਸਾਰ, ਆਦਿਤਯ ਨੇ ਜਦ ਪਰਿਵਾਰ ਲਈ ਫਿਲਮ ਦਾ ਵਿਸ਼ੇਸ਼ ਸ਼ੋਅ ਰੱਖਿਆ, ਤਾਂ ਰਾਣੀ ਦੀ ਹਾਜ਼ਰੀ ਕਾਰਨ ਯਸ਼ ਚੋਪੜਾ ਅਤੇ ਉਨ੍ਹਾਂ ਦੀ ਪਤਨੀ ਉਸ ਸ਼ੋਅ ਵਿਚ ਨਹੀਂ ਗਏ।

ਫਿਰ ਜਦ ਯਸ਼ ਚੋਪੜਾ ਨੇ ਇਸੇ ਫਿਲਮ ਦਾ ਪਰਿਵਾਰਕ ਸ਼ੋਅ ਰੱਖਿਆ ਤਾਂ ਆਦਿਤਯ ਚੋਪੜਾ ਉਸ ਵਿਚ ਨਹੀਂ ਗਏ। ਹੋ ਸਕਦਾ ਹੈ ਕਿ ਇਸ ਵਿਚ ਰਾਣੀ ਨੂੰ ਬੁਲਾਇਆ ਹੀ ਨਾ ਗਿਆ ਹੋਵੇ। ਇਸ ਤਰ੍ਹਾਂ ਜੇਕਰ ਰਾਣੀ ਆਦਿਤਯ ਨਾਲ ਵਿਆਹ ਕਰ ਵੀ ਲਵੇ ਤਾਂ ਪੂਰੇ ਚੋਪੜਾ ਪਰਿਵਾਰ 'ਤੇ ਰਾਜ ਕਰ ਸਕਣਾ ਮੁਸ਼ਕਿਲ ਹੋਵੇਗਾ।

# ਅਸਲ ਜ਼ਿੰਦਗੀ ਵਿਚ ਔਰਤਾਂ ਨਾਲ ਨਫ਼ਰਤ ਨਹੀਂ ਕਰਦਾ ਅਕਸ਼ੈ

ਅਕਸ਼ੈ ਕੁਮਾਰ ਦੀ ਲੋਕਪ੍ਰਿਅਤਾ 'ਤੇ 'ਚਾਂਦਨੀ ਚੌਕ ਟੂ ਚਾਈਨਾ' ਦੀ ਅਸਫਲਤਾ ਦਾ ਕੋਈ ਅਸਰ ਨਹੀਂ ਪਿਆ। ਉਹ ਆਪਣੇ ਡਾਇਲਾਗਜ਼ ਅਤੇ ਅਦਾਕਾਰੀ ਨਾਲ ਹਮੇਸ਼ਾ ਅੱਵਲ ਰਹਿੰਦਾ ਹੈ। ਜਦੋਂ ਉਸ ਨੂੰ ਮਲਟੀਪਲੈਕਸਾਂ ਦੀ ਹੜਤਾਲ ਖਤਮ ਹੋਣ ਅਤੇ ਉਸ ਦੀ ਫਿਲਮ 'ਕੰਬਖਤ ਇਸ਼ਕ' ਦੀ ਰਿਲੀਜ਼ ਤਰੀਕ ਤੈਅ ਹੋਣ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ, 'ਮੈਨੂੰ ਬਹੁਤ ਖੁਸ਼ੀ ਹੈ ਕਿ ਹੁਣ ਫ਼ਿਲਮਾਂ ਫਿਰ ਤੋਂ ਰਿਲੀਜ਼ ਹੋ ਰਹੀਆਂ ਹਨ। ਮੈਂ ਇਸ ਗੱਲੋਂ ਦੁਖੀ ਸੀ ਕਿ ਪਿਛਲੇ ਦੋ ਮਹੀਨਿਆਂ ਤੋਂ ਕੋਈ ਫ਼ਿਲਮ ਰਿਲੀਜ਼ ਨਹੀਂ ਹੋਈ। ਮੈਂ ਲਗਾਤਾਰ ਕੰਮ ਕਰ ਰਿਹਾ ਹਾਂ ਅਤੇ ਮੇਰੀਆਂ ਤਿੰਨ-ਚਾਰ ਫ਼ਿਲਮਾਂ ਰਿਲੀਜ਼ ਲਈ ਤਿਆਰ ਹਨ। 'ਕੰਬਖਤ ਇਸ਼ਕ' 10 ਜੁਲਾਈ ਨੂੰ ਰਿਲੀਜ਼ ਹੋਵੇਗੀ।'

ਫਿਲਮ ਵਿਚ ਨਿਭਾਈ ਗਈ ਵਿਰਾਜ ਸ਼ੇਰਗਿੱਲ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਦੱਸਦਿਆਂ ਉਸ ਨੇ ਕਿਹਾ, ਇਸ ਫ਼ਿਲਮ 'ਚ ਵਿਰਾਜ ਇਕ ਸਟੰਟਮੈਨ ਹੈ, ਜੋ ਹਾਲੀਵੁੱਡ ਅਭਿਨੇਤਾ ਲਈ ਸਟੰਟ ਕਰਦਾ ਹੈ। ਕਰੀਨਾ ਕਪੂਰ ਇਸ 'ਚ ਹੀਰੋਇਨ ਹੈ। ਇਸ ਫ਼ਿਲਮ 'ਚ ਇਹ ਦੇਖਣਾ ਹੈ ਕਿ ਔਰਤ-ਮਰਦ ਦੀ ਲੜਾਈ 'ਚ ਜੇਤੂ ਕੌਣ ਰਹਿੰਦਾ ਹੈ। ਉਸ ਨੇ ਹੋਰ ਕਿਹਾ ਕਿ ਇਸ ਫਿਲਮ ਵਿਚ ਲੜਾਈ ਔਰਤ ਜਿੱਤਦੀ ਹੈ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਫ਼ਿਲਮ ਦੇ ਪ੍ਰੈੱਸ ਰਿਲੀਜ਼ 'ਚ ਤੁਸੀਂ ਔਰਤਾਂ ਨਾਲ ਨਫ਼ਰਤ ਕਰਨ ਦੇ ਆਪਣੇ 10 ਕਾਰਨ ਗਿਣਾਏ ਸਨ, ਕੀ ਅਸਲ ਜ਼ਿੰਦਗੀ 'ਚ ਵੀ ਤੁਸੀਂ ਔਰਤਾਂ ਨਾਲ ਨਫ਼ਰਤ ਕਰਦੇ ਹੋ ਤਾਂ ਉਸ ਨੇ ਕਿਹਾ, ਅਸਲ ਜ਼ਿੰਦਗੀ 'ਚ ਮੈਂ ਅਜਿਹਾ ਨਹੀਂ ਹਾਂ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਕੈਰੀਅਰ ਦੇ ਇਸ ਮੁਕਾਮ 'ਤੇ ਕੀ ਤੁਹਾਨੂੰ ਇਕ ਨਵੇਂ ਨਿਰਦੇਸ਼ਕ ਸ਼ਬੀਰ ਖ਼ਾਨ ਨਾਲ ਕੰਮ ਕਰਨ ਲਈ ਮਨਾਉਣਾ ਆਸਾਨ ਸੀ ਤਾਂ ਉਸ ਨੇ ਕਿਹਾ, 'ਮੈਂ ਹਮੇਸ਼ਾ ਨਵੇਂ ਨਿਰਦੇਸ਼ਕਾਂ ਨਾਲ ਹਿੱਟ ਫ਼ਿਲਮਾਂ ਦਿੱਤੀਆਂ ਹਨ। ਮਿਸਾਲ ਦੇ ਤੌਰ 'ਤੇ ਗੁੱਡੂ ਧਨੋਆ ਨਾਲ 'ਐਲਾਨ', ਨਰੇਸ਼ ਮਲਹੋਤਰਾ 'ਯੇ ਦਿਲਲਗੀ', ਵਿਪੁਲ ਸ਼ਾਹ 'ਆਂਖੇ' ਅਤੇ ਸਾਜਿਦ ਖ਼ਾਨ ਨਾਲ 'ਹੇ ਬੇਬੀ'। ਮੈਨੂੰ ਹਮੇਸ਼ਾ ਨਵੇਂ ਨਿਰਦੇਸ਼ਕਾਂ ਨਾਲ ਕੰਮ ਕਰਨ 'ਚ ਮਜ਼ਾ ਆਉਂਦਾ ਹੈ। ਉਹ ਹਮੇਸ਼ਾ ਨਵੇਂ ਵਿਚਾਰਾਂ ਨਾਲ ਸਾਹਮਣੇ ਆਉਂਦੇ ਹਨ। ਸ਼ੱਬੀਰ ਦੀ ਫ਼ਿਲਮ ਆਪਣੀ ਗੱਲ ਖੁਦ ਬੋਲ ਰਹੀ ਹੈ। ਮੈਂ ਦੁਆ ਕਰ ਰਿਹਾ ਹਾਂ ਕਿ ਹਰ ਕੋਈ ਇਸ ਫ਼ਿਲਮ ਨੂੰ ਪਸੰਦ ਕਰੇ।'

ਸਾਜਿਦ ਨਾਡਿਆਡਵਾਲਾ ਨਾਲ ਕਈ ਫ਼ਿਲਮਾਂ ਕਰਨ ਤੋਂ ਬਾਅਦ ਉਸ ਨੇ ਕਿਹਾ, 'ਜੁੜਵਾ', 'ਮੁਝਸੇ ਸ਼ਾਦੀ ਕਰੋਗੀ', ਅਤੇ 'ਹੇ ਬੇਬੀ' ਦੇ ਰੂਪ 'ਚ ਸਾਜਿਦ ਦਾ ਟ੍ਰੈਕ ਰਿਕਾਰਡ ਸਿੱਧ ਕਰਦਾ ਹੈ ਕਿ ਉਹ ਹਰ ਫ਼ਿਲਮ 'ਚ ਸਫਲ ਹੁੰਦੇ ਹਨ। ਇਹ ਉਨ੍ਹਾਂ ਦੀ ਹੁਣ ਤਕ ਦੀ ਸਭ ਤੋਂ ਵੱਡੀ ਫ਼ਿਲਮ ਹੈ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ 'ਕੰਬਖਤ ਇਸ਼ਕ' 'ਚ ਸਟੰਟ ਡਾਇਰੈਕਟਰ ਹਾਲੀਵੁੱਡ ਤੋਂ ਹੈ। ਕੀ ਸਟੰਟ ਦੇ ਮਾਮਲੇ 'ਚ ਹਾਲੀਵੁੱਡ ਅਤੇ ਬਾਲੀਵੁੱਡ 'ਚ ਕੋਈ ਫ਼ਰਕ ਹੈ ਤਾਂ ਉਸ ਨੇ ਕਿਹਾ, 'ਵਿਦੇਸ਼ਾਂ 'ਚ ਉਹ ਸੁਰੱਖਿਆ 'ਤੇ ਬਹੁਤ ਜ਼ਿਆਦਾ ਧਿਆਨ ਦਿੰਦੇ ਹਨ। ਕੋਈ ਵੀ ਸਟੰਟ ਕਰਨ ਤੋਂ ਪਹਿਲਾਂ ਮੈਨੂੰ ਕਈ ਕਾਗਜ਼ਾਂ 'ਤੇ ਦਸਤਖ਼ਤ ਕਰਨੇ ਪਏ ਸਨ। ਉਥੇ ਉਹ ਤੁਹਾਨੂੰ ਬਕਸੇ ਦਿਖਾਉਣ ਲਈ ਲੈ ਕੇ ਜਾਂਦੇ ਹਨ। ਮੈਂ ਬਾਲੀਵੁੱਡ ਸਕੂਲ ਤੋਂ ਹਾਂ, ਜੋ ਬਹੁਤ ਸਖ਼ਤ ਸਕੂਲ ਹੈ। ਜਿੱਥੇ ਸਾਨੂੰ ਕਈ ਵਾਰ ਤਾਂ ਬਿਨਾਂ ਬਕਸਿਆਂ ਦੇ ਹੀ ਕੁੱਦਣਾ ਪੈਂਦਾ ਹੈ। ਜਦੋਂ ਅਸੀਂ ਆਪਣੇ ਹਾਲੀਵੁੱਡ ਦੇ ਸਾਥੀਆਂ ਨੂੰ ਇਹ ਕਿੱਸੇ ਸੁਣਾਉਂਦੇ ਹਾਂ ਤਾਂ ਉਹ ਹੈਰਾਨ ਹੋ ਜਾਂਦੇ ਹਨ।'

ਉਸ ਨੇ ਹੋਰ ਦੱਸਦਿਆਂ ਕਿਹਾ ਕਿ ਸਟੰਟ ਹੀ ਪੂਰੀ ਫ਼ਿਲਮ ਨਹੀਂ ਹਨ। ਉਨ੍ਹਾਂ ਨੇ ਮੇਰੇ ਸਟੰਟ 'ਤੇ ਕੋਈ ਕਥਾ ਨਹੀਂ ਲਿਖੀ। ਜਦੋਂ ਉਸ ਨੂੰ ਫ਼ਿਲਮ ਦੀ ਸਭ ਤੋਂ ਵੱਡੀ ਤਾਕਤ ਬਾਰੇ ਪੁੱਛਿਆ ਗਿਆ ਤਾਂ ਉਹ ਗਲ ਨੂੰ ਹੋਰ ਪਾਸੇ ਲੈ ਗਏ ਅਤੇ ਕਿਹਾ, 'ਮੈਨੂੰ ਕੋਈ ਰੋਮਾਂਟਿਕ ਫ਼ਿਲਮ ਕੀਤਿਆਂ ਕਾਫੀ ਸਮਾਂ ਹੋ ਗਿਆ ਹੈ। ਇਨ੍ਹਾਂ ਦਿਨਾਂ 'ਚ ਮੈਂ ਸਿਰਫ ਕਾਮੇਡੀ ਅਤੇ ਐਕਸ਼ਨ ਫ਼ਿਲਮਾਂ ਹੀ ਕਰ ਰਿਹਾ ਹਾਂ। ਇਹ ਮੇਰੇ ਲਈ ਬਦਲਾਅ ਵਾਂਗ ਹੈ।'

ਜਦੋਂ ਉਸ ਨੂੰ ਕਰੀਨਾ ਕਪੂਰ ਬਾਰੇ ਪੁੱਛਿਆ ਗਿਆ ਕਿ ਕਰੀਨਾ ਤੁਹਾਡੀ ਮਨਪਸੰਦ ਅਭਿਨੇਤਰੀ ਹੈ ਤਾਂ ਉਸ ਨੇ ਕਿਹਾ ਕਿ ਮੇਰੀਆਂ ਤਾਂ ਸਾਰੀਆਂ ਹੀ ਫੇਵਰਟ ਹਨ।

ਫ਼ਿਲਮ ਦੇ ਇਕ ਡਾਇਲਾਗ, "ਔਰਤਾਂ ਸਿਰਫ਼ ਇਕ ਹੀ ਚੀਜ਼ ਲਈ ਚੰਗੀਆਂ ਹਨ।" ਬਾਰੇ ਦੱਸਦਿਆਂ ਉਸ ਨੇ ਕਿਹਾ, ਮਮਤਾ ਲਈ ਇਹ ਡਾਇਲਾਗ ਮੇਰਾ ਕਿਰਦਾਰ ਬੋਲ ਰਿਹਾ ਹੈ। ਉਹ ਇਕ ਮਰਦ ਪ੍ਰਧਾਨ ਬਿਰਤੀ ਦਾ ਹੈ ਅਤੇ ਆਪਣਾ ਰਾਹ ਆਪਣੇ ਤਰੀਕੇ ਨਾਲ ਬਣਾਉਂਦਾ ਹੈ। ਜੇ ਅਸੀਂ ਉਸਨੂੰ ਗਲਤ ਜਾਂਦੇ ਹੋਏ ਨਹੀਂ ਦਿਖਾਵਾਂਗੇ ਤਾਂ ਉਹ ਸਹੀ ਕਿਵੇਂ ਹੋਵੇਗਾ?

40 ਸਾਲ ਦੀ ਉਮਰ 'ਚ ਵੀ ਜਵਾਨ ਦਿੱਸਣ ਦੇ ਰਾਜ਼ ਬਾਰੇ ਉਸ ਨੇ ਕਿਹਾ ਇਸ ਦਾ ਰਾਜ ਹੈ ਚਵਨਪ੍ਰਾਸ਼।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੁਸੀਂ 40 ਸਾਲ ਦੀ ਉਮਰ 'ਚ ਵੀ ਜੋਸ਼ੀਲੇ ਹੋ, ਪਰ ਤੁਹਾਡੇ ਸਹਿ-ਕਲਾਕਾਰ ਸਿਲਵੈਸਟਰ ਸਟੈਲੋਨ 60 ਤੋਂ ਉਪਰ ਹਨ ਅਤੇ ਅਜੇ ਤਕ ਫਿੱਟ ਹਨ। ਕੀ ਤੁਸੀਂ ਉਨ੍ਹਾਂ ਤੋਂ ਕੋਈ ਫਿਟਨੈੱਸ ਟਿਪ ਲਈ ਹੈ ਤਾਂ ਉਸ ਨੇ ਕਿਹਾ, 'ਉਸ ਸ਼ਖ਼ਸ ਕੋਲ ਸੁਣਾਉਣ ਲਈ ਬਹੁਤ ਕਿੱਸੇ ਹਨ। ਅਸੀਂ ਥਾਈਲੈਂਡ ਦੇ ਬਹੁਤ ਸਾਰੇ ਕਿੱਸੇ ਇਕ ਦੂਜੇ ਨੂੰ ਸੁਣਾਏ ਕਿਉਂਕਿ ਉਨ੍ਹਾਂ ਨੇ ਉਥੇ ਕੁਝ ਰੈਂਬੋ ਫ਼ਿਲਮਾਂ ਦੀ ਸ਼ੂਟਿੰਗ ਕੀਤੀ ਹੈ ਅਤੇ ਤੁਸੀਂ ਜਾਣਦੇ ਹੀ ਹੋ ਕਿ ਮੈਂ 7 ਸਾਲ ਥਾਈਲੈਂਡ 'ਚ ਰਿਹਾ ਹਾਂ। ਸਿਲਵੈਸਟਰ ਕੋਲ ਡਾਇਲਾਗ ਸਮੇਤ ਪੂਰੀ ਪਟਕਥਾ ਮੌਜੂਦ ਹੁੰਦੀ ਹੈ।

ਉਹ ਨਾ ਸਿਰਫ਼ ਆਪਣੇ ਡਾਇਲਾਗ ਯਾਦ ਰੱਖਦੇ ਹਨ, ਸਗੋਂ ਉਨ੍ਹਾਂ ਨੂੰ ਮੇਰੇ ਅਤੇ ਪ੍ਰੇਮ 'ਤੇ ਮੌਜੂਦ ਹਰ ਕਲਾਕਾਰ ਦੇ ਡਾਇਲਾਗ ਯਾਦ ਰਹਿੰਦੇ ਹਨ। ਸਿਲਵੈਸਟਰ ਸਟੈਲੋਨ ਕੋਲੋਂ ਮੈਂ ਇਹੀ ਸਿੱਖਿਆ ਕਿ ਸਿਰਫ਼ ਖੁਦ ਦੇ ਹੀ ਨਹੀਂ, ਸਗੋਂ ਹਰ ਕਲਾਕਾਰ ਦੇ ਡਾਇਲਾਗ ਯਾਦ ਰੱਖਣੇ ਚਾਹੀਦੇ ਹਨ।



ਫਿਲਮ 'ਕੰਬਖ਼ਤ ਇਸ਼ਕ' ਵਿਚ ਅਕਸ਼ੈ ਤੇ ਕਰੀਨਾ

## ਦੀਆ ਨੂੰ ਛੋਟੀਆਂ ਛੋਟੀਆਂ ਚੀਜ਼ਾਂ 'ਚ ਵੀ ਖੁਸ਼ੀ ਮਿਲਦੀ

ਦੀਆ ਮਿਰਜ਼ਾ ਇਕ ਅਜਿਹੀ ਅਭਿਨੇਤਰੀ ਹੈ, ਜਿਸਨੂੰ ਚੰਗੀ ਸ਼ੁਰੂਆਤ ਮਿਲਣ ਦੇ ਬਾਵਜੂਦ ਉਹ ਮਾਇਆਨਗਰੀ 'ਚ ਆਪਣੀ ਸਥਿਤੀ ਮਜ਼ਬੂਤ ਕਰਨ 'ਚ ਸਫਲ ਨਹੀਂ ਹੋ ਸਕੀ। ਅਜਿਹਾ ਵੀ ਨਹੀਂ ਹੈ ਕਿ ਦੀਆ ਕੋਲ ਕੰਮ ਬਿਲਕੁਲ ਹੀ ਨਹੀਂ ਪਰ ਇਹ ਵੀ ਇਕ ਸੱਚਾਈ ਹੈ ਕਿ ਉਸ ਨੂੰ ਓਨਾ ਨਹੀਂ ਮਿਲਿਆ, ਜਿੰਨੇ ਦੀ ਉਹ ਹੱਕਦਾਰ ਸੀ ਕਿਉਂਕਿ ਇਹ ਤਾਂ ਸਾਰੇ ਸਵੀਕਾਰ ਕਰਦੇ ਹਨ ਕਿ ਦੀਆ ਜਿੰਨੀ ਸੋਹਣੀ ਹੈ, ਓਨੀ ਹੀ ਵਧੀਆ ਅਭਿਨੇਤਰੀ ਵੀ ਹੈ।

ਉਂਜ ਪ੍ਰੋਫੈਸ਼ਨਲ ਤੌਰ 'ਤੇ 'ਘੱਟ ਸਫਲਤਾ' ਦੇ ਬਾਵਜੂਦ ਦੀਆ ਦਾ ਜ਼ਿੰਦਗੀ ਦੀਆਂ ਗੱਲਾਂ ਪ੍ਰਤੀ ਨਜ਼ਰੀਆ ਸਾਕਾਰਾਤਮਕ ਹੈ। ਇਸ ਲਈ ਉਸ ਦਾ ਕਹਿਣ ਹੈ ਕਿ ਉਸ ਦੇ ਲਈ ਜ਼ਿੰਦਗੀ 'ਚ ਚੋਣ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੀ ਆਜ਼ਾਦੀ ਸਭ ਤੋਂ ਵਧੇਰੇ ਅਹਿਮੀਅਤ ਰੱਖਦੀ ਹੈ।

ਦੀਆ ਮੁਤਾਬਕ ਜਦੋਂ ਤੱਕ ਨਿੱਜੀ ਜਾਂ ਪ੍ਰੋਫੈਸ਼ਨਲ ਜ਼ਿੰਦਗੀ 'ਚ ਇਹ ਆਜ਼ਾਦੀ ਹੈ, ਉਦੋਂ ਤੱਕ ਉਹ ਆਪਣੀ ਚੰਗੀ ਜ਼ਿੰਦਗੀ ਲਈ ਬੇਫਿਕਰ ਰਹਿ ਸਕਦੀ ਹੈ। ਦੀਆ ਖੁਦ ਨੂੰ ਬਹੁਤ ਪਾਜ਼ੀਟਿਵ ਵਿਚਾਰਾਂ ਅਤੇ ਦਿਲੋਂ ਖੁਸ਼ ਰਹਿਣ ਵਾਲੀ ਕੁੜੀ ਮੰਨਦੀ ਹੈ।

ਉਸ ਦਾ ਕਹਿਣ ਹੈ ਕਿ ਉਹ ਭੌਤਿਕਵਾਦ 'ਚ ਜ਼ਰਾ ਵੀ ਯਕੀਨ ਨਹੀਂ ਕਰਦੀ ਅਤੇ ਇਹੀ ਕਾਰਨ ਹੈ ਕਿ ਜ਼ਿੰਦਗੀ ਦੀਆਂ ਛੋਟੀਆਂ-ਮੋਟੀਆਂ ਗੱਲਾਂ 'ਚ ਵੀ ਉਹ ਆਪਣੇ ਲਈ ਖੁਸ਼ੀ ਲੱਭ ਲੈਂਦੀ ਹੈ, ਭਾਵੇਂ ਇਹ ਘਰ 'ਚ ਹੀ ਆਰਾਮ ਕਰਦਿਆਂ ਗਰਮ ਚਾਹ ਦੇ ਕੱਪ ਦਾ ਮਜ਼ਾ ਲੈਣਾ ਹੀ ਕਿਉਂ ਨਾ ਹੋਵੇ ਜਾਂ ਕਿਸੇ ਬੱਚੇ ਦੇ ਚਿਹਰੇ 'ਤੇ ਮੁਸਕਰਾਹਟ ਲਿਆਉਣ ਲਈ ਉਸਨੂੰ ਇਕ ਕਿਤਾਬ ਲੈ ਕੇ ਦੇਣੀ ਜਾਂ ਫਿਰ ਖਾਣਾ ਖੁਆਉਣਾ ਹੋਵੇ-ਉਸਨੂੰ ਇਨ੍ਹਾਂ ਚੀਜ਼ਾਂ 'ਚ ਵੀ ਕਮਾਲ ਦੀ ਸੰਤੁਸ਼ਟੀ ਮਿਲਦੀ ਹੈ। ਇਸੇ ਤਰ੍ਹਾਂ ਆਪਣੀ ਪ੍ਰੋਫੈਸ਼ਨਲ ਜ਼ਿੰਦਗੀ 'ਚ ਵੀ ਆਪਣੀ ਪਸੰਦ ਨਾਲ ਫ਼ਿਲਮਾਂ ਦੀ ਚੋਣ ਅਤੇ ਆਪਣੀਆਂ ਸ਼ਰਤਾਂ 'ਤੇ ਕੰਮ ਕਰਨਾ ਉਸ ਲਈ ਬਹੁਤ ਅਹਿਮੀਅਤ ਰੱਖਦਾ ਹੈ।

# Real Estate and Home Loans

## For buying or selling your home Call Aman Hundal at: 209-918-6464



ਅਮਨਜੋਤ ਸਿੰਘ ਹੁੰਦਲ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼, ਸਟਾਕਟਨ, ਮਨਟੀਕਾ, ਲੋਡਾਈ, ਰਿਵਰਬੈਂਕ, ਪੈਟਰਸਨ, ਦੇਲ੍ਹੀ, ਲਿਵਿੰਗਸਟਨ, ਰਿਪੋਨ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:

## Aman Hundal

Broker Associate/ Realtor
MBA Marketing, License No. : 01839828
Century 21 M&M and Associates
605 Standiford Ave Ste D,
Modesto, CA 95350

**Cell: 209-918-6464**

Fax: 209-552-7285, ahundal@c21mm.com

Century 21 M&M and Associates

*It takes experience, knowledge, reputation and relationship with local agents to win the home of your choice in MULTIPLE offer situations. Yes, I am a Full Time agent and only do Real Estate- You know what I mean --Good Service and attention hence Better Results!!!!*

*Call for Free shortsale consultation- Banks are willing to do shortsale more then before.*

*If you have not filed your tax for 2008 and you want to buy a home, call for consulation before you file it...*

***New sales:***
*17001 Andover Way , Lathrop 95330*
*13611 Redstone, Lathrop Ca 95330*
*16959 Sierra Gold Trl. Lathrop CA 95330*
*581 Brookhurst, lathrop CA 95330*

***Available Homes in Tracy:***
*1957 Sq ft with 4 BR and 2.5 Bath --$ 189,000*
*2235 Sq ft with 4 br and 3 bath - $ 244,000*
*1673 sq ft with 4 BR and 2.5 bath $ 208,000*
*2352 sq ft with 4 Br and 2.5 bath $ 250,000*
*2900 sq ft with 5 BR and 3 bath $ 290,000*

***Available Homes in Lathrop:***
*2350 Sq ft , 3 BR 2.5 Bath - $152,000*
*1680 sq Ft 3 BR and 2.5 bath - $ 156,000*
*2564 sq ft , 4 BR and 3 Bath-- 180,000*
*3870 sq ft 5 Br , 3 bath - $ 288,000*

***Available Homes in Ceres:***
*1524 sq ft , 3 Br and 2 bath - $ 128,000*
*1576 sq ft 4 BR and 3 bath - $ 127,000*
*2800 sq ft 4 BR and 3 bath - $ 251,000*
*3400 sq ft 5 BR and 3 Bath - $ 315,000*

***Homes Available in Turlock:***
*1288 sq ft, 3 BR and 2 bath - $ 120,000*
*1623 sq ft 3 BR and 2 Bath - $ 174,000*
*2800 sq ft 4 Br and 3 bath - $ 260,000*
*3550 sq ft 5 Br and 3 bath - $ 310,000*

***Homes Available in Manteca:***
*2700 sq ft, 4 BR 3 bath - $ 230,000*
*3200 sq ft 5 BR - 4 bath $ 235,500*

ਅਤੇ ਲੈਥਰੋਪ, ਟਰੇਸੀ, ਮਨਟੀਕਾ,ਮਾਡੈਸਟੋ, ਪੈਟਰਸਨ, ਸੈਰੀਜ਼, ਟਰਲਕ ਆਦਿ ਸ਼ਹਿਰਾਂ ਵਿਚ ਹੋਰ ਬਹੁਤ ਸਾਰੇ ਘਰ...ਫਾਰਮ ਹਾਊਸ ਅਤੇ ਖੇਤੀਯੋਗ ਜ਼ਮੀਨ ਵੀ ਵਿਕਾਊ ਹੈ। ਜੇ ਤੁਸੀਂ ਆਪਣੀ ਆਫਰ ਪਰਵਾਨ ਨਾ ਹੋਣ ਤੋਂ ਅੱਕੇ ਹੋਏ ਹੋ ਤਾਂ ਮਿਹਰਬਾਨੀ ਕਰਕੇ ਮੈਨੂੰ ਕਾਲ ਕਰੋ:209-918-6464 ਤੁਹਾਡੀ ਆਫਰ ਪਰਵਾਨ ਹੋਣ ਵਿਚ ਮੈਂ ਤੁਹਾਡੀ ਮਦਦ ਕਰਾਂਗਾ